# ਜੁਗ ਪਲਟਾਊ ਸਤਿਗੁਰੂ

ਨਿਧਾਨ ਸਿੰਘ ਆਲਿਮ



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ

SRI SATGURU RAM SINGH JI

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

# ਜੁਗ ਪਲਟਾਊ ਸਤਿਗੁਰੂ

ਨਿਧਾਨ ਸਿੰਘ ਆਲਿਮ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

**Jug Pallaoo Satguru**

**By : Nidhan Singh Alim**

ਸੰਨ ੨੦੦੬

© ਨਾਮਧਾਰੀ ਦਰਬਾਰ

*ਪ੍ਰਕਾਸ਼ਕ :*

ਨਾਮਧਾਰੀ ਦਰਬਾਰ

ਸ੍ਰੀ ਭੈਣੀ ਸਾਹਿਬ-੧੪੧੧੨੬

(ਲੁਧਿਆਣਾ) ਪੰਜਾਬ

*ਛਾਪਕ :*

ਰਾਮ ਕ੍ਰਿਸ਼ਨਾ ਪ੍ਰੈਸ

ਨਰਾਇਣਾ, ਨਵੀਂ ਦਿੱਲੀ-੨੮

*ਟਾਈਪ ਸੈਟਿੰਗ*

**cadcon_inc@yahoo.com**

*ਰੂਪ ਸੱਜਾ :*

ਰਾਮ ਕਿਸ਼ੋਰ ਕਟਾਰੀਆ

ਪਹਾੜ ਗੰਜ (ਦਿੱਲੀ)

ਮੁੱਲ : ੧੨੦ ਰੁਪਏ

Sri Satguru Jagjit Singh Ji Elibrary NamdhariElibrary@gmail.com

# ਸਮਰਪਨ

ਉਨ੍ਹਾਂ ਦੇਸ਼ ਭਗਤਾਂ ਗੁਰਸਿਖਾਂ ਅਤੇ ਸੰਤ ਮਹਾਤਮਾਂ ਦੇ ਨਾਮ ਜਿਨ੍ਹਾਂ ਨੂੰ ਆਪਣੇ ਧਰਮ, ਕੌਮੀਯਤ ਅਤੇ ਦੇਸ਼ ਸੁਤੰਤ੍ਰਤਾ ਵਾਸਤੇ ਜਾਨਾਂ ਹੀ ਨਹੀਂ ਬਲਕਿ ਸ੍ਰਬੰਸ ਤਕ ਕੁਰਬਾਨ ਕਰ ਦੇਣ ਵਾਲੀਆਂ ਮਹਾਨ ਵਿਅਕਤੀਆਂ ਦੇ ਇਤਿਹਾਸਕ ਕਾਰਨਾਮੇ ਪੜ੍ਹਨ ਦਾ ਸ਼ੌਕ ਹੈ ਅਤੇ ਜਿਨ੍ਹਾਂ ਦੀਆਂ ਅੱਖੀਆਂ ਉਸ ਇਨਕਲਾਬੀ ਸਤਿਗੁਰੂ ਦੇ ਦਰਸ਼ਨ ਕਰਨ ਲਈ ਉਤਾਵਲੀਆਂ ਹੋ ਰਹੀਆਂ ਹਨ

"ਆਲਿਮ"

Sri Satguru Jagjit Singh Ji Elibrary NamdhariElibrary@gmail.com

## ਲੇਖਕ ਦੀਆਂ ਹੋਰ ਪ੍ਰਕਾਸ਼ਨਾਵਾਂ

੧. ਗੁਰੂ ਪਦ-ਪ੍ਰਕਾਸ਼-ਤਿੰਨ ਭਾਗ

੨. ਸਿੱਖ ਧਰਮ ਤੇ ਮਾਸ

੩. ਰੂਹਾਨੀ ਟੈਲੀਫੋਨ

੪. ਗੁਰੂ ਦਰਸ਼ਨ

੫. ਨਾਮਧਾਰੀ ਸਿਧਾਂਤ ਪ੍ਰਦਰਸ਼ਨ

६. सिक्ख धर्म एवम् मांस

७. नामधारी सिद्धान्त परिचय

८. क्रान्तिकारी सतगुरु

Sri Satguru Jagjit Singh Ji Elibrary NamdhariElibrary@gmail.com

# ਤਤਕਰਾ


| | | |
|---|---|---|
| ੧. | ਆਰੰਭਕ ਹਾਲਾਤ | ੧੧ |
| ੨. | ਪਿਛੇ ਵੱਲ ਝਾਤ | ੧੮ |
| ੩. | ਸੰਖੇਪ ਜੀਵਨ | ੩੬ |
| ੪. | ਸੰਤ ਖਾਲਸੇ ਦੀ ਰਚਨਾ | ੩੯ |
| ੫. | ਅਰਧ ਕੁੰਭੀ ਹਰਿ ਦੁਆਰ | ੪੪ |
| ੬. | ਸੰਮਤ ੧੯੧੯ ਦੀ ਦੀਪ ਮਾਲਾ | ੪੬ |
| ੭. | ੧੮੬੩ ਈ. ਤਕ ਦੇ ਪ੍ਰਚਾਰ ਦਾ ਅਸਰ | ੪੮ |
| ੮. | ਕੂਕਾ ਲਹਿਰ | ੫੧ |
| ੯. | ਘੋੜਿਆਂ ਦਾ ਮੇਲਾ | ੫੪ |
| ੧੦. | ਕੂਕਾ ਦਿਵਾਨਾਂ ਤੇ ਪਾਬੰਦੀ | ੫੭ |
| ੧੧. | ਹਜ਼ਰੋਂ ਤੇ ਨਿਗਰਾਨੀ | ੬੪ |
| ੧੨. | ਰਹਿਤਨਾਮਾ | ੬੭ |
| ੧੩. | ਨਜ਼ਰਬੰਦੀ ਦਾ ਪਹਿਲਾ ਹੁਕਮ | ੬੯ |
| ੧੪. | ਕੂਕਾ ਪੋਸਟਲ ਸਰਵਿਸ | ੭੫ |
| ੧੫. | ਅਨੰਦਪੁਰ ਦਾ ਹੋਲਾ | ੮੧ |
| ੧੬. | ਦੀਪ ਮਾਲਾ ਸ੍ਰੀ ਅੰਮ੍ਰਿਤਸਰ | ੮੯ |
| ੧੭. | ਫਰਾਸਵਾਲੇ ਦੀ ਬਗਾਵਤ | ੯੭ |
| ੧੮. | ਕੂਕਾ ਰਜਮੈਂਟ ਕਸ਼ਮੀਰ | ੧੦੦ |
| ੧੯. | ਅੰਮ੍ਰਿਤਸਰ ਦਾ ਸਾਕਾ | ੧੦੪ |
| ੨੦. | ਅਜ਼ਕਾਰਿ ਵਤਨ ਤਖ਼ਤਾਇ ਦਾਰ ਪਰ | ੧੧੬ |
| ੨੧. | ਅੰਮ੍ਰਿਤਸਰੀ ਘਟਨਾ ਬਾਬਤ | ੧੧੮ |
| ੨੨. | ਰਾਇਕੋਟ ਦਾ ਸਾਕਾ | ੧੨੬ |
| ੨੩. | ਮਲੇਰਕੋਟਲੇ ਦਾ ਸ਼ਹੀਦੀ ਕਾਂਡ | ੧੩੫ |
| ੨੪. | ਸਤਿਗੁਰੂ ਜੀ ਦੀ ਜਲਾਵਤਨੀ | ੧੫੦ |
| ੨੫. | ਸ਼ਹੀਦ ਹੋਏ ਸਿੰਘਾਂ ਦੀ ਫ਼ਹਿਰਸਤ | ੧੬੧ |
| ੨੬. | ਪਟਿਆਲਾ ਆਰਕਾਈਵਜ਼ ਤੋਂ ਪ੍ਰਾਪਤ ਨਾਮਧਾਰੀ ਸ਼ਹੀਦਾਂ ਦੀ ਸੂਚੀ | ੧੬੭ |
| ੨੭. | ਮਹਾਰਾਜਾ ਪਟਿਆਲੇ ਵਲੋਂ ਨਾਮਧਾਰੀਆਂ ਨਾਲ ਸਲੂਕ | ੧੭੨ |
| ੨੮. | ਅੰਗਰੇਜ਼ ਅਫ਼ਸਰਾਂ ਨੂੰ ਸਜ਼ਾਵਾਂ | ੧੮੨ |
| ੨੯. | ਮਹਾਰਾਜਾ ਪਟਿਆਲਾ ਦੀ ਚਿੱਠੀ | ੧੮੬ |
| ੩੦. | ਪਿੱਛੋਂ ਦੀ ਵਿਥਿਆ | ੧੮੯ |
| ੩੧. | ਸਰਕਾਰੀ ਅਤੇ ਗੈਰ ਸਰਕਾਰੀ ਲੇਖਕ | ੨੦੬ |
| ੩੨. | ਸਰਕਾਰੀ ਨਜ਼ਰ | ੨੧੩ |
| ੩੩. | ਮਾਤਾ ਜੀਵਨ ਕੌਰ ਦੇ ਲਾਲ | ੨੧੭ |
| ੩੪. | ਅੰਤਕਾ | ੨੨੦ |


Sri Satguru Jagjit Singh Ji Elibrary NamdhariElibrary@gmail.com

# FOREWORD

India is justifiably proud of Gandhi ji and his work for the moral and political uplift ot India. He has changed not only the policy and programme of the Indian National Congress and given it a new life pulsating with power and courage, he has changed the whole 'face of Indian politics making the freedom of India a moral and political issue of the first magnitude in the international arena. This little man with a frail body, whom even a girl could lift high on her shoulders has raised India higher than it ever was, during the last one hundred years.

But, as Gandhi ji has often admitted, he has built on the foundations laid before him by his predecessors like Tilak, Gokhale; Surendranath Banerjee, Pherozeshah Mehta and Dadabhai Narojee, much of his politics are derived from them. His original contribution to the Indian politics is the revolutionary urge, the creation of self-confidence, and readiness for direct action and the spirit of self-sacrifice that direct action entails.

In this field too, though not so well known, he had predecessors like Syed Ahmad Brelvi, Nana Fernavis, Sitabai of Jhansi and greatest of them all, Maharaja Baba Ram Singh Ji of Bhaini Sahib. It is a pity that though we know so much of our great men who trod the common path of constitutional politics like those mentioned above, so little is known of the revolutionaries who really put new life in the dead 'bones of Indian politics. 'The reason is not difficult to understand. The Government of the day, our foreign masters, could tolerate, even encouraged, politicians whose efforts were directed towards the beaten track of ordinary reforms and improvements; but those who wanted to overthrow the whole might of the foreign rule could not be allowed to be remembered as heroes or even Indian patriots. Not only they were persecuted, even those who admired them and their work were treated as insurgents and rebellions.

Sri Satguru Jagjit Singh Ji Elibrary NamdhariElibrary@gmail.com

It is only recently that we could talk of Baba Ram Singh Ji with some freedom and devotion. Till yesterday his name was taboo and the community of his ardent followers. the Namdharis, were treated as criminals. The law and the police were against them. and they were hunted and hounded from house to house and from village to village like members of a criminal tribe. Under the circmstances if the people did not know much about Guru Ram Singh Ji and his work, it is not difficult to understand.

We are really grateful to Sant Nidhan Singh Alam of the Namdhari Darbar. who has given us the life sketch of one of the greatest Indians of modern times. It is the first serious attempt to give us a coherent narrative, supported by documentary evidence, of the life of a man who had in him the courage, the imagination, and the capacity for organisation with which only rare persons are endowed. We find in this biography working, not only the religious zeal and moral earnestness of a Gandhi, but also the bold practical and adventurous spirit of Neta Ji.

After reading this sketch of Baba Ram Singh Ji's life, one could easily say that both Gandhi Ji and Neta Ji, though both built in different moulds, got inspiration for their life-work, consciously or unconsciously, from the life of this great Punjabi hero. We see here the germs of efforts at the moral uplift of the masses, the creation of the spirit of self-confidence and self-sacrifice, the setting up of a parallel Government with a view to oust the foreign domination, the adoption of the cult of swadeshi to free ourselves from economic serfdom. defiance and disobedience of laws that restricted our liberties. and so many other items of national programme that sound so modern and effective in these days when preaching of revolution has been legalised.

Indians have as yet to attain full freedom. The British have promised to quit India but they are yet to be pushed out of their comfortable seats The study of Baba Ji's life fills us with inspiration how to do that work successfully and with confidence. With this idea in mind, I commend Alam Ji's book to all lovers of liberty, to all those who are anxious to see their country free.

(Sd.) Sardul Singh Caveeshar–

1, January, 1947.

# ਮੁਖਬੰਦ

ਹਿੰਦੁਸਤਾਨ ਨੂੰ ਗਾਂਧੀ ਜੀ, ਅਤੇ ਉਨ੍ਹਾਂ ਦੇ ਉਸ ਕੰਮ ਤੇ ਯੋਗ ਮਾਨ ਹੈ, ਜੇਹੜਾ ਉਨ੍ਹਾਂ ਨੇ ਹਿੰਦੁਸਤਾਨ ਨੂੰ ਰਾਜਨੀਤਕ ਤੇ ਸਦਾਚਾਰਕ ਰੂਪ ਵਿਚ ਉਚਿਆਂ ਕਰਨ ਲਈ ਕੀਤਾ ਹੈ। ਉਨ੍ਹਾਂ ਨੇ ਨਾ ਕੇਵਲ ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਤੀ ਅਤੇ ਪ੍ਰੋਗਰਾਮ ਨੂੰ ਹੀ ਬਦਲਿਆ, ਅਤੇ ਇਸ ਨੂੰ ਤਾਕਤ ਤੇ ਹੌਸਲੇ ਨਾਲ ਭਰਪੂਰ ਜੀਵਨ ਪ੍ਰਦਾਨ ਕੀਤਾ, ਸਗੋਂ ਇਸਦੀ ਰਾਜਨੀਤੀ ਦਾ ਸਾਰਾ ਮੁਹਾਣ ਮੋੜਕੇ ਇਸ ਦੀ ਸੁਤੰਤ੍ਰਤਾ ਨੂੰ ਕੌਮੀ ਅਖਾੜੇ ਵਿਖੇ ਰਾਜਸਿਕ ਅਤੇ ਸਦਾਚਾਰਕ ਰੂਪ ਵਿਚ ਸਭ ਤੋਂ ਮਹਾਨ ਅਤੇ ਪਹਿਲਾ ਸਵਾਲ ਬਣਾ ਦਿਤਾ ਹੈ, ਇਸ ਛੋਟੇ ਅਤੇ ਮਰੇੜੇ ਜੇਹੇ ਆਦਮੀ ਨੇ, ਜਿਸਨੂੰ ਇਕ ਕੁੜੀ ਵੀ ਮੋਢਿਆਂ ਤੇ ਚੁਕ ਸਕਦੀ ਹੈ, ਹਿੰਦੁਸਤਾਨ ਨੂੰ ਪਿਛਲੇ ਸੌ ਸਾਲਾਂ ਤੋਂ ਵਧੀਕ ਉਚਿਆਂ ਕਰ ਦਿਤਾ ਹੈ।

ਪ੍ਰੰਤੂ ਜੈਸਾ ਕਿ ਗਾਂਧੀ ਜੀ ਨੇ ਕਈ ਵਾਰ ਆਪ ਵੀ ਮੰਨਿਆ ਹੈ, ਉਨ੍ਹਾਂ ਨੇ ਆਪਣੇ ਕੰਮ ਦੀ ਉਸਾਰੀ ਉਨ੍ਹਾਂ ਨੀਹਾਂ ਤੇ ਕੀਤੀ ਹੈ, ਜੋ ਉਨ੍ਹਾਂ ਦੇ ਸਾਹਮਣੇ ਤਿਲਕ, ਗੋਖਲੇ, ਸੁਰੇਂਦਰ ਨਾਥ ਬੈਨਰਜੀ, ਫ਼ੀਰੋਜ਼ਸ਼ਾਹ ਮਹਿਤਾ ਅਤੇ ਦਾਦਾਬਾਈ ਨਾਰੋਜੀ ਜੈਸੇ ਵਡਿਕਿਆ ਨੇ ਰੱਖੀਆਂ ਸਨ। ਗਾਂਧੀ ਜੀ ਦੀ ਰਾਜਨੀਤੀ ਵਿਚੋਂ ਬਹੁਤ ਸਾਰਾ ਹਿਸਾ ਉਨ੍ਹਾਂ ਕੋਲੋਂ ਹੀ ਪ੍ਰਾਪਤ ਕੀਤਾ ਗਿਆ ਹੈ। ਹਿੰਦੁਸਤਾਨੀ ਰਾਜਨੀਤੀ ਨੂੰ ਉਸ (ਗਾਂਧੀ ਜੀ) ਦੀ ਆਪਣੀ ਦੇਣ ਜੁਗ ਪਲਟਾਊ ਭਾਵ ਆਪਣੇ ਤੇ ਭਰੋਸਾ, ਸਿਧੀ ਟੱਕਰ ਲੈਣ ਦੀ ਦਲੇਰੀ ਅਤੇ ਉਸਦੇ ਵਾਸਤੇ ਆਪਾ ਵਾਰਨ ਦਾ ਜਜ਼ਬਾ ਹੈ, ਜੋ ਸਿਧੀ ਟੱਕਰ ਲੈਣ ਦਾ ਕਾਰਨ ਹੈ।

ਭਾਵੇਂ ਲੋਕ ਉਨ੍ਹਾਂ ਤੋਂ ਚੰਗੀ ਤਰ੍ਹਾਂ ਜਾਣੂੰ ਨਹੀਂ ਹਨ, ਪਰ ਇਸ (ਪਾਲੇਟਿਕਸ ਦੇ) ਮੈਦਾਨ ਵਿਚ ਗਾਧੀ ਜੀ ਦੇ ਪੇਸ਼ਰੌ ਸਯਦ ਅਹਿਮਦ ਸ਼ਾਹ ਬ੍ਰੇਲਵੀ, ਨਾਨਾ ਫਰਨਵੀਸ, ਝਾਂਸੀ ਦੀ ਸੀਤਾ-ਬਾਈ ਅਤੇ ਇਨ੍ਹਾਂ ਸਾਰਿਆਂ ਤੋਂ



Sri Satguru Jagjit Singh Ji Elibrary NamdhariElibrary@gmail.com

ਵਡੇ ਭੈਣੀ ਸਾਹਿਬ ਵਾਲੇ ਮਹਾਰਾਜ ਬਾਬਾ ਰਾਮ ਸਿੰਘ ਜੀ ਜੈਸੇ ਮਹਾਂਪੁਰਖ ਮਨ।

ਇਹ ਗੱਲ ਬੜੇ ਅਫਸੋਸ ਵਾਲੀ ਹੈ ਕਿ ਭਾਵੇਂ ਅਸੀਂ ਨਿਯਮਕ ਰਸਤਾ ਗ੍ਰਹਿਣ ਕਰਨ ਵਾਲੇ ਮਹਾਪੁਰਖਾਂ ਬਾਬਤ ਬਹੁਤ ਕੁਛ ਜਾਣਦੇ ਹਾਂ, ਪਰ ਉਨ੍ਹਾਂ ਜਗ ਪਲਟਾਊਆਂ ਸਬੰਧੀ ਅਸੀਂ ਬਹਤ ਹੀ ਘੱਟ ਵਾਕਫੀ ਰੱਖਦੇ ਹਾਂ, ਜਿਨ੍ਹਾਂ ਨੇ ਹਕੀਕਤਨ ਹਿੰਦਸਤਾਨੀ ਰਾਜਨੀਤੀ ਦੀਆਂ ਮੁਰਦਾ ਹੱਡੀਆਂ ਵਿਚ ਨਵੀਂ ਰੂਹ ਫੂਕੀ। ਇਸ ਗਲ ਦਾ ਸਮਝਣਾ ਕੋਈ ਔਖਾ ਨਹੀਂ ਹੈ। ਉਸ ਵੇਲੇ ਦੀ ਹਕੂਮਤ, ਅਰਥਾਤ ਸਾਡੇ ਪ੍ਰਦੇਸੀ ਹਾਕਮਾਂ ਨੇ ਸਧਾਰਣ ਸੁਧਾਰਕਾਂ ਤੇ ਉਨਤੀ ਦੇ ਚਾਹਵਾਨ, ਨੀਤੀਵਾਨਾਂ ਨਾਲ ਨਾ ਕੇਵਲ ਨਰਮ ਸਲੂਕ ਹੀ ਕੀਤਾ, ਸਗੋਂ ਉਨ੍ਹਾਂ ਦੇ ਹੌਸਲੇ ਵੀ ਵਧਾਏ। ਪ੍ਰੰਤੂ ਵਿਦੇਸ਼ੀ ਹਕੂਮਤ ਦੀ ਸਮੁੱਚੀ ਸ਼ਕਤੀ ਦਾ ਕੀਰਤਨ ਸੋਹਲਾ ਪੜ੍ਹਨ ਉਤੇ ਤੁਲੇ ਹੋਏ ਜੁਗ ਪਲਟਾਊ ਆਗੂਆਂ ਬਾਬਤ ਹਕੂਮਤ ਵਲੋਂ ਇਹ ਆਗਯਾ ਨਹੀ ਮਿਲ ਸਕਦੀ ਸੀ ਕਿ ਉਨ੍ਹਾਂ ਨੂੰ ਦੇਸ਼ ਦੇ ਬਹਾਦੁਰਾਂ ਅਤੇ ਕੌਮੀ ਪ੍ਰਵਾਨਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ। ਉਨ੍ਹਾਂ ਨੂੰ ਨਾ ਕੇਵਲ ਸਜ਼ਾਵਾਂ ਹੀ ਦਿਤੀਆਂ ਗਈਆਂ, ਸਗੋਂ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕਰਨ ਵਾਲਿਆਂ ਨਾਲ ਵੀ ਬਾਗੀਆਂ ਵਾਲਾ ਵਰਤਾਉ ਕੀਤਾ ਗਿਆ।

ਇਹ ਕੇਵਲ ਥੋੜ੍ਹੇ ਚਿਰ ਦੀ ਗਲ ਹੈ, ਕਿ ਅਸੀਂ ਬਾਬਾ ਰਾਮ ਸਿੰਘ ਜੀ ਨੂੰ ਕੁਛ ਸ਼ਰਧਾ ਅਤੇ ਸੁਤੰਤ੍ਰਤਾ ਨਾਲ ਸਤਕਾਰਨ ਲਗੇ ਹਾਂ। ਅਜੇ ਕਲ੍ਹ ਦੀ ਬਾਰਤਾ ਹੈ, ਕਿ ਉਨ੍ਹਾਂ ਦਾ ਨਾਉਂ ਲੈਣਾ ਵੀ ਜੁਰਮ ਸੀ, ਅਤੇ ਉਨ੍ਹਾਂ ਦੇ ਸ਼ਰਧਾਲੂ ਸਿਖ (ਨਾਮਧਾਰੀਆਂ) ਦੇ ਸਮਾਜ ਨਾਲ ਬਦਮਾਸ਼ਾਂ ਜੈਸਾ ਸਲੂਕ ਕੀਤਾ ਜਾਂਦਾ ਸੀ। ਕਾਨੂੰਨ ਅਤੇ ਪੁਲਸ ਉਨ੍ਹਾਂ ਦੇ ਵਿਰੁਧ ਸੀ। ਜਰਾਇਮ ਪੇਸ਼ਾ ਕੌਮਾਂ ਵਾਂਗ ਘਰੋ ਘਰ ਅਤੇ ਪਿੰਡੋ ਪਿੰਡ ਢੂੰਢਕੇ ਉਨ੍ਹਾਂ ਦਾ ਸ਼ਿਕਾਰ ਕੀਤਾ ਜਾਂਦਾ ਸੀ। ਏਨ੍ਹਾਂ ਹਾਲਾਤਾਂ ਦੇ ਅਧੀਨ ਜੇ ਲੋਕ (ਸਤਿਗੁਰੂ) ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕਾਰਨਾਮਿਆਂ ਬਾਬਤ ਬਹੁਤੀ ਵਾਕਬੀ(ਜਾਣਕਾਰੀ) ਨਹੀਂ ਰਖਦੇ ਤਾਂ ਇਸਦਾ ਸਮਝਣਾ ਕੋਈ ਔਖਾ ਨਹੀਂ ਹੈ।

ਅਸੀਂ ਸੰਤ ਨਿਧਾਨ ਸਿੰਘ "ਆਲਿਮ" (ਪ੍ਰਧਾਨ) ਨਾਮਧਾਰੀ ਦਰਬਾਰ ਦੇ ਸਚੀ ਤੌਰ ਤੇ ਧੰਨਵਾਦੀ ਹਾਂ, ਜਿੰਨ੍ਹਾਂ ਨੇ ਵਰਤਮਾਨ ਸਮੇਂ ਦੇ ਸਭ ਤੋਂ ਵੱਡਿਆਂ ਆਗੂਆਂ ਵਿਚੋਂ ਇਕ ਦਾ ਜੀਵਨ ਚਿਤ੍ਰ ਖਿਚ ਕੇ ਸਾਨੂੰ ਕ੍ਰਿਤਾਰਥ ਕੀਤਾ ਹੈ। ਇਹ ਉਨ੍ਹਾਂ ਮਹਾਪੁਰਖਾਂ ਦੇ ਜੀਵਨ ਚਿਤ੍ਰ ਖਿਚਣ ਦਾ ਪਹਿਲਾ ਤਰਤੀਬਵਾਰ ਅਤੇ ਸਰਕਾਰੀ ਬਿਆਨਾਂ ਰਾਹੀਂ ਸਾਬਿਤ ਕੀਤਾ ਗਿਆ

Sri Satguru Jagjit Singh Ji Elibrary NamdhariElibrary@gmail.com

ਪੁਰਸ਼ਾਰਥ ਹੈ, ਜੋ ਅਪਣੇ ਅੰਦਰ (ਗਜ਼ਬ ਦੀ) ਦਲੇਰੀ, ਵਿਚਾਰ ਸ਼ਕਤੀ ਅਤੇ ਜਥੇਬੰਦੀ ਦੀ ਯੋਗਤਾ ਆਦਿਕ ਵਿਸ਼ੇਸ਼ਣ ਰੱਖਦੇ ਸਨ ਜੋ ਹਾਰੀ ਸਾਰੀ ਮਨੁੱਖਾਂ ਵਿਚ ਘੱਟ ਹੀ ਪਾਏ ਜਾਂਦੇ ਹਨ। ਅਸੀਂ ਇਸ ਜੀਵਨ ਨਕਸ਼ੇ ਵਿਚ ਨਾ ਕੇਵਲ ਗਾਂਧੀ ਜੀ ਦਾ ਧਾਰਮਿਕ ਉਤਸ਼ਾਹ ਅਤੇ ਸਦਾਚਾਰਕ ਉਮਾਹ ਹੀ ਦੇਖਦੇ ਹਾਂ, ਸਗੋਂ ਇਸ ਵਿਚ ਨੇਤਾ ਜੀ ਦੀ ਅਮਲੀ, ਬਹਾਦਰਾਨਾਂ ਅਤੇ ਜਦੋ ਜਹਿਦ ਵਾਲੀ ਸਪਿਰਿਟ ਵੀ ਦਿਖਾਈ ਦਿੰਦੀ ਹੈ।

ਬਾਬਾ ਰਾਮ ਸਿੰਘ ਜੀ ਦੀ ਜੀਵਨੀ ਦਾ ਇਹ ਚਿਤ੍ਰ ਵਾਚਣ ਤੋਂ ਪਿਛੋਂ ਇਕ ਆਦਮੀ ਆਸਾਨੀ ਨਾਲ ਕਹਿ ਸਕਦਾ ਹੈ, ਕਿ ਗਾਂਧੀ ਜੀ ਅਤੇ ਨੇਤਾ ਜੀ ਨੇ ਭਾਵੇਂ ਆਪੋ ਆਪਣੇ ਕੰਮ ਦੀ ਉਸਾਰੀ ਵੱਖੋ ਵੱਖ ਢੰਗਾਂ ਨਾਲ ਕੀਤੀ ਪਰ ਗਿਆਤ ਯਾ ਅਗਿਆਤ ਰੂਪ ਵਿਚ ਉਨ੍ਹਾਂ ਨੇ ਆਪਣੇ ਜੀਵਨ ਕੰਮਾਂ ਵਿਚ ਪੰਜਾਬ ਦੇ ਇਸ ਵਡੇ ਬਹਾਦੁਰ (ਹੀਰੋ) ਦੀ ਜ਼ਿੰਦਗੀ ਤੋਂ ਹੀ ਚਾਨਣਾ ਪ੍ਰਾਪਤ ਕੀਤਾ। ਅਸੀਂ ਇਸ ਵਿਚ ਜੰਤਕ ਸਦਾਚਾਰ ਦੀ ਉਨਤੀ, ਸ੍ਵੈ ਭਰੋਸੇ ਅਤੇ ਆਪਾਵਾਰਨ ਦੀ ਉਪਜਾਊ ਸਪਿਰਿਟ, ਵਿਦੇਸ਼ੀ ਹਕੂਮਤ ਨੂੰ ਬਾਹਰ ਕੱਢਣ ਦੇ ਖਿਆਲ ਨਾਲ ਟਾਕਰੇ ਦੀ ਹਕੂਮਤ ਬਣਾਣ, ਆਪਣੇ ਆਪ ਨੂੰ ਆਰਥਿਕ ਦਾਸਤਾ ਤੋਂ ਬਚਾਣ, ਸੁਦੇਸ਼ੀ ਕੱਪੜਿਆਂ ਦੀ ਵਰਤੋਂ, ਸੁਤੰਤਰਤਾ ਰੋਕੂ ਕਾਨੂੰਨਾਂ ਦੀ ਵਿਰੋਧਤਾ, ਅਤੇ ਏਸੇ ਤਰ੍ਹਾਂ ਦੇ ਹੋਰ ਕਈ ਕੌਮੀ ਪ੍ਰੋਗ੍ਰਾਮਾਂ ਦੇ ਪ੍ਰਮਾਣ ਦੇਖਦੇ ਹਾਂ ਜੋ ਵਰਤਮਾਨ ਕਾਲ ਵਿਚ ਕਾਫੀ ਨਵੀਨ ਅਤੇ ਅਸਰ ਵਾਲੇ ਜਾਪਦੇ ਹਨ, ਜਦ ਕਿ ਇਨਕਲਾਬ ਦਾ ਪ੍ਰਚਾਰ ਕਾਨੂੰਨਨ ਜਾਇਜ਼ ਕਰਾਰ ਦਿਤਾ ਗਿਆ ਹੈ।

ਹਿੰਦੁਸਤਾਨੀਆਂ ਨੇ ਅਜੇ ਪੂਰਨ ਸ੍ਵੈਰਾਜ ਪ੍ਰਾਪਤ ਕਰਨਾ ਹੈ।

ਅੰਗ੍ਰੇਜ਼ਾਂ ਨੇ ਇਕਰਾਰ ਕਰ ਲਿਆ ਹੈ ਕਿ ਉਹ ਹਿੰਦੁਸਤਾਨ ਨੂੰ ਛੱਡਕੇ ਤੁਰ ਜਾਣਗੇ ਪਰ ਅਜੇ ਉਨ੍ਹਾਂ ਨੇ ਆਪਣੀਆਂ ਸੁਖਦਾਇਕ ਗੱਦੀਆਂ ਛੱਡਣੀਆਂ ਹਨ। ਬਾਬਾ ਜੀ ਦੇ ਜੀਵਨ ਦਾ ਪਾਠ ਸਾਡੇ ਦਿਲਾਂ ਵਿਚ ਉਹ ਚਾਨਣਾ ਪੈਦਾ ਕਰਦਾ ਹੈ ਜਿਸ ਤੋਂ ਸਾਨੂੰ ਪਤਾ ਲਗ ਸਕਦਾ ਹੈ ਕਿ ਇਸ ਕੰਮ ਨੂੰ ਸਫਲਤਾ ਅਤੇ ਭਰੋਸੇ ਨਾਲ ਕਿਵੇਂ ਨਿਬਾਹਿਆ ਜਾ ਸਕਦਾ ਹੈ। ਇਸ ਖਿਆਲ ਨੂੰ ਦਿਲ ਵਿਚ ਰੱਖਦਾ ਹੋਇਆ ਮੈਂ ਸੁਤੰਤ੍ਰਤਾ ਦੇ ਸਮੂਹ ਪ੍ਰੇਮੀਆਂ ਅਤੇ ਅਪਣੇ ਦੇਸ਼ ਨੂੰ ਸੁਤੰਤ੍ਰ ਦੇਖਣ ਦੇ ਚਾਹਵਾਨ ਸੱਜਨਾਂ ਕੋਲ ਆਲਿਮ। ਜੀ ਦੀ ਇਸ ਪੁਸਤਕ ਨੂੰ ਵਾਚਣ ਦੀ ਸਿਫਾਰਸ਼ ਕਰਦਾ ਹਾਂ।

੧ ਜਨਵਰੀ ੧੯੪੭ (ਸਹੀ) ਸਰਦੂਲ ਸਿੰਘ ਕਵੀਸ਼ਰ

## ੧੯
# ਅਰੰਭਕ ਗੱਲਬਾਤ

ਪੰਜਾਬ ਤੇ ਅੰਗ੍ਰੇਜ਼ ਦਾ ਕਬਜਾ ਹੋਇਆਂ ਅਜੇ ਬਹੁਤੇ ਦਿਨ ਨਹੀਂ ਸਨ ਹੋਏ, ਕਿ ਜ਼ਿਲ੍ਹਾ ਲੁਧਿਆਣਾ ਦੇ ਇਕ ਨਿਕੇ ਜੇਹੇ ਅਤੇ ਬੇਮਲੂਮੇ ਪਿੰਡ "ਭੈਣੀ ਆਲਾ" ਵਿਚੋਂ ਇਕ ਕੂਕ ਉਠੀ ਕਿ "ਪਰਅਧੀਨਤਾ ਦੇ ਜੀਵਨ ਨਾਲੋਂ ਮੌਤ ਚੰਗੀ। ਪੰਜਾਬੀਆ! ਹੋਸ਼ ਕਰ। ਅਜੇ ਕੱਲ ਤੂੰ ਪੰਜਾਬ ਦੇ ਸੁਤੰਤ੍ਰ ਵਾਯੂ ਮੰਡਲ ਵਿਚ ਸੁਤੰਤ੍ਰਤਾ ਦੀਆਂ ਮੌਜਾਂ ਮਾਣ ਰਿਹਾ ਸੈਂ, ਪਰ ਅੱਜ ਗੁਲਾਮੀ, ਅਤੇ ਉਹ ਵੀ ਸੱਤਾਂ ਸਮੁੰਦਰਾਂ ਤੋਂ ਪਾਰੋਂ ਆਏ ਹੋਏ ਅੰਗ੍ਰੇਜ਼ ਦੀ ਗੁਲਾਮੀ ਦਾ ਤੌਂਕ ਗਲ ਵਿਚ ਪਾਈ ਫਿਰਦਾ ਹੈਂ। ਅਜੇ ਕੱਲ੍ਹ ਦੀ ਗੱਲ ਹੈ ਕਿ ਲਾਹੌਰ ਦੇ ਸ਼ਾਹੀ ਕਿਲੇ ਤੇ ਅਜ਼ਾਦੀ ਦਾ ਝੰਡਾ ਝੂਲ ਰਿਹਾ ਸੀ, ਜਿਸਦੇ ਸਾਹਮਣੇ ਵਡੇ ਵਡੇ ਯੂਰਪੀਨ ਜਰਨੈਲਾਂ ਦੇ ਸਿਰ ਅਪਣੇ ਆਪ ਝੁਕ ਜਾਂਦੇ ਸਨ, ਪਰ ਅਜ ਉਸ ਦੀ ਥਾਂ ਤੇ ਅੰਗ੍ਰੇਜ਼ ਦਾ ਝੰਡਾ (ਯੂਨੀਅਨ ਜੈਕ) ਤੇਰੀ ਅਣਖ ਨੂੰ ਵੰਗਾਰਦਾ ਹੋਇਆ ਤੇਰੀ ਹੇਠੀ ਦਾ ਪ੍ਰਮਾਣ ਪੇਸ਼ ਕਰ ਰਿਹਾ ਹੈ।"

ਇਹ ਕੂਕ ਭੈਣੀ ਆਲੇ ਦੇ ਰੇਤਲੇ ਟਿੱਬਿਆਂ ਵਿਚੋਂ ਉਠੀ ਤੇ ਪੰਜਾਬੀ ਦੇ ਹਿਰਦੇ ਵਿਚ ਉਕਰੀ ਗਈ। ਇਸਦੇ ਅਸਰ ਨਾਲ ਦਾਸਤਾ ਦਾ ਕਲੋਰਾਫ਼ਾਰਮ ਸੁੰਘ ਕੇ ਬਿਹੋਸ਼ ਪਿਆ ਹੋਇਆ ਪੰਜਾਬੀ ਹਿੱਲ ਪਿਆ। ਉਸਨੇ ਅੱਖਾਂ ਪੁੱਟੀਆਂ ਤੇ ਭੌਰ ਭੌਰੀ ਦਸ਼ਾ ਵਿਚ ਕਹਿਣ ਲੱਗਾ ਕਿ "ਮੇਰੇ ਸਰੀਰ ਅੰਦਰ ਜੀਵਨ ਦਾ ਇਹ ਨਵਾਂ ਪ੍ਰਵਾਹ ਕਿਵੇਂ ਜਾਰੀ ਹੋ ਗਿਆ? ਮੈਨੂੰ ਤਾਂ ਪਤਾ ਤਕ ਨਹੀਂ ਸੀ ਰਿਹਾ ਕਿ ਮੈਂ ਕਿਥੇ ਪਿਆ ਹਾਂ। ਸ੍ਰੀਰ ਤਕ ਦੀ ਸੁਧ ਨਹੀਂ ਸੀ ਰਹਿ ਗਈ, ਪਰ ਹੁਣ ਤਾਂ ਅੰਗ ਅੰਗ ਫੁਰਕ ਰਿਹਾ ਹੈ। ਹੱਦ ਹੋ ਗਈ।"

ਉਤ੍ਰ ਵਿਚ ਅਵਾਜ ਆਈ— "ਪੰਜਾਬੀ ਬੀਰ! ਤੂੰ ਸੱਚ ਮੁਖ ਜੀਉ ਪਿਆ ਹੈਂ, ਅਤੇ ਤੇਰਾ ਇਹ ਨਵਾਂ ਜੀਵਨ—ਉਸ ਪਰਮ ਪੁਰਖ ਦੀ ਕੂਕ ਦਾ ਸਿੱਟਾ ਹੈ, ਜੋ ਅਰਸ਼ੀ ਮੰਡਲ ਤੋਂ ਉਤਰਕੇ ਫਰਸ਼ੀ ਦੁਨੀਆਂ ਨੂੰ ਭਾਗ ਲੌਣ ਅਰਥ ਪ੍ਰਗਟ ਹੋਇਆ ਹੈ, ਉਹ ਸੁਤੰਤ੍ਰਤਾ ਦਾ ਦੇਵਤਾ ਅਤੇ ਦਿਯਾਲਤਾ ਦਾ



Sri Satguru Jagjit Singh Ji Elibrary NamdhariElibrary@gmail.com

ਪੁਤਲਾ ਹੈ, ਧਰਮ ਦਾ ਨਿਹਕਲੰਕ ਚੰਦ ਅਤੇ ਸ਼ਾਂਤੀ ਦਾ ਸੋਮਾਂ ਹੈ।

ਅੱਗੋਂ ਪੰਜਾਬੀ ਨੇ ਕਿਹਾ— "ਫਿਰ ਫਰੰਗੀ ਇਸ ਨੂੰ ਕੂਕਾ ਕਿਉਂ ਆਖਦਾ ਹੈ?"

ਜਵਾਬ ਮਿਲਿਆ, "ਏਸ ਲਈ, ਕਿ ਇਸ ਦੀ ਇਕ ਕੂਕ ਨੇ ਪੰਜਾਬੀ ਮੁਰਦੇ ਨੂੰ ਸੁਰਜੀਤ ਕਰਕੇ ਮਸੀਹਾਈ ਦਾ ਪ੍ਰਤੱਖ ਪ੍ਰਮਾਣ ਪੇਸ਼ ਕੀਤਾ ਹੈ।"

ਫਰੰਗੀ ਨੂੰ ਹੁਣ ਕੂਕ ਦੇ ਹੀ ਸੁਫਨੇ ਆ ਰਹੇ ਸਨ। ਕੂਕੇ ਦੀ ਕੂਕ ਨੇ ਉਸਨੂੰ ਅਜੇਹਾ ਪਾਗਲ ਕਰ ਦਿਤਾ ਸੀ ਕਿ ਉਹ ਆਪੇ ਤੋਂ ਬਾਹਰ ਹੋ ਹੋ ਪੈਂਦਾ ਸੀ, ਉਸਨੂੰ ਨਜ਼ਰ ਆ ਰਿਹਾ ਸੀ ਕਿ ਕੂਕੇ ਦੀ ਇਕੋ ਕੂਕ ਨੇ ਸਾਰਾ ਪੰਜਾਬ ਕੂਕਾ ਕਰ ਦਿਤਾ ਹੈ, ਅਗੇ ਇਕ ਕੂਕਾ ਸੀ, ਹੁਣ ਲੱਖਾਂ ਕੂਕੇ ਹਨ, ਸ੍ਰਕਾਰ ਦਾ ਕੀ ਬਣੇਗਾ? ਜੇ ਅੰਗ੍ਰੇਜ਼ ਨੇ ਪੰਜਾਬ ਵਿਚ ਰਹਿ ਕੇ ਇਸ ਤੇ ਰਾਜ ਕਰਨਾ ਹੈ, ਤਾਂ ਇਸ ਕੂਕ ਨੂੰ ਬੰਦ ਕਰਨਾ ਜ਼ਰੂਰੀ ਹੈ। ਉਹ ਕੰਬ ਰਿਹਾ ਸੀ, ਉਸਦੇ ਦਿਲ ਦੀ ਧੜਕਣ ਉਸਨੂੰ ਚੈਨ ਨਾਲ ਬਹਿਣ ਨਹੀਂ ਸੀ ਦਿੰਦੀ। ਉਸ ਨੇ ਸੋਚਿਆ ਕਿ "ਕੂਕ" ਦੇ ਸੋਮੇ (ਪਾਵਰ ਹਾਊਸ) ਉਤੇ ਪਹਿਰਾ ਲਾ ਦੇਣ ਨਾਲ ਸ਼ੈਂਤ ਕੂਕ ਬੰਦ ਹੋ ਸਕੇ, ਉਸ ਨੇ ਕੂਕ ਦੇ ਸੰਚਾਲਕ ਨੂੰ ਉਸਦੇ ਪਿੰਡ ਭੈਣੀ ਆਲੇ ਵਿਚ (ਜਿਸਨੂੰ ਹੁਣ ਭੈਣੀ ਸਾਹਿਬ ਕਿਹਾ ਜਾਂਦਾ ਸੀ) ਨਜ਼ਰਬੰਦ ਕਰਕੇ ਆਖ ਦਿਤਾ, ਕਿ ਹੁਣ ਉਸਦੀ ਕੂਕ ਨੂੰ ਦੇਸ ਵਿਚ ਫੈਲਣ ਦੀ ਆਗਯਾ ਨਹੀਂ ਦਿਤੀ ਜਾਵੇਗੀ। ਇਸਦਾ ਨਤੀਜਾ ਸਗੋਂ ਇਹ ਹੋਇਆ ਕਿ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਤੋਂ ਮਰਦਾਂ ਤੇ ਤੀਵੀਆਂ ਦੇ ਰੂਪ ਵਿਚ ਅਨੇਕਾਂ ਕੂਕੇ ਦੇਸ਼-ਸੁਤੰਤ੍ਰਤਾ ਦੇ ਗੀਤ ਗੌਂਦੇ ਹੋਏ ਭੈਣੀ ਸਾਹਿਬ ਨੂੰ ਤੁਰ ਪਏ। ਮਹਾਨ ਆਗੂ ਨੂੰ ਸਗੋਂ ਇਹ ਇਕ ਸੋਹਣਾ ਅਤੇ ਸੁਨਹਿਰੀ ਸਮਾਂ ਪ੍ਰਾਪਤ ਹੋ ਗਿਆ, ਜਿਸ ਵਿਚ ਉਸ ਨੇ ਆਪਣੇ ਸੇਵਕਾਂ ਨੂੰ ਨਿਜਮ ਅਨੁਸਾਰ ਜਥੇਬੰਦ ਕਰਕੇ ਫਰੰਗੀ ਰਾਜ ਦੇ ਮੁਕਾਬਲੇ ਤੇ ਇਕ ਅਪਣੀ ਹਕੂਮਤ (Parallel Government) ਕਾਇਮ ਕਰ ਦਿਤੀ। *

* ਪੰਜਾਬ ਨੂੰ ੨੨ ਹਿਸਿਆਂ ਵਿਚ ਵੰਡ ਕੇ ਹਰ ਹਿਸੇ ਦਾ ਇਕ ਗਵਰਨਰ ਥਾਪਿਆ ਗਿਆ, ਜਿਸਨੂੰ ਸੂਬਾ ਆਖਿਆ ਜਾਂਦਾ ਸੀ। ਇਹ ਸੂਬੇ ਹੀ ਕੂਕਿਆਂ ਦੀ ਅਦਾਲਤ ਕਰਦੇ ਸਨ। ਕਿਉਂਕਿ ਕਿਸੇ ਕੂਕੇ ਨੂੰ ਕੂਕੇ ਦੇ ਵਿਰੁਧ ਅੰਗ੍ਰੇਜ਼ੀ ਅਦਾਲਤ ਵਿਚ ਜਾਣ ਦਾ ਹੁਕਮ ਨਹੀਂ ਸੀ। ਹਰ ਤਸੀਲ ਵਿਚ ਦੋ ਜਥੇਦਾਰ, ਹਰ ਪਿੰਡ ਵਿਚ ਪੇਂਡੂ ਜਥੇਦਾਰ ਨੀਯਤ ਕੀਤੇ ਗਏ। ਧਰਮਸਾਲਾ ਵਿਚ ਗ੍ਰੰਥੀ ਬਿਠਾ ਕੇ ਉਹਨਾਂ ਦੇ ਜ਼ਿੰਮੇ ਪੜ੍ਹਾਈ ਦਾ ਕੰਮ ਲਾਇਆ ਗਿਆ। ਡਾਕ ਦਾ ਮਹਿਕਮਾ ਵੀ ਆਪਣਾ ਕੈਮ ਕੀਤਾ ਗਿਆ, ਜਿਸਨੂੰ ਸ੍ਰਕਾਰੀ ਕਾਗਤਾਂ ਵਿਚ "ਕੂਕਾ ਪੋਸਟਲ ਸਰਵਿਸ" ਦੇ ਨਾਉਂ ਨਾਲ ਪੁਕਾਰਿਆ ਗਿਆ ਹੈ।

Sri Satguru Jagjit Singh Ji Elibrary NamdhariElibrary@gmail.com

ਕੂਕਿਆਂ ਦੇ ਇਸ ਮਹਾਨ ਆਗੂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਨਾਉਂ ਨਾਲ ਪੁਕਾਰਿਆ ਗਿਆ. ਅਤੇ ਉਸਦੀ ਚਲਾਈ ਹੋਈ ਇਹ ਲਹਿਰ—"ਕੂਕਾ ਲਹਿਰ" ਦੇ ਨਾਉਂ ਨਾਲ ਪ੍ਰਸਿਧ ਹੋਈ। ਕਿਉਂਕਿ ਇਸਦੀ ਨੀਂਹ ਨਾਮ ਦੇ ਅਧਾਰ ਤੇ ਰੱਖੀ ਗਈ ਸੀ, ਇਸ ਲਈ ਇਸ ਨੂੰ "ਨਾਮਧਾਰੀ" ਨਾਉਂ ਨਾਲ ਵੀ ਸਤਕਾਰਿਆ ਗਿਆ। ਇਸ ਲਹਿਰ ਦਾ ਅਰੰਭ ਭਾਵੇਂ ੧੮੫੭ ਦੇ ਵਿਦ੍ਰੋਹ ਕਾਲ ਵਿਖੇ ਅਪ੍ਰੈਲ ਸੰਨ ੧੮੫੭ ਦੀ ਵਿਸਾਖੀ ਨੂੰ ਹੀ ਹੋ ਚੁਕਾ ਸੀ, ਪਰ ਇਸਨੂੰ ਅਜੇਹੇ ਤ੍ਰੀਕੇ ਨਾਲ ਚਲਾਇਆ ਗਿਆ ਕਿ ਸੰਨ ੧੮੬੩ ਤੋਂ ਪਹਿਲੋਂ ਅੰਗ੍ਰੇਜ਼ ਇਸਨੂੰ ਕੇਵਲ ਧਾਰਮਿਕ ਅਤੇ ਸਮਾਜਕ ਹੀ ਸਮਝਦਾ ਰਿਹਾ, ਇਸਦੇ ਰਾਜਨੀਤਕ ਹੋਣ ਬਾਬਤ ਪਹਿਲੋਂ ਪਹਿਲ ਉਸਨੂੰ ਓਦੋਂ ਪਤਾ ਲਗਾ ਜਦ ਇਸ ਦੇ ਮਹਾਨ ਨੇਤਾ (ਸਤਿਗੁਰੂ ਰਾਮ ਸਿੰਘ ਜੀ) ਜ਼ਿਲ੍ਹਾ ਸਿਆਲਕੋਟ ਵਿਚ ਦੌਰਾ ਕਰ ਰਹੇ ਸਨ ਅਤੇ ਉਨ੍ਹਾਂ ਬਾਬਤ ਮਿਸਟਰ ਮੈਕਨਬ ਡਿਪਟੀ ਕਮਿਸ਼ਨਰ ਸਿਆਲਕੋਟ ਨੇ ੫ ਅਪ੍ਰੈਲ ੧੮੬੩ ਨੂੰ ਪੰਜਾਬ ਦੇ ਲਾਟ ਨੂੰ ਰਪਟ ਭੇਜੀ ਕਿ—"ਰਾਮ ਸਿੰਘ ਨਾਮ ਦਾ ਇਕ ਸਿਖ ਜਿਸ ਦੀ ਉਮਰ ਲਗ ਭਗ ਪੰਜਾਹ ਸਾਲ ਹੈ ਜ਼ਿਲ੍ਹਾ ਸਿਆਲਕੋਟ ਦਾ ਦੌਰਾ ਕਰ ਰਿਹਾ ਹੈ। ਉਸ ਦੇ ਨਾਲ ੨੦੦ ਦੇ ਕਰੀਬ ਸਿਖ ਹਨ। ਇਸਤ੍ਰੀਆਂ ਦੀ ਵੀ ਖਾਸੀ ਗਿਣਤੀ ਉਸਦੇ ਨਾਲ ਹੈ। ਉਸਦੇ ਹਜ਼ਾਰਾਂ ਹੀ ਸੇਵਕ ਹਨ। ਉਹ ਆਪਣੇ ਨਾਲਦਿਆਂ ਨੂੰ ਬੰਦੂਕਾਂ ਦੀ ਥਾਂ ਸੋਟਿਆਂ ਨਾਲ ਕਵੇਦ ਕਰੌਂਦਾ ਹੈ, ਅਤੇ ਕਿਸੇ ਦੁਨਿਆਵੀ ਹਾਕਮ ਦੀ ਈਨ ਨਹੀਂ ਮੰਨਦਾ।"

ਜਦ ਇਸ ਮਹਾਨ ਆਗੂ ਨੇ ਦੇਸ਼ ਭਰ ਵਿਚ ਕਛ ਜੁਗ ਪਲਟਾਊ ਦੌਰੇ ਕੀਤੇ ਤਾ ਸਰਕਾਰ ਨੇ ਉਸ ਦੇ ਰਸਤੇ ਵਿਚ ਗੁਰਦੁਵਾਰਿਆਂ ਦੇ ਪੁਜਾਰੀਆਂ, ਜਾਗੀਰਦਾਰਾਂ ਅਤੇ ਰਾਜਿਆਂ ਮਹਾਰਾਜਿਆਂ ਨੂੰ ਖੜ੍ਹਾ ਕਰਨ ਦੀ ਕੋਸ਼ਸ਼ ਕੀਤੀ, ਪਰ ਹੜ੍ਹ ਆਏ ਹੋਏ ਦਰਯਾ ਦਾ ਜਲ ਜਿਵੇਂ ਰਾਹ ਵਿਚ ਆਈ ਹੋਈ ਕਿਸੇ ਰੋਕ ਦੀ ਪ੍ਰਵਾਹ ਨਾ ਕਰਦਾ ਹੋਇਆ ਅੱਗੇ ਹੀ ਅੱਗੇ ਵਧਿਆ ਜਾਂਦਾ ਹੈ, ਤਿਵੇਂ ਹੀ ਕੂਕਾ ਅੰਦੋਲਨ ਅੱਗੇ ਉਸ ਵੇਲੇ ਕਿਸੇ ਦੀ ਪੇਸ਼ ਨਾਂ ਜਾ ਸਕੀ।

ਅੰਗ੍ਰੇਜ਼ ਨਾਲ ਨਾਮਿਲਵਰਤਨ ਦਾ ਪ੍ਰੋਗ੍ਰਾਮ ਸਭ ਤੋਂ ਪਹਿਲੋਂ ਚਾਲੂ ਕਰਨ ਦਾ ਮਾਨ—"ਕੂਕਾ ਲਹਿਰ" ਦੇ ਇਸ ਮਹਾਨ ਆਗੂ ਨੂੰ ਹੀ ਪ੍ਰਾਪਤ ਹੈ। ਜਿਸ ਸਤਯਾਗ੍ਰਹ Civil Disobedience) ਦਾ ਸੰਚਾਲਕ ਅੱਜ ਮਹਾਤਮਾਂ ਗਾਂਧੀ ਨੂੰ ਸਮਝਿਆ ਜਾਂਦਾ ਹੈ, ਉਸ ਦੀ ਨੀਂਹ ਵੀ ਇਸ ਮਹਾਨ ਆਗੂ ਨੇ ਸੰਨ ੧੮੬੭ ਈ: ਵਿਚ ਰੱਖ ਕੇ ਕਈ ਵਾਰ ਸਰਕਾਰੀ ਹੁਕਮਾਂ

ਦੀ ਐਲਾਨੀਆਂ ਉਲੰਘਣਾ ਕੀਤੀ। ਇਹ ਉਸ ਵੇਲੇ ਦੀਆਂ ਗੱਲਾਂ ਹਨ, ਜਦ ਨੈਸ਼ਨਲ ਕਾਂਗਰਸ ਦੇ ਜਨਮ ਦਾ ਕਿਸੇ ਨੂੰ ਸੁਫਨਾ ਵੀ ਨਹੀਂ ਸੀ ਆਇਆ, ਅਤੇ ਅੰਗ੍ਰੇਜ਼ ਬੜੀ ਤੇਜ਼ੀ ਨਾਲ ਪੰਜਾਬ ਵਿਚ ਆਪਣੇ ਪੈਰ ਪੱਕੇ ਕਰਨ ਦਾ ਜਤਨ ਕਰ ਰਿਹਾ ਸੀ। ਉਹ ਭਲਾ ਅਜੇਹੀ ਲਹਿਰ ਨੂੰ ਕਦ ਸਹਾਰ ਸਕਦਾ ਸੀ। ਉਸ ਨੇ ਸਖਤੀ ਨਾਲ ਇਸਨੂੰ ਦਬਾਣ ਦਾ ਯਤਨ ਕੀਤਾ। ਪਰ ਉਸ ਵੇਲੇ ਦਾ ਕੂਕਾ ਵੀ ਲੋਹੜੇ ਦੀ ਸ਼ਕਤੀ ਰਖਦਾ ਸੀ।ਉਸਨੇ ਫਾਂਸੀ ਤੇ ਚੜ੍ਹਨਾ, ਤੋਪਾਂ ਅਗੇ ਉਡਣਾ ਅਤੇ ਜਲਾਵਤਨੀਆਂ ਦਾ ਕਸ਼ਟ ਖਿੜੇ ਮੱਥੇ ਸਹਾਰਨਾ ਪ੍ਰਵਾਨ ਕੀਤਾ।* ਅਤੇ ਅਗੇ ਹੀ ਅਗੇ ਵਧਦਾ ਗਿਆ।

---

* ਪੰਜਾਬ ਤੇ ਕਬਜ਼ਾ ਕਰਦਿਆਂ ਹੀ ਅੰਗ੍ਰੇਜ਼ੀ ਸਰਕਾਰ ਨੇ ਪੰਜਾਬ ਦੇ ਸਮੂਹ ਸ਼ਹਿਰਾਂ ਵਿਚ ਬੁੱਚੜਖਾਨੇ ਖੋਹਲ ਕੇ ਗਊ ਘਾਤ ਕਰਨ ਅਤੇ ਗਊ ਮਾਸ ਵੇਚਣ ਦੀ ਐਲਾਨੀਆਂ ਖੁਲ੍ਹ ਕਰ ਦਿਤੀ। ਬੁੱਚੜਖਾਨਿਆਂ ਦਾ ਅਰੰਭ ਵੀ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਕੀਤਾ ਗਿਆ। ਸਿੱਖਾਂ ਦੀ ਦੂਜੀ ਲੜਾਈ ਦੇ ਹੋਰ ਕਾਰਨਾਂ ਵਿਚੋਂ ਇਕ ਇਹ ਵੀ ਸੀ, ਕਿ ਪਹਿਲੀ ਲੜਾਈ ਦੀ ਜਿੱਤ ਸਮੇਂ ਅੰਗ੍ਰੇਜ਼ ਫੌਜਾਂ ਵਿਚ ਬੀਫ਼ (ਗਊ ਮਾਸ) ਬਣਾਇਆ ਗਿਆ, ਅਤੇ ਬੜੇ ਮਾਨ ਨਾਲ ਕਿਹਾ ਗਿਆ ਸੀ ਕਿ ਜਿਸ ਧਰਤੀ ਵਿਚ ਸਾਨੂੰ ਗਊ ਮਾਸ ਖਾਣ ਦੀ ਆਗਜ਼ਾ ਨਹੀਂ ਸੀ, ਅਜ ਅਸੀਂ ਉਸ ਵਿਚ ਬਿਨਾਂ ਕਿਸੇ ਝਿਜਕ ਦੇ ਇਹ ਕੰਮ ਕਰਨ ਯੋਗ ਹੋ ਗਏ ਹਾਂ। ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਸਮਿਲਤ ਕਰਦਿਆਂ ਹੀ ਬੁੱਚੜਖਾਨੇ ਜਾਰੀ ਕਰਨ ਦਾ ਐਲਾਨ ਵੀ ਏਸੇ ਹੀ ਸ਼ੇਖੀ ਅਤੇ ਘੁਮੰਡ ਵਿਚ ਜਾਰੀ ਕਰਕੇ ਇਸ ਗੱਲ ਦਾ ਪ੍ਰਮਾਣ ਪੇਸ਼ ਕੀਤਾ ਗਿਆ ਕਿ ਬਿਦੇਸ਼ੀ ਹਾਕਮ ਜਿਸ ਤਰ੍ਹਾਂ ਵੀ ਚਾਹੁਣ ਜੰਤਕ ਜਜ਼ਬਿਆਂ ਨੂੰ ਕੁਚਲਣ ਦਾ ਅਧਿਕਾਰ ਰਖਦੇ ਹਨ। ਇਸ ਐਲਾਨ ਦੀ ਤਹਿ ਹੇਠ ਇਹ ਗੱਲ ਵੀ ਲੁਕੀ ਹੋਈ ਸੀ ਕਿ ਮੁਸਲਮਾਨਾਂ ਦੀ ਹੱਥੀਂ ਗਊ ਘਾਤ ਕਰਵਾ ਕੇ ਪੰਜਾਬ ਵਿਚ ਹਿੰਦੂ ਮੁਸਲਿਮ ਪ੍ਰਸ਼ਨ ਪੈਦਾ ਕਰ ਦਿਤਾ ਜਾਏ ਜਿਸ ਨਾਲ ਇਨ੍ਹਾਂ ਵਿਚਕਾਰ ਫੁੱਟ ਪੈ ਜਾਏ। ਜਿਸਦਾ ਨਤੀਜਾ ਇਹ ਹੋਵੇ ਕਿ ਅੰਗ੍ਰੇਜ਼ੀ ਰਾਜ ਪੱਕੇ ਪੈਰਾਂ ਤੇ ਸਥਿਰ ਹੋ ਜਾਏ। ਅੰਮ੍ਰਿਤਸਰ ਦਾ ਬੁੱਚੜਖਾਨਾ ਪੰਜਾਬ ਦੇ ਦੂਜੇ ਸ਼ਹਿਰਾਂ ਵਿਚ ਬੁਚੜਖਾਨੇ ਖੋਲ੍ਹਣ ਲਈ ਇਕ ਤਰ੍ਹਾਂ ਦਾ ਟੈਸਟ ਸੀ। ਹਿੰਦੂਆਂ ਤੇ ਸਿਖਾਂ ਨੇ ਕਾਨੂੰਨ ਦੀ ਹੱਦ ਅੰਦਰ ਰਹਿੰਦਿਆਂ ਹੋਇਆਂ ਸ਼ਾਂਤਮਈ ਸਾਧਨਾਂ ਦੁਆਰਾ ਕਾਫੀ ਐਜੀਟੇਸ਼ਨ ਕੀਤੀ ਪਰ ੧੮੭੧ ਦੇ ਅੱਧ ਤਕ ਕੋਈ ਸਫਲਤਾ ਪ੍ਰਾਪਤ ਨਾ ਹੋ ਸਕੀ। ਇਸ ਦੌਰਾਨ ਵਿਚ ਸਗੋਂ ਹੋਰ ਕਈ ਸ਼ਹਿਰਾਂ ਵਿਚ ਵੀ ਬੁੱਚੜਖਾਨੇ ਖੋਹਲ ਦਿਤੇ ਗਏ। ਅੰਗ੍ਰੇਜ਼ ਦੀ ਇਸ ਅਯੋਗ ਚਾਲ ਨੂੰ ਵੇਖ ਕੇ ਕੁਝ ਨਾਮਧਾਰੀ (ਕੂਕੇ) ਸਿਖਾਂ ਦੀ ਅਣਖ ਜੋਸ਼ ਵਿਚ ਆ ਗਈ। ਉਨ੍ਹਾਂ ਨੇ ਅੰਗ੍ਰੇਜ਼ ਦੀਆਂ ਪੂਰਵੋਕਤ ਹਰਕਤਾਂ ਨੂੰ ਪੰਜਾਬੀਆਂ ਵਾਸਤੇ ਇਕ ਤਕੜਾ ਚੈਲੰਜ ਸਮਝਿਆ ਜਿਸ ਕਰਕੇ ਉਨ੍ਹਾਂ ਵਲੋਂ ਬੁੱਚੜਖਾਨਿਆਂ ਦੇ ਪਾਪ ਅਤੇ ਭਿਆਨਕ ਨਤੀਜਿਆਂ, ਤੋਂ ਪੰਜਾਬ ਨੂੰ ਬਚਾਣ ਦੇ ਉਦੇਸ਼ ਨਾਲ ਉਨ੍ਹਾਂ ਨੇ ਇਕ ਮੁਹਿੰਮ ਜਾਰੀ ਕੀਤੀ, ਜਿਸ ਦੀ ਕੀਮਤ ਵਜੋਂ ਉਨ੍ਹਾਂ ਨੂੰ ਫਾਂਸੀਆਂ, ਉਮਰ ਕੈਦਾਂ ਅਤੇ ਜਲਾਵਤਨੀਆਂ ਦੇ ਕਸ਼ਟ ਝੱਲਣੇ ਪਏ। ਪਰ ਜਿਸ ਦਲੇਰੀ ਤੇ ਚਾ ਨਾਲ ਉਨ੍ਹਾਂ ਨੇ ਫਾਹੇ ਦੀਆਂ ਰੱਸੀਆਂ ਆਪਣੇ ਹੱਥਾਂ ਨਾਲ ਫੜ ਫੜ ਆਪਣੇ ਗਲਾਂ ਵਿਚ ਪਾਈਆਂ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦਿਆਂ ਹੋਇਆਂ ਪੀਂਘਾਂ ਝੂਟੀਆਂ, ਉਸ ਨੇ ਮਨਸੂਰ ਦੇ ਰੀਕਾਰਡ ਨੂੰ ਵੀ ਮਾਤ ਪਾ ਦਿਤਾ।

ਛੋਕੜ ਉਸ ਦੇ ਮਹਾਨ ਆਗੂ ਨੂੰ ਉਸਦੇ ਮੁਖੀ ਸੂਬਿਆਂ ਸਮੇਤ ਗ੍ਰਿਫਤਾਰ ਕਰਕੇ ਇਲਾਹਾਬਾਦ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਜਿਸਦੀ ਪੂਰਬ ਪਾਸ ਦੀ ਦੀਵਾਰ ਨਾਲੋਂ ਦੀ ਗੰਗਾ ਜਮਨਾ ਦਾ ਜਲ ਖਹਿਕੇ ਲੰਘਦਾ ਹੋਇਆ ਉਸ ਬੰਗਲੇ ਵਲ ਨੂੰ ਉਛਲ ਉਛਲ ਜਾਣ ਲਈ ਉਤਾਵਲਾ ਹੋ ਰਿਹਾ ਸੀ, ਜਿਸ ਵਿਚ ਕੂਕਿਆਂ ਦਾ ਮਹਾਨ ਨੇਤਾ ਅਪਣੇ ਸੂਬਿਆਂ ਸਮੇਤ ਬੈਠਾ ਹੋਇਆ ਦੇਸ਼ ਅਜ਼ਾਦੀ ਦਾ ਤ੍ਰਾਨਾ ਝੂਮ ਝੂਮ ਕੇ ਗਾ ਰਿਹਾ ਸੀ। ਅੰਗ੍ਰੇਜ਼ ਨੇ ਕਿਲੇ ਵਿਚ ਪੁਜ ਕੇ ਸ਼ਾਹੀ ਰੋਹਬ ਨਾਲ ਕਿਹਾ ਕਿ—"ਆਪ ਲੋਗ ਜੁ ਪੁਕਾਰ ਰਹਾ ਹੈ ਅਜ਼ਾਦੀ, ਅਜ਼ਾਦੀ ਅਜ਼ਾਦੀ ਯੇਹ ਵਕਤ ਕਾ ਰਾਗ ਨਹੀਂ ਹੈ, ਇਸੇ ਮਤ ਗਾਓ।"

ਜੁਗ ਪਲਟਾਊ ਆਗੂ ਨੇ ਗੰਭੀਰ ਸ਼ਬਦਾਂ ਵਿਚ ਉਤ੍ਰ ਦਿਤਾ—"ਇਹ ਗੀਤ ਸਾਡੇ ਵਤਨ ਦਾ ਨਗ਼ਮਾਂ ਹੈ। ਇਸਨੂੰ ਤਦ ਤਕ ਗਾਇਆ ਜਾਏਗਾ ਜਦ ਤਕ ਦੇਸ਼ ਦਾਸਤਾ ਦੇ ਬੰਧਨਾਂ ਤੋਂ ਅਜ਼ਾਦ ਨਹੀਂ ਹੁੰਦਾ।"

ਫਰੰਗੀ ਨੇ ਕਿਹਾ—"ਅਗਰ ਆਪ ਨਹੀਂ ਮਾਨੇਗਾ ਤੋ ਆਪ ਕੋ ਆਪ ਕੇ ਇਨ ਸੂਬੋਂ ਕੇ ਸਮੇਤ ਦੇਸ ਸੇ ਨਿਕਾਲ ਕਰ ਕਾਲੇ ਪਾਨੀ ਭੇਜ ਦੀਆ ਜਾਏਗਾ।"

ਮਸਤਾਨੀ ਦਸ਼ਾ ਵਿਚ ਉਤ੍ਰ ਦਿਤਾ ਕਿ—"ਅਸੀਂ ਉਸ ਸਮੇਂ ਦੀ ਉਡੀਕ ਵਿਚ ਹਾਂ ਜਦ ਮਾਤ ਭੂਮੀ ਨੂੰ ਅੰਗ੍ਰੇਜ਼ ਦੀ ਅਧੀਨਤਾ ਤੋਂ ਸੁਤੰਤਰ ਕਰਾਣ ਦੀ ਕੀਮਤ ਵਜੋਂ ਸਾਨੂੰ ਦੇਸ ਨਿਕਾਲਾ ਦਿਤਾ ਜਾਵੇਗਾ।"

ਛੋਕੜ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਸੂਬਿਆਂ ਸਮੇਤ ੧੮੧੮ ਦੇ ਬੰਗਾਲ ਰੈਗੂਲੇਸ਼ਨ ਐਕਟ ੩ ਦੇ ਅਧੀਨ ਜਲਾਵਤਨ ਕਰ ਦਿਤਾ ਗਿਆ। ਕਕਾ ਲਹਿਰ ਨੂੰ ਕੁਚਲ ਦੇਣ ਦੇ ਇਰਾਦੇ ਨਾਲ ਭੈਣੀ ਸਾਹਿਬ ਦੀਆਂ ਕੰਧਾਂ ਢਾਹ ਦਿਤੀਆਂ ਗਈਆਂ। ਡੇਰੇ ਨੂੰ ਪਾਣੀ ਹਾਂਡੇ ਤਕ ਪਟ ਬਰਬਾਦ ਕੀਤਾ ਗਿਆ। ਸਭ ਸਮਾਨ (ਬਸਤ੍ਰ ਅਤੇ ਨਕਦੀ ਆਦਿ) ਲੁਟ ਪੁਟ ਕੇ ਸਰਕਾਰੀ ਖਜ਼ਾਨੇ ਵਿਚ ਦਾਖਲ ਕੀਤਾ ਗਿਆ, ਡੇਰੇ ਵਿਚ ਰਹਿ ਕੇ ਸੇਵਾ ਕਰਨ ਵਾਲੇ ਸੈਂਕੜੇ ਇਸਤ੍ਰੀਆਂ ਤੇ ਪੁਰਸ਼ਾਂ ਨੂੰ ਜਬਰਦਸਤੀ ਬਾਹਰ ਕੱਢ ਦਿਤਾ ਗਿਆ। ਵਡੇ ਦਰਵਾਜੇ ਅਗੇ ਪੁਲਸ ਦੀ ਚੌਕੀ ਬਿਠਾ ਦਿਤੀ ਗਈ, ਕੂਕਿਆਂ ਦਾ ਭੈਣੀ ਸਾਹਿਬ ਜਾਣਾ ਬੰਦ ਕਰ ਦਿਤਾ ਗਿਆ। ਹਰ ਕੂਕਾ ਬਾਗ਼ੀ ਕਰਾਰ ਦਿਤਾ ਗਿਆ। ਤੁਰਾ ਫਿਰੀ ਤੇ ਪਾਬੰਦੀਆਂ ਲਾ ਦਿਤੀਆਂ ਗਈਆਂ। ਮਹਾਰਾਜਾ ਪਟਿਆਲਾ ਆਦਿ ਨੇ ਕੂਕਾ ਲਹਿਰ ਨੂੰ ਕਚਲ ਦੇਣ ਦੀ ਮੁਹਿੰਮ ਵਿਚ

ਅੰਗ੍ਰੇਜ਼ ਦਾ ਸਾਥ ਦਿਤਾ ਅਤੇ ਮਲੇਰਕੋਟਲੇ ਵਿਖੇ ਕੂਕੇ ਬੀਰਾਂ ਨੂੰ ਮੌਤ ਦੇ ਘਾਟ ਪਾਰ ਉਤਾਰਨ ਵਾਸਤੇ ਅਪਣੇ ਰਸਾਲੇ ਤੇ ਤੋਪਖਾਨੇ ਭੇਜੇ। ਆਪਣੇ ਵਿਰੁਧ, ਬਿਗਾਨੇ ਦੁਸ਼ਮਣ। ਇਸ ਘੋਰ ਅਤਜਾਚਾਰ ਦੇ ਵਿਰੁਧ ਅਵਾਜ਼ ਉਠਾਂਦਾ ਤਾਂ ਕੌਣ? ਉਸ ਸਮੇਂ ਨਾ ਕੋਈ ਪੰਡਿਤ ਜਵਾਹਰ ਲਾਲ ਨਹਿਰੂ ਸੀ ਅਤੇ ਨਾ ਇੰਡੀਅਨ ਨੈਸ਼ਨਲ ਕਾਂਗਰਸ। ਇਹ ਕਾਂਗਰਸ ਦੇ ਜਨਮ ਤੋਂ ੧੩ ਸਾਲ ਪਹਿਲੋਂ ਅਰਥਾਤ ੧੮੭੨ ਈ: ਦੇ ਸ਼ੁਰੂ ਦੀ ਵਿਥਯਾ ਹੈ। ਜੇ ਓਦੋਂ ਪੰਡਿਤ ਜਵਾਹਰ ਲਾਲ ਹੁੰਦੇ (ਉਹ ਜਵਾਹਰ ਲਾਲ ਜਿਨਾਂ ਦੀ ਇਕ ਅਵਾਜ਼ ਨੇ ਆਜ਼ਾਦ ਹਿੰਦ ਫੌਜ ਦੇ ਹਜ਼ਾਰਾਂ ਤੇ ਲਖਾਂ ਬੀਰਾਂ ਦੀਆਂ ਜਾਨਾਂ ਨੂੰ ਅੰਗ੍ਰੇਜ਼ ਦੇ ਕੋਰਟ ਮਾਰਸ਼ਲ ਦੀਆਂ ਫਾਂਸੀਆਂ ਤੋਂ ਬਚਾ ਕੇ ਆਜ਼ਾਦ ਕਰਾਇਆ) ਤਾਂ ਉਸ ਦੇ ਸ਼ਹਿਰ ਦੀ ਧਰਤੀ ਤੇ ਤ੍ਰਿਬੇਣੀ ਦੇ ਕੰਢੇ ਤੇ ਖੜ੍ਹਾ ਉਹ ਕਿਲਾ ਵੀ ਦਿੱਲੀ ਦੇ ਲਾਲ ਕਿਲੇ ਵਾਂਗ ਹਿੰਦੁਸਤਾਨੀ ਜੰਤਾ ਲਈ ਰਾਜਨੀਤਕ ਯਾਤ੍ਰਾ ਦਾ ਕੇਂਦਰ ਬਣ ਜਾਂਦਾ।

ਜੇ ਓਦੋਂ ਪ੍ਰੈਸ ਤੇ ਪਲੈਟਫਾਰਮ ਵਰਤਮਾਨ ਦਸ਼ਾ ਵਿਚ ਹੁੰਦਾ ਤਾਂ ਹੋ ਸਕਦਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਵਿਰੁਧ ਗਵਰਮੈਂਟ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਣ ਲਈ ਬਿਵਸ ਹੋ ਜਾਂਦੀ।* ਜਿਸ ਦਾ ਨਤੀਜਾ ਕੂਕਾ ਆਗੂਆਂ ਦੀ ਰਿਹਾਈ ਦੇ ਰੂਪ ਵਿਚ ਪ੍ਰਗਟ ਹੁੰਦਾ। ਪਰ ਨਿਰਭਾਗਤਾ ਵਸ ਕੂਕਿਆਂ ਦੇ ਪਾਤਸ਼ਾਹ ਅਤੇ ਸੂਬਿਆਂ ਨੂੰ ਬਿਨਾਂ ਮੁਕਦਮਾ ਚਲਾਣ ਤੋਂ ਜਲਾਵਤਨ ਕਰ ਦਿਤਾ ਗਿਆ ਅਤੇ ੧੮੭੨ ਈ: ਤੋਂ ਲੈ ਕੇ ੧੯੨੦ ਈ:** ਦੇ ਅੰਤ ਤਕ ਕੂਕਿਆਂ ਤੇ ਉਹ ਦੁਧਾਰਾ ਖੰਡਾ ਚਲਾਇਆ ਗਿਆ, ਜਿਸ ਵਲ ਧਿਆਨ ਦਿਤਿਆਂ ਲੂ ਕੰਡੇ ਹੋ ਜਾਂਦੇ ਹਨ।

ਉਤਲੇ ਕਾਰਨਾਂ ਕਰਕੇ—"ਕੂਕਾ ਲਹਿਰ" ਦੇ ਇਸ ਸ਼ਾਨਦਾਰ ਇਤਿਹਾਸ ਨੂੰ ਜਿਸ ਰਾਹੀਂ ਪੰਜਾਬ ਵਿਚ ਅਜ਼ਾਦੀ ਦੀ ਪਹਿਲੀ ਤੇ ਹਿੰਦੁਸਤਾਨ ਵਿਚ ਦੂਜੀ ਲੜਾਈ ਬੜੇ ਉਤਸ਼ਾਹ ਉਮਾਹ ਤੇ ਬੀਰਤਾ ਨਾਲ ਲੜੀ ਗਈ, ਇਸ ਤੋਂ ਪਹਿਲੋਂ ਅਸੀਂ ਜੰਤਾ ਦੇ ਸਉਹੇਂ ਰੱਖਣ ਤੋਂ ਅਸਮ੍ਰਥ

* ਅੰਮ੍ਰਿਤ ਬਾਜ਼ਾਰ ਪੱਤ੍ਰਕਾ' ਕਲਕੱਤਾ ਦੇ ਰੋਜ਼ਾਨਾ ਅੰਗ੍ਰੇਜ਼ੀ ਅਖਬਾਰ ਦੇ ਐਡੀਟਰ ਸੁਰਗੀਯ ਪੰਡਿਤ ਮੋਤੀ ਲਾਲ ਘੋਸ਼ ਹੀ, ਕੇਵਲ ਅਜੇਹੇ ਹਿੰਦੁਸਤਾਨੀ ਜਨ ਜਿਨ੍ਹਾਂ ਨੇ ਆਪਣੇ ਅਖਬਾਰ ਦੇ ਕਾਲਮਾਂ ਵਿਚ ਅੰਗ੍ਰੇਜ਼ ਦੇ ਇਸ ਘੋਰ ਅਤਯਾਚਾਰ ਦੇ ਵਿਰੁਧ ਕਰੜਾਈ ਨਾਲ ਲਿਖਿਆ ਸੀ।

** ੧੯੨੩

ਰਹੇ ਹਾਂ। ਪ੍ਰੰਤੂ ਜੰਤਾ ਵਲੋਂ ਇਸਦੀ ਮੰਗ ਬਰਾਬਰ ਜਾਰੀ ਰਹਿਣ ਤੇ ਅੱਜ ਪ੍ਰਸੰਨਤਾ ਦੀ ਗੱਲ ਹੈ, ਕਿ ਅਸੀਂ "ਕੂਕਾ ਲਹਿਰ" ਦਾ ਇਹ ਅਤਿ ਸੰਖਿਪਤ ਇਤਿਹਾਸ ਇਸਦੇ ਚਾਹਵਾਨ ਸੱਜਣਾਂ ਦੇ ਹੱਥਾਂ ਵਿਚ ਦੇ ਰਹੇ ਹਾਂ। ਇਸ ਵਿਚ ਅੰਕਿਤ ਕੀਤੀਆਂ ਗਈਆਂ ਘਟਨਾਵਾਂ ਨੂੰ ਸਚਿਆਈ ਦੇ ਚਾਨਣੇ ਵਿਚ ਲਿਖਦਿਆਂ ਹੋਇਆਂ ਮੁਬਾਲਗੇ ਤੋਂ ਉਕਾ ਹੀ ਬਚਾਣ ਦਾ ਯਤਨ ਕੀਤਾ ਗਿਆ ਹੈ। ਵਾਕਿਆਤੀ ਤ੍ਰੀਕਾਂ ਸਰਕਾਰੀ ਰਪੋਟਾਂ ਵਿਚੋਂ ਲਈਆਂ ਗਈਆਂ ਹਨ। ਕਈ ਘਟਨਾਂ ਉਨ੍ਹਾਂ ਸਜਨਾਂ ਦੀ ਤਸਦੀਕ ਦੁਆਰਾ ਪੇਸ਼ ਕੀਤੀਆਂ ਗਈਆਂ ਹਨ, ਜਿਨਾਂ ਨੇ ਯਾਂ ਤਾਂ ਅਪਣੀ ਅੱਖੀਂ ਡਿਠੀਆਂ ਸਨ, ਅਤੇ ਯਾਂ ਅਖੀਂ ਵੇਖਣ ਵਾਲਿਆਂ ਦੀ ਜ਼ਬਾਨੀ ਸੁਣੀਆਂ ਸਨ।

ਅੰਤ ਵਿਚ ਪਾਠਕਾਂ ਦੀ ਸੇਵਾ ਵਿਚ ਇਹ ਬੇਨਤੀ ਕਰ ਕੇ ਅਰੰਭਕ ਬਾਰਤਾ ਨੂੰ ਸਮਾਪਤ ਕੀਤਾ ਜਾਂਦਾ ਹੈ, ਕਿ ਇਸ ਪੁਸਤਕ ਦੇ ਨਾਇਕ (Hero) ਸਤਿਗੁਰੂ ਰਾਮ ਸਿੰਘ ਜੀ ਦੀ ਪਦਵੀ ਅਰ ਉਸ ਦੇ ਸੂਬਿਆਂ ਤੇ ਸਿਪਾਹੀਆਂ ਦੀ ਪੁਜ਼ੀਸ਼ਨ ਉਨ੍ਹਾਂ ਦੀ ਉਸ ਕੁਰਬਾਨੀ, ਮਰਦਾਨਗੀ ਅਤੇ ਆਤਮ ਤਿਆਗ ਨੂੰ ਸਉਹੇਂ ਰੱਖ ਕੇ ਕਾਇਮ ਕਰਨੀ ਚਾਹੀਦੀ ਹੈ, ਜਿਸਦਾ ਉਨ੍ਹਾਂ ਵਲੋਂ ਪ੍ਰਮਾਣ ਪੇਸ਼ ਕੀਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਸਬੰਧੀ ਮੈਂ ਨਾਮਧਾਰੀ ਅਕੀਦਾ ਪਾਠਕਾਂ ਤੇ ਠੋਸਣਾ ਨਹੀਂ ਚਾਹੁੰਦਾ, ਪਰ ਇਹ ਬੇਨਤੀ ਕਰਨ ਤੋਂ ਬਿਨਾਂ ਵੀ ਨਹੀਂ ਰਿਹਾ ਜਾ ਸਕਦਾ ਕਿ ਫ਼ਿਰਕੂ ਪੱਖਪਾਤ ਦੇ ਅਸਰ ਹੇਠ ਉਨ੍ਹਾਂ ਦੀ ਸ਼ਾਨ ਵਿਰੁਧ ਕੋਈ ਲਫਜ਼ੀ ਗੁਸਤਾਖ਼ੀ ਕਰਨਾ ਹਿੰਦੁਸਤਾਨ ਅਤੇ ਸਿਖ ਧਰਮ ਦੀ ਪ੍ਰਾਚੀਨ ਸੱਭਤਾ ਨੂੰ ਮਲੀਆਮੇਟ ਕਰਨ ਦੇ ਤੁਲ ਹੋਵੇਗਾ।

(ਆਲਿਮ)

Sri Satguru Jagjit Singh Ji Elibrary NamdhariElibrary@gmail.com

# ਪਿਛੇ ਵੱਲ ਝਾਤ

ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸੀ, ਦੇਸ਼ ਖੁਸ਼ਹਾਲ ਤੇ ਮਾਲਾ ਮਾਲ ਸੀ। ਲਾਹੌਰ ਦੇ ਸ਼ਾਹੀ ਕਿਲੇ ਤੇ ਪੰਜਾਬ ਦਾ ਸੁਤੰਤ੍ਰ ਝੰਡਾ ਝੂਲ ਰਿਹਾ ਸੀ, ਜਿਸ ਨੂੰ ਦੇਖ ਕੇ ਹਰ ਇਕ ਪੰਜਾਬੀ ਦੀ ਧੌਣ ਮਾਨ ਨਾਲ ਉਚੀ ਹੋ ਜਾਂਦੀ ਸੀ। ਪੰਜਾਬ ਦੇ ਸ਼ਾਹੀ ਤਖਤ ਤੇ ਪੰਜਾਬ ਦੀ ਸ਼ਾਨ ਮਹਾਰਾਜਾ ਰਣਜੀਤ ਸਿੰਘ ਸ਼ੋਭਨੀਕ ਸੀ, ਜਿਸ ਨੂੰ ਚੜ੍ਹਦੇ ਵਲ ਫਰੰਗੀ ਅਤੇ ਲਹਿੰਦੇ ਵਲ ਆਕੜਖ਼ਾਨ ਪਠਾਣ "ਪੰਜਾਬ ਦਾ ਸ਼ੇਰ" ਕਹਿਣ ਲਈ ਮਜਬੂਰ ਸਨ। ਉਸਦੇ ਦਰਬਾਰ ਵਿਚ ਯੂਰਪੀਨ ਜਰਨੈਲ ਨੌਕਰੀ ਪ੍ਰਾਪਤ ਕਰਨਾ ਫ਼ਖ਼ਰ ਸਮਝਦੇ ਸਨ। ਉਸਦੀ ਨਿਆਇਸ਼ੀਲਤਾ ਤੇ ਪੰਜਾਬ ਦੇ ਸਾਰੇ ਫਿਰਕੇ ਪ੍ਰਸੰਨ ਸਨ। ਉਹ ਹਿੰਦੂ ਮੁਸਲਿਮ ਅਤੇ ਸਿੱਖ ਵਿਚ ਵਿਤਕਰਾ ਕਰਕੇ ਰਾਜ ਕਰਨਾ ਪਾਪ ਸਮਝਦਾ ਸੀ। ਉਸਦੇ ਰੋਅਬ ਨਾਲ ਚੋਰ ਨੇ ਚੋਰੀ ਤੇ ਡਾਕੂ ਨੇ ਡਕੈਤੀ ਛੱਡ ਕੇ ਉਸਦੀ ਫੌਜ ਦੇ ਸਿਪਾਹੀ ਬਣਨਾ ਪ੍ਰਵਾਨ ਕਰ ਲਿਆ ਸੀ। ਲੋਕ ਚੋਰਾਂ ਯਾਰਾਂ ਤੇ ਡਾਕੂਆਂ ਤੋਂ ਬੇਡਰ ਹੋ ਕੇ ਸੌਂਦੇ ਸਨ। ਉਸ ਨੇ ਫਿਰਕੂ ਵਿਚਾਰ ਨਾਲ ਨਹੀਂ ਬਲਕੇ ਪੰਜਾਬੀ ਦ੍ਰਿਸ਼ਟੀ ਕੋਣ ਨਾਲ ਪੰਜਾਬ ਦੀ ਸਾਂਝੀ ਵਜ਼ਾਰਤ (Coalition ministry) ਕਾਇਮ ਕੀਤੀ ਹੋਈ ਸੀ। ਉਸਦੀ ਪ੍ਰਜਾ ਦੇ ਦੁਖ ਸੁਖ ਦੀ ਪੜਤਾਲ ਦਰਬਾਰੀ ਅਫਸਰਾਂ ਦੇ ਹਹਿਮ ਤੇ ਹੀ ਨਿਰਭਰ ਨਹੀਂ ਸੀ, ਸਗੋਂ ਲੋੜ ਪੈਣ ਤੇ ਉਹ ਆਪ ਭੇਸ ਬਦਲ ਕੇ ਸਚਾਈ ਲੱਭਣ ਦਾ ਜਤਨ ਕੀਤਾ ਕਰਦਾ ਸੀ। ਉਸਨੇ ਆਪਣੇ ਰਾਜ ਸਮੇਂ ਵਿਚ ਗਊਬਧ ਹੁਕਮਨ ਬੰਦ ਕੀਤਾ ਹੋਇਆ ਸੀ। ਉਹ ਜਾਣਦਾ ਸੀ ਕਿ ਗਊ ਸਬੰਧੀ ਧਾਰਮਿਕ ਨੁਕਤਾ ਨਿਗਾਹ ਤੋਂ ਛੁਟ ਹਰ ਪੰਥ ਤੇ ਨਸਲ ਦੇ ਮਨੁਖਾਂ ਨੂੰ ਇਕੋ ਜੇਹਾ ਲਾਭ ਹੈ। ਗੱਲ ਕੀ? ਰਣਜੀਤ ਸਿੰਘ ਪੰਜਾਬੀਆਂ ਦੀਆਂ ਅੱਖਾਂ ਦਾ ਬੇਦਾਗ਼ ਚੰਦ ਸੀ। ਜਿਸਦੀ ਨੂਰਾਨੀ ਚਮਕ ਨਾਲ ਇਕ ਬੰਨੇ ਕਾਬਲ ਦੇ ਪਠਾਣਾਂ ਤੇ ਦੂਜੇ ਬੰਨੇ ਅੰਗ੍ਰੇਜ਼ ਹਾਕਮਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਸਨ।

ਨਿਰਭਾਗਤਾ ਵਸ ਉਸ ਚਮਕਦੇ ਚੰਨ ਨੂੰ ੨੭ ਜੂਨ ੧੮੩੯ ਈ: ਦੇ



Sri Satguru Jagjit Singh Ji Elibrary NamdhariElibrary@gmail.com

ਦਿਨ ਮੌਤ ਮਹਾਰਾਣੀ ਨੇ ਬੜੀ ਨਿਰਦਜਤਾ ਨਾਲ ਆਪਣੇ ਕਾਲੇ ਦੁਪੱਟੇ ਦੇ ਅੰਚਲ ਵਿਚ ਸਦਾ ਲਈ ਲੁਕਾ ਲਿਆ, ਜਿਸਦੇ ਕਾਰਨ ਪੰਜਾਬ ਦੇ ਰਾਜਨੀਤਕ ਪਲੇਟਫਾਰਮ ਤੇ ਉਹ ਭਿਆਨਕ ਅਤੇ ਖ਼ੂਨੀ ਡਰਾਮਾ ਖੇਡਿਆ ਗਿਆ ਜਿਸਦੇ ਪਾਰਟ ਤਖ਼ਤ ਦੇ ਵਾਰਸਾਂ ਦੇ ਕਤਲਾਂ ਅਰ ਵਜ਼ਾਰਤੀ ਪ੍ਰੀਵਰਤਨ ਦੇ ਰੂਪ ਵਿਚ ਅਦਾ ਕੀਤੇ ਗਏ। ਇਸ ਡਰਾਮੇ ਦੀ ਫ਼ਿਲਮ ਅਜੇਹਾ ਦਰਦਨਾਕ ਦ੍ਰਿੱਸ਼-ਪੇਸ਼ ਕਰਦੀ ਹੈ, ਕਿ ਉਸਦੇ ਨਾਚ ਨੂੰ ਵੇਖ ਕੇ ਲੂੰ ਕੰਡੇ ਹੋ ਜਾਂਦੇ ਹਨ।

ਮਹਾਰਾਜਾ ਖੜਕ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿਘ ਦੀਆਂ ਹਕੂਮਤਾਂ ਦਾ ਸਮਾਂ ਬੜੀ ਤੇਜ ਰਫ਼ਤਾਰੀ ਨਾਲ ਮੁੱਕਣ ਤੋਂ ਪਿਛੋਂ ਪੰਜਾਬੀ ਸ਼ੇਰ ਦੀ ਅੰਤਮ ਅਰ ਅਦੁਤੀ ਨਿਸ਼ਾਨੀ, ਅਤੇ ਰਾਜ ਮਾਤਾ ਜਿੰਦਾਂ ਦੇ ਜਿਗਰ-ਟੁਕੜੇ ਮਹਾਰਾਜਾ ਦਲੀਪ ਸਿੰਘ ਨੂੰ ਕੇਵਲ ਪੰਜਾਂ ਵਰ੍ਹਿਆਂ ਦੀ ਉਮਰ* ਵਿਚ ਤਖ਼ਤ ਤੇ ਬਿਠਾਇਆ ਗਿਆ। ਪੰਜਾਬ ਦੇ ਸ਼ੇਰ ਮਹਾਰਾਜਾ ਰਣਜੀਤ ਸਿੰਘ ਜੀ ਸਾਹਿਬ ਦੇ ਮਿੱਤ੍ਰ ਅੰਗ੍ਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਰਾਜ ਦੀ ਜ਼ੁੰਮੇਵਾਰੀ ਆਪਣੇ ਸਿਰ ਤੇ ਲੈਂਦਿਆਂ ਹੋਇਆਂ ਐਲਾਨ ਕਰ ਦਿਤਾ, ਕਿ ਉਹ ਦਲੀਪ ਸਿੰਘ ਅਰ ਉਸਦੇ ਰਾਜ ਦੇ ਸਰਪ੍ਰਸਤ ਹਨ। ਇਸ ਨਿਰਾਲੀ ਸਰਪ੍ਰਸਤੀ ਦੀ ਕ੍ਰਿਪਾ ਨਾਲ ਮਾਤਾ ਜਿੰਦਾਂ ਨੂੰ ਉਸਦੇ ਲਾਡਲੇ ਬਾਲ ਦਲੀਪ ਸਿੰਘ ਤੋਂ ਵਿਛੋੜ ਕੇ ਪਹਿਲੋਂ ਸ਼ੇਖ਼ੂਪੁਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਅਤੇ ਪਿਛੋਂ ਦੇਸ ਨਿਕਾਲਾ ਦੇ ਕੇ ਬਨਾਰਸ ਤੇ ਚੁਨਾਰ ਦੇ ਕਿਲਿਆਂ ਵਿਚ ਕੈਦ ਕੀਤਾ ਗਿਆ।

੨੯ ਮਾਰਚ ੧੮੪੯ ਨੂੰ ਸਵੇਰੇ ੭ ਬਜੇ ਸ਼ਾਹੀ ਮਹੱਲ ਵਿਚ ਪੰਜਾਬ ਦੀ ਅਜ਼ਾਦ ਹਕੂਮਤ ਦਾ ਛੇਕੜਲਾ-ਦਰਬਾਰ ਸਜਾਇਆ ਗਿਆ, ਜਿਸ ਵਿਚ ਬਾਲਕ ਦਲੀਪ ਸਿੰਘ ਆਪਣੇ ਪਿਤਾ ਜੀ ਦੇ ਤਖ਼ਤ ਤੇ ਅਖੀਰਲੀ ਵਾਰ ਬੈਠਾ। ਸਮੂਹ ਦਰਬਾਰੀਆਂ ਦੇ ਚਿਹਰੇ ਕੁਮਲਾਏ ਹੋਏ ਸਨ। ਉਹ ਹਰ ਨੁਕਤਾ ਨਿਗਾਹੁ ਨਾਲ ਢਹਿੰਦੀਆਂ ਕਲਾਂ ਦਾ ਨਕਸ਼ਾ ਪੇਸ਼ ਕਰ ਰਹੇ ਸਨ। ਹਰ ਇਕ [illegible]ਾਰ ਦੇ ਦਿਲ ਅੰਦਰ ਸਹਿਮ ਪ੍ਰਤੀਤ ਹੋ ਰਿ[illegible] ਸਭ ਹਥਿਆਰਾਂ ਤੋਂ ਖ਼ਾਲੀ ਸਨ। ਐਲੀਜਟ ਸਾਹਿਬ ਅਤੇ ਸਰ ਹੈਨਰੀ ਲਾਰੰਸ ਦੇ ਔਣ ਤੇ ਸਭ ਨੇ ਬਾਹਰਲੇ ਦਰਵਾਜੇ ਅੱਗੇ ਉਨ੍ਹਾਂ ਦਾ ਸੁਆਗਤ ਕੀਤਾ। ਜਦੋਂ, ਸਭ ਆਪਣੀ ਆਪਣੀ ਥਾਂ ਤੇ ਬਹਿ ਗਏ, ਤਾਂ ਇਸ ਭਾਵ ਦਾ ਇਕ

---

* (੧੮ ਸਤੰਬਰ ੧੮੪੬ ਈ:)

ਐਲਾਨ ਫ਼ਾਰਸੀ ਭਾਸ਼ਾ ਵਿਚ ਪੜ੍ਹ ਕੇ ਸੁਣਾਇਆ ਗਿਆ ਕਿ ਹੁਣ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਹ ਐਲਾਨ ਸੁਣਦਿਆਂ ਸਾਰ ਸੂੰਤਿਆਂ ਦੇ ਦਿਲਾਂ ਵਿਚ ਕਾਤੀ ਜੇਹੀ ਫਿਰ ਗਈ। ਦੀਵਾਨ ਦੀਨਾ ਨਾਥ ਨੇ ਅੱਥਰੂਆਂ ਦੀ ਝੜੀ ਵਿਚ ਐਲਾਨ ਦੀ ਵਿਰੋਧਤਾ ਕਰਦਿਆਂ ਹੋਇਆਂ ਕਿਹਾ, ਕਿ ਇਸ ਸਮੇਂ ਬ੍ਰਤਾਨਵੀ ਸਰਕਾਰ ਨੂੰ ਉਦਾਰਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਗੱਲ ਵਿਚਾਰਯੋਗ ਹੈ ਕਿ ਨਪੋਲੀਅਨ ਬੋਨਾਪਾਰਟ ਨੂੰ ਹਰਾਣ ਤੋਂ ਪਿਛੋਂ ਫਰਾਂਸ ਉਸਦੇ ਅਸਲ ਵਾਰਸਾਂ ਨੂੰ ਸੌਂਪ ਦਿਤਾ ਗਿਆ ਸੀ। ਇਸ ਲਈ ਇਸ ਵੇਲੇ ਪੰਜਾਬ ਮਹਾਰਾਜਾ ਦਲੀਪ ਸਿੰਘ ਦੇ ਹਵਾਲੇ ਕਿਉਂ ਨਾ ਕੀਤਾ ਜਾਵੇ?" ਇਸ ਦੇ ਉੱਤਰ ਵਿਚ ਦੀਵਾਨ ਸਾਹਿਬ ਨੂੰ ਸਖ਼ਤ ਝਾੜ ਪੌਂਦਿਆਂ ਹੋਇਆਂ ਐਲੀਜਟ ਸਾਹਬ ਨੇ ਗੁੱਸੇ ਨਾਲ ਆਖਿਆ ਕਿ— "ਚੁਪ ਹੋ ਜਾਓ, ਨਹੀਂ ਤਾਂ ਕਾਲੇ ਪਾਣੀ ਭੇਜ ਦਿਤਾ ਜਾਏਗਾ।"

ਹੁਣ ਕਾਗਤ ਦਾ ਇਕ ਪੁਰਜਾ ਮਹਾਰਾਜਾ ਦਲੀਪ ਸਿੰਘ ਦੇ ਸਾਹਮਣੇ ਰੱਖਿਆ ਗਿਆ ਜਿਸਤੇ ਉਸ ਨੇ ਇਹ ਨਾ ਜਾਣਦਿਆਂ ਹੋਇਆਂ ਕਿ ਉਹ ਪੰਜਾਬ ਰਾਜ ਦੀ ਦਸਤਬ੍ਰਦਾਰੀ ਦੇ ਪ੍ਰਵਾਨੇ ਤੇ ਦਸਖ਼ਤ ਕਰ ਰਿਹਾ ਹੈ, ਬੜੀ ਕਾਹਲ ਨਾਲ ਆਪਣੀ ਸਹੀ ਪਾ ਦਿਤੀ। ਓਦੂੰ ਪਿਛੋਂ ਦਰਬਾਰ ਬਰਖ਼ਾਸਤ ਹੋਇਆ ਤੇ ਨਾਲ ਹੀ ਪੰਜਾਬ ਦੇ ਸੁਤੰਤ੍ਰ ਰਾਜ ਦਾ ਸੂਰਜ ਦਾਸਤਾ ਦੀ ਹਨੇਰੀ ਰਾਤ ਵਿਚ ਲੁਕ ਗਿਆ।

ਦਰਬਾਰ ਦਾ ਭੰਗ ਪੈਣ ਉਪ੍ਰੰਤ ਅੰਗ੍ਰੇਜ਼ ਨੇ ਤੋਪਾਂ ਦੀ ਅਕਾਸ਼ ਗੂੰਜਾਊ ਗੜਗੜਾਹਟ ਵਿਚ ਸ਼ਾਹੀ ਕਿਲੇ ਤੇ ਝੂੱਲ ਰਹੇ ਸੁਤੰਤ੍ਰ ਝੰਡੇ ਨੂੰ ਧਰਤੀ ਤੇ ਪਟਕਾ ਮਾਰਿਆ ਅਤੇ ਬੜੀ ਹੈਂਕੜ ਨਾਲ ਉਸ ਦੀ ਥਾਂ ਤੇ ਯੂਨੀਅਨ ਜੈਕ ਝੁਲਾ ਦਿਤਾ। ਅਜ ਲਾਹੌਰ ਵਾਸੀਆਂ ਨੇ ਮੱਥਿਆਂ ਤੇ ਹੱਥ ਮਾਰਦਿਆਂ ਹੋਇਆਂ ਆਪੋ ਵਿਚ ਦੀ ਕਿਹਾ ਕਿ ਹੁਣ ਅਸੀਂ ਸੁਤੰਤ੍ਰ ਨਹੀਂ ਸਗੋਂ ਅੰਗ੍ਰੇਜ਼ ਦੇ ਗੁਲਾਮ ਹਾਂ, ਅਤੇ ਹੁਣ ਸਾਨੂੰ ਇਸ ਬ੍ਰਤਾਨਵੀ ਝੰਡੇ ਦੇ ਹੇਠ ਪ੍ਰਾਧੀਨਤਾ ਦਾ ਜੀਵਨ ਵਿਤੀਤ ਕਰਨਾਂ ਪਏਗਾ ਜਿਸਨੇ ਪੰਜਾਬ ਦੇ ਅਜ਼ਾਦ ਝੰਡੇ ਨੂੰ ਪੈਰਾਂ ਵਿਚ ਸੁਟ ਕੇ ਆਪਣੀ ਧੌਣ ਉੱਚੀ ਕੀਤੀ ਹੈ।

ਇਸ ਤੋਂ ਪਿਛੋਂ ਪੰਜਾਬੀ ਸ਼ੇਰ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਦਾ ਉਹ ਮਾਲ ਨੀਲਾਮ ਕੀਤਾ ਗਿਆ, ਜਿਸ ਨੂੰ ਦੇਖਣ ਵਾਸਤੇ ਲੋਕ ਵਿਦੇਸ਼ਾਂ ਤੋਂ ਆਇਆ ਕਰਦੇ ਸਨ। ਅਰ ਸੋਨਾ ਚਾਂਦੀ ਤੇ ਹੀਰੇ ਮੋਤੀਆਂ ਦੇ ਰੂਪ ਵਿਚ ਪਏ ਹੋਏ ਸਮਾਨ ਤੇ ਸਰਕਾਰ ਅੰਗ੍ਰੇਜ਼ੀ ਨੇ ਕਬਜ਼ਾ ਕਰ ਲਿਆ।

੨੧ ਦਿਸੰਬਰ ੧੮੪੯ ਦੇ ਦਿਹਾੜੇ ਲਾਟ ਡਲਹੌਜ਼ੀ ਦੀ ਸਕੀਮ ਅਨੁਸਾਰ ਮਹਾਰਾਜ ਦਲੀਪ ਸਿੰਘ ਨੂੰ ਉਸਦੀ ਮਾਤ ਭੂਮੀ ਪੰਜਾਬ ਤੋਂ ਜਲਾਵਤਨ ਕਰਕੇ ਫ਼ਤਹਗੜ ਵਿਚ ਪੁਚਾ ਦਿਤਾ ਗਿਆ, ਜਿਸ ਤੋਂ ਪਿਛੋਂ ਇਸ ਅਭਾਗੇ ਸ਼ਹਿਜ਼ਾਦੇ ਨੂੰ ਪੰਜਾਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਾ ਹੋ ਸਕਿਆ। ਅੰਗ੍ਰੇਜ਼ ਸਰਪ੍ਰਸਤੀ ਦੀ ਤਸਵੀਰ ਵੀ ਕੈਸੀ ਅਚਰਜ ਹੈ ਜਿਸਨੇ ਮਹਾਰਾਜਾ ਦਲੀਪ ਸਿੰਘ ਨੂੰ ਨ ਕੇਵਲ ਪਿਆਰੇ ਵਤਨ ਤੋਂ ਹੀ ਬੇਵਤਨ ਕੀਤਾ ਸਗੋਂ ੮ ਮਾਰਚ ੧੮੫੩ ਦੇ ਦਿਨ ਉਸਨੂੰ ਪਿਤਾ ਪਿਤਾਮਾ ਦੇ ਉਸ ਪ੍ਰਾਣ ਪਿਆਰੇ ਧਰਮ ਤੋਂ ਵੀ ਪਤਿਤ ਕਰ ਦਿਤਾ ਗਿਆ, ਜਿਸ ਤੋਂ ਸ੍ਰੀ ਕਲਗੀਧਰ ਪਿਤਾ ਨੇ ਆਪਣੇ ਚਾਰੇ ਲਾਲ ਹਸਦਿਆਂ ੨ ਕੁਰਬਾਨ ਕਰਨ ਤੋਂ ਰਤੀ ਭਰ ਵੀ ਸੰਕੋਚ ਨਹੀਂ ਸੀ ਕੀਤਾ। ਇਸਤੋਂ ਪਿਛੋਂ ੧੯ ਅਪ੍ਰੈਲ ੧੮੫੪ ਨੂੰ ਮਹਾਰਾਜਾ ਨੂੰ ਵਲੈਤ ਭੇਜਣ ਵਾਸਤੇ ਜਹਾਜ਼ ਤੇ ਸਵਾਰ ਕਰ ਦਿਤਾ ਗਿਆ।

ਪੰਜਾਬ ਹੁਣ ਅੰਗ੍ਰੇਜ਼ ਦੇ ਅਧੀਨ ਸੀ। ਸਿਖ ਸੂਰਬੀਰਾਂ ਵਿਚੋਂ ਬਹੁਤ ਸਾਰੇ ਤਾਂ ਦੇਸ਼ ਨੂੰ ਸੁਤੰਤ੍ਰ ਰੱਖਣ ਦੇ ਉਦੇਸ਼ ਨਾਲ ਆਪਣੀ ਬੀਰਤਾ ਦਾ ਅਦੁੱਤੀ ਪ੍ਰਮਾਣ ਦਿੰਦੇ ਹੋਏ ਸ਼ਹੀਦ ਹੋ ਚੁਕੇ ਸਨ, ਅਤੇ ਕਈ ਸ੍ਰਦਾਰ ਅੰਗ੍ਰੇਜ਼ਾਂ ਦੇ ਅਧੀਨ ਨਜ਼ਰਬੰਦ ਹੋ ਚੁਕੇ ਸਨ। ਪਰ ਦੂਜੇ ਪਾਸੇ ਦੇਸ਼ਧ੍ਰੋਹੀ ਤੇ ਕੌਮ ਘਾਤਕ ਟੋਲਾ ਗੱਦਾਰੀ ਦੇ ਬਦਲੇ ਇਨਾਮ ਅਤੇ ਜਾਗੀਰਾਂ ਲੈਣ ਵਿਚ ਰੁੱਝੇ ਪਏ ਸਨ। ਪੰਜਾਬ ਦੀ ਜੰਤਾ ਆਪਣੇ ਆਪਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਹੇਠ ਦੇਖ ਦੇਖ ਅਪਣੇ ਭਾਗਾਂ ਤੇ ਅੱਥਰੂ ਕੇਰ ਰਹੀ ਸੀ। ਜਿਸ ਦਾ ਧਿਆਨ ਕਦੇ ਕਦੇ ਬਨਾਰਸ ਅਤੇ ਚੁਨਾਰ ਦੇ ਕਿਲਿਆਂ ਵਿਚ ਨਜ਼ਰਬੰਦ ਹੋਏ ਸ਼ੇਰਾਂ ਵੱਲ ਜਾਂਦਾ ਸੀ। ਪੰਜਾਬੀਆਂ ਦੇ ਦਿਲਾਂ ਵਿਚ ਇਹ ਖਿਆਲ ਦੌੜਦਾ ਸੀ, ਕਿ ਜੇ ਕਿਤੇ ਨਜ਼ਰਬੰਦ ਤੇ ਕੈਦੀ ਸ੍ਰਦਾਰਾਂ ਨੂੰ ਮੌਕਾ ਮਿਲ ਜਾਏ ਤਾਂ ਹੋ ਸਕਦਾ ਹੈ, ਕਿ ਉਹ ਆਪਣੀ ਮਾਤ ਭੂਮੀ ਨੂੰ ਸੁਤੰਤਰ ਕਰਾਣ ਬਦਲੇ ਕੋਈ ਸ਼ਲਾਘਾਯੋਗ ਕਦਮ ਚੁਕਣ, ਜਿਸ ਕਰਕੇ ਪੰਜਾਬ ਦੇ ਸ਼ਾਹੀ ਕਿਲੇ ਤੇ ਫੇਰ ਸੁਤੰਤਰਤਾ ਦਾ ਨਿਸ਼ਾਨ ਝੂਲਦਾ ਦਿੱਸੇ। ਪ੍ਰੰਤੂ ਉਨ੍ਹਾਂ ਦੀਆਂ ਇਹ ਆਸਾਂ ਮਿੱਟੀ ਵਿਚ ਮਿਲ ਗਈਆਂ, ਜਦ ਕਿ ੧੮੫੭ ਈ: ਦੇ ਸੁਤੰਤ੍ਰਤਾ ਸੰਗ੍ਰਾਮ ਦੀ ਮਾਰੂ ਕਾਂਗ ਵਿਚ ਰੁੜ੍ਹੀ ਜਾਂਦੀ ਅੰਗ੍ਰੇਜ਼ੀ ਰਾਜ ਦੀ ਬੇੜੀ ਨੂੰ ਬਚਾ ਕੇ ਬੰਨੇ ਲਾਣ ਦੀ ਖੇਡ ਉਨ੍ਹਾਂ ਹੀ ਸ੍ਰਦਾਰਾਂ ਨੇ ਖੇਡੀ, ਜਿਨ੍ਹਾਂ ਵਲੋਂ ਉਸਦੇ ਡਬੋਏ ਜਾਣ ਦੀ ਆਸ ਕੀਤੀ ਜਾਂਦੀ ਸੀ। ਉਸ ਵੇਲੇ ਸਿਖ ਸ੍ਰਦਾਰਾਂ ਨੇ ਬਰਤਾਨਵੀ ਫਰੇਬ ਦਾ ਸ਼ਿਕਾਰ ਹੁੰਦਿਆਂ ਹੋਇਆਂ ਅੰਗ੍ਰੇਜ਼ ਦੇ ਪੱਖ, ਅਤੇ ਹਿੰਦੁਸਤਾਨੀਆਂ ਦੇ ਵਿਰੋਧ ਵਿਚ ਤਲਵਾਰ ਦਾ ਸ਼ਰਮਨਾਕ ਜੌਹਰ ਦਿਖਾਇਆ। ਕਿੰਨੀ ਲੱਜਾ ਦੀ ਗੱਲ ਹੈ, ਕਿ ਜਿਨ੍ਹਾਂ ਸ੍ਰਦਾਰਾਂ ਨੇ ੧੮੪੯ ਈ:

ਤੋਂ ਪਹਿਲੋਂ ਅੰਗ੍ਰੇਜ਼ਾਂ ਨਾਲ ਲੜਨ ਅਤੇ ਪੰਜਾਬ ਨੂੰ ਸੁਤੰਤ੍ਰ ਰਖਣ ਦਾ ਪੁਰਸ਼ਾਰਥ ਕਰਨ ਦੇ ਦੋਸ਼ ਵਿਚ ਆਪਣੀਆਂ ਜਾਗੀਰਾਂ ਤਕ ਜ਼ਬਤ ਕਰਵਾ ਲਈਆਂ ਪਰ ਆਪਣੀ ਖਾਲਸਈ ਸ਼ਾਨ ਨੂੰ ਵੱਟਾ ਨਾ ਲਗਣ ਦਿਤਾ, ਉਨ੍ਹਾਂ ਨੇ ਹੀ ਸੱਤਾਂ ਸੱਤਾਂ ਅੱਠਾਂ ਅੱਠਾਂ ਸਾਲਾਂ ਦੀਆਂ ਕੈਦਾਂ ਭੁਗਤਣ ਉਪ੍ਰੰਤ ਅੰਗ੍ਰੇਜ਼ੀ ਰਾਜ ਦੇ ਗੁੱਲ ਹੁੰਦੇ ਹੋਏ ਦੀਵੇ ਨੂੰ ਆਪਣੇ ਖ਼ੂਨ ਦਾ ਤੇਲ ਪਾ ਕੇ ਸੁਰਜੀਤ ਕੀਤਾ, ਜਿਸਦੇ ਇਨਾਮ ਵਿਚ ਜਾਗੀਰਾਂ ਤੇ ਇਨਾਮ ਪ੍ਰਾਪਤ ਕਰਕੇ ਉਹ ਅੰਗ੍ਰੇਜ਼ੀ ਰਾਜ ਭਗਤਾਂ ਦੀ ਮੂਹਰਲੀ ਕਤਾਰ ਵਿਚ ਆਣ ਖਲੋਤੇ।

ਖ਼ਾਲਸਾ ਦੀਵਾਨ ਲਾਹੌਰ, ਜੋ ਸੰਨ ੧੮੮੮ ਈ: ਵਿਚ ਦੇਸ਼ ਦੀਆਂ ਸਮੂਹ ਸਿੰਘ ਸਭਾਵਾਂ* ਦਾ ਪ੍ਰਤੀਨਿਧ ਹੋਣ ਦੀ ਹੈਸੀਯਤ ਵਿਚ ਆਪਣੇ ਆਪ

* ਸਿੰਘ ਸਭਾ ਲਹਿਰ ਦਾ ਜਨਮ ਅੱਸੂ ਸੁਦੀ ੧੦ ਸੰਮਤ ੧੯੨੯ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸੰਧਾਵਾਲੀਏ ਸ੍ਰਦਾਰ ਠਾਕੁਰ ਸਿੰਘ ਈ. ਏ. ਸੀ. ਦੀ ਪ੍ਰਧਾਨਗੀ ਹੇਠ ਹੋਇਆ। (ਮਹਾਨ ਕੋਸ਼ ਪੰਨਾ ੫੭੯)

ਇਸਦੀ ਨਿਯਮਾਵਲੀ ਪੜ੍ਹਨ ਤੋਂ ਪਤਾ ਲਗਦਾ ਹੈ, ਕਿ ਇਹ ਲਹਿਰ ਸਿਖਾਂ ਵਿਚ ਅੰਗ੍ਰੇਜ਼ ਵਫਾਦਾਰੀ ਦਾ ਪ੍ਰਚਾਰ ਕਰਨ ਅਤੇ ਨਾਮਧਾਰੀਆਂ ਦਾ ਵਿਰੋਧ ਕਰਨ ਦੇ ਉਦੇਸ਼ ਨਾਲ ਜਾਰੀ ਕੀਤੀ ਗਈ ਸੀ। ਇਸਦੇ ਨਿਯਮ ਨੰਬਰ ੬ ਵਿਚ ਰਸਮਤਾਂ ਤੋਂ ਖਾਰਜ ਅਤੇ ਸਰਕਾਰ ਦੇ ਨਜ਼ਦੀਕ ਮੁਫਸਿਦ (ਭਾਵ ਬਾਗ਼ੀ) ਕਿਣੇ ਗਏ ਸਿਖਾਂ ਲਈ ਮੈਂਬਰ ਹੋਣ ਦੀ ਮਨਾਹੀ ਕੀਤੀ ਗਈ ਸੀ। ਇਹ ਨਿਯਮ ਨਾਮਧਾਰੀਆਂ ਵਾਸਤੇ ਹੀ ਸੀ। ਨਿਯਮ ਨੰ: ੭ ਵਿਚ ਲਿਖਿਆ ਹੈ ਕਿ "ਵਡੇ ਮਰਤਬੇ ਵਾਲੇ ਅੰਗ੍ਰੇਜ਼ ਬਹਾਦਰ ਵਿਦਯਾ ਸ਼ਾਖ ਦੇ ਮੈਂਬਰ ਬਣ ਸਕਦੇ ਹਨ" ਨਿਯਮ ਨੰਬਰ ੯ ਵਿਚ ਅੰਕਿਤ ਹੈ, ਕਿ "ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤਲਕ (ਅਰਥਾਤ ਵਿਰੁੱਧ) ਨਹੀਂ ਕੀਤੀ ਜਾਵੇਗੀ" ਅਤੇ ਨਿਯਮ ਨੰਬਰ ੧੦ ਵਿਚ "ਫ਼ਰਮਾ ਬਰਦਾਰੀ ਸਰਕਾਰੀ" ਦਾ ਪ੍ਰਣ ਲੀਤਾ ਗਿਆ ਹੈ (ਦੇਖੋ ਟ੍ਰੈਕਟ ਸਿੰਘ ਸਭਾ ਲਹਿਰ ਰਚਿਤ ਡਾਕਟਰ ਜਗਜੀਤ ਸਿੰਘ ਪੰਨਾ ੧੬-੧੭) ਸੰਮਤ ੧੯੪੨ ਅਰਥਾਤ ਸੰਨ ੧੮੮੬ ਤਕ ਦੇਸ਼ ਵਿਚ ਸਿੰਘ ਸਭਾਵਾਂ ਦਾ ਜਾਲ ਫੈਲਾ ਦਿਤਾ ਗਿਆ ਅਤੇ ੩੦-੩੧ ਚੇਤਰ ਸੰਮਤ ੧੯੪੨ (ਸੰਨ ੧੮੮੬) ਨੂੰ ਬਹੁਤ ਸਾਰੀਆਂ ਸਿੰਘ ਸਭਾਵਾਂ ਦੇ ਮੈਂਬਰਾਂ ਨੇ ਲਾਹੌਰ ਵਿਖੇ ਇਕੱਤਰ ਹੋਕੇ—"ਖਾਲਸਾ ਦੀਵਾਨ" ਦੀ ਨੀਂਹ ਰਖੀ, ਜਿਸਦੇ ਸਰਪ੍ਰਸਤ ਲੱਜਯਾ ਨਾਲ ਪ੍ਰਗਟ ਕਰਨਾ ਪੈਂਦਾ ਹੈ, ਕਿ ਲੈਫਟੀਨੈਂਟ ਗਵਰਨਰ ਪੰਜਾਬ ਅਤੇ ਅੰਗ੍ਰੇਜ਼ ਕਮਾਂਡਰ ਇਨ ਚੀਫ ਹਿੰਦ ਬਣਾਏ ਗਏ। ਇਸ ਦੀਵਾਨ ਦੀ ਨਿਯਮਾਵਲੀ ਵਿਚ ਅੰਗ੍ਰੇਜ਼ੀ ਵਫ਼ਾਦਾਰੀ ਦੇ ਹਲਫ਼ ਨੂੰ ਹੋਰ ਪੱਕਿਆਂ ਕੀਤਾ ਗਿਆ, ਜੈਸਾ ਕਿ ਨਿਯਮ ਨੰਬਰ ੨ ਦੇ ਜ਼ਿਮਨੀ ਅੰਕ (ਚ) ਵਿਚ ਖਾਲਸਾ ਦੀਵਾਨ ਦਾ ਉਦੇਸ਼ ਦਸਦਿਆਂ ਹੋਇਆਂ ਕਿਹਾ ਗਿਆ ਹੈ ਕਿ—"ਸਰਕਾਰ ਅੰਗ੍ਰੇਜ਼ੀ ਅਤੇ ਖ਼ਾਲਸਾ ਪੰਥ ਦੇ ਹਕੂਕ ਪਰਗਟ ਕਰਨੇ ਅਤੇ ਸਿੰਘਾਂ ਨੂੰ ਸਰਕਾਰ ਅੰਗ੍ਰੇਜ਼ੀ ਦੇ ਰਾਜ ਦੀਆਂ ਅਨਗਿਣਤ ਬਰਕਤਾਂ ਦੱਸਣੀਆਂ!" ਅਤੇ ਅੰਕ (ਛ) ਵਿਚ ਲਿਖਿਆ ਹੈ ਕਿ—"ਆਉਣ ਵਾਲੀਆਂ ਨਸਲਾਂ ਵਿਚ ਪੰਥ ਉਨਤੀ ਦੇ ਖਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ, ਜਿਸ ਨਾਲ ਮਿਲ ਕਰਕੇ ਉਦਮ ਕਰਨ ਦਾ ਢੰਗ ਬ੍ਰਿਧੀ ਪਾਉਂਦਾ ਹੈ ਅਤੇ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ ਫ਼ਰਮਾਬਰਦਾਰੀ ਅਤੇ ਸ਼ੁਕਰ ਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਦਾ ਹੈ, (ਟ੍ਰੈਕਟ ਸਿੰਘ ਸਭਾ ਲਹਿਰ ਪੰਨਾ ੨੯) ਇਹ ਹੈ ਸਿੰਘ ਸਭਾ ਅਤੇ ਖ਼ਾਲਸਾ ਦੀਵਾਨ ਲਾਹੌਰ ਦਾ ਆਰੰਭਕ ਇਤਿਹਾਸ। ਏਸੇ ਦੀਵਾਨ ਦੀ ਗੱਦੀ ੨੧ ਸਤੰਬਰ ੧੯੦੨ ਨੂੰ ਚੀਫ ਖ਼ਾਲਸਾ ਦੀਵਾਨ ਲਾਹੌਰ ਨੇ ਸਾਂਭੀ। ਜਿਸਦਾ ਅਰਥ ਇਹ ਹੈ, ਕਿ ਸੰਨ ੧੮੭੩ ਤੋਂ ਲੈ ਕੇ ੧੯੦੨ ਤਕ ਖਾਲਸਾ ਦੀਵਾਨ ਲਾਹੌਰ "ਪੰਥ" ਹੋਣ ਦਾ ਦਾਵੇਦਾਰ ਰਿਹਾ, ਅਤੇ ਉਸਤੋਂ ਪਿਛੋਂ ਇਹ ਗਿਰਗੀ ਚੀਫ ਖ਼ਾਲਸਾ ਦੀਵਾਨ ਨੇ ਗ੍ਰਹਿਣ ਕੀਤੀ। ਖਾਲਸਾ ਦੀਵਾਨ ਲਾਹੌਰ ਨੇ ੧੬ ਨਵੰਬਰ ੧੮੮੮ ਨੂੰ ਸ਼ਾਮ ਦੇ ੪ ਬਜੇ ਵਾਇਸਰਾਇ ਹਿੰਦ ਲਾਰਡ ਡਫਰਨ ਦੀ ਸੇਵਾ ਵਿਚ ਉਸਦੇ ਵਲੈਤ ਨੂੰ ਵਿਦਾ ਹੋਣ ਸਮੇਂ ਇਹ ਵਿਦੈਗੀ ਐਡਰੈਸ ਪੇਸ਼ ਕੀਤਾ ਸੀ।

ਨੂੰ ਪੰਥ ਮੰਨਦਾ ਸੀ, ਉਨ੍ਹਾਂ ਸ੍ਰਦਾਰਾਂ ਦੀ ਉਸ ਕਰਤੂਤ ਤੇ ਸ਼ਰਮਿੰਦਾ ਹੋਣ ਦੀ ਥਾਂ ਮਾਨ ਕਰਦਾ ਹੋਇਆ ਆਪਣੇ ਇਕ ਐਡਰੈਸ ਵਿਚ ਲਿਖਦਾ ਹੈ, ਕਿ "ਸਿਖਾਂ ਨੇ ਅਪਣੀ ਪਿਛਲੀ ਹੇਠੀ ਨੂੰ ਉਕਾ ਹੀ ਵਿਸਾਰਦਿਆਂ ਹੋਇਆਂ ਆਪਣੀਆਂ ਜਿੰਦੜੀਆਂ ਬ੍ਰਤਾਨਵੀ ਤਾਜ ਦੇ ਬਦਲੇ ਕੁਰਬਾਨੀ ਦੇ ਹੋਮ ਕੁੰਡ ਵਿਚ ਭਸਮੀਭੂਤ ਕਰ ਦਿਤੀਆਂ, ਅਤੇ ਇਸ ਤਾਜ ਨੂੰ ਕਾਇਮ ਰਖਣ ਦੇ ਮਨੋਰਥ ਨਾਲ ਸਪਾਰਟਾ ਕੌਮ ਦੇ ਬਹਾਦਰਾਂ ਵਾਂਗ ਏਸ ਗਲ ਤੇ ਅਮਲ ਕਰਦਿਆਂ ਹੋਇਆਂ ਨਾਮਣਾਂ ਖੱਟਿਆ ਕਿ—"ਜਿਤੋ ਯਾ ਮਰੋ।"*

ਅੰਗ੍ਰੇਜ਼ੀ ਰਾਜ ਨੂੰ ਕਾਇਮ ਰੱਖਣ ਦੇ ਪ੍ਰਯੋਜਨ ਨਾਲ ਸੰਨ ੧੮੫੭ ਈ: ਵਿਚ ਮਾਰੇ ਗਏ ਸਿੱਖਾਂ ਦੀ ਬੀਰਤਾ ਤੇ ਮਾਨ ਕਰਦੇ ਹੋਏ ਅੰਗ੍ਰੇਜ਼ ਪ੍ਰਜਾ ਨੇਤਾ ਲਿਖਦੇ ਹਨ—"ਅਸੀਂ ਉਹਨਾਂ ਸਿਖ ਰਈਸਾਂ ਨੂੰ ਕਿਥੋਂ ਲਭੀਏ ਜੋ ੧੮੫੦ ਈ: ਵਿਚ ਬ੍ਰਤਾਨਵੀ ਤਾਜ ਵਿਖੇ ਹੀਰਿਆਂ ਵਾਂਗ ਚਮਕਦੇ ਸਨ, ਅਤੇ ਕਿਥੇ ਹਨ ਉਹ ਨੌਜਵਾਨ ਸਿਖ ਜੋ ੧੮੫੭ ਵਿਚ ਬ੍ਰਤਾਨਵੀ ਲਾਭਾਂ ਖਾਤਿਰ ਆਪਣੀਆਂ ਕੁਰਬਾਨੀਆਂ ਦੇਣ ਲਈ ਇਕ ਦਮ ਇਕੱਠੇ ਹੋ ਗਏ ਸਨ।"

੧੮੫੭ ਵਿਖੇ ਸਿਖਾਂ ਦੀ ਅੰਗ੍ਰੇਜ਼ ਭਗਤੀ ਨੂੰ ਪ੍ਰਗਟ ਕਰਦੇ ਹੋਏ ਚੌਧਰੀ ਲਿਖੇ ਹਨ—"ਸਿਖ ਬੜੀਆਂ ਕਠਿਨ ਪ੍ਰੀਖਯਾਵਾਂ ਵਿਚ ਦੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ। ਉਹਨਾਂ ਨੇ ੧੮੫੭ ਦੀ ਦੁਖਦਾਇਕ ਅਤੇ ਇਤਿਹਾਸਕ ਘੜੀ ਵਿਚ ਆਪਣੇ (ਅੰਗ੍ਰੇਜ਼) ਬਾਦਸ਼ਾਹ ਬਦਲੇ ਆਪਣੀ ਕੁਰਬਾਨੀ ਦਾ ਸ਼ਾਨਦਾਰ ਰੀਕਾਰਡ ਪੇਸ਼ ਕਰਦਿਆਂ ਹੋਇਆਂ ਵਫਾਦਾਰੀ ਦਾ ਐਲਾਨੀਆ ਸਬੂਤ ਦਿਤਾ।

(ਅੰਗ੍ਰੇਜ਼ਾਂ ਲਈ) "ਇਹ ਸਮਾਂ ਬੜਾ ਭਿਆਨਕ ਸੀ। ਸ੍ਰਕਾਰ ਹਿੰਦ ਉਸ ਸਮੇਂ ਅਜੇਹੇ ਨਾਜ਼ਕ ਦੌਰ ਵਿਚ ਦੀ ਲੰਘ ਰਹੀ ਸੀ ਜੋ ਉਸਦੇ (ਹਿੰਦੁਸਤਾਨ ਵਿਚ) ਕਾਇਮ ਹੋਣ ਤੋਂ ਲੈਕੇ ਉਸ ਵਕਤ ਤਕ ਉਸ ਨੇ ਕਦੇ ਵੀ ਨਹੀਂ ਦੇਖਿਆ ਸੀ। ਸਿਖ ਉਸ ਵੇਲੇ (ਅੰਗ੍ਰੇਜ਼ੀ ਸਰਕਾਰ ਲਈ) ਮਰਦੇ ਮੈਦਾਨ ਬਣਕੇ ਛਟੇ। ਅਸੀਂ ਉਨਾਂ ਸਿਖਾਂ ਦੀ ਉਸ ਸਮੇਂ ਦੀ ਵਫਾਦਾਰੀ ਨੂੰ ੩੧ ਅਗਸਤ ੧੮੮੭ ਦੇ ਸਿਵਲ ਮਿਲਟਰੀ ਗਜ਼ਟ ਵਿਚ ਛਪੇ ਇਕ ਲੇਖ ਨਾਲੋਂ ਵਧੇਰੇ ਚੰਗਾ ਨਹੀਂ ਪ੍ਰਗਟ ਕਰ ਸਕਦੇ। ਇਸ ਲਈ ਏਥੇ ਉਸਦਾ ਹਵਾਲਾ

---

* ਐਡਰੈਸ ਦੀ ਟਰੂ ਕਾਪੀ ਦਾ ਪੰਨਾ ੨੪

ਪੇਸ਼ ਕਰਦੇ ਹਾਂ:-

"ਇਹ ਸਮਾਂ ਬੜਾ ਨਾਜ਼ਕ ਸੀ। ਜੇਹੜੀ ਫੌਜ ਅੰਗ੍ਰੇਜ਼ ਅਫਸਰਾਂ ਨੇ ਕਾਇਮ ਕੀਤੀ ਅਰ ਓਨ੍ਹਾਂ ਨੇ ਪਰਪੁਖਤਾ ਕੀਤੀ, ਉਸ ਨੇ ਉਨ੍ਹਾਂ ਦੇ ਵਿਰੁੱਧ ਹੀ ਬਗਾਵਤ ਕਰ ਦਿਤੀ ਅਤੇ ਇਹ ਇਰਾਦਾ ਕਰ ਲਿਆ ਕਿ ਹਿੰਦੁਸਤਾਨ ਵਿਚੋਂ ਅੰਗ੍ਰੇਜ਼ੀ ਨਸਲ ਦੀਆਂ ਜੜ੍ਹਾਂ ਇਉਂ ਪੁਟ ਦਿਤੀਆਂ ਜਾਣ, ਜਿਵੇਂ ਪਿਛਲੇ ਸਮੇਂ ਵਿਚ ਪਰਸ ਰਾਮ ਨੇ ਖਤ੍ਰੀ ਬੰਸ ਦੇ ਨਾਸ ਕਰਨ ਦਾ ਜਤਨ ਕੀਤਾ ਸੀ"।

"ਇਸ ਲਈ ਉਨ੍ਹਾਂ ਨੇ ਦਿੱਲੀ ਵੱਲ ਨੂੰ ਧਾਈ ਕੀਤੀ, ਜਿਥੇ ਉਸ ਮੁਗ਼ਲ ਦੇ ਪਰਛਾਵੇਂ ਗਿਰਦ ਜਮਾਂ ਹੋ ਗਈਆਂ ਜੋ ਓਨ੍ਹਾਂ ਨੂੰ ਝੂਠੀਆਂ ਆਸਾਂ ਅਰ ਝੂਠੇ ਇਕਰਾਰਾਂ ਨਾਲ ਵਰਗਲਾਂਦਾ ਹੋਇਆ ਕਹਿ ਰਿਹਾ ਸੀ ਕਿ ਉਸਦੀ ਬਾਦਸ਼ਾਹੀ ਬਹਾਲ ਹੋ ਜਾਏਗੀ

"ਅਜੇਹੇ ਸਮੇਂ ਵਿਚ ਦ੍ਰਿੜ ਤੇ ਸਥਿਰ ਰਹਿਣਾ ਕੋਈ ਮਮੂਲੀ ਗਲ ਨਹੀਂ ਸੀ, ਜਦ ਕਿ ਹਰ ਪਲ ਯੂਰਪੀਨ ਤੀਵੀਆਂ ਤੇ ਬੱਚਿਆਂ ਦੀ ਡਰੌਣੀ ਕਤਲਾਮ, ਸੱਜਰੀਆਂ ਮੁਸੀਬਤਾਂ, ਅਰ ਝੂਠੇ ਦੋਸਤਾਂ ਦੀਆਂ ਨੱਸ ਜਾਣ ਦੀਆਂ ਨਵੀਆਂ ਖਬਰਾਂ ਔਂਦੀਆਂ ਸਨ। ਤਦ ਕੇਂਦਰੀ ਹਿੰਦ ਦੇ ਵੱਡੇ ਵੱਡੇ ਆਗੂਆਂ ਦੀਆਂ ਫੌਜਾਂ ਬਾਗੀਆਂ ਨਾਲ ਜਾ ਮਿਲੀਆਂ ਸਨ ਅਰ ਜਦੋਂ ਸਾਰਾ ਦੇਸ਼ ਅੰਬਾਲੇ ਦੇ ਪਰੇ ਤਕ ਵੀਰਾਨੀ ਅਤੇ ਕਤਲਗਾਹ ਦਾ ਦ੍ਰਿਸ਼ਜ ਪੇਸ਼ ਕਰਦਾ ਸੀ।

"ਅਜੇਹੇ ਸਮੇਂ ਵਿਚ ਸਿੱਖ ਬ੍ਰਤਾਨਵੀ ਰਾਜ ਦੀ ਮਦਤ ਵਾਸਤੇ ਮਰਦ ਬਣ ਕੇ ਉਠੇ ਇਸ ਸਮੇਂ ਸਿਖ ਸ੍ਰਦਾਰਾਂ ਦੀ ਰਵਸ਼-"ਪੰਜਾਬ ਰਾਜਾਜ਼" ਦੇ ਇਤਿਹਾਸ ਲੇਖਕ ਵਲੋਂ ਬੜੀ ਚੰਗੀ ਤਰਾਂ ਬਿਆਨ ਕੀਤੀ ਗਈ ਹੈ। ਏਸ ਵਕਤੀ ਸੇਵਾ-ਨੇ ਉਨ੍ਹਾਂ ਨੂੰ ਮਲਕਾ ਮਹਾਰਾਣੀ ਦੇ ਸਭ ਤੋਂ ਵਧੀਕ ਪਿਆਰੇ ਅਤੇ ਵਫ਼ਾਦਾਰ ਸ੍ਰਦਾਰਾਂ ਵਿਚ ਸਭ ਤੋਂ ਅਗਲੀ ਕਤਾਰ ਵਿਚ ਲਿਆ ਖੜਿਆਂ ਕੀਤਾ।" (ਪੰਨਾ ੨੩-੨੪)

ਉਪ੍ਰੋਕਤ ਹਵਾਲੇ ਜਿਸ ਐਡਰੈਸ ਵਿਚੋਂ ਪੇਸ਼ ਕੀਤੇ ਗਏ ਹਨ ਉਸ ਤੇ ਹੇਠ ਲਿਖੇ ਪ੍ਰਤੀਨਿਧਾਂ ਦੇ ਦਸਖਤ ਮੌਜੂਦ ਹਨ:-

| ਨਾਮ | ਪ੍ਰਤੀਨਿਧ |
|---|---|
| (੧) ਸ੍ਰਦਾਰ ਅਤਰ ਸਿੰਘ ਕੇ. ਸੀ. ਆਈ. ਈ. ਭਦੌੜ ... | ਸ੍ਰਪ੍ਰਸਤ ਖਾਲਸਾ ਦੀਵਾਨ |
| (੨) ਸ੍ਰਦਾਰ ਧਰਮ ਸਿੰਘ ... ... ... ... | ਰਈਸ ਘਰਜਾਖ ਪ੍ਰਧਾਨ |
| (੩) ਭਾਈ ਜਵਾਹਰ ਸਿੰਘ ... ... ... ... | ਮੀਤ ਪ੍ਰਧਾਨ. ਖਾਲਸਾ ਦੀਵਾਨ ਦੀ ਐਗਜੈਕਟਿਵ ਦਾ ਪ੍ਰਤੀਨਿਧ |
| (੪) ਭਾਈ ਨਿਕਾ ਸਿੰਘ ਪ੍ਰਧਾਨ ... ... ... ... | ਸਿੰਘ ਸਭਾ ਲਾਹੌਰ ਦੇ ਪ੍ਰਤੀਨਿਧ |
| (੫) ਭਾਈ ਮੱਯਾ ਸਿੰਘ ਸਕੱਤਰ ... ... ... ... | " " |
| (੬) ਭਾਈ ਨਰੈਣ ਸਿੰਘ ਰਈਸ ਬਾਗੜੀਆਂ | ਸਿੰਘ ਸਭਾ ਲੁਧਿਆਣਾ |
| (੭) ਭਾਈ ਗੱਜਣ ਸਿੰਘ ਵਕੀਲ ਮੀਤ ਪ੍ਰਧਾਨ ... ... ... ... | " " |
| (੮) ਭਾਈ ਅਮਰ ਸਿੰਘ ਸਕੱਤਰ ... ... ... ... | " |
| (੯) ਮਹੰਤ ਪ੍ਰੇਮ ਸਿੰਘ ਪ੍ਰਧਾਨ ... ... ... ... | ਸਿੰਘ ਸਭਾ ਸਿਆਲਕੋਟ |
| (੧੦) ਸ੍ਰ: ਹਰੀ ਸਿੰਘ ... ... ... ... | " " |
| (੧੧) ਚੌਧਰੀ ਬੁਧ ਸਿੰਘ ਮੀਤ ਪ੍ਰਧਾਨ ... ... ... | " " |
| (੧੨) ਭਾਈ ਸੋਹਣ ਸਿੰਘ ਸਕੱਤਰ... ... ... ... | " " |
| (੧੩) ਸ੍ਰ: ਨਰੈਣ ਸਿੰਘ; ਪ੍ਰਧਾਨ ... ... ... ... | ਸਿੰਘ ਸਭਾ ਫੀਰੋਜ਼ਪੁਰ |
| (੧੪) ਭਾਈ ਉਤਮ ਸਿੰਘ ਮੀਤ ਪ੍ਰਧਾਨ ... ... | " " |
| (੧੫) ਸ੍ਰ: ਲਹਿਣਾ ਸਿੰਘ ਪ੍ਰਧਾਨ ... ... ... ... | ਖਮਾਣੋਂ |
| (੧੬) ਸ੍ਰ: ਸ਼ਿਵਦੇਵ ਸਿੰਘ ਪ੍ਰਧਾਨ ... ... ... | ਲੋਧਰਾਂ |
| (੧੭) ਭਾਈ ਨਿਹਾਲ ਸਿੰਘ ਸਕੱਤਰ... ... ... ... | ਲੋਧਰਾਂ |

(੧੮) ਸ੍ਰ: ਜੀਵਨ ਸਿੰਘ ਪ੍ਰਧਾਨ ... ... ... ... ਤਰਨ ਤਾਰਨ
(੧੯) ਭਾਈ ਸੇਵਾ ਸਿੰਘ ਸਕੱਤਰ ... ... ... ਤਰਨ ਤਾਰਨ
(੨੦) ਭਾਈ ਸੁਚੇਤ ਸਿੰਘ ਸਕੱਤਰ ... ... ... ਰਾਜਪੁਰਾ
(੨੧) ਭਾਈ ਜਤੀ ਸਿੰਘ ਸਕੱਤਰ ... ... ... ਰਾਜਪੁਰਾ
(੨੨) ਸ੍ਰ: ਗੁਲਾਬ ਸਿੰਘ ਪ੍ਰਧਾਨ ... ... ... ਹੁਸ਼ਿਆਰਪੁਰ
(੨੩) ਭਾਈ ਗੁਪਾਲ ਸਿੰਘ ਸਕੱਤਰ ... ... ... "
(੨੪) ਭਾਈ ਪਾਲਾ ਸਿੰਘ ਪ੍ਰਧਾਨ ... ... ... ... ਖੰਨਾ
(੨੫) ਭਾਈ ਸਾਹਿਬ ਸਿੰਘ ਸਕੱਤਰ ... ... ... ... "
(੨੬) ਭਾਈ ਆਇਆ ਸਿੰਘ ਮੀਤ ਪ੍ਰਧਾਨ ... ... ਮਘਜਾਨਾ
(੨੭) ਭਾਈ ਤਾਰਾ ਸਿੰਘ ਸਕੱਤਰ ... ... ... ... "
(੨੮) ਸ੍ਰ. ਗਿਆਨ ਸਿੰਘ ਸਕੱਤ੍ਰ ... ... ... ... ਪਟਿਆਲਾ
(੨੯) ਕੁਤਵਾਲ ਦਯਾ ਸਿੰਘ ਸਕੱਤਰ... ... ... ... "
(੩੦) ਸੋਢੀ ... ... ... ... "
(੩੧) ਕਿਸ਼ਨ ਸਿੰਘ ... ... ... ... "
(੩੨) ਭਾਈ ਅਤਰ ਸਿੰਘ ਗਿਆਨੀ ... ... ... ... "
(੩੩) ਦਰੋਗਾ ਨੰਦ ਸਿੰਘ ਪ੍ਰਧਾਨ ... ... ... ... ਅੰਬਾਲਾ
(੩੪) ਸ੍ਰ. ਲਹਿਣਾ ਸਿੰਘ ਮੀਤ ਪ੍ਰਧਾਨ ... ... "
(੩੫) ਭਾਈ ਗੁਰਮੁਖ ਸਿੰਘ ਸਕੱਤਰ... ... "
(੩੬) ਸ੍ਰ. ਹਰਨਾਮ ਸਿੰਘ ਪ੍ਰਧਾਨ ... ... ਸ਼ਿਮਲਾ
(੩੭) ਭਾਈ ਅਮਰ ਸਿੰਘ ਸਕੱਤਰ ... ... ... ... "
(੩੮) ਭਾਈ ਸੰਪੂਰਨ ਸਿੰਘ ਪ੍ਰਧਾਨ ... ... ... ... ਸਲੌਦੀ
(੩੯) ਭਾਈ ਰਣਜੀਤ ਸਿੰਘ ਸਕੱਤਰ ... ... ਡੰਡਪੁਰ
(੪੦) ਭਾਈ ਮਾਨ ਸਿੰਘ ਸਕੱਤਰ ... ... ਰੋਪੜ
(੪੧) ਭਾਈ ਲਹਿਣਾ ਸਿੰਘ ਪ੍ਰਧਾਨ ... ... ਮੋਦੇ

| | | |
|---|---|---|
| (੪੨) | ਮਹੰਤ ਠਾਕਰ ਸਿੰਘ ਪ੍ਰਧਾਨ ... ... | ਚਮਕੌਰ ਸਾਹਿਬ |
| (੪੩) | ਭਾਈ ਅਤਰ ਸਿੰਘ ਮੈਨੇਜਰ ... ... | ਜਲੰਧਰ |
| (੪੪) | ਭਾਈ ਬਸੰਤ ਸਿੰਘ ਪ੍ਰਧਾਨ ... | ਕੁਇਟਾ ਬਲੋਚਸਤਾਨ |
| (੪੫) | ਭਾਈ ਸੂਬਾ ਸਿੰਘ ... ... ... | ਭਿੰਡਰ |
| (੪੬) | ਬਾਬੂ ਪੰਨਾ ਸਿੰਘ ... ... ... | ਕਾਲਕਾ |
| (੪੭) | ... ... ... ... ਪ੍ਰਧਾਨ ... ... | ਅਜਮੇਰ ਰਾਜਪੂਤਾਨਾਂ |
| (੪੮) | ... ... ... ... ਪ੍ਰਧਾਨ ... ... | ਨਦਾਰੀ ਐਨ. ਡਬਲਯੂ ਪੀ. |
| (੪੯) | ... ... ... ... ਪ੍ਰਧਾਨ ... ... ... | ਸੱਖਰ ਸਿੰਧ |

(ਸਹੀ) ਗੁਰਮੁਖ ਸਿੰਘ ਚੀਫ ਸਕੱਤਰ ਖ਼ਾਲਸਾ ਦੀਵਾਨ।

ਸਿਖ ਰਾਜ ਦੀ ਸਮਾਪਤੀ ਤੋਂ ਪਿਛਲੇ ਨਾਲ ਲਗਦੇ ਅੱਠਾਂ ਸਾਲਾਂ ਵਿਚ ਸਿਖ ਸ੍ਰਦਾਰਾਂ ਦੀ ਅੰਗ੍ਰੇਜ਼ ਵਫਾਦਾਰੀ ਅਤੇ ਗੁਲਾਮਾਨਾ: ਜ਼ਿਹਨੀਯਤ ਨੂੰ ਜਿਨ੍ਹਾਂ ਸ਼ਬਦਾਂ ਵਿਚ ਫ਼ਖਰ ਨਾਲ ਬਿਆਨ ਕੀਤਾ ਗਿਆ, ਅਤੇ ਉਸਦੇ ਇਨਾਮ ਵਿਚ ਕੁਛ ਪ੍ਰਾਪਤ ਕਰਨ ਲਈ ਹਾੜੇ ਤੇ ਤਰਲੇ ਕੱਢੇ ਗਏ ਹਨ, ਉਨ੍ਹਾ ਨੂੰ ਜਿੰਨਾਂ ਵੀ ਲੱਜਾ ਪ੍ਰਦਕ ਸਮਝ ਲਿਆ ਜਾਏ, ਥੋੜ੍ਹਾ ਹੈ। ਆਪਣੇ ਆਪ ਨੂੰ ਸਿਖ ਕੌਮ ਦੇ ਨੇਤਾ ਮੰਨਣ ਵਾਲੇ ਇਹ ਸੱਜਨ ਮਹਾਰਾਜਾ ਦਲੀਪ ਸਿੰਘ ਜੀ ਨੂੰ ਰਾਜ ਦਾ ਝੂਠਾ ਮੁਦਈ ਕਹਿੰਦੇ ਹੋਏ ਲਿਖਦੇ ਹਨ:—"ਉਨ੍ਹਾਂ (ਸਿਖ ਸ੍ਰਦਾਰਾਂ) ਨੇ ਦਲੀਪ ਸਿੰਘ ਦੇ ਝੂਠੇ ਦਾਵਿਆਂ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਹੈ। ਉਨ੍ਹਾਂ ਨੇ ਚੰਗੀ ਤਰਾਂ ਪ੍ਰਗਟ ਕਰ ਦਿਤਾ ਹੈ, ਕਿ ਉਹ ਆਪਣੇ ਉਤੇ ਬ੍ਰਤਾਨਵੀ ਰਾਜ ਨੂੰ ਦੇਖ ਕੇ ਕਿਨੇ ਸੰਤੁਸ਼ਟ ਹਨ। (ਸਿਖ) ਕੌਮ ਉਤੇ ਇਸ ਗਲ ਲਈ ਇਤਬਾਰ ਕਰਨਾਂ ਚਾਹੀਦਾ ਹੈ, ਕਿ ਵਿਦਯਾ ਅਤੇ ਹੋਰ ਲੁੜੀਂਦੇ ਸਾਧਨਾਂ ਦੀ ਬਹੁਤ ਭਾਰੀ ਥੁੜ ਅਤੇ ਲੋੜ ਦੇ ਹੁੰਦਿਆਂ ਹੋਇਆਂ ਵੀ ਉਨਾਂ ਨੇ ਅੰਗ੍ਰੇਜ਼ੀ ਰਾਜ ਦੀ ਦਿਆਲਤਾ ਬਾਬਤ ਉਪਮਾਂ ਕੀਤੀ ਹੈ, ਸਿਖਾਂ ਨੇ ਇਹ ਸਮਝ ਲਿਆ ਹੈ ਕਿ ਉਹ ਅੰਗ੍ਰੇਜ਼ੀ ਰਾਜ ਦੇ ਅਧੀਨ ਹੀ ਫਲ ਫੁਲ ਸਕਦੇ ਹਨ। ਅਤੇ ਜਦੋਂ ਉਹ ਆਪਣੀ ਵਰਤਮਾਨ ਦਸ਼ਾ ਦਾ ਮੁਕਾਬਲਾ ਅਪਣੀ ਉਸ ਹਾਲਤ ਨਾਲ ਕਰਦੇ ਹਨ, ਜੋ ਉਨ੍ਹਾਂ ਦੀ ਸਿਖ ਹਕੂਮਤ ਦੇ ਅਧੀਨ ਰਹਿੰਦਿਆਂ ਸੀ, ਉਹ ਦੇਖਦੇ ਹਨ ਕਿ ਉਨ੍ਹਾਂ ਨਾਲ ਅੰਗ੍ਰੇਜ਼ ਚੰਗਾ ਸਲੂਕ ਕਰਦੇ ਹਨ। ਪਿਛਲੇ ਇਤਿਹਾਸ ਨੂੰ ਇਕ ਪਾਸੇ ਰਖਦਿਆਂ ਹੋਇਆਂ ਵਰਤਮਾਨ ਦੇਸੀ ਰਿਆਸਤਾਂ ਇਸ ਗਲ ਨੂੰ ਸਿਧ ਕਰਦੀਆਂ ਹਨ ਕਿ ਕਿਸੇ

ਰਿਆਸਤ ਵਿਚ ਸਿੱਖਾਂ ਦਾ ਹੌਸਲਾ ਨਹੀਂ ਵਧਾਇਆ ਗਿਆ। ਉਨਾਂ ਨਾਲ ਸਦਾ ਹੀ ਲਾਪ੍ਰਵਾਹੀ ਅਤੇ ਘ੍ਰਿਣਾ ਭਰਿਆ ਸਲੂਕ ਹਵਾ ਰਖਿਆ ਗਿਆ ਹੈ। ਇਕ ਥੋੜ੍ਹੀ ਜੇਹੀ ਝਲਕ ਹੀ ਇਹ ਪ੍ਰਗਟ ਕਰ ਦੇਵੇਗੀ, ਕਿ ਵੱਡੀਆਂ ਅਸਾਮੀਆਂ ਖਾਸ ਕਰਕੇ ਸਿਵਲ ਵਿਚ ਕਿਸੇ ਸਿਖ ਰਿਆਸਤ ਵਿਚ ਸਿਖਾਂ ਨੂੰ ਕੇਵਲ ਤੀਜਾ ਹਿਸਾ ਵੀ ਪ੍ਰਾਪਤ ਨਹੀ ਹੈ, ਪ੍ਰੰਤੂ ਅੰਗ੍ਰੇਜ਼ੀ ਰਾਜ ਵਿਚ ਉਨਾਂ ਨਾਲ ਦੂਜੇ ਲੋਕਾਂ ਦੇ ਮੁਕਾਬਲੇ ਤੇ ਬ੍ਰਾਬਰ ਦਾ ਸਲੂਕ ਕੀਤਾ ਜਾਂਦਾ ਹੈ, ਅਰ ਸਿਵਲ ਅਤੇ ਫੌਜ ਦੇ ਕੁਛ ਸਤਿਕਾਰ ਯੋਗ ਅਹੁਦੇ ਉਨ੍ਹਾਂ ਸਿੱਖਾਂ ਨੂੰ ਦਿਤੇ ਗਏ ਹਨ, ਜੋ ਉਨ੍ਹਾਂ ਦੇ ਯੋਗ ਹਨ।

(੩) "ਸਿੱਖਾਂ ਤੋ ਬਿਨਾਂ ਹੋਰ ਕਿਸੇ ਕੌਮ ਯਾ ਮਜ਼੍ਹਬ ਨੂੰ ਅਜੇਹੀਆਂ ਪ੍ਰੀਖਯਾ ਨਹੀਂ ਦੇਣੀਆਂ ਪਈਆਂ... ...ਮੁਗ਼ਲਾਂ ਅਤੇ ਪੇਸ਼ਵਾ ਲੋਕਾਂ ਦਾ ਕੋਈ ਵਾਰਸ ਨਹੀਂ ਹੈ, ਜੋ ਉਨਾਂ ਦੋਹਾਂ ਕੌਮਾਂ ਨੂੰ ਅਪਣੀ ਵੱਨੀਂ ਵਰਗਲਾ ਸਕੇ, ਪ੍ਰੰਤੂ ਦਲੀਪ ਸਿੰਘ ਰੂਸੀ ਸਾਜ਼ਬਾਜ਼ ਦੀ ਮਦਤ ਨਾਲ ਸਿੱਖਾਂ ਨੂੰ ਖੁਲ੍ਹੇ ਤੌਰ ਤੇ ਅਪਣੀ ਵਲ ਨੂੰ ਸੱਦ ਰਿਹਾ ਹੈ। ਸਿੱਖ ਉਸਨੂੰ ਝੂਠਾ ਦਾਵੇਦਾਰ ਸਮਝਦੇ ਹਨ। ਓਹ ਆਪਣੀਂ ਮਲਕਾ ਮਹਾਰਾਣੀ ਵਾਸਤੇ ਮਰ ਮਿਟਣਗੇ, ਪਰ ਉਸ ਦਲੀਪ ਸਿੰਘ ਦਾ ਕਦੀ ਵੀ ਆਪਣੇ ਬਾਦਸ਼ਾਹ ਦੀ ਹੈਸੀਜਤ ਵਿਚ ਸੁਆਗਤ ਕਰਨ ਲਈ ਤਿਆਰ ਨਹੀਂ ਹਨ। (ਪੰਨਾ ੨੪)*

ਅੰਗ੍ਰੇਜ਼ੀ ਰਾਜ ਦੇ ਮੁਕਾਬਲੇ ਤੇ ਅਪਣੀਂ ਸਿੱਖ ਹਕੂਮਤ ਅਰ ਸਿੱਖ ਰਿਆਸਤਾਂ ਦੀ ਨਖੇਧੀ ਕਰਦੇ ਹੋਏ ਉਸ ਵੇਲੇ ਦੇ ਇਹ ਸਿਖ ਨੇਤਾ ਲਾਰਡ ਡਫਰਨ ਨੂੰ ਕਹਿੰਦੇ ਹਨ:—"ਜੇ ਉਨ੍ਹਾਂ ਦੀ ਭੁੱਖ, ਉਹਨਾਂ ਦੀਆਂ ਲੋੜਾਂ ਅਤੇ ਕਮਜ਼ੋਰੀਆਂ ਮੇਹਰਬਾਨੀ ਕਰਕੇ ਦੂਰ ਕਰ ਦਿਤੀਆਂ ਗਈਆਂ ਤਾਂ ਉਹ ਦੌਲਤਮੰਦ, ਸ਼ਾਇਸਤਾ, ਮੁਹੱਜਬ, ਅਕਲਮੰਦ, ਵਿਦਵਾਨ ਅਤੇ ਮਜਬੂਤ ਹੋ ਜਾਣਗੇ, ਅਤੇ ਸਦਾ ਲਈ; ਹਿੰਦੁਸਤਾਨ ਵਿਚ ਅੰਗ੍ਰੇਜੀ ਰਾਜ ਦੇ ਸਭ ਤੋਂ ਵਧੀਕ ਰਾਜ ਭਗਤ ਰਹਿਣਗੇ।" (ਪੰਨਾ ੨੫)**

ਐਡਰੈਸ ਦੀਆਂ ਉਤੇ ਦਿਤੀਆਂ ਸਤਰਾਂ ਵਿਚ ਸਿਖ ਪੰਥ ਦੇ ਆਪੇ ਬਣੇ ਆਗੂਆਂ ਨੇ ਮਹਾਰਾਜਾ ਦਲੀਪ ਸਿੰਘ ਦੇ ਜਿਸ ਸੱਦੇ ਵਲ ਇਸ਼ਾਰਾ ਕੀਤਾ

---

* ਟ੍ਰੈਕਟ ਸਿੰਘ ਸਭਾ ਲਹਿਰ ਡਾਕਟਰ ਜਗਜੀਤ ਸਿੰਘ ਤਰਨ ਤਾਰਨ

** ਟ੍ਰੈਕਟ ਸਿੰਘ ਸਭਾ ਲਹਿਰ ਡਾਕਟਰ ਜਗਜੀਤ ਸਿੰਘ ਤਰਨ ਤਾਰਨ ਪੰਨਾ ੫੯-੬੧

Sri Satguru Jagjit Singh Ji Elibrary NamdhariElibrary@gmail.com

ਹੈ, ਉਸ ਨਾਲ ਸੰਬੰਧ ਰਖਣ ਵਾਲੀ ਉਸ ਚਿਠੀ ਦਾ ਹਵਾਲਾ ਪੇਸ਼ ਕਰਨਾਂ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਹੋਵੇਗਾ, ਜੋ ਮਹਾਰਾਜਾ ਨੇ ਇਨ੍ਹਾਂ ਸਿੱਖ ਸ੍ਰਦਾਰਾਂ ਨੂੰ ਪੰਥ ਦੇ ਮੁਖੀਏ ਸਮਝ ਕੇ ਲਿਖੀ ਸੀ:—

**ਮਹਾਰਾਜਾ ਦਲੀਪ ਸਿੰਘ ਦੀ ਚਿੱਠੀ***

ਲੰਡਨ

੨੫ ਮਾਰਚ ੧੮੮੬

ਮੇਰੇ ਪਿਆਰੇ ਦੇਸ ਵਾਸੀਓ!

ਭਾਰਤ ਵਿਚ ਆ ਕੇ ਰਹਿਣ ਅਤੇ ਵਸਣ ਦੀ ਮੇਰੀ ਇਛਾ ਨਹੀਂ ਸੀ। ਪਰ ਸਤਿਗੁਰੂ ਸਭ ਦੇ ਵਿਧਾਤਾ ਹਨ। ਉਹ ਅਸਾਂ ਸਭਨਾਂ ਨਾਲੋਂ ਵਡੇ ਸ਼ਕਤੀਵਾਨ ਹਨ। ਮੈਂ ਉਸ ਦਾ ਭੁਲਾ ਹੋਇਆ ਜੀਵ ਹਾਂ। ਮੇਰੀ ਇਛਾ ਨਾ ਹੋਣ ਪਰ ਵੀ ਮੈਂ ਸਤਿਗੁਰੂ ਦੇ ਹੁਕਮ ਅੰਦਰ ਇੰਗਲੈਂਡ ਤਿਆਗ ਭਾਰਤ ਵਿਚ ਆਵਾਂਗਾ ਤੇ ਸਧਾਰਨ ਰੂਪ ਵਿਚ ਵਸਾਂਗਾ। ਮੈਂ ਸਤਿਗੁਰੂ ਦੀ ਇਛਾ ਦੇ ਸਾਹਮਣੇ ਸਿਰ ਨਿਵਾਉਂਦਾ ਹਾਂ। ਉਸ ਦੀ ਜੋ ਮਰਜੀ ਹੈ ਓਹੀ ਹੋਵੇਗਾ।

ਪਿਆਰੇ ਖਾਲਸਾ ਜੀ! ਮੈਂ ਅਪਣੇ ਵਡਿਆਂ ਦਾ ਧਰਮ ਤਿਆਗ ਕੇ ਪਰਾਜਾ ਮਤ ਗ੍ਰਹਿਣ ਕਰਨ ਲਈ ਆਪ ਜੀ ਤੋਂ ਖਿਮਾ ਮੰਗਦਾ ਹਾਂ। ਕਿਉਂਕਿ ਮੈਨੂੰ ਜਦੋਂ ਈਸਾਈ ਬਣਾਇਆ ਗਿਆ ਸੀ, ਮੇਰੀ ਉਮਰ ਓਦੋਂ ਬਹੁਤ ਛੋਟੀ ਸੀ। ਮੈਂ ਬੰਬਈ ਪੁਜ ਕੇ ਸਿਖ ਧਰਮ ਗ੍ਰਹਿਣ ਕਰ ਲਵਾਂਗਾ, ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਯਾ ਦਾ ਪਾਲਣ ਕਰਾਂਗਾ।

ਮੇਰੀ ਬਹੁਤ ਇਛਾ ਹੋਣ ਪਰ ਵੀ ਮੈਂ ਪੰਜਾਬ ਪੁਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ। ਇਸ ਵਾਸਤੇ ਇਹ ਚਿਠੀ ਲਿਖਣ ਤੇ ਲਾਚਾਰ ਹੋਇਆ ਸੀ। ਮਹਾਰਾਣੀ ਵਿਕਟੋਰੀਆ ਵਿਚ ਮੇਰੀ ਜੋ ਪਰਮ ਭਗਤੀ ਸੀ, ਮੈਂ ਉਸਦਾ ਉਚਿਤ ਫਲ ਪਾ ਲਿਆ ਹੈ। ਸਤਿਗੁਰੂ ਜੀ ਦੀ ਇਛਾ ਪੂਰਨ ਹੋਵੇ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ।

ਪਿਆਰੇ ਦੇਸ ਵਾਸੀਓ!

ਮੈਂ ਹਾਂ ਤੁਹਾਡਾ ਅਪਣਾ ਮਾਸ ਤੇ ਲਹੂ

ਦਲੀਪ ਸਿੰਘ

---

* ਟ੍ਰੈਕਟ ਸਿੰਘ ਸਭਾ ਲਹਿਰ ਡਾਕਟਰ ਜਗਜੀਤ ਸਿੰਘ ਤਰਨ ਤਾਰਨ ਪੰਨਾ ਪੰ: ੫੮–੬੧

Sri Satguru Jagjit Singh Ji Elibrary NamdhariElibrary@gmail.com

ਇਹ ਚਿਠੀ ਪੜ੍ਹ ਕੇ ਪੰਥ ਦੇ ਠੇਕੇਦਾਰ ਹੋਣ ਦੇ ਇਸ ਮੁੱਦਈ ਟੋਲੇ ਨੇ ਲਾਰਡ ਡਫਰਨ ਵਾਇਸਰਾਏ ਹਿੰਦ ਨੂੰ ਲਿਖ ਭੇਜਿਆ ਕਿ "ਜੇ ਮਹਾਰਾਜਾ ਏਥੇ ਆ ਗਿਆ ਤਾਂ ਪੰਜਾਬ ਜਰੂਰ ਬਿਗੜ ਜਾਊ। ਸਿੰਘ ਵਿਗੜੇ ਵਸ ਵਿਚ ਨਾ ਆਉਣਗੇ। ਇਹ ਬਹਾਨਾ ਬਣਾ ਵਾਇਸਰਾਏ ਦੇ ਹੁਕਮ ਨਾਲ ਮਹਾਰਾਜੇ ਨੂੰ ਅਦਨ ਮੁਲਕ ਵਿਚ ਅਟਕਾ ਦਿਤਾ ਤੇ ਮਹਾਰਾਜੇ ਨੂੰ ਜਬਰਨ ਵਲੈਤ ਜਾਣਾ ਪਿਆ"।*

"ਮਹਾਰਾਜਾ ਦਲੀਪ ਸਿੰਘ ਨੂੰ ਇਸ ਸਲੂਕ ਦੀ ਖਬਰ ਨਹੀਂ ਸੀ। ਉਸਨੇ ਫਿਰ ੨੦ ਜੂਨ ੧੮੮੯ ਨੂੰ ਹੋਰ ਦੇਸ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਲਿਖਿਆ ਕਿ ਹਿੰਦੁਸਤਾਨੀ ਇਕ ਪੈਸਾ ਮਹੀਨਾ, ਪੰਜਾਬ ਵਾਸੀ ਇੱਕ ਆਨਾਂ ਮਹੀਨਾ ਦੇਣ ਮੈਂ ਆਜ਼ਾਦ ਬਾਦਸ਼ਾਹਾਂ ਵਾਂਗ ਰੂਸ ਦੇਸ ਦੀ ਫੌਜ ਨਾਲ ਆਪਣਾ ਰਾਜ ਲੈਣ ਲਈ ਆਉਣ ਵਾਲਾ ਹਾਂ।" **

## ਸਿਖ ਸਰਦਾਰਾਂ ਵਲੋਂ ਮਹਾਰਾਜਾ ਦਲੀਪ ਸਿੰਘ ਦੀ ਚਿਠੀ ਦਾ ਉਤਰ

੩੦ ਅਕਤੂਬਰ ੧੮੮੯ ਨੂੰ ਸਿੰਘਾਂ ਵਲੋਂ ਬੜਾ ਲੰਮਾ ਜਵਾਬ ਲਿਖਿਆ ਗਿਆ। "ਅਸੀਂ ਸਾਰਾ ਖ਼ਾਲਸਾ ਪੰਥ ਅਤੇ ਗੁਜਰਾਂਵਾਲਾ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ ਤੇਰੀ ਉਸ ਚਿਠੀ ਦਾ ਜਵਾਬ ਦਿੰਦੇ ਹਾਂ। ਏਹ ਜੋਹੜਾ ਤੂੰ ਸਰਕਾਰ ਅੰਗ੍ਰੇਜ਼ੀ ਤੋਂ ਬਾਗੀ ਹੋਇਆ ਹੈਂ ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਲੋਕਾਂ ਵਿਚ ਜੋਹੜਾ ਥੋੜ੍ਹੀ ਅਕਲ ਭੀ ਰਖਦਾ ਹੈ ਉਹ ਭੀ ਤੇਰੀ ਸਹੈਤਾ ਦਾ ਨਾਮ ਨਹੀਂ ਲਏਗਾ। ਤੂੰ ਸਾਥੋਂ ਭੀ ਕੋਈ ਆਸ ਨਾ ਰੱਖੀਂ। (ਟ੍ਰੈਕਟ ਸਿੰਘ ਸਭਾ ਪੰਨਾ ੬੧)

ਅਜੇਹੇ ਅੰਗ੍ਰੇਜ਼-ਭਗਤ ਸਿਖਾਂ ਵਲੋਂ ਭਾਵੇਂ ੧੮੫੭ ਦੇ ਸਿਖ ਸਰਦਾਰਾਂ ਤੇ ਰਈਸਾਂ ਦੀਆਂ ਵਤਨ ਵਿਰੁੱਧ, ਕੌਮ ਘਾਤਕ ਅਤੇ ਸਿੱਖ ਕਲਚਰ ਨੂੰ ਤਬਾਹ ਕਰਨ ਵਾਲੀਆਂ ਬ੍ਰਤਾਨਵੀ ਸੇਵਾ ਦੀ ਅਹੁਦਿਆਂ ਅਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਲਾਲਚ ਵਿਚ ਹੱਦੋਂ ਵਧ ਕੇ ਪ੍ਰਸੰਸਾ ਕੀਤੀ ਗਈ ਹੈ, ਪ੍ਰੰਤੂ ਕੇਹੜਾ ਕੌਮ ਪ੍ਰਸਤ ਅਤੇ ਦੇਸ਼ ਭਗਤ ਅਜੇਹਾ ਹੋ ਸਕਦਾ

---

* ਟ੍ਰੈਕਟ ਸਿੰਘ ਸਭਾ ਲਹਿਰ ਡਾਕਟਰ ਜਗਜੀਤ ਸਿੰਘ ਤਰਨ ਤਾਰਨ ਪੰਨਾ ਪੰ: ੯੧)

** ਜੀਵਨ ਸਰ ਸੁੰਦਰ ਸਿੰਘ ਮਜੀਠਾ ਕ੍ਰਿਤ ਸ: ਮੋਹਰ ਸਿੰਘ 'ਰਵੇਲ' ਐਡੀਟਰ "ਖਾਲਸਾ ਐਡਵੋਕੇਟ" ਅੰਮ੍ਰਿਤਸਰ ਪੰਨਾਂ ੧੬

Sri Satguru Jagjit Singh Ji Elibrary NamdhariElibrary@gmail.com

ਹੈ; ਜੋ ਉਹਨਾਂ ਦੀ ਬੇਅਣਖੀ ਉਤੇ ਅਫਸੋਸ ਦੇ ਚਾਰ ਅੱਥਰੂ ਕੇਰਦਾ ਹੋਇਆ ਇਹ ਨਾ ਕਹੇ ਕਿ —"ਕਾਸ਼! ਜੇ ਇਹ ਸਿਖ ਸ੍ਰਦਾਰ ਉਸ ਸਮੇਂ ਅਪਣੇ ਅਸਲ ਕ੍ਰਤਵਯ ਦਾ ਪਾਲਨ ਕਰਦੇ ਅਤੇ ਅਪਣੀ ਸੂਰਬੀਰਤਾ ਦੇ ਜੌਹਰ ਅੰਗ੍ਰੇਜ਼ਾਂ ਦੀ ਹਮਾਇਤ ਦੀ ਥਾਂ ਦੇਸ਼ ਨੂੰ ਸੁਤੰਤ੍ਰ ਕਰਨ ਦੇ ਉਦੇਸ਼ ਨਾਲ ਦਿਖਾਂਦੇ ਹੋਏ ਸ਼ਹੀਦ ਹੋ ਜਾਂਦੇ, ਤਾਂ ਅੱਜ ਉਨ੍ਹਾਂ ਦੇ ਨਾਉਂ ਦੇਸ਼ ਅਤੇ ਪੰਥ ਦੀ ਆਨ ਸ਼ਾਨ ਬਦਲੇ ਮਰ-ਮਿਟਣ ਵਾਲੇ ਸ਼ਹੀਦਾਂ ਦੀ ਫਰਿਸਤ ਵਿਚ ਦਰਜ ਹੁੰਦੇ, ਜਿਸ ਕਰਕੇ ਉਹਨਾਂ ਦੀ ਸੰਤਾਨ ਅਪਣੇ ਵਡਿਕਿਆਂ ਦੇ ਕਾਰਨਾਮਿਆਂ ਤੇ ਯੋਗ ਮਾਨ ਕਰ ਸਕਦੀ, ਅਤੇ ਉਹਨਾਂ ਦਾ ਸਿਰ ਸਦਕਾ ਅਜ ਦੇਸ਼ ਦਾ ਨਕਸ਼ਾ ਗ਼ੁਲਾਮੀ ਦੇ ਲਾਲ ਰੰਗ ਤੋ ਰਹਿਤ ਹੁੰਦਾ।

ਸੋ ਜਿਥੋਂ ਤਕ ਉਸ ਸਮੇਂ ਦੀ ਰਾਜਨੀਤਕ ਅਵਸਥਾ ਦਾ ਸਬੰਧ ਹੈ- -"ਜਥੇਬੰਦੀ ਟੁਟ ਚੁਕੀ ਸੀ। ਡੋਗਰਾ ਗਰਦੀ ਤੇ ਤੇਜਾ ਸਿੰਘ ਲਾਲ ਸਿੰਘ ਪਾਲਸੀ ਦੇ ਕਾਰਨ ਕੌਮ ਵਿਚੋਂ ਕਣ ਖਤਮ ਹੋ ਚੁਕਾ ਸੀ। ਪੰਥ ਦੇ ਦੇਸ਼ ਹਿਤੈਸ਼ੀ ਸਿਖ ਤਬਾਹ ਹੋ ਚੁਕੇ ਸਨ। ਕੌਮ ਵਿਚ ਮੁੜ ਉਠਣ ਦਾ ਸਾਹਸ ਨਹੀਂ ਸੀ ਤੇ ਨਾਂ ਹੀ ਐਸੇ ਸਾਧਨ ਤੇ ਸਾਮਾਨ ਸਨ ਕਿ ਉਸ ਵੇਲੇ ਕੌਮ ਉਠ ਸਕਦੀ"।[1] ਇਹ ਉਸ ਸਮੇਂ ਦੀ ਰਾਜਨੀਤਕ ਦੁਰਦਸ਼ਾ ਦਾ ਥੋੜ੍ਹਾ ਜਿਹਾ ਨਮੂਨਾ ਹੈ, ਜਿਸ ਨਾਲ ਸਿੱਖਾਂ ਦੀ ਹੀ ਨਹੀਂ ਸਗੋਂ ਸਾਰੇ ਪੰਜਾਬ ਦੀ ਇਕ ਤਰਾਂ ਨਾਲ ਮੌਤ ਹੋ ਚੁਕੀ ਸੀ।

## ਸਮਾਜਕ ਅਤੇ ਧਾਰਮਿਕ ਦੁਰਦਸ਼ਾ

ਰਾਜਨੀਤਕ ਪਤਨ ਦੇ ਨਾਲ ਹੀ ਦੇਸ਼ ਦੀ ਸਮਾਜਕ ਅਤੇ ਧਾਰਮਕ ਅਵਸਥਾ ਅਜੇਹੀ ਗਿਰ ਚੁਕੀ ਸੀ ਕਿ ਜਿਸ ਨਾਲ ਸਿੱਖ ਅਤੇ ਗੈਰ ਸਿਖ ਜੰਤਾ ਮਰਨਾਊ ਰੋਗੀ ਦੇ ਸਮਾਨ ਹੋ ਚੁਕੀ ਸੀ। ਵਿਅਰਥ ਰਸਮਾਂ ਦੇ ਕਾਰਨ ਕੁੜੀਆਂ ਦਾ ਵੇਚਣਾ ਅਤੇ ਮਾਰਨਾ ਪ੍ਰਚਲਿਤ ਹੋ ਚੁਕਾ ਸੀ। ਬਾਲ ਵਿਆਹ ਦੇ ਭੈੜੇ ਰਿਵਾਜ ਪੈਣ ਕਰਕੇ ਬਹੁਤ ਹੀ ਛੋਟੀ ਅਤੇ ਜਵਾਨ ਅਵਸਥਾ ਦੀਆਂ ਵਿਧਵਾਵਾਂ ਦੀ ਗਿਣਤੀ ਦਿਨ ਬਦਿਨ ਵਧ ਰਹੀ ਸੀ। ਵਿਧਵਾ ਵਿਆਹ ਉਤੇ ਸਮਾਜਕ ਪਾਬੰਦੀ ਹੋਣ ਦੇ ਕਾਰਨ ਹਜ਼ਾਰਾਂ ਲੜਕੀਆਂ ਦੁਖਦਾਇਕ-ਜੀਵਨ ਵਿਤੀਤ ਕਰਨ ਲਈ ਬਿਵਸ ਹੋ ਜਾਂਦੀਆਂ ਸਨ। ਜਿਥੋਂ ਤਕ ਸਿੱਖ ਧਰਮ ਦਾ ਸਬੰਧ ਹੈ, ਇਤਿਹਾਸ ਤੋਂ ਪਤਾ ਲਗਦਾ ਹੈ ਕਿ—

(੧) "ਖਾਲਸੇ ਦੀ ਰਾਜਨੀਤਕ ਸ਼ਕਤੀ ਖੁਸ ਜਾਣ ਤੋਂ ਪਿਛੋਂ ਸਿੱਖੀ

੧. ਏ ਸ਼ਾਰਟ ਹਿਸਟਰੀ ਆਫ ਦੀ ਸਿਖਜ਼ ਸੀ. ਐਚ. ਪੇਨ, ਪੰਨਾ ੬੨੨।

Sri Satguru Jagjit Singh Ji Elibrary NamdhariElibrary@gmail.com

ਇਕ ਤਰ੍ਹਾਂ ਦੇ ਬੱਦਲਾਂ ਹੇਠਾਂ ਆ ਗਈ ਸੀ।"

(੨) "ਪਹਿਲੀ ਆਦਮ ਗਿਣਤੀ ਦੇ ਸਮੇਂ ਸਿੱਖੀ ਨੂੰ ਬਾਹਰ ਦੇ ਅਸਰ ਦਬਾ ਰਹੇ ਸਨ। ਅਜੇਹਾ ਪ੍ਰਤੀਤ ਹੁੰਦਾ ਸੀ ਕਿ ਖ਼ਾਲਸਾ ਦੁਬਾਰਾ ਨਹੀਂ ਉਠ ਸਕੇਗਾ। ਨਤੀਜੇ ਦੇ ਤੌਰ ਤੇ ਸਿੱਖ ਤਬਾਹ ਹੋ ਗਏ ਜਿਨ੍ਹਾਂ ਦੀ ਸੰਤਾਨ ਅੰਮ੍ਰਿਤ ਛਕਣ ਤੋਂ ਵਾਂਜੀ ਗਈ।"

(੩) "ਸਿੱਖ ਧਰਮ ਅਤੇ ਉਸਦੇ ਅਸੂਲ ਉਸ ਬੰਨੇ ਨੂੰ ਬੜੀ ਤੇਜ਼ੀ ਨਾਲ ਜਾ ਰਹੇ ਸਨ ਜਿੱਧਰ ਸਿਖਾਂ ਦੀ ਰਾਜਨੀਤਕ ਸ਼ਕਤੀ ਪਹਿਲੋਂ ਹੀ ਜਾ ਚੁਕੀ ਸੀ।"

(੪) ਮਹਾਰਾਜਾ "ਰਣਜੀਤ ਸਿੰਘ ਦੇ ਸਮੇਂ ਵਿਚ, ਜਦ ਕਿ ਆਤਮਕ ਉਤਸ਼ਾਹ ਅਤੇ ਕੌਮੀ ਮਾਨ-ਆਮ ਸੀ, ਉਨ੍ਹਾਂ (ਸਿੱਖਾਂ) ਦੀ ਗਿਣਤੀ ਜੋ ਕੌਮੀ (ਨੈਸ਼ਨਲ) ਜਮਾਤ ਵਿਚ ਸ਼ਾਮਿਲ ਹੋਏ, ਅੰਦਾਜ਼ੇ ਤੋਂ ਵਧੀਕ ਸੀ, ਪਰ ਪੰਜਾਬ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆ ਜਾਣ ਤੋਂ ਪਿਛੋਂ ਸਿੱਖੀ ਨੇ ਅਪਣੇ ਹਰਮਨ ਪਿਆਰ ਵਿਚੋਂ ਬਹੁਤ ਕੁਛ ਗਵਾ ਲਿਆ, ਅਤੇ ਖ਼ਾਲਸਾ ਅਜੇਹਾ ਗਿਰ ਚੁਕਾ ਸੀ, ਕਿ ਮੁੜ ਉਠਣ ਜੋਗਾ ਨਾ ਰਿਹਾ।"

(੫) 'ਸਿੱਖਾਂ ਦੇ ਰਾਜ ਕਾਜ ਲੁਟੇ ਜਾਣ ਪਿਛੋਂ ਪੰਥ ਉਪਰ ਮੁਸੀਬਤਾਂ ਦੇ ਪਹਾੜ ਟੁਟਣੇ ਸ਼ੁਰੂ ਹੋ ਗਏ। ਇਕ ਪਾਸੇ ਅੰਗ੍ਰੇਜ਼ਾਂ ਦੀ ਨੀਤੀ ਆਪਣਾ ਕੰਮ ਕਰ ਰਹੀ ਸੀ। ਅਨੇਕਾਂ ਰਈਸ ਤੇ ਸ੍ਰਦਾਰ ਤਬਾਹ ਹੋ ਚੁਕੇ ਸਨ, ਤੇ ਬਥੇਰੇ ਅੰਗ੍ਰੇਜ਼ੀ ਸ੍ਰਕਾਰ ਕੋਲੋਂ ਆਪਣੀ ਕੀਤੀ ਦੇ ਬਦਲੇ ਇਨਾਮ ਤੇ ਜਗੀਰਾਂ ਲੈਣ ਵਿਚ ਰੁਝੇ ਪਏ ਸਨ। ਸ੍ਰੀ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਆਦਿ ਪ੍ਰਸਿਧ ਗੁਰਦੁਵਾਰੇ ਇਸੇ ਸ੍ਰਕਾਰ ਦੇ ਪ੍ਰਬੰਧ ਵਿਚ ਚਲੇ ਗਏ, ਤੇ ਦੂਜੇ ਪਾਸੇ ਸਮੇਂ ਦੀ ਸ੍ਰਕਾਰ ਪਾਦਰੀਆਂ ਰਾਹੀਂ ਸਿਖੀ ਉਪਰ ਅਸਹਿ ਵਾਰ ਕਰ ਰਹੀ ਸੀ। ਅਨੇਕ ਮਨਘੜਤ ਕਹਾਣੀਆਂ ਬਣਾ ਬਣਾ ਸਿੱਖਾਂ ਨੂੰ ਸਿਖੀਓਂ ਪਤਿਤ ਕੀਤਾ ਜਾ ਰਿਹਾ ਸੀ। ਪੰਜਾਬੀਆਂ ਦੇ ਸਤਿਜੁਗੀ ਰਾਜ ਨੂੰ ਡਾਕੂ ਰਾਜ ਕਹਿ ਤੇ ਅਨੇਕਾਂ ਅਲਜ਼ਾਮ ਲਾ ਲਾ ਕੇ ਬਦਨਾਮ ਕੀਤਾ ਤੇ ਖ਼ਾਲਸਾ ਪੰਥ ਦੀ ਸ਼ਾਨ ਵਿਚ ਉਲਟਾ ਪ੍ਰਚਾਰ ਕਰਕੇ ਸਿਖੀ ਮਹਿਲ ਦੀ ਬੁਨਿਆਦ ਵਿਚ ਮਾਨੋਂ ਬਰੂਦ ਦਿਤਾ ਜਾ ਰਿਹਾ ਸੀ। ਕੁਝ ਚਾਲਾਕੀ ਨਾਲ ਕੁਛ ਲੋਭ ਲਾਲਚ

੨ ਰਣਜੀਤ ਸਿੰਘ ਰਚਿਤ ਸਰ ਲੈਪਲ ਗ੍ਰਿਫ਼ਨ-ਪੰਨਾ ੨੬

੩ ਹਿੰਦੁਸਤਾਨ ਦੀ ਆਦਮ ਗਿਣਤੀ ਦੀ ਰਪੋਟ ੧੯੩੧ ਜਿਲਦ ੧੭ ਭਾਗ ੧ ਪੰਨਾ ੩੦੫

੪ ਅੰਗ੍ਰੇਜ਼ੀ ਕਿਤਾਬ—"ਸਿਖਜ਼" ਕੈਪਟਨ ਏ. ਐਚ. ਬਿੰਗਲੇ, ੭ ਬੰਗਾਲ ਇਨਫੈਨਟਰੀ ਦੁਆਰਾ ਸੰਕਲਿਤ ਪੰਨਾ ੫੬

ਨਾਲ ਤੇ ਕੁਝ ਡਰ ਕਰਕੇ ਸਿਖਾਂ ਨੂੰ ਹਰ ਹੀਲੇ ਪਤਿਤ ਕੀਤਾ ਜਾ ਰਿਹਾ ਸੀ। ਸਿਖਾਂ ਦੇ ਰਾਜ ਵਿਚ ਹਲਵੇ ਮੰਡੇ ਦੇ ਯਾਰ ਸਿਖ ਸਜੇ ਹੋਏ ਤਾਂ ਦਿਨਾਂ ਵਿਚ ਹੀ ਰਾਮ ਰਾਮ, ਤੋਬਾ ਤੋਬਾ, ਤੇ ਯਸੂ ਮਸੀਹ ਦੇ ਭਗਤ ਹੋ ਗਏ। ਇਸ ਰਾਜਸੀ ਹਨੇਰੀ ਨੇ ਸਿਖੀ ਬਾਗ਼ ਉਪਰ ਮਾਨੋਂ ਬਸੰਤ ਵਿਚ ਹੀ ਪਤਝੜ-ਲਿਆ ਦਿਤੀ। ਸਿਖਾਂ ਦੀ ਵਧ ਰਹੀ ਗਿਣਤੀ ਘਟਣ ਲਗ ਪਈ ਅਤੇ ਬਹੁਤੀ ਘਟ ਗਈ।"*

(੬) "ਦੇਸ਼ ਤਰ੍ਹਾਂ ਤਰ੍ਹਾਂ ਦੇ ਪ੍ਰੀਵਰਤਨ ਦੇਖ ਚੁਕਾ ਸੀ। ਸਿਖ ਫੌਜਾਂ ਟੁਟ ਚੁਕੀਆਂ ਸਨ। ਪੱਛਮੀ ਸੱਭਯਤਾ ਨੇ ਦੇਸ਼ ਵਿਚ ਲੰਮੇ ਲੰਮੇ ਕਦਮ ਧਰਨੇ ਅਰੰਭ ਦਿਤੇ ਸਨ, ਅਤੇ ਕੁਛ ਅਰਸੇ ਲਈ ਸਿਖੀ ਤੇ ਕਾਲਾ ਬੱਦਲ ਛਾ ਗਿਆ ਸੀ।"**

(੭) "ਸਿੱਖਾਂ ਦਾ ਧਾਰਮਿਕ ਤੇ ਕੌਮੀ ਜੀਵਨ ਨਸ਼ਟ ਹੋ ਚੁਕਾ ਸੀ।"***

(੮) "ਸਿੱਖਾਂ ਨੇ ਸਦਾਚਾਰ, ਮਿਲਾਪ ਅਤੇ ਪਵਿਤ੍ਰਤਾ ਨੂੰ ਮਿਟੀ ਵਿਚ ਮਿਲਾ ਦਿਤਾ ਸੀ, ਉਨ੍ਹਾਂ ਦਾ ਖਾਨਪਾਨ ਅਤੇ ਪਹਿਰਾਨ ਸਿਖੀ ਚਲਣ ਦੇ ਉਕਾ ਹੀ ਵਿਰੁੱਧ ਹੋ ਗਿਆ। ਭਾਵੇਂ ਉਹ ਸਿਖਾਂ ਦੇ ਪੁਤ੍ਰ ਸਨ, ਜਿਨ੍ਹਾਂ ਦੇ ਨਾਵਾਂ ਨਾਲ "ਸਿੰਘ" ਪਦ ਜੋੜਿਆ ਜਾਂਦਾ ਸੀ, ਪਰ ਉਹ ਦੁਰਾਚਾਰ ਤੇ ਅਤਿਆਚਾਰ ਦੀ ਛੁਰੀ ਨਾਲ ਸਿਖੀ ਰੂਪ ਗਊ ਨੂੰ ਕੁਹਣ ਤੋਂ ਸੰਕੋਚ ਨਹੀਂ ਕਰਦੇ ਸਨ। ਦੂਜਿਆਂ ਲਈ ਬੁਰਾ ਸੋਚਣਾ, ਅਤੇ ਬੁਰਿਆਂ ਕੰਮਾਂ ਵਿਚ ਪ੍ਰਸੰਨ ਰਹਿਣਾ, ਉਨ੍ਹਾਂ ਦਾ ਸੁਭਾਉ ਬਣ ਗਿਆ ਸੀ, ਗੁਰਬਾਣੀ ਪੜ੍ਹਨਾ ਤੇ ਨਾਮ ਜਪਣਾ ਉਨ੍ਹਾਂ ਨੇ ਉਕਾ ਛਡ ਦਿਤਾ ਸੀ।" ****

(੯) "ਸਿਖ ਆਪਣੇ ਸਰੀਰਾਂ, ਆਪਣੀਆਂ ਇਸਤ੍ਰੀਆਂ ਪੁਤਾਂ ਤੇ ਧੀਆਂ ਨੂੰ ਸ਼ਿੰਗਾਰ ਕੇ ਰਖਦੇ ਸਨ। ਜੋ ਕੁਛ ਉਨ੍ਹਾਂ ਦੀ ਇਛਾ ਹੁੰਦੀ ਹਾਜਰ ਕਰਦੇ ਸਨ। ਬ੍ਰਿਧ ਮਾਤਾ-ਪਿਤਾ ਜੇ ਖਾਣ ਪੀਣ ਪਹਿਨਣ ਨੂੰ ਮੰਗਣ ਤਾਂ ਉਨ੍ਹਾਂ ਨੂੰ ਗਾਲੀਆਂ ਸੁਣਾ ਕੇ ਕਹਿੰਦੇ ਸਨ ਕਿ ਤੁਹਾਡੇ ਲਈ ਥੈਲੀਆਂ ਗਿਣਕੇ ਰਖੀਆਂ ਹਨ? ਪਰ ਇਸਤ੍ਰੀਆਂ ਦੇ ਪਿਆਰੇ ਹੋ ਗਏ। ਆਪਣੀਆਂ ਤ੍ਰੀਮਤਾਂ ਵਲ ਤਕਣ ਵੀ ਨਾਂ, ਕਾਵਾਂ ਨੂੰ ਮੋਤੀਆਂ ਦੀ ਚੋਗ ਤੇ ਹੰਸਾਂ ਨੂੰ ਚੂਰੀ ਦਾ ਭੋਰਾ

* ਟ੍ਰੈਕਟ ਸਿੰਘ ਸਭਾ ਲਹਿਰ ਪੰਨਾ ੬

** ਬੀਸਿਫ ਆਨ ਦੀ ਨਾਮਧਾਰੀ ਮੂਵਮੈਂਟ ਅੰਗ੍ਰੇਜ਼ੀ, ਪੰਨਾ ੨੩

*** ਗੁਰਦਵਾਰਾ ਸੁਧਾਰ ਲਹਿਰ ਤੇ ਸਿਖ ਜਾਗ੍ਰਤੀ ਅੰਗ੍ਰੇਜ਼ੀ, ਪ੍ਰੋਫੈਸਰ ਰੁਚੀ ਰਾਮ ਸਾਹਨੀ, ਲਾਹੌਰ, ਪੰਨਾ ੩੪

**** ਸ੍ਰੀ ਗੁਰੂ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ, ਐਡੀਸ਼ਨ ਚ, ਬਿਸ੍ਰਾਮ ੭੩, ਪੰਨਾ ੯੩੭

Sri Satguru Jagjit Singh Ji Elibrary NamdhariElibrary@gmail.com

ਦੇਣ ਤੋਂ ਵੀ ਸੰਕੋਚ। ਰੰਡੀਆਂ ਨੂੰ ਡੰਡੀਆਂ ਤੇ ਜੜਾਊ ਚੂੜੇ! ਮੂੜ੍ਹਾਂ ਦਾ ਮਾਨ ਤੇ ਗੁਣੀਆਂ ਦਾ ਅਪਮਾਨ। ਕੰਜਰੀਆਂ ਨੂੰ ਉਧਾਰ ਚੁਕ ਕੇ ਵੀ ਗਹਿਣੇ ਪੌਂਦੇ, ਪਰ ਬ੍ਰਹਿਮਣ ਨੂੰ ਰਸਤ ਤੋਂ ਵੀ ਸੁਕਾ ਜਵਾਬ ਦਿੰਦੇ ਸਨ।"*

(੧੦) "ਜਿਨ੍ਹਾਂ ਦੇ ਵਡੇ ਵਡੇਰੇ ਅੰਮ੍ਰਿਤ ਵੇਲੇ ਜਾਗ ਕੇ ਗੁਰਬਾਣੀ ਦਾ ਪਾਠ ਕੀਤਾ ਕਰਦੇ ਅਤੇ ਗੁਰੂ ਜੀ ਦੇ ਗ੍ਰੰਥ ਦਾ ਦਰਸ਼ਨ ਕਰਨ ਤੋਂ ਬਿਨਾਂ ਅੰਨ ਜਲ ਵੀ ਗ੍ਰਹਿਣ ਨਹੀਂ ਸਨ ਕਰਦੇ ਉਨ੍ਹਾਂ ਦੇ ਹੀ ਪੁਤ੍ਰ ਪੋਤ੍ਰੇ ਧੂਪ ਦੀਪ ਦੇਣਾ ਤਾਂ ਕਿਤੇ ਰਿਹਾ ਗੁਰੂ ਜੀ ਦੇ ਗ੍ਰੰਥ ਸਾਹਿਬ ਵਲ ਝਾਤੀ ਵੀ ਨਹੀਂ ਸਨ ਮਾਰਦੇ, ਉਨ੍ਹਾਂ ਦੀ ਇਸ ਲਾ-ਪ੍ਰਵਾਹੀ ਦੇ ਕਾਰਨ ਚੂਹੇ ਪੱਤ੍ਰੇ ਕੁਤਰ ਜਾਂਦੇ ਸਨ। ਸਿਖ ਨ ਜਪੁਜੀ ਪੜ੍ਹਦੇ ਨਾ ਰਹੁਰਾਸ, ਸਗੋਂ ਪਾਠ ਕਰਨ ਵਾਲਿਆਂ ਨੂੰ ਕੋਲੋਂ ਮਖੌਲ ਕਰਦੇ ਹੋਏ ਕਿਹਾ ਕਰਦੇ ਸਨ 'ਰੱਬ ਕੋਈ ਬੋਲਾ ਹੈ'?"

## ਹਿੰਦ ਦੁਰਦਸ਼ਾ

ਹਿੰਦੂ ਧਰਮ ਅਤੇ ਸਿਖ ਧਰਮ ਦੇ ਬਹੁਤ ਸਾਰੇ ਬੁਨਿਆਦੀ ਅਸੂਲਾਂ ਵਿਚ ਏਕਤਾ ਹੈ, ਈਸ਼ਰਵਾਦ, ਅਵਤਾਰਵਾਦ, ਆਵਾਗਵਨ ਅਤੇ ਗਊ ਰਖਯਾ ਆਦਿ ਸਿਧਾਂਤ ਸਾਂਝੇ ਹਨ। ਜਨਮ ਮਰਨ ਆਦਿਕ ਸੰਸਕਾਰ ਰਿਸ਼ੀ ਮੁਨੀ ਤੇ ਅਵਤਾਰ, ਸੰਮਤ, ਰੁਤਾਂ, ਮਹੀਨੇ, ਪੱਖ, ਤਿਥੀਆਂ, ਵਾਰ, ਸੰਗ੍ਰਾਂਦ, ਪੂਰਨਮਾ ਅਤੇ ਮੱਸਿਆ ਆਦਿ ਪੁਰਬਾਂ ਦੀ ਮਨੌਤ ਹਿੰਦੂਆਂ ਅਤੇ ਸਿਖਾਂ ਵਿਚ ਸਮਾਨ ਹੈ, ਸਾਹਿਤ ਅਤੇ ਸਾਹਿਤਕ ਵਿਅਕਤੀਆਂ ਵਿਚ ਅਭੇਦਤਾ ਹੈ, ਬਹੁਤ ਸਾਰੇ ਰਸਮੋ ਰਿਵਾਜ ਅਤੇ ਰਵਾਇਤਾਂ ਇਕੋ ਹਨ। ਏਸ ਲਈ ਜਿਥੋ ਤਕ ਧਾਰਮਿਕ ਅਤੇ ਸਮਾਜਕ ਰੀਤਾਂ ਰਸਮਾਂ ਦਾ ਸਬੰਧ ਹੈ, ਸਮੇਂ ਦੇ ਪ੍ਰੀਵਰਤਨ ਦਾ ਅਸਰ ਏਨ੍ਹਾਂ ਦੂਹਾਂ ਧਿਰਾਂ ਲਈ ਵੱਖੋ ਵੱਖ ਨਹੀਂ ਹੋ ਸਕਦਾ। ਜਿਸ ਸਮੇਂ ਦਾ ਵਰਨਣ ਹੋ ਰਿਹਾ ਹੈ, ਓਸ ਵਿਚ ਹਿੰਦੂ ਸਮਾਜ ਸਿੱਖਾਂ ਤੋਂ ਵੱਖ ਨਹੀਂ ਸੀ ਰਹਿ ਸਕਦਾ, ਓਹ ਵੀ ਓਹਨਾਂ ਕੁਰੀਤੀਆਂ ਦਾ ਉਸੇ ਤਰ੍ਹਾਂ ਸ਼ਿਕਾਰ ਹੋਇਆ, ਜਿਸ ਤਰ੍ਹਾਂ ਸਿਖ ਸਮਾਜ, ਲੜਕੀਆਂ ਦੇ ਮਾਰਨ ਦਾ ਰਿਵਾਜ, ਤਬਾਦਲੇ ਦੀ ਭੈੜੀ ਰਸਮ ਅਤੇ ਵਿਧਵਾ ਵਿਆਹ ਤੇ ਪਾਬੰਦੀ ਦੇ ਕਾਰਨ ਹਿੰਦੂ ਸਮਾਜ ਸਿੱਖਾਂ ਨਾਲੋਂ ਵੀ ਵਧੀਕ ਤਰਸਯੋਗ ਸੀ। ਬਾਲ-ਵਿਆਹਾਂ ਦੇ ਕਾਰਨ ਹਿੰਦੂ ਸਮਾਜ ਡਾਢਾ ਨਿਰਬਲ ਹੋ ਰਿਹਾ ਸੀ, ਆਪਸ ਵਿਚ ਦੀ ਮਿਲਵਰਤਨ ਦੇ ਡੂੰਘੇ ਸਬੰਧਾਂ ਦੇ ਕਾਰਨ ਦੋਹਾਂ ਦੀ ਹਾਲਤ ਇਕੋ ਜੇਹੀ ਤਰਸਯੋਗ ਸੀ।

* ਪੰਥ ਪ੍ਰਕਾਸ਼ ਪੰਨਾ ੬੩੭ ਤੋਂ ੩੮ ਤਕ

Sri Satguru Jagjit Singh Ji Elibrary NamdhariElibrary@gmail.com

## ਮਹਾਨ ਆਗੂ ਦੀ ਲੋੜ

ਅਜੇਹੀ ਭਿਆਨਕ ਦਸ਼ਾ ਵਿਚ ਜੰਤਾ ਨੂੰ ਕਿਸੇ ਅਜੇਹੇ ਵਿਅਕਤੀ ਦੀ ਅਗਵਾਈ ਲੋੜੀਂਦੀ ਹੈ, ਜੋ ਚਾਨਣ ਮੁਨਾਰੇ ਦਾ ਕੰਮ ਦਿੰਦੀ ਹੋਈ ਕੌਮ ਨੂੰ ਤੂਫਾਨੀ ਅਤੇ ਮਾਰੂ ਲਹਿਰਾਂ ਵਿਚੋਂ ਬਚਾ ਕੇ ਟਿਕਾਣੇ ਲਾ ਸਕੇ। ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ, ਕਿ ਜਦੋਂ ਵੀ ਕਿਸੇ ਦੇਸ਼ ਯਾ ਜਾਤੀ ਨੂੰ ਇਸ ਸੰਕਟਮਈ ਅਵਸਥਾ ਦਾ ਸਾਹਮਣਾ ਕਰਨਾਂ ਪਿਆ, ਉਸ ਲਈ ਕੋਈ ਜੀਵਨ ਪਲਟਾਊ ਆਤਮਾ ਪ੍ਰਗਟ ਹੋਈ।* ਜਿਸ ਨੇ ਉਸ ਨੂੰ ਚਾਨਣਾ ਦਿਤਾ। ਧਾਰਮਿਕ ਪੁਸਤਕਾਂ ਅੰਦਰ ਐਸੀਆਂ ਵਿਅਕਤੀਆਂ ਲਈ ਨਬੀ, ਰਸੂਲ, ਪੈਗੰਬਰ, ਸਤਿਗੁਰੂ ਅਤੇ ਅਵਤਾਰ ਆਦਿਕ ਪਦਵੀਆਂ ਅੰਕਿਤ ਕੀਤੀਆਂ ਗਈਆਂ ਹਨ। ਜਿਥੋਂ ਤਕ ਸਿਖ ਧਰਮ ਦਾ ਸੰਬੰਧ ਹੈ ਉਨ੍ਹਾਂ ਲਈ—"ਗੁਰ ਅਵਤਾਰ" ਸ਼ਬਦ ਦੀ ਵਰਤੋਂ ਕੀਤੀ ਗਈ ਹੈ, **

ਭਾਵੇਂ ਕੌਮਾਂ ਅੰਦਰ ਅਜੇਹੇ ਲੋਕਾਂ ਦੀ ਹੋਂਦ ਵੀ ਵੇਖੀ ਗਈ ਹੈ, ਜੋ ਇਨ੍ਹਾਂ ਮਹਾਨ ਸੁਧਾਰਕਾਂ ਉਤੇ ਤਰ੍ਹਾਂ ਤਰ੍ਹਾਂ ਦੇ ਦੂਸ਼ਨ ਅਰੋਪ ਕੇ ਨਿੰਦਾ ਅਤੇ ਨਿਖੇਧੀ ਦੇ ਬਚਨਾਂ ਦੁਆਰਾ ਆਪਣਾ ਜੀ ਸਰਸਾ ਕਰਨ ਦਾ ਸੁਭਾਉ ਰਖਦੇ ਹਨ, ਪ੍ਰੰਤੂ ਨਿਰਪੱਖ ਅਤੇ ਸ਼ਰਧਾਲੂ ਸੰਸਾਰ, ਉਹਨਾਂ ਦੀ ਰਤਾ ਜਿਨੀ ਵੀ ਪ੍ਰਵਾਹ ਨਾ ਕਰਦਾ ਹੋਇਆ, ਆਪਣੇ ਰਸਤੇ ਟੁਰਿਆ ਜਾਂਦਾ ਹੈ।

ਦੇਸ਼ ਅਤੇ ਜਾਤੀ ਦੀ ਉਪ੍ਰੋਕਤ ਦੁਰਦਸ਼ਾ ਸਮੇਂ ਜਿਸ ਮਹਾਨ ਵਿਅਕਤੀ ਨੇ ਦੇਸ਼ ਕਲਿਆਨ ਦਾ ਭਾਰ ਆਪਣੇ ਸਿਰ ਤੇ ਚੁਕਿਆ ਓਸਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਓਂ ਨਾਲ, ਅਤੇ ਓਸਦੀ ਪੈਦਾ ਕੀਤੀ ਹੋਈ ਜੀਵਨ ਪਲਟਾਊ ਲਹਿਰ ਨੂੰ —"ਕੂਕਾ ਲਹਿਰ" ਦੇ ਨਾਓਂ ਨਾਲ ਪੁਕਾਰਿਆ ਗਿਆ। "ਨਾਮਧਾਰੀ" ਅਤੇ – "ਸੰਤ ਖਾਲਸਾ" ਨਾਮ ਵੀ ਏਸੇ ਸਮਾਜ ਲਈ ਵਰਤੇ ਗਏ।

---

* ਇਸ ਸਿਧਾਂਤ ਸਬੰਧੀ ਗੀਤਾ ਵਿਚ ਲਿਖਿਆ ਹੈ—ਹੇ ਅਰਜਨ! ਜਦੋਂ ਜਦੋਂ ਵੀ ਧਰਮ ਦੀ ਹਾਨੀ ਅਤੇ ਅਧਰਮ ਦੀ ਬ੍ਰਿਧੀ ਹੁੰਦੀ ਹੈ, ਤਦ ਤਦ ਹੀ ਮੈਂ ਆਪਣੇ ਰੂਪ ਨੂੰ ਰਚਦਾ ਅਰਥਾਤ ਪ੍ਰਗਟ ਕਰਦਾ ਹਾਂ। ਸਾਧੂਆਂ ਦਾ ਉਧਾਰ ਅਤੇ ਦੁਰਾਤਮਾਂ ਦਾ ਨਾਸ਼ ਕਰਨ ਲਈ ਮੈਂ ਯੁਗ ਯੁਗ ਵਿਚ ਪ੍ਰਗਟ ਹੁੰਦਾ ਹਾਂ। 'ਅ: ੪, ਸਲੋਕ ੭ ਤੇ ੮'।

** "ਜੁਗ ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ। ਉਠੇ ਗਿਲਾਨਿ ਜਗਤ ਵਿਚ ਵਰਤੈ ਪਾਪ ਭ੍ਰਸ਼ਟ ਸੰਸਾਰਾ। ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ। ਨਿੰਦਾ ਚਾਲੇ ਬੇਦ ਕੀ ਸਮਝਨ ਨਹਿ ਅਗਯਾਨ ਗੁਬਾਰਾ। ਬੇਦ ਗ੍ਰੰਥ ਗੁਰ ਹੱਟ ਹੈ ਜਿਸ ਲਗ ਭਵਜਲ ਪਾਰ ਉਤਾਰਾ। ਸਤਿਗੁਰ ਬਾਝ ਨ ਬੁਝੀਐ ਜਿਚਰ ਧਰੇ ਨ ਗੁਰ ਅਵਤਾਰਾ" ਵਾਰ ਭਾਈ ਗੁਰਦਾਸ, ਵਾਰ ੧, ਪਉੜੀ ੧੭

❋

Sri Satguru Jagjit Singh Ji Elibrary NamdhariElibrary@gmail.com

# ਸੰਖੇਪ ਜੀਵਨ

## ਪ੍ਰਕਾਸ਼

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਮਤ ੧੮੭੨ ਬਿ: ਦੀ ਮਾਘ ਸੁਦੀ ਪੰਚਮੀ ਤੇ ਛੇਵੀਂ ਦੀ ਵਿਚਕਾਰਲੀ ਰਾਤ (ਸੰਨ ੧੮੧੬ ਈ:) ਨੂੰ ਜ਼ਿਲਾ ਲੁਧਿਆਣਾ ਦੇ ਇਕ ਨਿਕੇ ਜਿਹੇ ਅਤੇ ਬੇ-ਮਲੂਮੇ ਪਿੰਡ ਰਾਈਆਂ ਭੈਣੀ ਵਿਚ (ਜਿਸ ਨੂੰ ਹੁਣ ਸ੍ਰੀ ਭੈਣੀ ਸਾਹਿਬ ਕਿਹਾ ਜਾਂਦਾ ਹੈ) ਵੀਰਵਾਰ ਵਾਲੇ ਦਿਨ ਪ੍ਰਗਟ ਹੋਏ। ਆਪ ਨੇ ਆਪਣੇ ਪ੍ਰਕਾਸ਼ ਵਾਸਤੇ ਇਕ ਗਰੀਬ ਰਾਮਗੜ੍ਹੀਏ ਬਾਬਾ ਜੱਸਾ ਸਿੰਘ ਜੀ ਦਾ ਘਰ ਚੁਣਿਆ। ਆਪ ਦੀ ਮਾਤਾ ਜੀ ਦਾ ਨਾਮ ਮਾਈ ਸਦਾ ਕੌਰ ਸੀ। ਆਪ ਦੇ ਇਕੋ ਹੀ ਭਾਈ-ਬਾਬਾ ਬੁਧ ਸਿੰਘ* ਜੀ ਆਪ ਤੋਂ ੪ ਸਾਲ ਛੋਟੇ ਸਨ। ਆਪਦਾ ਵਿਆਹ ਪਿੰਡ ਧਰੌੜ ਜ਼ਿਲਾ ਲੁਧਿਆਣਾਂ ਵਿਚ ਮਾਤਾ ਜੱਸਾਂ ਨਾਲ ਹੋਇਆ, ਜਿਨਾਂ ਤੋਂ ਦੋ ਲੜਕੀਆਂ ਬੀਬੀ ਨੰਦਾਂ ਤੇ ਦਇਆ ਕੌਰ ਪੈਦਾ ਹੋਈਆਂ।

## ਸਿਖ ਫੌਜ ਵਿਚ

ਸੰਮਤ ੧੮੯੪ (ਸੰਨ ੧੮੩੭) ਤੋਂ ਸੰਮਤ ੧੯੦੨ (ਸੰਨ ੧੮੪੫ ਈ:) ਤਕ ਆਪ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ (ਜਿਸਦਾ ਨਾਉਂ ਨੌਨਿਹਾਲ ਸਿੰਘ ਰਜਮੈਂਟ ਸੀ) ਨੌਕਰੀ ਕੀਤੀ।

## ਹਜ਼ਰੋਂ ਵਿਚ

ਸੰਨ ੧੮੪੧ ਈ: ਨੂੰ ਜਦ ਆਪ ਆਪਣੀ ਪਲਟਣ ਨਾਲ ਕਿਸੇ ਸ੍ਰਕਾਰੀ ਕੰਮ ਲਈ ਪਸ਼ੌਰ ਨੂੰ ਜਾ ਰਹੇ ਸਨ, ਰਸਤੇ ਵਿਚ ਹਜ਼ਰੋਂ ਸ਼ਹਿਰ ਵਿਚ ਠਹਿਰੇ। ਏਥੇ ਇਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਬਾਲਕ ਸਿੰਘ ਜੀ ਅਪਣੇ ਅੰਮ੍ਰਿਤ ਉਪਦੇਸ਼ਾਂ ਨਾਲ ਸੰਸਾਰੀ ਜੀਆਂ ਦੇ ਕਲਿਆਨ ਵਿਚ ਤਤਪਰ ਸਨ। ਆਪ

---

* ਬਾਬਾ ਬੁਧ ਸਿੰਘ ਜੀ ਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਵਾਕ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਦੇ ਨਾਉਂ ਨਾਲ ਪ੍ਰਸਿਧ ਹੋਏ।



Sri Satguru Jagjit Singh Ji Elibrary NamdhariElibrary@gmail.com

ਨੂੰ ਪਤਾ ਲੱਗਾ ਤਾਂ ਓਨ੍ਹਾਂ ਦੇ ਚਰਨਾਂ ਵਿਚ ਹਾਜ਼ਰ ਹੋ "ਨਾਮ ਦੀਖਯਾ" ਪ੍ਰਾਪਤ ਕੀਤੀ ਅਤੇ ਸੁਕਾਰੀ ਕਾਰਜ ਪੂਰਾ ਕਰਕੇ ਵਾਪਸ ਲਾਹੌਰ ਪੁਜ ਗਏ।

## ਪੰਥਕ ਗਿਰਾਵਟ ਦਾ ਅਨੁਭਵ

ਸਿਖ ਫੌਜ ਵਿਚ ਰਹਿੰਦਿਆਂ ਹੋਇਆਂ ਆਪ ਨੇ ਇਹ ਚੰਗੀ ਤਰ੍ਹਾਂ ਦੇਖ ਲਿਆ ਸੀ, ਕਿ ਦੇਸ ਤੇ ਰਾਜ ਕਰਨ ਵਾਲੇ ਸਿੱਖ ਆਪਣੇ ਧਰਮ, ਸਦਾਚਾਰ ਅਤੇ ਕ੍ਰਤੱਵ ਤੋਂ ਮੁੰਦੇ ਹੋ ਗਏ ਹਨ। ਓਨਾਂ ਦੇ ਸ੍ਰੀਰਕ ਪਿੰਜਰਿਆਂ ਵਿਚੋਂ ਸਿਖੀ ਦਾ ਅਧਿਆਤਮਕ ਪੰਛੀ ਉਡ ਕੇ ਕਿਸੇ ਦੂਜੇ ਮੰਡਲ ਵਿਚ ਪ੍ਰਵੇਸ਼ ਕਰ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿਛੋਂ ਜੋ ਅਦਲਾ ਬਦਲੀ ਹੋਈ, ਓਸ ਦੀ ਦੁਖਦਾਇਕ ਤੇ ਹਿਰਦੇ ਵੇਧਕ ਦੁਰਦਸ਼ਾ ਦੀ ਤਸਵੀਰ ਸਤਿਗੁਰੂ ਜੀ ਨੇ ਆਪਣੇ ਨੇਤ੍ਰਾਂ ਨਾਲ ਤੱਕੀ ਸੀ। ਇਸ ਲਈ ਓਨ੍ਹਾਂ ਨੇ ਇਕ ਵਾਰ ਨਹੀਂ ਸਗੋਂ ਕਈ ਵਾਰ ਅਪਣੇ ਮਿਤ੍ਰਾਂ, ਸੇਵਕਾਂ ਤੇ ਅਫਸਰਾਂ ਦੇ ਸਾਹਮਣੇ ਨਿਡਰ ਹੋ ਕੇ ਕਹਿ ਦਿਤਾ ਸੀ ਕਿ—"ਸਿਖਾਂ ਅੰਦਰ ਮਲੇਛਤਾ ਉਤਪੰਨ ਹੋ ਚੁਕੀ ਹੈ, ਇਸ ਲਈ ਹੁਣ ਸਿਖ ਰਾਜ ਬਹੁਤ ਦਿਨਾਂ ਤਕ ਸਥਿਰ ਨਹੀਂ ਰਹਿ ਸਕੇਗਾ" ਆਪ ਨੇ ਇਕ ਵਾਰ ਫੇਰ ਹਜ਼ਰੋਂ ਪੁੱਜ ਕੇ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ, ਤੇ ਵਾਪਸ ਲਾਹੌਰ ਪੁਜ ਗਏ।

## ਮੁੱਦਕੀ ਦੀ ਲੜਾਈ

੧੮ ਦਿਸੰਬਰ ੧੮੪੫ ਈ: ਨੂੰ ਮੁਦਕੀ ਦੇ ਮੈਦਾਨ ਵਿਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਸ਼ੁਰੂ ਹੋਈ। ਕਿਓਂਕਿ ਸਰਦਾਰਾਂ ਦੇ ਦਿਲਾਂ ਅੰਦਰ ਆਪ ਜੀ ਦਾ ਬਹੁਤ ਸਤਕਾਰ ਸੀ, ਇਸ ਲਈ ਆਪਦੀ ਸੇਵਾ ਵਿਚ ਬੇਨਤੀ ਕੀਤੀ ਗਈ ਕਿ ਆਪ ਸਿੱਖਾਂ ਦੀ ਫਤਹ ਵਾਸਤੇ ਅਰਦਾਸ ਕਰਨ ਪ੍ਰੰਤੂ ਆਪ ਨੇ ਇਹ ਕਹਿ ਕੇ ਨਾਂਹ ਕਰ ਦਿਤੀ ਕਿ "ਭਾਵੇਂ ਕਿੰਨਾ ਟਿਲ ਲਾਇਆ ਜਾਵੇ ਸਿਖਾਂ ਦੀ ਫਤਹ ਨਹੀਂ ਹੋ ਸਕਦੀ।"

## ਭੈਣੀ ਸਾਹਿਬ ਨੂੰ

ਭਜਨ ਬੰਦੀ ਵਿਚ ਜੁੜੇ ਰਹਿਣ ਅਤੇ ਕਦੇ ਕਦੇ ਅਗੰਮੀ ਵਾਕ ਕਰਦੇ ਰਹਿਣ ਦੇ ਕਾਰਨ ਆਪਨੂੰ ਸਤਕਾਰ ਨਾਲ ਨੌਕਰੀ ਤੋਂ ਸੁਤੰਤ੍ਰ ਕਰ ਦਿਤਾ ਗਿਆ ਸੀ, ਇਸ ਲਈ ਆਪ ਸਿਧੇ ਆਪਣੇ ਪਿੰਡ ਪੁਜੇ।

## ਡੇਰੇ ਦੀ ਉਸਾਰੀ

ਆਪਣੇ ਪਿਤਾ ਜੀ ਨਾਲ ਘ੍ਰੇਗੀ ਕ੍ਰਿਤ ਵਿਹਾਰ ਕਰਨ ਵਿਚ ਕੁਛ ਸਮਾਂ

ਬਿਤੀਤ ਕਰਨ ਉਪ੍ਰੰਤ ਆਪ ਨੇ ਭੈਣੀਆਲਾ ਵਿਖੇ ਇਕ ਡੇਰਾ ਤਿਆਰ ਕੀਤਾ ਜਿਸਦੀ ਪ੍ਰਸਿੱਧੀ ਨ ਸਿਰਫ ਹਿੰਦੁਸਤਾਨ ਵਿਚ ਬਲਕੇ ਇੰਡੀਆ ਆਫ਼ਿਸ ਲੰਡਨ ਦੀਆਂ ਕੰਧਾਂ ਤਕ ਖਿੰਡ ਚੁਕੀ ਸੀ।

ਇਸ ਤੋਂ ਪਿਛੋਂ ਆਪਣੇ ਮਾਮੇ ਸ੍ਰ: ਹਰੀ ਸਿਘ ਦੇ ਪੁਤ੍ਰ ਖ਼ਜ਼ਾਨ ਸਿੰਘ ਦੇ ਪ੍ਰੇਮ ਕਰਨ ਕਰਕੇ ਆਪ ਕੁਛ ਸਮੇਂ ਤਕ ਫੀਰੋਜਪੁਰ ਦੇ ਕਿਲੇ ਵਿਚ ਰਹੇ ਜਿਥੇ ਆਪ ਨੇ ਆਪਣੀ ਨਿਗਰਾਨੀ ਹੇਠ ਕਿਲੇ ਦੀ ਮੁਰੰਮਤ ਦਾ ਕੁਛ ਕੰਮ ਕਰਾਇਆ ਅਤੇ ਕ੍ਰਿਤੀਆਂ ਅੰਦਰ ਨਾਮ ਬਾਣੀ ਦਾ ਪ੍ਰਵਾਹ ਜਾਰੀ ਕੀਤਾ.।

## ਗੁਰਤਾ ਦੀ ਦਾਤ

ਜਦੋਂ ਆਪ ਗੁਰੂ ਬਾਲਕ ਸਿੰਘ ਜੀ ਦਾ ਦਰਸ਼ਨ ਕਰਨ ਵਾਸਤੇ ੧੮੯੮ ਬਿ.(੧੮੪੧ ਈ.) ਵਿਚ ਹਜ਼ਰੋਂ ਗਏ ਤਾਂ ਉਦੋਂ ਹੀ ਉਨ੍ਹਾਂ ਨੇ ਆਪਨੂੰ ਆਪਣੇ ਜਾਨਸ਼ੀਨ ਨੀਯਤ ਕਰਦਿਆਂ ਹੋਇਆਂ ਕਿਹਾ: ਕਿ—"ਦੇਸ਼ ਅਤੇ ਕੌਮ ਦੀ ਵਿਗੜੀ ਨੂੰ ਸੁਧਾਰਨ ਲਈ ਕਮਰਕੱਸਾ ਕਰ ਲਓ। ਕੌਮੀਯਤ ਦਾ ਬਗੀਚਾ ਜੋ ਬਦੇਸੀ ਹਕੂਮਤ ਦੀ ਪਤਝੜ ਨੇ ਵਿਰਾਨ ਕਰ ਦਿਤਾ ਹੈ, ਉਸਨੂੰ ਹਰਾ-ਭਰਾ ਕਰਨ ਦਾ ਭਾਰ ਹੁਣ ਆਪਦੇ ਹੀ ਸਿਰ ਤੇ ਹੈ। ਠਾਕੁਰ ਜੀ! ਜਦ ਤਕ ਕੋਈ ਦੇਸ ਵਿਦੇਸ਼ੀਆਂ ਦੇ ਅਧੀਨ ਰਹੇ, ਤਦ ਤਕ ਉਹ ਆਤਮਿਕ, ਆਰਥਕ, ਸਮਾਜਕ ਅਤੇ ਰਾਜਨੀਤਕ ਉਨਤੀ ਕਰਨ ਦੇ ਯੋਗ ਨਹੀਂ ਹੋ ਸਕਦਾ। ਇਸ ਲਈ ਦੇਸ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਕਰਨ ਦੀ ਭਾਰੀ ਲੋੜ ਹੈ।"

*

Sri Satguru Jagjit Singh Ji Elibrary NamdhariElibrary@gmail.com

# ਸੰਤ ਖਾਲਸੇ ਦੀ ਰਚਨਾ

ਸਤਿਗੁਰੂ ਜੀ ਨੇ ਵਾਪਸ ਆ ਕੇ ਸ੍ਰੀ ਭੈਣੀ ਸਾਹਿਬ ਵਿਚ ਇਕ ਲੋਹੇ ਕੱਪੜੇ ਦੀ ਦੂਕਾਨ ਖੋਲ੍ਹੀ। ਥੋੜ੍ਹਾ ਚਿਰ ਇਹ ਵਿਹਾਰ ਕਰਨਾ ਪਰ ਬਹੁਤ ਸਾਰਾ ਸਮਾਂ ਨਾਮ ਅਭਿਆਸ ਅਤੇ ਗੁਰਬਾਣੀ ਪੜ੍ਹਨ ਵਿਖੇ ਵਿਤੀਤ ਕਰਨਾ ਆਪ ਦਾ ਸਦੀਵੀ ਸ਼ੁਗ਼ਲ ਸੀ। ਦੁਕਾਨ ਦੇ ਯੋਗ ਲਾਭ ਦੁਆਰਾ ਪ੍ਰਵਾਰਕ ਨਿਰਬਾਹ ਕੀਤਾ ਜਾਂਦਾ ਅਤੇ ਆਏ ਗਏ ਦੀ ਸੇਵਾ ਦਾ ਕ੍ਰਤੱਵਜ ਪਾਲਿਆ ਜਾਂਦਾ ਸੀ। ਦੇਸ਼ ਦੀ ਦੁਰਦਸ਼ਾ ਬਾਬਤ ਆਪਣਾ ਅਨੁਭਵ ਅਤੇ ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਉਪਦੇਸ਼ ਉਨ੍ਹਾਂ ਦੀਆਂ ਅੱਖਾਂ ਦੇ ਸਉਹੇਂ ਮੂਰਤੀਮਾਨ ਰਹਿੰਦਾ ਸੀ, ਇਸ ਲਈ ਆਪ ਅਜੇਹੇ ਸਮਾਜ ਦੀ ਨੀਂਹ ਰੱਖਣ ਵਾਸਤੇ ਚਿੰਤਾਤੁਰ ਰਹਿੰਦੇ ਸਨ, ਜੋ ਦੇਸ਼ ਦੀ ਇਸ ਮਹਾਨ ਸੇਵਾ ਦਾ ਭਾਰ ਆਪਣੇ ਮੋਢਿਆਂ ਤੇ ਚੁੱਕ ਕੇ ਜੰਤਾ ਦੀ ਕਾਇਆ ਪਲਟਣ ਦੇ ਯੋਗ ਹੋਵੇ। ਉਨ੍ਹਾਂ ਦੇ ਦਿਲ ਦਰਿਆ ਵਿਚ ਅਜੇਹੀ ਲਹਿਰ ਪੈਦਾ ਕਰਨ ਦਾ ਜਜ਼ਬਾ ਲਹਿਰਾ ਰਿਹਾ ਸੀ, ਜੋ ਆਪਣੀਂ ਕਾਂਗ ਅੱਗੇ ਦੇਸ਼ ਵਿਚ ਫੈਲ ਰਹੀਆਂ ਹਰ ਤਰ੍ਹਾਂ ਦੀਆਂ ਬੁਰਾਈਆਂ ਨੂੰ ਕੱਖਾਂ ਤੇ ਕਾਨਿਆਂ ਵਾਂਗ ਰੋੜ੍ਹ ਕੇ ਲੈ ਜਾਵੇ। ਸੋ ਇਸ ਮਹਾਨ ਕਾਰਜ ਨੂੰ ਅਰੰਭਣ ਵਾਸਤੇ ਸ੍ਰੀ ਕਲਗੀਧਰ ਜੀ ਦੇ ਸਮਾਨ ਆਪ ਨੇ ਵੀ ਵੈਸਾਖੀ ਦਾ ਦਿਨ ਨਿਸਚਿਤ ਕੀਤਾ। ਉਹ ਵੈਸਾਖੀ ਸੰਮਤ ੧੭੫੬ ਬਿ: ਦੀ ਅਤੇ ਇਹ ੧੯੧੪ ਦੀ ਸੀ। ਗੱਲ ਕੀ, ਦਸਮੇਸ ਪਿਤਾ ਦੇ ਖ਼ਾਲਸਾ ਪੰਥ ਦੀ ਨੀਂਹ ਰਖਣ ਤੋਂ ਪੂਰੇ ੧੫੮ ਸਾਲ ਪਿਛੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸੇ ਸਮਾਜ ਦੀ ਨੀਂਹ ਰੱਖੀ ਜਿਸਨੂੰ ਨਾਮਧਾਰੀ ਪੰਥ, ਸੰਤ ਖ਼ਾਲਸਾ ਅਤੇ ਕੂਕਾ ਪੰਥ ਆਦਿਕ ਨਾਵਾਂ ਨਾਲ ਪੁਕਾਰਿਆ ਗਿਆ। ਨਾਮ ਜਪਣ ਕਰਕੇ ਨਾਮਧਾਰੀ, ਸਾਤਵਿਕ ਗੁਣਾਂ ਦੀ ਬਹੁਲਤਾ ਦੇ ਕਾਰਨ "ਸੰਤ ਖਾਲਸਾ" ਅਤੇ "ਆਜ਼ਾਦੀ ਦੀ ਕੂਕ" ਮਾਰਨ ਦੇ ਦ੍ਰਿਸ਼ਟੀਕੋਣ ਨਾਲ "ਕੂਕੇ" ਆਦਿਕ ਸ਼ਬਦਾਂ ਦੀ ਵਰਤੋਂ ਉਨ੍ਹਾਂ ਦੇ ਚਲਨ ਦੇ ਐਨ ਅਨਕੂਲ ਕਹੀ ਜਾ ਸਕਦੀ ਹੈ। ਸਭ ਤੋਂ ਪਹਿਲੋਂ ਆਪ ਨੇ ਹੇਠ ਲਿਖੇ ਅਨੁਸਾਰ ਪੰਜਾਂ ਸਰੀਰਾਂ ਨੂੰ ਨਾਮ ਦੇਣ ਉਪ੍ਰੰਤ ਅੰਮ੍ਰਿਤ ਛਕਾ ਸਿੰਘ ਸਜਾਇਆ।



Sri Satguru Jagjit Singh Ji Elibrary NamdhariElibrary@gmail.com

(੧) ਕਾਹਨ ਸਿੰਘ ਨਿਹੰਗ, (੨) ਲਾਭ ਸਿੰਘ ਰਾਗੀ, (੩) ਆਤਮਾ ਸਿੰਘ, (੪) ਨੈਣਾਂ ਸਿੰਘ ਅਤੇ (੫) ਸੁਧ ਸਿੰਘ ਇਨ੍ਹਾਂ ਪੰਜਾਂ ਸਿੱਖਾਂ ਨੂੰ ਨਾਮ-ਅੰਮ੍ਰਿਤ ਦੀ ਦਾਤ ਬਖਸ਼ਣ ਉਪ੍ਰੰਤ ਹੇਠ ਲਿਖੇ ਅਸੂਲਾਂ ਦੇ ਧਾਰਨ ਅਤੇ ਪ੍ਰਚਾਰਨ ਦੀ ਆਗਿਆ ਕੀਤੀ ਗਈ:-

## ਨਾਮਧਾਰੀ ਅਸੂਲ

(੧) ਸਦਾਚਾਰਕ—ਮਾਸ ਸ਼ਰਾਬ, ਚੋਰੀ, ਯਾਰੀ ਅਤੇ ਝੂਠ ਦਾ ਤਿਆਗ, ਬਿਆਜ ਨਹੀਂ ਲੈਣਾ, ਜਿਨਸ ਦੇ ਕੇ ਸਵਾਈ ਡਿਉੜੀ ਨਹੀਂ ਲੈਣੀ।

(੨) ਸਮਾਜਕ—ਕੁੜੀਆਂ ਮਾਰਨ, ਵੇਚਣ, ਵੱਟੇ ਦੇ ਸਾਕ ਤੇ ਬਾਲ ਵਿਆਹ ਦੀ ਉੱਕੀ ਮਨਾਹੀ।* ਦਾਜ ਦੇ ਰੂਪ ਵਿਚ ਚੀਜ਼ਾਂ ਦੇਣ ਦੀ** ਨਖੇਧੀ ਤੇ ਵਿਧਵਾ ਵਿਆਹਾਂ ਦੀ ਖੁਲ੍ਹ। ਵਹਿੜਕਾ ਖੱਸੀ ਨਹੀਂ ਕਰਾਣਾ।

(੩) ਧਾਰਮਿਕ—ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਜਪਣਾ, ਤੇ ਬਾਣੀ ਦਾ ਪਾਠ ਕਰਨਾ, ਸਾਦੀ ਖੁਰਾਕ, ਸਾਦੀ ਪੁਸ਼ਾਕ, ਸਿੱਧੀ ਦਸਤਾਰ ਧਾਰਨ ਕਰਨੀ। ਉੱਨ ਦੀ ਮਾਲਾ, ਆਸਣ, ਪਊਏ ਤੇ ਗੜਵਾ

---

(੧) ਆਪ ਪਿੰਡ ਚੱਕ ਕਲਾਂ ਰਿਆਸਤ ਮਾਲੇਰਕੋਟਲਾ ਦੇ ਵਸਨੀਕ ਸਨ। ਸਿਖ ਫੌਜ ਵਿਖੇ ਸਤਿਗੁਰੂ ਜੀ ਦੇ ਨਾਲ ਹੀ ਮੁਲਾਜ਼ਮ ਸਨ। ਫ਼ੌਜ ਦੀ ਨੌਕਰੀ ਦੇ ਸਮੇਂ ਤੋਂ ਹੀ ਆਪ ਸ੍ਰੀ ਸਤਿਗੁਰੂ ਜੀ ਦੇ ਚਰਨ ਸੇਵਕ ਹੋ ਗਏ ਸਨ। ਮੁੱਦਕੀ ਦੇ ਜੰਗ ਤੋਂ ਪਿਛੋਂ ਆਪ ਭੈਣੀ ਸਾਹਿਬ ਚਲੇ ਗਏ ਸਨ।

(੨) ਆਪ ਅੰਮ੍ਰਿਤਸਰ ਦੇ ਇਕ ਪ੍ਰਸਿਧ ਰਾਗੀ ਸਨ। ਇਕ ਰਾਤ ਸੁੱਤਿਆਂ ਪਿਆਂ ਅਵਾਜ਼ ਆਈ ਕਿ ਸਮੇਂ ਦੇ ਗੁਰੂ ਦਾ ਦਰਸ਼ਨ ਕਰਨਾ ਹੈ, ਤਾਂ ਭੈਣੀ ਸਾਹਿਬ ਪੁਜੇ।

(੩) ਆਪ ਪਿੰਡ ਆਲੋ ਮਹਾਰ ਜ਼ਿਲਾ ਸਿਆਲਕੋਟ ਦੇ ਇਕ ਧੁਰੰਧਰ ਵਿਦਵਾਨ ਸਨ। ਆਤਮਕ ਸ਼ਾਂਤੀ ਦੇ ਵਾਸਤੇ ਪੂਰੇ ਗੁਰੂ ਦੀ ਭਾਲ ਵਿਚ ਸ੍ਰੀ ਭੈਣੀ ਸਾਹਿਬ ਪੁਜੇ, ਅਤੇ ਜਿਸ ਮਾਲਾ ਦੇ ਮਣਕੇ ਸਨ, ਓਸੇ ਵਿਚ ਪ੍ਰੋਤੇ ਗਏ।

(੪) ਆਪ ਦਾ ਪਿੰਡ ਵਰਿਆਂਹ ਤਸੀਲ ਤਰਨ ਤਾਰ ਜ਼ਿਲ੍ਹਾ ਅੰਮ੍ਰਿਤਸਰ ਸੀ, ਗੁਰੂ ਦਰਸ਼ਨ ਦੀ ਤੀਬਰ ਅਭਿਲਾਸ਼ਾ ਸੀ। ਬਾਬਾ ਲਾਭ ਸਿੰਘ ਜੀ ਤੋਂ ਸੋ ਸੁਣ ਕੇ ਭੈਣੀ ਸਾਹਿਬ ਗਏ ਤੇ ਨਦਰੀ ਨਦਰ ਨਿਹਾਲ ਹੋ ਗਏ।

(੫) ਇਹ ਬਾਬਾ ਜੀ ਪਿੰਡ ਦੁਰਗਾਪੁਰ ਜ਼ਿਲਾ ਜਲੰਧਰ ਦੇ ਸਨ।

* ਬਾਲ ਵਿਆਹ ਦੀ ਕੁਰੀਤੀ ਨੂੰ ਰੋਕਣ ਵਾਸਤੇ ਸਤਿਗੁਰੂ ਜੀ ਨੇ ਆਗਜ਼ਾ ਕੀਤੀ ਸੀ ਕਿ ੧੪-੧੫ ਸਾਲਾਂ ਤੋਂ ਘਟ ਕੋਈ ਕੁੜੀ ਨਾਂ ਵਿਆਹੇ।

** ਵਿਆਹਾਂ ਦੇ ਸਮੇਂ ਸਤਿਗੁਰੂ ਜੀ ਨੇ ਘਟ ਤੋਂ ਘਟ ਖ਼ਰਚ ਕਰਨ ਦੀ ਹਦੈਤ ਕੀਤੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੯੭ ਦੇ ਹੋਲੇ ਸ੍ਰੀ ਭੈਣੀ ਸਾਹਿਬ ਵਿਚ ਐਲਾਨ ਕੀਤਾ ਕਿ ਸਭ ਨਾਮਧਾਰੀ ਸਿੱਖ ਆਪਣੇ ਲੜਕੇ ਲੜਕੀਆਂ ਦੇ ਵਿਆਹ ਮੇਲਿਆਂ ਵਿਚ ਕਰਿਆ ਕਰਨ। ੧੩ ਰੁਪਯਾਂ ਤੋਂ ਵਧ ਵਿਆਹ ਦੇ ਸਮੇਂ ਖਰਚ ਕਰਨ ਦੀ ਕਿਸੇ ਨੂੰ ਆਗਜ਼ਾ ਨਹੀਂ ਹੈ। ਘਟ ਤੋਂ ਘਟ ੧) ਕੜਾਹ ਪ੍ਰਸ਼ਾਦ ਦਾ ਪਰ ਜਿਸ ਪਾਸ ਇਹ ਵੀ ਨਾ ਹੋਵੇ, ਉਸ ਵਾਸਤੇ ਗੁਰੂ ਕੀ ਗੋਲਕ ਵਿਚੋਂ ਦਿਤਾ ਜਾ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਰੱਖਣਾ, ਸੁਚ ਸੰਜਮ ਦੀ ਧਾਰਨਾ, ਅਤਿਥੀ ਸਤਕਾਰ, ਗਊ ਰਖਿਆ, ਯੱਗ ਹੋਮ, ਤੇ ਪੰਜਾਂ ਕਕਾਰਾਂ ਦੀ ਮ੍ਰਯਾਦਾ ਦਾ ਵਿਧਾਨ। ਅਹਿੰਸਾ ਦੀ ਪਾਲਣਾ।

(੪) ਰਾਜਨੀਤਕ—ਸ੍ਰਕਾਰੀ ਨੌਕਰੀ ਨਹੀਂ ਕਰਨੀ, ਸ੍ਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਾਣੇ, ਆਪਸ ਵਿਚ ਦੇ ਮੁਕੱਦਮੇ ਆਪਣੀਆਂ ਪੰਚੈਤਾਂ ਵਿਚ ਨਿਬੇੜਨੇ, ਸੁਦੇਸ਼ੀ ਚੀਜ਼ਾਂ ਵਰਤਣੀਆਂ, ਡਾਕ ਵਿਚ ਚਿਠੀ ਨਹੀਂ ਪਾਣੀ ਅਤੇ ਲਗਦੀ ਵਾਹੇ ਰੇਲ ਤੇ ਨਹੀਂ ਚੜ੍ਹਨਾ। ਸਭ ਤੋਂ ਪਹਿਲੋਂ ਸਾਜੇ ਗਏ ਇਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਦੀ ਆਗਯਾ ਦਾ ਬੜੀ ਕਰੜਾਈ ਨਾਲ ਪਾਲਨ ਕੀਤਾ। ਨਾਮ ਅਤੇ ਬਾਣੀ ਦੇ ਅਭਿਆਸ ਨੇ ਉਨ੍ਹਾਂ ਦੇ ਅੰਦਰ ਸੁੱਤੀ ਹੋਈ ਕਲਾ ਨੂੰ ਜਗਾ ਦਿਤਾ। ਅੰਤਰ ਆਤਮੇ ਵਿਖੇ ਅਜੇਹਾ ਪ੍ਰਕਾਸ਼ ਹੋਇਆ, ਕਿ ਕਪਾਟ ਖੁਲ੍ਹ ਗਏ। ਇਹ ਜਿਥੇ ਜਿਥੇ ਵੀ ਗਏ, ਨਾਮ ਦੀ ਖੁਸ਼ਬੂ ਖਿੱਲਰ ਗਈ। ਇਨ੍ਹਾਂ ਦੇ ਦਰਸ਼ਨ ਪ੍ਰਭਾਵ ਨਾਲ ਦਰਸ਼ਕਾਂ ਦੇ ਦਿਲ ਖਿੱਚੇ ਜਾਂਦੇ ਸਨ। ਇਨ੍ਹਾਂ ਤੋਂ ਗੁਰੂ ਜੀ ਦਾ ਜਸ ਸੁਣ ਕੇ ਲੋਕ ਸ੍ਰੀ ਭੈਣੀ ਸਾਹਿਬ ਨੂੰ ਜਾਣ ਲੱਗ ਪਏ। ਸ੍ਰੀ ਸਤਿਗੁਰੂ ਜੀ ਨੇ ਵੀ ਨੇੜੇ ਦੇ ਪਿੰਡਾਂ ਦਾ ਦੌਰਾ ਸ਼ੁਰੂ ਕਰ ਦਿਤਾ। ਸਭ ਤੋਂ ਪਹਿਲੋਂ ਜ਼ਿਲਾ ਜਾਲੰਧਰ ਦੇ ਮੁਠੱਡਾ ਕਲਾਂ ਤੇ ਧੁਲੇਤਾ ਆਦਿ ਪਿੰਡਾਂ ਵਿਚ ਦੌਰਾ ਕੀਤਾ, ਉਪ੍ਰੰਤ ਜਿਲਾ ਲੁਧਿਆਣਾ ਦੇ ਸਮਰਾਲਾ ਰਾਏਪੁਰ ਲੋਹ ਗੜ੍ਹ ਅਤੇ ਗੁਜਰਵਾਲ ਆਦਿ ਪਿੰਡਾਂ ਵਿਚ* ਸੈਂਕੜੇ ਨਰ ਨਾਰੀਆਂ ਨੂੰ ਨਾਮ ਦਾਨ ਬਖਸ਼ਕੇ ਅਕਾਲ ਪੁਰਖ ਦੀ ਭਗਤੀ ਵਿਚ ਦ੍ਰਿੜ ਕੀਤਾ। ਇਸ ਇਲਾਕੇ ਵਿਚ ਕੁੜੀਆਂ ਮਾਰਨ ਦਾ ਬਹੁਤ ਰਿਵਾਜ ਸੀ। ਕੀ ਹਿੰਦੂ ਤੇ ਕੀ ਸਿਖ। ਦਾਜ ਵਰੀ ਅਤੇ ਗਹਿਣਿਆਂ ਦੇ ਵਧੇ ਹੋਏ ਰਿਵਾਜ ਕਾਰਨ ਲੜਕੀਆਂ ਨੂੰ ਜੰਮਦਿਆਂ ਹੀ ਪਾਰ ਕਰ ਦਿਤਾ ਜਾਂਦਾ ਸੀ। ਸਤਿਗੁਰੂ ਜੀ ਨੇ ਇਸ ਘੋਰ ਅਤਯਾਚਾਰ ਦੇ ਵਿਰੁੱਧ ਬੜੇ ਜ਼ੋਰ ਨਾਲ ਆਵਾਜ਼ ਉਠਾਈ ਜਿਸਦੇ ਅਸਰ ਨਾਲ ਬਹੁਤ ਸਾਰੇ ਗਰੇਵਾਲਾਂ ਨੇ, ਜਿਨ੍ਹਾਂ ਵਿਚ ਹਿੰਦੂ ਤੇ ਸਿਖ ਵੀ ਸ਼ਾਮਿਲ ਸਨ, ਇਸ ਪਾਪ ਤੋਂ ਛੁਟਕਾਰਾ ਪਾਇਆ। ਰਾਏਪੁਰ ਨਾਮੀ ਪਿੰਡ ਵਿਚ ਸ੍ਰਦਾਰ ਦਰਬਾਰਾ ਸਿੰਘ** ਨੇ ਸਤਿਗੁਰੂ ਜੀ ਨੂੰ ਆਪਣੇ ਘਰ ਲੈਜਾ ਕੇ ਸੇਵਾ ਕੀਤੀ,

* ਗੁਜਰਵਾਲ ਦਾ ਚੈਨ ਸਿੰਘ ਅਤੇ ਉਸਦੀ ਭੈਣ ਕਰਮੋਂ ਵੀ ਸਤਿਗੁਰੂ ਜੀ ਦੇ ਸਿਖ ਬਣੇ। ਚੈਨ ਸਿੰਘ ਜੀ ਨੇ ਬਹੁਤ ਚਿਰ ਸਤਿਗੁਰਾਂ ਦੀ ਸੇਵਾ ਵਿਚ ਰਹਿ ਕੇ ਜਨਮ ਸਫਲਾ ਕੀਤਾ।

** ਸ੍ਰਦਾਰ ਦਰਬਾਰਾ ਸਿੰਘ ਜੀ ਬੜੇ ਸ਼ਰਾਬੀ ਸਨ। ਆਪਦਾ ਇਹ ਕਰਤਬ ਸੀ ਕਿ ਸ਼ਰਾਬ ਦੇ ਲਾਹਣ ਵਿਚ ਪੰਜ ਸੌ ਚਿੜਾ, ੧੦੦ ਮੁਰਗਾ ਤੇ ਪੰਜ ਬੱਕਰੇ ਪਾ ਕੇ ਸ਼ਰਾਬ ਕੱਢਿਆ ਕਰਦੇ ਸਨ। ਅਫੀਮ ਏਨੀ ਖਾਂਦੇ ਸੀ ਕਿ ਜਿਧਰ ਹਰ ਰੋਜ਼ ਬਾਹਰ ਜਾਂਦੇ ਰੁਖਾਂ ਨੂੰ ਅਫ਼ੀਮ ਲਾ ਛਡਦੇ ਤਾਕਿ ਜਦੋਂ ਓਧਰ ਜਾਣ ਦਾ ਮੌਕਾ ਮਿਲੇ ਆਪਣੇ ਅਮਲ ਦਾ ਡੰਗ ਪੂਰਾ ਕਰ ਲਿਆ ਜਾਵੇ। ਸਤਿਗੁਰਾਂ ਭਜਨ ਦੇ ਕੇ ਆਖਿਆ ਡੱਬੀ ਸੁੱਟਦੇ। ਓਸੇ ਵੇਲੇ ਡੱਬੀ ਸੁਟ ਸਭ ਕੁਝ ਛਡ ਦਿਤਾ।

ਜਿਥੇ ਕਈ ਗਰੇਵਾਲ ਗੁਰੂ ਜੀ ਦੇ ਸਿੱਖ ਬਣੇ ਅਤੇ ਭੈੜੀਆਂ ਰਸਮਾਂ ਦੇ ਛੱਡਣ ਦਾ ਪ੍ਰਣ ਕੀਤਾ।

## ਸੂਤਰ

ਸਤਿਗੁਰੂ ਜੀ ਦੇ ਸਿਖ ਢੋਲਕੀ ਛੈਣਿਆਂ ਨਾਲ ਪ੍ਰੇਮ ਮਈ ਕੀਰਤਨ ਕਰਦੇ ਕਰਦੇ ਮਸਤਾਨੇ ਹੋ ਜਾਂਦੇ ਸਨ। ਨਾਮ ਅਤੇ ਬਾਣੀ ਦੀ ਰੰਗਣ ਵਿਚ ਉਨ੍ਹਾਂ ਨੂੰ ਤਨ ਮਨ ਦੀ ਸੁੱਧ ਤਕ ਵਿਸਰ ਜਾਂਦੀ ਸੀ। ਮਸਤੀ ਦੀ ਇਸ ਦਸ਼ਾ ਨੂੰ ਸੂਫ਼ੀਆਂ ਵਿਚ 'ਵਜਦ' ਯਾ 'ਹਾਲ' ਦੇ ਨਾਉਂ ਨਾਲ ਪੁਕਾਰਿਆ ਜਾਂਦਾ ਹੈ। ਪਰ ਨਾਮਧਾਰੀ ਸੰਤ ਖ਼ਾਲਸੇ ਵਿਚ ਇਸ ਹਾਲਤ ਦਾ ਨਾਉਂ—"ਸੂਤਰ" ਪ੍ਰਸਿਧ ਹੈ। ਸ੍ਰੀ ਸਤਿਗੁਰੂ ਜੀ ਇਕ ਦਿਨ ਜਦ ਲੋਹਗੜ੍ਹ ਨਾਮੀ ਪਿੰਡ ਵਿਚ ਦਰਸ਼ਨ ਦੇ ਰਹੇ ਸਨ, ਤਾ ਨਗਰ ਨਿਵਾਸੀਆਂ ਨੇ ਬੇਨਤੀ ਕੀਤੀ ਕਿ "ਪਾਤਸ਼ਾਹ! ਸਾਨੂੰ ਕਦੇ ਸੂਤਰ ਨਹੀਂ ਪਿਆ। ਆਗਜਾ ਹੋਈ—"ਭਾਈ! ਸੂਤਰ ਨੂੰ ਝੂਠ ਨਹੀਂ ਜਾਨਣਾ। ਇਸਤੋਂ ਪਿਛੋਂ ਜਦੋਂ ਵੀ ਪਿੰਡ ਵਿਚ ਦੀਵਾਨ ਸਜਦਾ, ਢੋਲਕੀ ਛੈਣਿਆਂ ਦਾ ਅਵਾਜ਼ ਸੁਣਦਿਆਂ ਸਾਰ ਕਈਆਂ ਨੂੰ ਸੂਤਰ ਹੋ ਜਾਂਦਾ। ਕਈ ਮਾਈਆਂ ਬੀਬੀਆਂ ਅਤੇ ਭਾਈ ਮਸਤਾਨੇ ਹੋ ਜਾਦੇ, ਕਈ ਮੂਰਛਾ ਖਾ ਕੇ ਡਿਗ ਪੈਣ, ਕਈ ਰੰਗ ਵਿਚ ਹੱਸਣ ਨੱਚਣ ਅਤੇ ਰੋਣ ਲਗ ਪੈਂਦੇ। ਲੋਹਗੜ੍ਹ ਦੇ ਦੂਲੋ ਭਰਾਈ ਤੇ ਸੰਭੇ ਚਮਿਆਰ ਨੂੰ ਅਜੇਹਾ ਸੂਤ੍ਰ ਪਵੇ, ਕਿ ਉਹ ਕਈ ਕਈ ਦਿਨ ਬੇਸੁੱਧ ਪਏ ਰਹਿੰਦੇ ਸਨ।

## ਨਾਮ ਦਾ ਅਮਲ ਤੇ ਧੌਂਕਲ ਸਿੰਘ

ਜਦ ਸ੍ਰੀ ਸਤਿਗੁਰੂ ਜੀ ਰਾਏਪੁਰ ਵਿਖੇ ਸਨ, ਤਾਂ ਆਪ ਜੀ ਦੇ ਚਰਨਾਂ ਵਿਚ ਇਕ ਅਮਲੀ ਹਾਜ਼ਰ ਹੋਇਆ। ਬੇਨਤੀ ਕੀਤੀ—"ਮਹਾਰਾਜ! ਮੈਨੂੰ ਸੇਰ ਪੋਸਤ, ਅੱਧ ਸੇਰ ਸੁੱਖਾ ਅਤੇ ਅੱਧੀ ਛਟਾਂਕ ਅਫ਼ੀਮ ਦੀ ਲੋੜ ਹੈ।" ਸਤਿਗੁਰੂ ਜੀ ਨੇ ਕਿਹਾ—"ਭਾਈ! ਸਾਡੇ ਕੋਲ ਤਾਂ ਇਕ ਨਾਮ ਦਾ ਹੀ ਅਮਲ ਹੈ, ਜੇ ਲੋੜ ਹੈ, ਤਾਂ ਜਾਹ, ਇਸ਼ਨਾਨ ਕਰ ਆ। ਜਦ ਉਹ ਇਸ਼ਨਾਨ ਕਰਕੇ ਆਇਆ, ਤਾਂ ਸਤਿਗੁਰਾਂ ਨੇ ਕੰਨ ਵਿਚ ਅਜੇਹੀ ਫੂਕ ਮਾਰੀ, ਕਿ ਉਹ ਮਸਤਾਨਾ ਹੋ ਗਿਆ। ਘਰ ਜਾ ਕੇ ਪੋਸਤ ਵਾਲਾ ਕੂੰਡਾ ਭੰਨ ਦਿਤਾ ਤੇ ਡੰਡਾ ਸਾੜ ਦਿਤਾ। ਉਪ੍ਰੰਤ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਹਜ਼ੂਰ ਨੇ ਇਸ ਦਾ ਨਾਉਂ ਧੌਂਕਲ ਸਿੰਘ ਰੱਖਿਆ, ਜੋ ਗੁਰੂ ਕਾ ਬੜਾ ਸਿਦਕੀ ਸਿਖ, ਬੀਰਤਾ ਅਤੇ ਧੀਰਤਾ ਦਾ ਪੁਤਲਾ ਪ੍ਰਸਿਧ ਹੋਇਆ।

## ਬਾਬਾ ਜਵਾਹਰ ਸਿੰਘ ਜੀ ਨਿਰਮਲੇ

ਬਾਬਾ ਜਵਾਹਰ ਸਿੰਘ ਜੀ ਨਿਰਮਲੇ ਸੰਤ ਬੜੇ ਬਿਰਕਤ ਮਹਾਤਮਾ ਸਨ। ਸਤਿਗੁਰੂ ਜੀ ਦਾ ਜੱਸ ਸੁਣ ਕੇ ਦਰਸ਼ਨ ਨੀਮਤ ਸ੍ਰੀ ਭੈਣੀ ਸਾਹਿਬ ਪੁਜੇ। ਆਪ ਨੂੰ ਅੱਗੋਂ ਇਕ ਸਰੂ ਕੱਦ ਵਿਅਕਤੀ ਦੇ ਦਰਸ਼ਨ ਹੋਏ ਜੋ ਗੜਵਾ ਲੈ ਕੇ ਸ਼ੌਚ ਦਸ਼ਾ ਨਿਮਿਤ ਬਾਹਰ ਨੂੰ ਜਾ ਰਹੇ ਸਨ। ਗੜਵੇ ਵਾਲੀ ਵਿਅਕਤੀ ਨੇ ਸਾਧੂ ਦੇ ਚਰਨਾਂ ਤੇ ਨਮਸਕਾਰ ਕੀਤੀ। ਸਾਧੂ ਨੇ ਸਤਿਗੁਰੂ ਜੀ ਦਾ ਪਤਾ ਪੁੱਛਿਆ, ਤਾਂ ਉਸ ਲੰਮੀ ਮੂਰਤੀ ਵਲੋਂ ਬੇਨਤੀ ਕੀਤੀ ਗਈ ਕਿ—'ਮਹਾਰਾਜ! ਆਪ ਮੇਰੇ ਨਾਲ ਚਲੋ। ਅਗੇ ਡਿਉੜੀ ਵਿਚ ਇਕ ਮਾਤਾ ਜੀ ਪਲੰਘ ਵਿਛਾਈ ਬੈਠੇ ਅਤੇ ਬਾਹਰ ਨੂੰ ਤੱਕ ਰਹੇ ਸਨ। ਉਨਾਂ ਨੇ ਸੰਤਾਂ ਦੇ ਚਰਨ ਪਰਸ ਕੇ ਪਲੰਘ ਤੇ ਬਿਠਾ ਦਿਤਾ। ਉਹ ਵਿਅਕਤੀ ਜੋ ਬਾਬਾ ਜੀ ਨੂੰ ਨਾਲ ਲੈ ਕੇ ਆਇਆ ਸੀ ਅੰਦਰ ਚਲਾ ਗਿਆ। ਉਪ੍ਰੰਤ ਬੀਬੀਆਂ ਨੇ ਅੰਦਰੋਂ ਜਾ ਕੇ ਸਾਧੂ ਦੇ ਚਰਨ ਧੁਆਏ। ਪ੍ਰਸਾਦਾ ਤਿਆਰ ਕਰਕੇ ਛਕਾਇਆ। ਹੁਣ ਸਾਧੂ ਨੇ ਕਿਹਾ ਕਿ ਸਾਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਅਭਿਲਾਖਾ ਹੈ। ਸੰਤਾਂ ਨੂੰ ਮੰਦਰ ਵਿਚ ਲੈਜਾਇਆ ਗਿਆਂ, ਸਾਧੂ ਨੇ ਦੇਖਿਆ ਕਿ ਜੋ ਵਿਅਕਤੀ ਉਸਨੂੰ ਬਾਹਰੋਂ ਲੈ ਕੇ ਆਇਆ ਸੀ, ਉਹ ਅੰਦਰ ਥੜ੍ਹੇ ਤੇ ਬੈਠਾ ਭਜਨ ਕਰ ਰਿਹਾ ਹੈ। ਪਤਾ ਲੱਗਾ ਏਹੀ ਸਤਿਗੁਰੂ ਰਾਮ ਸਿੰਘ ਜੀ ਹਨ ਜੋ ਮੇਰੇ ਮਨ ਦੀ ਭਾਵਨਾ ਲਖ ਕੇ ਸ਼ੌਚ ਦਸ਼ਾ ਜਾਣ ਦੇ ਬਹਾਨੇ ਮੈਨੂੰ ਅੱਗੋਂ ਲੈਣ ਲਈ ਗਏ ਸਨ। ਨੌਂ ਦਿਨਾਂ ਤਕ ਸੰਤ ਨਾਮ ਲੈਣ ਲਈ ਬੇਨਤੀ ਕਰਦੇ ਰਹੇ। ਸਤਿਗੁਰੂ ਜੀ ਬਚਨਾਂ ਵਿਚ ਹੀ ਟਾਲ ਦਿੰਦੇ. ਛੇਕੜ ਦਸਵੇਂ ਦਿਨ ਸਾਧੂ ਦੀ ਆਸ ਪੂਰੀ ਹੋਈ। ਇਹ ਬਾਬਾ ਜਵਾਹਰ ਸਿੰਘ ਜੀ ਨਾਮਧਾਰੀ ਪੰਥ ਦੇ ਪ੍ਰਸਿਧ ਮਹਾਂਪੁਰਖ ਹੋਏ ਹਨ, ਜਿੰਨ੍ਹਾਂ ਦਾ ਵਿਸ਼ੇਸ਼ ਵਰਣਨ ਅੱਗੇ ਆਵੇਗਾ।

❋

Sri Satguru Jagjit Singh Ji Elibrary NamdhariElibrary@gmail.com

# ਅਰਧ ਕੁੰਭੀ ਹਰਿ ਦੁਆਰ

(੧੯੧੮ ਬਿ:, ੧੮੬੧ ਈ:)

੧ ਵੈਸਾਖ ਸੰਮਤ ੧੯੧੮ ਬਿ: ਨੂੰ ਹਰਿਦੁਆਰ ਵਿਖੇ ਅਰਧ ਕੁੰਭੀ ਦਾ ਮੇਲਾ ਸੀ, ਏਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਮਸਤਾਨੀ ਬ੍ਰਿਤੀ ਵਿਚ ਵਿਚਰਦੇ ਸਨ। ਲੱਕ ਕਛਹਿਰਾ, ਸੀਸ ਤੇ ਪਰਨਾਂ ਤੇ ਚਰਨਾਂ ਵਿਖੇ ਪਊਏ! ਅਦਿਭੁਤ ਦਰਸ਼ਨ ਸੀ। ਰਸਤੇ ਵਿਚ ਜਦ ਜਮਨਾਂ ਦੇ ਕੰਢੇ ਤੇ ਪੁੱਜੇ ਤਾਂ ਇਕ ਬੁੱਢੜੀ ਜੇਹੀ ਕਾਲੇ ਰੰਗ ਦੀ ਮਾਈ ਆਪ ਦੇ ਪਾਸ ਆਈ, ਉਸਦੇ ਤਨ ਤੇ ਬਸਤ੍ਰ ਨਹੀਂ ਸੀ ਅਤੇ ਭੁੱਖ ਨਾਲ ਨਿਢਾਲ ਹੋ ਰਹੀ ਸੀ। ਸਤਿਗੁਰੂ ਜੀ ਨੇ ਸਿਖਾਂ ਨੂੰ ਕਿਹਾ ਕਿ—"ਭਾਈ ਏਹੋ ਜਮਨਾ ਜੇ! ਜੋ ਕੁਛ ਕਿਸੇ ਨੇ ਦੇਣਾ ਹੈ ਇਸ ਨੂੰ ਦੇਵੇ।"

## ਮਾਈ ਸਾਹਿਬ ਕੌਰ

ਮਾਈ ਸਾਹਿਬੋ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਪੰਧਰੀ ਦੀ ਵਸਨੀਕ ਸੀ, ਜੋ ਵੇਦਾਂਤ ਦਾ ਚੰਗਾ ਬੋਧ ਰੱਖਦੀ ਸੀ। ਆਪਣੇ ਸੁਭਾਉ ਅਨੁਸਾਰ ਸਤਿਗੁਰੂ ਜੀ ਨਾਲ ਵੀ – ਆਤਮਾਂ ਦੇ ਅਜਰ ਅਮਰ ਹੋਣ ਦੀਆਂ ਗੱਲਾਂ ਕਰਨ ਲੱਗੀ, ਉਨ੍ਹਾਂ ਨੇ ਕਿਹਾ—"ਜੱਟੀਏ! ਭਜਨ ਕਰਿਆ ਕਰ।" ਮਾਈ ਨੇ ਕਿਹਾ—"ਜਦ ਸਾਰੇ ਸੰਸਾਰ ਵਿਚ ਬ੍ਰਹਮ ਹੀ ਬ੍ਰਹਮ ਹੈ, ਤਾਂ ਕੌਣ ਕਿਸਦਾ ਭਜਨ ਕਰੇ"? ਹੁਕਮ ਹੋਇਆ "ਭਲਕੇ ਤੇਰੇ ਬ੍ਰਹਮ ਦੀ ਪ੍ਰੀਖਿਆ ਕਰਾਂਗੇ।" ਅਗਲੇ ਭਲਕ ਆਗਜ਼ਾ ਅਨੁਸਾਰ ਗੰਗਾ ਦੇ ਕੰਢੇ ਤੇ ਇਕ ਚਿਤਾ ਚਿਣੀ ਗਈ, ਮਾਈ ਸਾਹਿਬੋ (ਜਿਸਦੇ ਕੁੱਛੜ ਕੇਵਲ ਢਾਈ ਸਾਲ ਦਾ ਲੜਕਾ ਲਾਲ ਸਿੰਘ ਸੀ) ਚਰਨਾਂ ਵਿਚ ਹਾਜ਼ਰ ਹੋਈ, ਸੰਗਤਾਂ ਬਿਅੰਤ ਸਨ, ਮਾਈ ਨੂੰ ਚਿਤਾ ਵਿਚ ਬਿਠਾ ਦਿਤਾ ਗਿਆ। ਦੇਖਦਿਆਂ ਦੇਖਦਿਆਂ ਚਿਤਾ ਬਲਣ ਲਗ ਪਈ। ਅਗਨੀ ਦੀਆਂ ਲਾਟਾਂ ਲਟ ਲਟ ਕਰਦੀਆਂ ਅਕਾਸ਼ ਵਲ ਨੂੰ ਜਾ ਰਹੀਆਂ ਸਨ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਝਟ ਪਟ ਆਪਣੀ ਕਾਲੀ ਕੰਬਲੀ ਮਾਈ ਤੇ ਸੁਟ ਦਿਤੀ। ਕਈ ਡਰਦੇ ਮਾਰੇ ਨੱਸ ਗਏ, ਪਰ ਸਿਦਕੀ ਅਡੋਲ ਕੌਤਕ ਦੇਖਦੇ ਰਹੇ। ਮਾਈ (ਜੋ ਕਿ ਭਜਨ ਪੁਛ ਚੁਕੀ ਹੋਈ ਸੀ) ਭਜਨ ਕਰਦੀ ਰਹੀ। ਸਾਰੀ ਲੋਕਾਈ ਇਹ ਦੇਖਕੇ ਦੰਗ ਰਹਿ ਗਈ, ਕਿ ਮਣਾਂ ਮੂੰਹੀ ਲੱਕੜੀਆਂ ਸੜ ਕੇ ਭਸਮ ਹੋ ਗਈਆਂ ਸਨ, ਪਰ ਮਾਈ ਅਤੇ ਬੱਚੇ ਦੇ ਇਕ ਰੋਮ ਤਕ ਨੂੰ ਸੇਕ ਨਹੀਂ ਲਗਾ। ਅਨੇਕਾਂ ਦਰਸ਼ਕ ਜੋ ਇਹ ਕੌਤਕ ਦੇਖ ਰਹੇ ਸਨ, ਚਰਨਾਂ ਤੇ ਆ ਡਿਗੇ, ਤੇ ਨਾਮ ਪੁਛ ਕੇ ਨਾਮਧਾਰੀ ਵਹੀਰ ਵਿਚ ਸਮਿਲਤ ਹੋ ਗਏ। ਰੰਗਾ ਤੇ ਹੋਰ ਵੀ ਬਹੁਤ ਸਾਰੇ ਕੌਤਕ ਪ੍ਰਸਿੱਧ ਹਨ, ਪਰ ਵਿਸਥਾਰ ਭੈ ਕਰਕੇ ਉਨ੍ਹਾਂ ਨੂੰ ਅੰਕਿਤ ਕਰਨ ਤੋਂ ਸੰਕੋਚ ਕੀਤਾ ਗਿਆ ਹੈ।*

---

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੰਮਤ ੧੯੯੪ ਵਿਚ ਮਾਈ ਸਾਹਿਬ ਕੌਰ ਨੇ ਆਪਣੀ ਜ਼ਬਾਨੀ ਇਹ ਸਾਰੀ ਕਥਾ ਸੁਣਾਈ ਸੀ। ਹੁਣ ਮਾਈ ਦੇ ਪੋਤ੍ਰੇ ਸ੍ਰ: ਹਰਨਾਮ ਸਿੰਘ ਅਤੇ ਖਜ਼ਾਨ ਸਿੰਘ ਆਦਿ ਨਾਮਧਾਰੀ ਸਿੱਖਾਂ ਵਿਚ ਉਘੇ ਹਨ।

Sri Satguru Jagjit Singh Ji Elibrary NamdhariElibrary@gmail.com

# ਸੰਮਤ ੧੯੧੯ ਦੀ ਦੀਪ ਮਾਲਾ

ਸੰਮਤ ੧੯੧੯ ਮੁਤਾਬਕ ੧੮੬੨ ਈ: ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਦੁਆਬੇ ਵਿਚ ਦੀ ਦਰਸ਼ਨ ਦਿੰਦਿਆਂ ਹੋਇਆਂ ਦੀਪ ਮਾਲਾ ਦੇ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਦਿਤੇ, ਜਿਥੇ ਬਿਅੰਤ ਨਰ ਨਾਰੀਆਂ ਨੇ ਆਪਦੇ ਉਪਦੇਸ਼ ਸੁਣ ਕੇ ਸ਼ਾਂਤੀ ਪ੍ਰਾਪਤ ਕੀਤੀ। ਅਨੇਕਾਂ ਜੀਆਂ ਨੇ ਭਜਨ ਪੁੱਛਿਆ ਅਤੇ ਅੰਮ੍ਰਿਤ ਛਕਕੇ ਕੂਕੇ ਹੋ ਗਏ। ਜਿਸਦੇ ਕੰਨ ਵਿਚ ਫੂਕ ਵਜਦੀ ਉਹ ਲੌਟ ਪੋਟ ਹੋ ਜਾਂਦਾ। ਸ਼ਹਿਰਾਂ ਤੇ ਨਗਰਾਂ ਵਿਚ ਧੁੰਮਾਂ ਪੈ ਗਈਆਂ ਕਿ ਗੁਰੂ ਪ੍ਰਗਟ ਹੋਇਆ ਹੈ। ਭੇਖੀਆਂ ਤੇ ਪਾਖੰਡੀਆਂ ਨੂੰ ਇਸ ਗੱਲ ਦੀ ਚਿੰਤਾ ਲਗ ਗਈ। ਖ਼ਾਸ ਕਰਕੇ ਗੁਰਦਵਾਰਿਆਂ ਅਤੇ ਡੇਰਿਆਂ ਦੇ ਮਹੰਤ ਤਾ ਬੜੇ ਬੇਚੈਨ ਹੋਏ ਪ੍ਰੰਤੂ ਉਨ੍ਹਾਂ ਵਿਚੋਂ ਨੇਕ ਚਲਣ ਵਾਲੇ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਪ੍ਰਸੰਨ ਹੁੰਦੇ। ਦਰਬਾਰ ਸਾਹਿਬ ਤੇ ਅਕਾਲ ਬੁੰਗੇ ਦੇ ਪੁਜਾਰੀ ਅੰਦਰੋਂ ਅੰਦਰ ਖਿਝ ਰਹੇ ਸਨ। ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਅਸਰ ਪੁਜਾਰੀਆਂ ਵਲੋਂ ਲੋਕ ਰੁਚੀ ਨੂੰ ਹਟਾ ਰਿਹਾ ਸੀ, ਜਿਸ ਕਰਕੇ ਉਨ੍ਹਾਂ ਦੀ ਪੂਜਾ ਪ੍ਰਤਿਸ਼ਟਾ ਅਤੇ ਆਮਦਨ ਵਿਚ ਹਾਨੀ ਹੋਣੀਂ ਕੁਦਰਤੀ ਗੱਲ ਸੀ। ਇਸ ਲਈ ਉਹ ਸਤਿਗੁਰੂ ਜੀ ਅਤੇ ਨਾਮਧਾਰੀਆਂ ਦੇ ਵਿਰੁੱਧ ਕਈ ਤਰ੍ਹਾਂ ਦੀਆਂ ਅਣਹੋਈਆਂ ਗੱਲਾਂ ਫੈਲਾਣ ਵਿਚ ਤਤਪਰ ਰਹਿੰਦੇ ਸਨ। ਪਰ ਸਚਾਈ ਅਗੇ ਝੂਠੇ ਪ੍ਰਾਪੇਗੰਡੇ ਦੀ ਕੋਈ ਪੇਸ਼ ਨਹੀਂ ਜਾਂਦੀ। ਬਾਜੇ ਸੱਜਨਾਂ ਦਾ ਖਿਆਲ ਹੈ, ਕਿ ਇਸ ਦੀਪਮਾਲਾ ਤੇ ਅਕਾਲ ਬੁੰਗੇ ਦੇ ਪੁਜਾਰੀਆਂ ਨਾਲ ਸਤਿਗੁਰੂ ਜੀ ਦਾ ਤਕਰਾਰ ਹੋਇਆ ਪ੍ਰੰਤੂ ਇਸ ਵਾਰ ਕੋਈ ਸੂਖਮ ਗੱਲਬਾਤ ਭਾਵੇਂ ਹੋਈ ਹੋਵੇ, ਪਰ ਵਿਸ਼ੇਸ਼ ਝਗੜਾ ਹੋਇਆ ਨਹੀਂ ਜਾਪਦਾ।

ਅੰਮ੍ਰਿਤਸਰ ਤੋਂ ਸਤਿਗੁਰੂ ਜੀ ਦੌਰਾ ਕਰਦੇ ਕਰਦੇ ਸ੍ਰੀ ਨਨਕਾਣੇ ਸਾਹਿਬ ਪੁਜੇ ਤੇ ਸੰਗਤਾਂ ਨੂੰ ਤਾਰਦੇ ਤਾਰਦੇ ਸ੍ਰੀ ਹਜ਼ਰੋਂ ਸਾਹਿਬ ਨੂੰ ਜਾਣ ਲਈ ਵਜ਼ੀਰਾਬਾਦ ਪੁਜੇ। ਏਥੇ ਆਪਨੂੰ ਪਤਾ ਲਗਾ ਕਿ ਗੁਰੂ ਬਾਲਕ ਸਿੰਘ ਜੀ ਮੱਘਰ ਸੁਦੀ ਪੂਰਨਮਾਸੀ ਸੰਮਤ ੧੯੧੯ ਨੂੰ ਜੋਤੀ ਜੋਤ ਸਮਾ ਗਏ ਹਨ



Sri Satguru Jagjit Singh Ji Elibrary NamdhariElibrary@gmail.com

ਅਤੇ ਉਹਨਾਂ ਦੇ ਫੂਲ ਲੈ ਕੇ ਆਉਂਦੀਆਂ ਸੰਗਤਾਂ ਵੀ ਮਿਲ ਗਈਆਂ। ਇਸ ਲਈ ਆਪ ਏਥੋਂ ਹੀ ਵਾਪਸ ਪਿਛਾਂ ਪਰਤ ਪਏ ਅਤੇ ਸੰਭੜਿਆਲ ਅਰ ਚਵਿੰਡਾ ਬਾਜਵਾ ਆਦਿ ਪਿੰਡਾਂ ਵਿਚ ਦੀ ਦਰਸ਼ਨ ਦਿੰਦੇ ਹੋਏ ਗਿੱਲੀਂ ਪੁਜੇ। ਗਿੱਲਾਂ ਦੇ ਬਾਬਾ ਜਮੀਤ ਸਿੰਘ ਜੀ ਦਰਸ਼ਨ ਕਰਕੇ ਕ੍ਰਿਤਾਰਥ ਹੋਏ। ਇਨ੍ਹਾਂ ਨੇ ਵੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁਛਿਆ ਹੋਇਆ ਸੀ, ਪਰ ਐਤਕੀਂ ਦਰਸ਼ਨ ਕਰਨ ਨਾਰ ਮਸਤਾਨੇ ਹੋ ਗਏ. ਅਤੇ ਅਰਜ ਕੀਤੀ ਪਾਤਸ਼ਾਹ ਮੈਂ ਆਪ ਨੂੰ ਅਜ ਤਕ ਗੁਰ ਭਾਈ ਹੀ ਸਮਝਦਾ ਰਿਹਾ, ਪਰ ਅਜ ਆਪ ਵਿਚ ਮੈਨੂੰ ਗੁਰੂ ਬਾਲਕ ਸਿੰਘ ਜੀ ਦੀ ਜੋਤ ਦਾ ਪ੍ਰਤੱਖ ਦਰਸ਼ਨ ਹੋਇਆ ਹੈ। ਉਪ੍ਰੰਤ ਮਾਝੇ ਮਾਲਵੇ ਦਾ ਦੌਰਾ ਕਰਦੇ ਹੋਏ ਭੈਣੀ ਸਾਹਿਬ ਪੁਜ ਗਏ।

❋

# ੧੮੬੩ ਈ: ਤਕ ਦੇ ਪ੍ਰਚਾਰ ਦਾ ਅਸਰ

ਸੰਮਤ ੧੯੧੯ ਬਿੱਕ੍ਰਮੀ ਅਰਥਾਤ ਸੰਨ ੧੮੬੩ ਈ: ਤਕ ਸਤਿਗੁਰੂ ਜੀ ਦੇ ਪ੍ਰਚਾਰ ਅਤੇ ਸਮਾਜਕ ਸੁਧਾਰਾਂ ਦਾ ਦੇਸ਼ ਵਿਚ ਏਨਾ ਅਸਰ ਹੋ ਚੁਕਾ ਸੀ ਕਿ ਪਿੰਡ ਪਿੰਡ ਅਤੇ ਘਰ ਘਰ ਵਿਚ ਉਨ੍ਹਾਂ ਦੇ ਨਾਮ ਦੀ ਪ੍ਰਸਿੱਧੀ ਅਤੇ ਕੂਕਾ ਲਹਿਰ ਦੀ ਚਰਚਾ ਸੀ। ਸੁਧਾਰਕ ਪ੍ਰੋਗਰਾਮ ਬੜੀ ਸਫਲਤਾ ਨਾਲ ਉੱਨਤੀ ਕਰ ਰਿਹਾ ਸੀ। ਲੋਕਾਂ ਵਿਚ ਪਰਚੱਲਤ ਹੋਈਆਂ ੨ ਫ਼ਜ਼ੂਲ ਰਸਮਾਂ ਹਟ ਰਹੀਆਂ ਸਨ। ਸ਼ਰਾਬ ਮਾਸ ਚੋਰੀ ਯਾਰੀ ਅਤੇ ਅਫੀਮ ਆਦਿਕ ਨਿਖਿੱਧ ਚੀਜ਼ਾਂ ਨੂੰ ਤਿਆਗ ਕੇ ਰਾਖਸ਼ੀ ਬ੍ਰਿਤੀ ਰੱਖਣ ਵਾਲੇ ਮਨੁਖ ਦੇਵਤਾ ਬਣ ਰਹੇ ਸਨ।* ਵਿਧਵਾ ਵਿਆਹਾਂ ਤੇ ਬੜੇ ਚਿਰ ਤੋਂ ਪਾਬੰਦੀ ਚਲੀ ਆ ਰਹੀ ਸੀ। ਜਿਸ ਕਰਕੇ ਦੇਸ਼ ਦੀਆਂ ਹਜ਼ਾਰਾਂ ਹੀ ਨੌਜਵਾਨ ਲੜਕੀਆਂ ਘਰਾਂ ਦੀਆਂ ਚਾਰ ਦੀਵਾਰੀਆਂ ਅੰਦਰ ਘੁਲ ਘੁਲ ਕੇ ਆਪਣੇ ਜੀਵਨ ਨਸ਼ਟ ਕਰ ਲਏ ਸਨ, ਪ੍ਰੰਤੂ ਸਤਿਗੁਰੂ ਜੀ ਦੇ ਪ੍ਰਚਾਰ ਅਤੇ ਤਪ ਤੇਜ ਦੇ ਪ੍ਰਭਾਵ ਨੇ ਇਨਾਂ ਦੁਖੀ ਦੇਵੀਆਂ ਦੇ ਬੰਧਨ ਕੱਟ ਦਿਤੇ। ਭਾਵੇਂ ਪਹਿਲੋਂ ਪਹਿਲੋਂ ਇਸ ਲੀਹ ਨੂੰ ਮੇਟਣ ਦੇ ਸਬੰਧ ਵਿਚ ਕਾਫੀ ਚਰਚਾ ਹੋਈ, ਪ੍ਰੰਤੂ ਥੋੜ੍ਹੇ ਚਿਰ ਵਿਚ ਹੀ ਲੋਕਾਂ ਨੂੰ ਸਮਝ ਆ ਗਈ ਕਿ ਵਿਧਵਾ ਵਿਆਹ ਦੀ ਖੁਲ੍ਹ ਨਾਲ ਦੇਸ਼ ਕਈ ਤਰ੍ਹਾਂ ਦੇ ਕਸ਼ਟਾਂ ਅਤੇ ਮੁਸੀਬਤਾਂ ਤੋਂ ਬਚ ਸਕਦਾ ਅਤੇ ਉੱਨਤ ਹੋ ਸਕਦਾ ਹੈ। ਇਸ ਸੁਧਾਰ ਦਾ ਅਸਰ ਹਿੰਦੂਆਂ ਅਤੇ ਸਿਖਾਂ ਉਤੇ ਕਾਫ਼ੀ ਹੋਇਆ। ਕੁੜੀ:ਆਂ ਮਾਰਨ ਅਤੇ ਵੇਚਣ ਦੀ ਬੀਮਾਰੀ ਵੀ ਕਾਫੀ ਹੱਦ ਤਕ ਦੂਰ ਹੋ ਗਈ, ਅਤੇ ਬਾਲ ਵਿਆਹ ਦੀ ਭੈੜੀ ਪੱਧਤੀ ਨੂੰ ਵੀ ਸਤਿਗੁਰੂ ਜੀ ਨੇ ਬੜੇ ਭਾਰੇ ਪ੍ਰੀਸ਼ਰਮ

---

* ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਲੇਖਕ ਲਿਖਦੇ ਹਨ:-ਹੁਕੇ ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ, ਸੁਧਾ ਛਕ ਖਾਇ ਸਿਖ ਭਾਗ ਤਿਨ ਜਾਗਿਓ। ਫੈਲਿਓ ਜਸ ਭਾਰੀ, ਸਿਖ ਥੀਏ ਫਾਹਿੰ ਕੇ ਅਪਾਰੀ, ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ। ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ ਠਗੀ ਤਜ ਥੀਏ ਸੰਤ ਸਤਿਜੁਗ ਆਗਿਓ। ਸ੍ਰੀ ਗੁਰੂ ਪੰ: ਪ੍ਰ: ਐ: ੧੯੭੬ , ਬਿ: ੭੧ ਕਬਿਤ ੭।



Sri Satguru Jagjit Singh Ji Elibrary NamdhariElibrary@gmail.com

ਨਾਲ ਰੋਕਿਆ। ਪੂਜਾ ਪਾਠ ਨਾਮ ਅਤੇ ਕੀਰਤਨ ਦਾ ਠਾਠ ਦਿਨੋਂ ਦਿਨ ਵਧਦਾ ਗਿਆ। ਦੇਸ਼ ਅੰਦਰ ਇਕ ਅਜੇਹਾ ਪ੍ਰੀਵਰਤਨ ਹੋ ਗਿਆ ਜਿਸਨੂੰ ਦੇਖ ਕੇ ਸਿਆਣੇ ਲੋਕ ਆਖਦੇ ਸਨ, ਕਿ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਕਲਜੁਗ ਵਿਚ ਸਤਿਜੁਗ ਲਾ ਦਿਤਾ ਹੈ। ਪ੍ਰੰਤੂ ਜਿਉਂ ਜਿਉਂ ਸਤਿਜੁਗੀ ਅਸਰ ਵਧੇਰੇ ਹੋ ਰਿਹਾ ਸੀ. ਕਲਜੁਗੀ ਸੁਭਾਉ ਰੱਖਣ ਵਾਲੇ ਲੋਕਾਂ ਅੰਦਰ ਡਰ ਅਤੇ ਸਹਿਮ ਵਧ ਰਿਹਾ ਸੀ। ਉਹ ਇਸ ਲਹਿਰ ਦੇ ਰਸਤੇ ਵਿਚ ਕਈ ਰੁਕਾਵਟਾਂ ਪੈਦਾ ਕਰਨ ਦਾ ਜਤਨ ਕਰਦੇ ਸਨ ਪਰ ਵਿਅਰਥ। ਇਸ ਸਮੇਂ ਤਕ ਪੰਜਾਬ ਵਿਚ ਕੂਕਾ ਲਹਿਰ ਦਾ ਤਕੜਾ ਪ੍ਰਚਾਰ ਹੋ ਚੁਕਾ ਸੀ ਅਤੇ ਕੋਈ ਇਲਾਕਾ ਅਜੇਹਾ ਨਹੀਂ ਸੀ ਜਾਪਦਾ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀ ਪੰਥ ਦੇ ਗੀਤ ਨਾਂ ਗਾਏ ਜਾਂਦੇ ਹੋਣ। ਪਿੰਡ ਪਿੰਡ ਦੀਵਾਨ. ਸਤਿਸੰਗ ਅਤੇ ਕੀਰਤਨ ਦਾ ਪ੍ਰਵਾਹ ਜਾਰੀ ਹੋ ਗਿਆ ਜਿਸ ਨਾਲ ਐਉਂ ਪ੍ਰਤੀਤ ਹੋਣ ਲਗ ਪਿਆ, ਕਿ ਸਿਖੀ ਦੇ ਵਜੂਦ ਅੰਦਰ, ਜੋ ਅਜੈਬ ਘਰ ਦੀਆਂ ਮੂਰਤੀਆਂ ਵਾਂਗ ਬੇ-ਪ੍ਰਾਣ ਤੇ ਬੇਹਰਕਤ ਪਿਆ ਹੋਇਆ ਸੀ, ਜੀਵਨ ਆਤਮਾ ਦਾ ਸੰਚਾਰ ਹੋ ਗਿਆ ਹੈ, ਅਤੇ ਹੁਣ ਉਹ ਨਵੇਂ ਸਿਰੇ ਸੁਰਜੀਤ ਹੋਕੇ ਹੋਰਨਾਂ ਨੂੰ ਜੀਵਨ ਪ੍ਰਦਾਨ ਕਰਨ ਦੇ ਆਹਰ ਵਿਚ ਮਗਨ ਹੈ। ਉਸ ਵੇਲੇ ਤਕ ਹਿੰਦੂ ਅਤੇ ਸਿਖ ਅੰਦਰ ਵਰਤਮਾਨ ਸਮੇਂ ਵਾਂਗ ਕੋਈ ਖਾਸ ਵਿਤਕਰਾ ਨਹੀਂ ਸੀ ਸਮਝਿਆ ਜਾਂਦਾ। ਨਾਮ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਹਿੰਦੂਆਂ ਨੂੰ ਸਹਿਜਧਾਰੀ ਸਿਖ ਕਿਹਾ ਜਾਂਦਾ ਸੀ, ਜਿਨ੍ਹਾਂ ਦੀ ਰਹਿਤ ਮ੍ਰਯਾਦਾ ਤੇ ਚਾਲ ਢਾਲ ਵਿਚ ਵਿਸ਼ੇਸ਼ ਪ੍ਰੀਵਰਤਨ ਹੋ ਜਾਂਦਾ ਸੀ। ਇਸ ਲਈ ਉਨ੍ਹਾਂ ਦਾ ਸਨਮਾਨ ਸੰਤ ਯਾ ਸਾਧੂ ਪਦਵੀਆਂ ਦਾ ਦੁਆਰਾ ਹੋਣ ਲੱਗਾ। ਗੱਲ ਕੀ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਕ. ਸਦਾਚਾਰਕ. ਅਤੇ ਸਮਾਜਕ ਸੁਧਾਰਾਂ ਤੋਂ ਸਭ ਤੋਂ ਵਧੀਕ ਲਾਭ ਦੇਸ਼ ਦੇ ਹਿੰਦੂਆਂ ਨੂੰ ਪੁਜਾ. ਜਿਨ੍ਹਾਂ ਵਿਚ ਉਹ ਸਿਖ ਵੀ ਸ਼ਾਮਿਲ ਸਨ, ਜੋ ਅਖਵਾਂਦੇ ਤਾਂ [illegible] ਸਨ. ਪਰ ਨਾ ਉਨ੍ਹਾਂ ਨੂੰ ਸਿਖੀ ਮਾਰਗ ਦਾ ਕੁਛ ਪਤਾ ਸੀ, [illegible] ਨਾ ਹੀ ਗੁਰੂ ਜੀ ਦੇ ਸਮਾਜਕ ਅਸੂਲਾਂ ਦਾ ਗਿਆਨ। ਭਾਵੇਂ ਸਤਿਗੁਰੂ ਜੀ ਦੇ ਪਿਆਰ ਭਰੇ ਸਾਂਝੇ ਉਪਦੇਸ਼ ਅਤੇ ਤੇਜ ਮਈ ਜ਼ੀਵਨ ਨੇ ਮੁਸਲਮਾਨ ਭਾਈਆਂ ਨੂੰ ਵੀ ਆਪਣੇ ਵੱਲ ਖਿੱਚਿਆ, ਪ੍ਰੰਤੂ ਅਜਿਹੇ ਸੱਜਨਾਂ ਦੀ

ਗਿਣਤੀ ਬਹੁਤ ਥੋੜ੍ਹੀ ਸੀ।*

ਇਸ ਸਮੇਂ ਤਕ ਆਪਨੂੰ ਧਾਰਮਿਕ ਅਤੇ ਸਮਾਜਕ ਸੁਧਾਰਕ, ਹੀ ਸਮਝਿਆ ਜਾਂਦਾ ਸੀ, ਜਿਸ ਕਰਕੇ ਆਪ ਵਲੋਂ ਅੰਗ੍ਰੇਜ਼ੀ ਸ੍ਰਕਾਰ ਅਵੇਸਲੀ ਸੀ। ਭਾਵੇਂ ਉਨਾਂ ਦੇ ਰਹਿਣ ਸਹਿਣ ਅਤੇ ਪ੍ਰਚਾਰ ਦੇ ਨਿਰਾਲੇ ਢੰਗ ਦੁਆਰਾ ਪੱਛਮੀ ਸੱਭਯਤਾ ਅਤੇ ਯੂਰੋਪੀਨ ਕਲਚਰ ਨੂੰ ਕਾਫ਼ੀ ਨੁਕਸਾਨ ਪੁੱਜਣ ਦਾ ਅੰਦੇਸ਼ਾ ਸੀ, ਅਤੇ ਅੰਗ੍ਰੇਜ਼ ਦੀ ਦੂਰ ਦਰਸ਼ਕ ਅੱਖ ਉਸ ਵੱਲ ਨੀਝ ਲਾਈ ਤੱਕ ਰਹੀ ਸੀ, ਪ੍ਰੰਤੂ ਇਸ ਲਹਿਰ ਦੇ ਕੇਵਲ ਧਾਰਮਿਕ ਅਤੇ ਸਮਾਜਕ ਹੋਣ ਦੇ ਖਿਆਲ ਨਾਲ ਇਸਨੂੰ ਰੋਕਣ ਦੀ ਕੋਈ ਖਾਸ ਲੋੜ ਨਾ ਸਮਝੀ ਗਈ।

---

ਹੇਠਾਂ ਲਿਖੀ ਘਟਨਾਂ ਦਾ ਜਿਕਰ ਮੇਰੇ ਨਾਲ ਉਸ ਦੇਸ਼ ਭਗਤ ਸ੍ਰ: ਸਰਦੂਲ ਸਿੰਘ ਜੀ ਕਵੀਸ਼ਰ ਨੇ ਕੀਤਾ ਕਿ ਪੰਜਾਬ ਸੂਬਾ ਕਾਂਗਰਸ ਦੇ ਸਾਬਕਾ ਪ੍ਰਧਾਨ ਮੌਲਾਨਾ ਅਬਦੁਲ ਕਾਦਰ ਦਾ ਪਿਤਾ ਕਸੂਰ ਵਿਖੇ ਬੜੇ ਭਾਰੀ ਪੀਰ ਮੰਨੇ ਜਾਂਦੇ ਸੀ। ਜਦ ਸਤਿਗੁਰੂ ਰਾਮ ਸਿੰਘ ਜੀ ਕਸੂਰ ਗਏ ਤਾਂ ਉਹ (ਪੀਰ ਸਾਹਿਬ) ਦਰਸ਼ਨ ਕਰਨ ਲਈ ਗਏ, ਏਨੀ ਕਸ਼ਸ਼ ਹੋਈ ਕਿ ਗੁਰਮੰਤ੍ਰ ਲੈਣ ਲਈ ਬੇਨਤੀ ਕੀਤੀ ਪਰ ਨਾਲ ਹੀ ਕਿਹਾ ਕਿ ਜੇ ਹੁਕਮ ਹੋਵੇ ਤਾਂ "ਲਾ ਇਲਾਹਾ ਇਲਿੱਲਹਾ" ਦਾ ਹੀ ਵਿਰਦ ਕਰਿਆ ਕਰਾਂ। ਸਤਿਗੁਰੂ ਜੀ ਨੇ ਕਿਹਾ ਕਿ -"ਤੇਰੀ ਪੱਟੀ ਤਾਂ ਅਗੇ ਹੀ ਸੋਹਣੀ ਲਿਖੀ ਹੋਈ ਹੈ ਇਸ ਲਈ ਨਵੀਂ ਲਿਖਣ ਦੀ ਲੋੜ ਨਹੀਂ। ਸ੍ਰੀ ਕਵੀਸ਼ਰ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਮੌਲਾਨਾ ਅਬਦੁਲ ਕਾਦਰ ਨੇ ਦੱਸਿਆ ਕਿ- "ਮੇਰੇ ਪਿਤਾ ਜੀ ਨੇ ਦੱਸਿਆ ਸੀ ਕਿ ਉਹ ਜਜ਼ਬ ਕਰਨ ਦੀ ਸ਼ਕਤੀ ਵਿਚ ਕਾਮਿਲ ਸਨ। ਇਸ ਤੋਂ ਛੁਟ ਹੋਰ ਵੀ ਕਈ ਮੁਸਲਮਾਨ ਸਨ ਜਿਨ੍ਹਾਂ ਨੇ ਆਪ ਦੇ ਚਰਨਾਂ ਵਿਚ ਆ ਕੇ ਆਪਣੇ ਜਨਮ ਸਫਲ ਕੀਤੇ।

Sri Satguru Jagjit Singh Ji Elibrary NamdhariElibrary@gmail.com

# ਕੂਕਾ ਲਹਿਰ

## ਸਰਕਾਰ ਦੀਆਂ ਨਜ਼ਰਾਂ ਵਿਚ

ਸੰਨ ੧੮੬੩ ਈ: ਤਕ ਕੂਕਾ ਲਹਿਰ ਦੇ ਪ੍ਰਭਾਵ ਦਾ ਸੰਖੇਪ ਵਰਣਨ ਕਰਨ ਤੋਂ ਪਿਛੋਂ ਹੁਣ ਇਸ ਗੱਲ ਦਾ ਵਰਣਨ ਲੁੜੀਂਦਾ ਪ੍ਰਤੀਤ ਹੁੰਦਾ ਹੈ ਕਿ ਅਪ੍ਰੈਲ ੧੮੬੩ ਈ: ਵਿਚ ਸ੍ਰਕਾਰੀ ਅਫਸਰਾਂ ਨੇ ਇਸ ਲਹਿਰ ਬਾਬਤ ਅਜੇਹੀਆਂ ਰਪੋਟਾਂ ਲਿਖਣੀਆਂ ਸ਼ੁਰੂ ਕੀਤੀਆਂ ਜਿਨਾਂ ਦੁਆਰਾ ਇਸ ਦੇ ਨੇਤਾ ਦੀਆਂ ਸਰਗਰਮੀਆਂ ਨੂੰ ਧਾਰਮਿਕ ਅਤੇ ਸਮਾਜਕ ਸਮਝਦਿਆਂ ਹੋਇਆਂ ਵੀ ਅੰਦੇਸ਼ਾ ਪ੍ਰਗਟ ਕੀਤਾ ਗਿਆ, ਕਿ ਉਨ੍ਹਾਂ ਦੁਆਰਾ ਜੰਤਕ ਪ੍ਰੇਸ਼ਾਨੀ ਅਤੇ ਬੇਚੈਨੀ ਵਧਦੀ ਹੈ; ਅਤੇ ਨਾਲ ਹੀ ਇਹ, ਕਿ ਉਨ੍ਹਾਂ ਦਾ ਨਤੀਜਾ ਰਾਜਨੀਤਕ ਰੂਪ ਧਾਰਨ ਕਰ ਸਕਦਾ ਹੈ।

### ਸਭ ਤੋਂ ਪਹਿਲੀ ਰਪੋਟ

ਇਸ ਸਬੰਧ ਵਿਚ ਸਭ ਤੋਂ ਪਹਿਲੀ ਰਪੋਟ ਮਿਸਟਰ ਮੈਕਨਬ ਡਿਪਟੀ ਕਮਿਸ਼ਨਰ ਜ਼ਿਲ੍ਹਾ ਸਿਆਲਕੋਟ ਵਲੋਂ ਭੇਜੀ ਗਈ, ਜਿਸ ਵਿਚ ਸਤਿਗੁਰ ਜੀ ਨੂੰ ਪੁਲੀਟੀਕਲ ਰੂਪ ਵਿਚ ਪੇਸ਼ ਕਰਦਿਆਂ ਹੋਇਆਂ ਲਿਖਿਆ ਗਿਆ, ਕਿ-–"ਰਾਮ ਸਿੰਘ ਨਾਮ ਦਾ ਇਕ ਵਡੇਰੀ ਉਮਰ ਦਾ ਆਦਮੀ ਆਪਣੇ ੨੦੦ ਸੇਵਕਾਂ ਸਮੇਤ ਜ਼ਿਲਾ ਸਿਆਲਕੋਟ ਵਿਚ ਫਿਰ ਰਿਹਾ ਹੈ, ਉਹ ਆਪਣੇ ਚੇਲਿਆਂ ਨੂੰ ਬੰਦੂਕਾਂ ਦੀ ਥਾਂ ਸੋਟਿਆਂ ਨਾਲ ਕਵੈਦ ਕਰਾਂਦਾ ਹੈ। ਉਹ ਕਿਸੇ ਹਾਕਮ ਦੀ ਈਨ ਨਹੀਂ ਮੰਨਦਾ। ਬਹੁਤ ਸਾਰੀਆਂ ਇਸਤ੍ਰੀਆਂ ਵੀ ਉਸ ਦੇ ਨਾਲ ਹਨ। ਉਸਦੇ ਪੰਜ ਹਜ਼ਾਰ ਸੇਵਕ ਹਨ।* ਅਤੇ ਉਹ ਵੈਸਾਖੀ ਦਾ ਮੇਲਾ ਵੇਖਣ ਲਈ ਅੰਮ੍ਰਿਤਸਰ ਨੂੰ ਜਾ ਰਹੇ ਹਨ।"**

---

* ਪੰਜ ਹਜ਼ਾਰ ਦੀ ਗਿਣਤੀ ਸਾਰੇ ਪੰਜਾਬ ਦੀ ਨਹੀਂ, ਕੇਵਲ ਜ਼ਿਲ੍ਹਾ ਸਿਆਲਕੋਟ ਦੇ ਨਾਮਧਾਰੀਆਂ ਦੀ ਦੱਸੀ ਗਈ ਜਾਪਦੀ ਹੈ।

** ਕੂਕਾ ਕਾਗ਼ਜ਼ਾਤ ਪੰਨਾ ੩।



Sri Satguru Jagjit Singh Ji Elibrary NamdhariElibrary@gmail.com

## ਅੰਮ੍ਰਿਤਸਰ ਦੀ ਵੈਸਾਖੀ ਦਾ ਮੇਲਾ

ਸ੍ਰਕਾਰੀ ਰਪੋਟ ਅਨੁਸਾਰ ਪਤਾ ਲਗਦਾ ਹੈ, ਕਿ ਸਤਿਗੁਰੂ ਜੀ ਆਪਣੇ ਸੇਵਕਾਂ ਸਮੇਤ ੧੧ ਅਪ੍ਰੈਲ (੨੯ ਚੇਤ) ਨੂੰ ਸ੍ਰੀ ਅੰਮ੍ਰਿਤਸਰ ਪੁੱਜੇ, ਜਦ ਕਿ ਪੰਜਾਬ ਲਾਟ ਦੇ ਹੁਕਮ ਨਾਲ ਮੇਜਰ ਮੈਕ ਐਂਡਰਿਊਜ਼ ਡਿਪਟੀ ਇਨਸਪੈਕਟਰ ਜਨਰਲ ਪੋਲੀਸ ਲਾਹੌਰ ਸਰਕਲ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਮਰਸਰ, ਅਤੇ ਜ਼ਿਲਾ ਸੁਪਰਡੰਟ ਪੁਲੀਸ ਦੇ ਸਮੇਤ ਸਤਿਗੁਰੂ ਜੀ ਦੇ ਪਾਸ ਪੁਜਾ। ਉਸਦੇ ਜ਼ਿੰਮੇ ਇਹ ਕੰਮ ਲਾਇਆ ਗਿਆ ਸੀ, ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਉਦੇਸ਼ ਅਤੇ ਇਰਾਦਿਆਂ ਦਾ ਪਤਾ ਕਰੇ। ਮੇਜਰ ਮਰਸਰ ਦੀ ਰਪੋਟ ਤੋਂ ਪਤਾ ਲਗਦਾ ਹੈ, ਕਿ ਮੈਕ ਸਾਹਿਬ ਉਤੇ ਸਤਿਗੁਰੂ ਜੀ ਦੇ ਸਤੋਗੁਣੀ ਦਰਸ਼ਨ ਅਤੇ ਵਿਦ੍ਰੋਹ ਰਹਿਤ ਬਚਨਾਂ ਦਾ ਬੜਾ ਚੰਗਾ ਅਸਰ ਹੋਇਆ। ਮਰਸਰ ਲਿਖਦਾ ਹੈ ਕਿ—"ਉਸਦੇ ਸੇਵਕ ਬੜੇ ਨਰੋਏ ਤੇ ਜਵਾਨ ਹਨ।... ਉਸਦੀ ਗੱਲਬਾਤ ਦਾ ਢੰਗ ਬਾਗ਼ੀਆਨਾ ਨਹੀਂ ਸੀ। ਉਹ ਸ਼ਾਂਤਮਈ ਅਤੇ ਗੰਭੀਰ ਸੁਭਾਉ ਵਾਲਾ ਪ੍ਰਤੀਤ ਹੁੰਦਾ ਸੀ। ਇਸ ਲਈ ਭਰੇ ਮੇਲੇ ਵਿਚ ਉਸਦੇ ਕੰਮ ਵਿਚ ਦਖ਼ਲ ਦੇਣਾ ਮੁਨਾਸਬ ਨਹੀਂ ਸਮਝਿਆ ਗਿਆ।"*

## ਇਸਤ੍ਰੀ ਜਾਤੀ ਲਈ ਅੰਮ੍ਰਿਤ ਅਧਿਕਾਰ

ਅੰਮ੍ਰਿਤਸਰ ਦੀ ਵੈਸਾਖੀ ਤੇ ਨਾਮ ਅੰਮ੍ਰਿਤ ਦਾ ਪ੍ਰਚਾਰ ਕਰਨ ਉਪ੍ਰੰਤ ਸਤਿਗੁਰੂ ਜੀ ਨੇ ਪਹਿਲੋਂ ਦੁਆਬੇ ਅਤੇ ਫੇਰ ਮਾਲਵੇ ਦੇਸ਼ ਦਾ ਦੌਰਾ ਕੀਤਾ। ਇਸ ਦੌਰੇ ਵਿਚ ਆਪ ਨੇ ਦੋ ਨਵੀਨ ਮਰਿਯਾਦਾ ਪ੍ਰਚੱਲਿਤ ਕੀਤੀਆਂ (੧) ਮਾਈਆਂ ਨੂੰ ਅੰਮ੍ਰਿਤ ਅਤੇ (੨) ਅਨੰਦ ਮ੍ਰਯਾਦਾ ਦਾ ਅਰੰਭ। ਇਸ ਤੋਂ ਪਹਿਲੋਂ ਮਾਈਆਂ ਨੂੰ ਅੰਮ੍ਰਿਤ ਦੇ ਅਧਿਕਾਰ ਤੋਂ ਬੰਚਿਤ ਹੀ ਰਹਿਣਾ ਪੈਂਦਾ ਸੀ, ਪ੍ਰੰਤੂ ਸਤਿਗੁਰੂ ਰਾਮ ਸਿੰਘ ਜੀ ਨੇ ਇਸਤ੍ਰੀ ਜਾਤੀ ਨੂੰ ਇਸ ਅਮੋਲਕ ਦਾਤ ਦੇ ਸੰਬੰਧ ਵਿਚ ਪੁਰਸ਼ਾਂ ਦੇ ਸਮਾਨ ਹੀ ਅਧਿਕਾਰੀ ਸਮਝ ਕੇ ਅੰਮ੍ਰਿਤ ਛਕਾਣ ਦਾ ਫੈਸਲਾ ਕੀਤਾ, ਜਿਸ ਦੇ ਫਲ ਸਰੂਪ ਸੈਂਕੜੇ ਮਾਈਆਂ ਨੇ ਹਜ਼ੂਰ ਦੇ ਪਵਿਤ੍ਰ ਕਰ ਕਮਲਾਂ ਦੁਆਰਾ ਅੰਮ੍ਰਿਤ ਦੇ ਬਾਟੇ ਛਕ ਕੇ ਆਪਣੇ ਜਨਮ ਸਫਲ ਕੀਤੇ। ਸਿਰਾਂ ਦੇ ਪ੍ਰਾਂਦੇ, ਗਹਿਣੇ ਅਤੇ ਕੋਝੇ ਪਹਿਰਾਵੇ ਤਿਆਗ ਕੇ ਸਾਦੇ ਬਸਤ੍ਰ ਪਹਿਨ ਲਏ। ਹਰ ਰੋਜ ਸਣੇ ਕੇਸੀ ਇਸ਼ਨਾਨ ਕਰਨਾ ਅਰੰਭ ਦਿਤਾ। ਕਈ ਲੋਕਾਂ ਨੇ ਸ਼ੁਰੂ ਵਿਚ ਇਸ ਗੱਲ ਨੂੰ ਪਸੰਦ ਨਾ ਕੀਤਾ, ਪਰ ਉਨ੍ਹਾਂ

---

* ਕੂਕਾ ਕਾਗ਼ਜ਼ਾਤ ਪੰਨਾ ੩

Sri Satguru Jagjit Singh Ji Elibrary NamdhariElibrary@gmail.com

ਨੂੰ ਸਮਝਾਇਆ ਗਿਆ ਕਿ ਸੰਤਾਨ ਉੱਤੇ ਸਭ ਤੋਂ ਵਧੀਕ ਅਸਰ ਮਾਤਾ ਦਾ ਹੁੰਦਾ ਹੈ, ਜਿਸ ਲਈ ਉਸ ਦਾ ਜੀਵਨ ਅੰਮ੍ਰਿਤ ਮਈ ਹੋਣਾ ਚਾਹੀਦਾ ਹੈ। ਸਤਿਗੁਰੂ ਜੀ ਦੇ ਮਿਠੇ ਮਿਠੇ ਅਤੇ ਹਿਤਕਾਰੀ ਬਚਨਾਂ ਨੇ ਸਭ ਦੀ ਤਸੱਲੀ ਕਰ ਦਿਤੀ। ਹੁਣ ਹਜ਼ਾਰਾਂ ਦੀ ਗਿਣਤੀ ਵਿਚ ਇਸਤ੍ਰੀਆਂ ਤੇ ਪੁਰਸ਼ ਭਜਨ ਪੁਛਣ ਦੇ ਨਾਲ ਹੀ ਖੰਡੇ ਦਾ ਅੰਮ੍ਰਿਤ ਵੀ ਛਕਣ, ਜਿਸਦੇ ਪ੍ਰਭਾਵ ਨਾਲ ਛੋਟੇ ਛੋਟੇ ਬਾਲਕ ਵੀ ਇਸ ਪਵਿਤ੍ਰ ਦਾਤ—ਤੋਂ ਵਰੋਸਾ ਕੇ ਧਰੂ ਅਤੇ ਪ੍ਰਹਿਲਾਦ ਦੇ ਇਤਿਹਾਸ ਨੂੰ ਦੁਹਰਾਣ ਲਗ ਪਏ। ਜਿਨ੍ਹਾਂ ਘਰਾਂ ਵਿਚ ਮਾਤਾ ਪਿਤਾ ਬਾਲ ਅਤੇ ਬਾਲੜੀਆਂ ਨਾਮ ਅਤੇ ਅੰਮ੍ਰਿਤ ਪ੍ਰਾਪਤ ਕਰਨ, ਉਨ੍ਹਾਂ ਵਿਚ ਕਲਜੁਗ ਕਿਵੇਂ ਰਹਿ ਸਕਦਾ ਹੈ? ਓਥੇ ਧਰਮ ਦਾ ਪ੍ਰਵੇਸ਼ ਅਤੇ ਸਤਿਜੁਗ ਦਾ ਪਹਿਰਾ ਲਗ ਜਾਂਦਾ ਹੈ। ਨਾਮ ਬਾਣੀ ਅਤੇ ਸਤਿਸੰਗ ਦੇ ਪ੍ਰਵਾਹ ਨਾਲ ਕਲਹ ਕਲੇਸ਼ ਨਿਵਿਰਤ ਹੋਕੇ ਜੀਵਨ ਸੁਖਮਈ ਹੋ ਜਾਂਦਾ ਹੈ। ਅੰਤਹ ਕਰਣ ਵਿਚੋਂ ਵਿਸ਼ੇ ਵਾਸ਼ਨਾ ਦੀ ਜਨਮ ਜਨਮਾਂਤ੍ਰਾਂ ਦੀ ਕਾਲਖ ਲਹਿ ਕੇ ਉਸ ਦੀ ਥਾਂ ਸਤਿ ਸੰਤੋਖ ਅਤੇ ਦਯਾ ਆਦਿਕ ਦੈਵੀ ਗੁਣਾਂ ਦੀ ਫੁਲਵਾੜੀ ਪ੍ਰਫੁੱਲਿਤ ਹੋ ਜਾਂਦੀ ਹੈ, ਜਿਸਦੀ ਮਹਿਕ ਨਾਲ ਦੇਸ਼ ਅੰਦਰ ਸੁਗੰਧੀ ਹੀ ਸੁਗੰਧੀ ਫੈਲ ਜਾਂਦੀ ਹੈ।

*

Sri Satguru Jagjit Singh Ji Elibrary NamdhariElibrary@gmail.com

# ਖੋਟਿਆਂ ਦਾ ਮੇਲਾ

### ਅਤੇ

# ਅਨੰਦ ਮ੍ਰਯਾਦਾ ਦੀ ਸਥਾਪਨਾ

ਮਾਲਵੇ ਦਾ ਦੌਰਾ ਕਰਦੇ ਹੋਏ ਸਤਿਗੁਰੂ ਜੀ ਹਾੜ ਵਦੀ ੧ ਸੰਮਤ ੧੯੨੦ ਬਿ: ਮੁਤਾਬਕ ੨ ਜੂਨ ੧੮੬੩ ਈ: ਨੂੰ ਮਾਲਵੇ ਦੇ ਪ੍ਰਸਿਧ ਨਗਰ ਖੋਟੇ ਵਿਖੇ ਪੁਜੇ। ੩ ਜੂਨ (ਹਾੜ ਵਦੀ ਦੂਜ) ਨੂੰ ਏਥੇ ਪਹਿਲੋਂ ਤੋਂ ਹੀ ਦਿਵਾਨ ਮਿਥਿਆ ਹੋਣ ਦੇ ਕਾਰਨ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਪੁਜੀਆਂ ਹੋਈਆਂ ਸਨ। ਏਥੇ ਸਤਿਗੁਰੂ ਜੀ ਨੇ ਸਮਾਜ ਅੰਦਰ ਇਕ ਨਵੇਂ ਸੁਧਾਰ ਦੀ ਨੀਂਹ ਰੱਖੀ। ਇਹ ਪੁਰਾਤਨ ਵਿਆਹ ਪੱਧਤੀ ਨੂੰ ਅਨੰਦ ਮ੍ਰਯਾਦਾ ਦੇ ਰੂਪ ਵਿਚ ਪ੍ਰਚਲਤ ਕਰਨ ਦਾ ਮੁੱਢ ਸੀ। ਸਿਖ ਧਰਮ ਅੰਦਰ ਇਸ ਤੋਂ ਪਹਿਲਾਂ ਵਿਆਹਾਂ ਦੀ ਰੀਤੀ ਪੁਰਾਤਨ (ਸਨਾਤਨੀ) ਹੀ ਸੀ।*

ਬ੍ਰਿਹਿਮਣ ਹੀ ਉਸਦੇ ਕਰਤਾ ਧਰਤਾ ਸਨ, ਜਿਨ੍ਹਾਂ ਨੇ ਹੌਲੀ ਹੌਲੀ ਇਸ ਰਸਮ ਨੂੰ ਆਪਣੀ ਉਪਜੀਵਕਾ ਦਾ ਇਕ ਪ੍ਰਧਾਨ ਸਾਧਨ ਬਣਾ ਲਿਆ ਸੀ। ਗਰੀਬ ਸਿਖ ਉਨ੍ਹਾਂ ਦੇ ਇਸ ਲਾਲਚ ਭਰੇ ਰਵੱਜੇ ਤੋਂ ਤੰਗ ਆ ਚੁਕੇ ਸਨ। ਸਤਿਗੁਰੂ ਜੀ ਨੇ ਸਿਖਾਂ ਨੂੰ ਆਗਜਾ ਕੀਤੀ ਕਿ ਹੁਣ ਉਨ੍ਹਾਂ ਨੂੰ ਵਿਆਹਾਂ

---

* ਅਨੰਦ ਮੈਰਿਜ ਐਕਟ ਮਹਾਰਾਜਾ ਰਿਪੁਦਮਨ ਸਿੰਘ ਨੇ ਵਾਇਸਰਾਏ ਦੀ ਕੌਂਸਲ ਵਿਚ ੩੦-੧੦-੧੯੦੮ ਨੂੰ ਪੇਸ਼ ਕੀਤਾ। ਜਿਸ ਸੰਬੰਧੀ ਬਹਿਸ ਵਿਚ ਸਬੂਤ ਪੇਸ਼ ਕਰਨ ਵਾਸਤੇ ਮਹਾਰਾਜਾ ਪਟਿਆਲਾ ਨੇ ਸੰਤ ਜਵਾਲਾ ਸਿੰਘ ਜੀ ਨੂੰ ਮਹਾਰਾਜਾ ਨਾਭਾ ਨੇ ਆਪਣੇ ਚੀਫ਼ ਜਸਟਿਸ ਸ. ਬਚਨ ਸਿੰਘ ਨੂੰ ਭੈਣੀ ਸਾਹਿਬ ਭੇਜਿਆ। ਮਹਾਰਾਜਾ ਨਾਭਾ ਨੂੰ ਸਤਿਗੁਰੂ ਪ੍ਰਤਾਪ ਸਿੰਘ ਵਲੋਂ ਤਾਰ ਭੇਜੀ ਗਈ ਅਤੇ ਸੰਤ ਜਵਾਲਾ ਸਿੰਘ ਚਿੱਠੀ ਲਿਖਵਾ ਕੇ ਲੈ ਗਏ। ਤਾਰ ਤੇ ਚਿੱਠੀ ਵਿਚ ਸਤਿਗੁਰੂ ਜੀ ਨੇ ਦਸਤਖਤਾਂ ਹੇਠ ਲਿਖਿਆ ਗਿਆ ਸੀ ਕਿ ਅਸੀਂ ੫੦ ਸਾਲਾਂ ਤੋਂ ਅਨੰਦ ਮਰਯਾਦਾ ਕਰਦੇ ਹਾਂ ਇਸ ਸਬੂਤ ਤੋਂ ਬਿਨਾਂ ਸਿੰਘ ਸਭਾ ਪਾਸ ਅਨੰਦ ਮਰਯਾਦਾ ਦਾ ਕੋਈ ਪੱਕਾ ਸਬੂਤ ਨਹੀਂ ਸੀ ਸੋ ਨਾਮਧਾਰੀਆਂ ਦੀ ਗਵਾਹੀ ਦੇ ਅਧਾਰ ਤੇ ਇਹ ਐਕਟ ਪਾਸ ਹੋਇਆ ਸੀ।



Sri Satguru Jagjit Singh Ji Elibrary NamdhariElibrary@gmail.com

ਸਬੰਧੀ ਬ੍ਰਹਿਮਣਾਂ ਦੇ ਤਰਲੇ ਕਰਨ ਦੀ ਕੋਈ ਲੋੜ ਨਹੀਂ ਹੈ। ਉਹ ਰਹਿਤ ਮ੍ਰਜਾਦਾ ਵਾਲੇ ਸਿੱਖ ਇਕੱਠੇ ਹੋ ਕੇ ਇਹ ਕਾਰਜ ਆਪ ਹੀ ਕਰ ਲਿਆ ਕਰਨ। ਇਸ ਨਵੀਂ-ਮ੍ਰਯਾਦਾ ਅਨੁਸਾਰ (ਜੋ ਨਾਮਧਾਰੀ ਸਮਾਜ ਵਿਚ ਪ੍ਰਚੱਲਤ ਹੈ) ਖੋਟਿਆਂ ਦੇ ਦਿਵਾਨ ਵਿਖੇ ੬ ਅਨੰਦ ਕਾਰਜ ਹੋਏ। ਕਿਉਂਕਿ ਸਿਖ ਪੰਥ ਅੰਦਰ ਸਭ ਤੋਂ ਪਹਿਲੋਂ ਅਨੰਦ ਮ੍ਰਜਾਦਾ ਪਿੰਡ ਖੋਟੇ ਜ਼ਿਲਾ ਫੀਰੋਜ਼ਪੁਰ (ਹੁਣ ਮੋਗਾ) ਵਿਚ ਕੀਤੀ ਗਈ, ਇਸ ਲਈ ਉਸ ਮ੍ਰਯਾਦਾ ਦੀ ਰੀਤੀ ਨੂੰ ਅਸਲ ਮ੍ਰਯਾਦਾ ਦਾ ਨਾਮ ਦਿਤਾ ਜਾ ਸਕਦਾ ਹੈ। ਅਨੰਦ ਮੈਰਿਜ ਐਕਟ ੨੨-੧੦-੧੯੦੯ ਵਿਚ ਪਾਸ ਹੋਇਆ ਜਿਸ ਵਿਚ ਹੋਰ ਸਿਖ ਸੁਸਾਇਟੀਆਂ ਨੇ ਕੁਛ ਵਾਧੇ ਘਾਟੇ ਕਰਕੇ ਆਪੋ ਆਪਣੇ ਵੱਖਰੇ ਤ੍ਰੀਕੇ ਨੀਯਤ ਕਰ ਲਏ।

### ਅਸਲ ਮ੍ਰਯਾਦਾ

ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਸ੍ਰੀ ਆਦਿ ਗ੍ਰੰਸਾਹਿਬ ਦਾ ਪ੍ਰਕਾਸ਼ ਕਰਨ ਉਪ੍ਰੰਤ ਕੁਛ ਫਾਸਲੇ ਤੇ ਅਗਲੇ ਬੰਨੇ ਬੇਦੀ ਅੰਦਰ ਪੂਰਨ ਮ੍ਰਯਾਦਾ ਅਨੁਸਾਰ ਹਵਨ ਕਰਨਾਂ। ਪੰਜਾਂ ਸਿੰਘਾਂ ਨੇ ਗੁਰਬਾਣੀ ਪੋਥੀਆਂ ਤੋਂ ਪੜ੍ਹਨੀ, ਛੇਵੇਂ ਨੇ ਅਹੂਤੀ ਪਾਣੀ ਤੇ ਸੱਤਵੇਂ ਨੇ ਜਲ ਦਾ ਛਿਟਾ ਮਾਰਨਾ। ਉਸਤੋਂ ਪਿਛੋਂ ਅੰਮ੍ਰਿਤ ਤਿਆਰ ਕਰਕੇ ਵਰ ਕੰਨਿਆਂ ਨੂੰ ਛਕਾ ਦੇਣਾਂ ਤੇ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ ਹਵਨ ਕੁੰਡ ਦੇ ਦੁਆਲੇ ਫੇਰੇ ਦੇਣੇ। ਪਿਛੋਂ ਪਾਠ ਦਾ ਭੋਗ ਪਾ ਦੇਣਾ। ਉਪ੍ਰੰਤ ਅਨੰਦ ਸਾਹਿਬ ਦਾ ਕੀਰਤਨ ਕਰਨਾ, ਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾ ਦੇਣਾ।

ਖੋਟਿਆਂ ਵਿਚ ਇਸ ਨਵੀਂ ਮ੍ਰਯਾਦਾ ਦਾ ਸਭ ਤੋਂ ਵਧੇਰੇ ਅਸਰ ਬ੍ਰਹਿਮਣਾਂ ਤੇ ਹੋਣਾ ਸੀ, ਜੋ ਇਸਤੋਂ ਪਹਿਲੋਂ ਇਸ ਸਬੰਧ ਵਿਚ ਸਿੱਖਾਂ ਦੇ ਮੰਨੇ ਪ੍ਰਮੰਨੇ ਆਗੂ ਸਨ। ਉਨ੍ਹਾਂ ਨੇ ਇਸ ਦੇ ਵਿਰੁੱਧ ਰੌਲਾ ਪਾਣ ਦਾ ਜਤਨ ਕੀਤਾ। ਸਤਿਗੁਰੂ ਜੀ ਨੇ ਉਨ੍ਹਾਂ ਦੀਆਂ ਛਿੱਥੀਆਂ ਤੇ ਫਿੱਕੀਆਂ ਗੱਲਾਂ ਬੜੇ ਪ੍ਰੇਮ ਤੇ ਸ਼ਾਂਤੀ ਨਾਲ ਸੁਣਦਿਆਂ ਹੋਇਆਂ ਉਨ੍ਹਾਂ ਨੂੰ ਸਮਝਾਣ ਦਾ ਯਤਨ ਕੀਤਾ। ਨਾਲ ਹੀ ਕਿਹਾ ਕਿ—'ਅਸੀਂ ਕਿਸੇ ਦਾ ਹੱਕ ਖੋਂਸਣ ਦਾ ਖ਼ਿਆਲ ਨਹੀਂ ਰਖਦੇ। ਸਗੋਂ ਅਸੀਂ ਤਾਂ ਹਰ ਇਕ ਨੂੰ ਆਪਣੇ ਆਪਣੇ ਹੱਕ ਤੇ ਕਾਇਮ ਰੱਖਣ ਦਾ ਉਪਦੇਸ਼ ਕਰਦੇ ਹਾਂ। ਸਦਾਚਾਰੀ ਅਤੇ ਨਿਆਇਸ਼ੀਲ ਬ੍ਰਹਿਮਣ ਦਾ ਅਸੀਂ ਦਿਲੋਂ ਸਤਕਾਰ ਕਰਦੇ ਹਾਂ, ਪਰ ਲਾਲਚੀ ਆਦਮੀ ਨੂੰ ਉਸਦੇ ਭਲੇ ਲਈ ਲਾਲਚ ਤੋਂ ਹਟਾਣਾ ਅਪਣਾ ਫਰਜ਼ ਸਮਝਦੇ ਹਾਂ। ਅਨੰਦ ਮ੍ਰਯਾਦਾ ਚਾਲੂ

ਕਰਕੇ ਸਗੋਂ ਅਸਾਂ ਸਿੱਖਾਂ ਦਾ ਭਾਰ ਸਿੱਖਾਂ ਨੂੰ ਹੀ ਚੁਕਾ ਦਿਤਾ ਹੈ, ਇਸ ਲਈ ਤੁਹਾਨੂੰ ਨਰਾਜ ਹੋਣ ਦੀ ਥਾਂ ਖੁਸ਼ ਹੋਣਾ ਚਾਹੀਦਾ ਹੈ।' ਬਾਰ ਬਾਰ ਸਮਝਾਣ ਤੇ ਵੀ ਬ੍ਰਹਿਮਣ ਨਾਂ ਸਮਝੇ ਅਤੇ ਤੈਸ਼ ਵਿਚ ਆ ਕੇ ਡਿਪਟੀ ਕਮਿਸ਼ਨਰ ਅੱਗੇ ਜਾ ਫ਼ਰਯਾਦ ਕੀਤੀ ਕਿ "ਨਵੇਂ ਪੰਥ ਦੇ ਗੁਰੂ ਨੇ ਸਾਡਾ ਟੁਕਰ ਖੋਹ ਲਿਆ ਹੈ।"

## ਬਾਗ਼ਯਾਨਾਂ ਤਕਰੀਰ ਬਾਬਤ ਰਪੋਟ

ਬ੍ਰਹਿਮਣਾਂ ਦੇ ਵਾਵੇਲਾ ਕਰਨ ਪਿਛੋਂ ੪ ਜੂਨ ਨੂੰ ਖੋਟਿਆਂ ਦੇ ਇਕ ਚੌਕੀਦਾਰ ਨੇ ਬਾਘੇ ਪੁਰਾਣੇ ਦੇ ਥਾਣੇ ਜਾਕੇ ਰਪੋਟ ਕੀਤੀ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਿਖ ਸ੍ਰਕਾਰ ਦੇ ਵਿਰੁੱਧ ਤਕਰੀਰਾਂ ਕਰਦੇ ਹਨ। ਉਸ ਨੇ ਲਿਖਾਇਆ ਕਿ—"ਦੋ ਤਿੰਨ ਦਿਨਾਂ ਤੋਂ ਉਸਦੇ ਪਿੰਡ ਵਿਚ (ਸਤਿਗੁਰੂ) ਰਾਮ ਸਿੰਘ (ਜੀ) ਚਾਰ ਪੰਜ ਸੌ ਸਿਖ ਸੇਵਕਾਂ ਸਮੇਤ ਆਏ ਹੋਏ ਹਨ, ਜਿਨ੍ਹਾਂ ਦਾ ਢੰਗ ਅਨੋਖਾ ਹੈ। ਉਹ ਬਾਗ਼ਯਾਨਾ ਤਕਰੀਰਾਂ ਕਰਦੇ ਹਨ। ਉਹ ਕਹਿੰਦੇ ਹਨ, ਕਿ ਦੇਸ਼ ਤੇ ਛੇਤੀ ਹੀ ਉਨ੍ਹਾਂ ਦਾ ਕਬਜਾ ਹੋ ਜਾਏਗਾ ਅਤੇ ਛੇਤੀਂ ਹੀ ਸਵਾ ਲੱਖ ਹਥਿਆਰਬੰਦ ਆਦਮੀ ਉਨ੍ਹਾਂ ਦੇ ਪਿੱਛੇ ਹੋਵੇਗਾ। ਉਹ ਕਿਰਸਾਨਾਂ ਤੋਂ ਉਨ੍ਹਾਂ ਦੀ ਫਸਲ ਦਾ ਕੇਵਲ ਪੰਜਵਾਂ ਹਿੱਸਾ ਲੈਣਗੇ। ਉਹ ਅਪਣੇ ਆਪ ਨੂੰ ਅਨੋਖੇ ਢੰਗ ਨਾਲ ਪੇਸ਼ ਕਰ ਰਹੇ ਹਨ।

✻

Sri Satguru Jagjit Singh Ji Elibrary NamdhariElibrary@gmail.com

# ਕੂਕਾ ਦਿਵਾਨਾਂ ਤੇ ਪਾਬੰਦੀਆਂ

ਚੌਂਕੀਦਾਰ ਦੀ ਰਪਟ ਪਿਛੋਂ ਇਕ ਸਾਰਜੰਟ, ਅਤੇ ਉਸਤੋਂ ਬਾਦ ਇਕ ਐਸਿਸਟੰਟ ਸਪਰਡੰਟ ਪੁਲੀਸ ਨੂੰ ਖੋਟੇ ਪਿੰਡ ਭੇਜਿਆ ਗਿਆ,* ਜਿਨ੍ਹਾਂ ਨੇ ਚੌਂਕੀਦਾਰ ਦੀ ਰਪਟ ਨੂੰ ਦਰਸਤ ਮੰਨਦਿਆਂ ਹੋਇਆਂ ਉਸਦੀ ਤਸਦੀਕ ਕਰ ਦਿਤੀ, ਜਿਸਦਾ ਨਤੀਜਾ ਇਹ ਹੋਇਆ ਕਿ ਫੀਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਦੀ ਆਗਜਾ ਅਨੁਸਾਰ ਜ਼ਿਲ੍ਹਾ ਫੀਰੋਜ਼ਪੁਰ ਅੰਦਰ ਕੂਕਾ ਦਿਵਾਨ ਬੰਦ ਕਰ ਦਿਤੇ। ਸਤਿਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕਾਂ ਸਮੇਤ ਥਾਣਿਓਂ ਥਾਣੀ ਉਨ੍ਹਾਂ ਦੇ ਪਿੰਡ ਭੈਣੀ ਸਾਹਿਬ ਵਿਖੇ ਪੁਚਾ ਦੇਣ ਦਾ ਹੁਕਮ ਦਿਤਾ ਗਿਆ। ਮਿਸਟਰ ਥਾਮਸ ਡਿਪਟੀ ਕਮਿਸ਼ਨਰ ਫ਼ੀਰੋਜ਼ਪੁਰ ਨੇ ਸਰਕਾਰੀ ਹੁਕਮ ਦੀ ਤਾਮੀਲ ਵਿਚ ਸਤਿਗੁਰੂ ਜੀ ਨੂੰ ਬਾਘਾ ਪੁਰਾਣਾ ਥਾਣੇ ਵਿਖੇ ਸੱਦ ਕੇ ਪੁਛਿਆ ਕਿ—"ਆਪ ਦੇ ਵਿਰੁੱਧ ਬਾਗ਼ੀਆਨਾ ਤਕਰੀਰਾਂ ਕਰਨ ਦੀਆਂ ਸ਼ਕੈਤਾਂ ਪੁਜੀਆਂ ਹਨ। ਤੁਸੀਂ ਇਸ ਸਬੰਧ ਵਿਚ ਕੀ ਆਖਣਾ ਚਾਹੁੰਦੇ ਹੋ?" ਆਪ ਨੇ ਬੜੀ ਸ਼ਾਂਤੀ ਨਾਲ ਉਤ੍ਰ ਦਿੰਦਿਆਂ ਹੋਇਆਂ ਕਿਹਾ ਕਿ:—"ਮੈਂ ਸੱਚ ਧਰਮ ਦਾ ਪ੍ਰਚਾਰ ਕਰਦਾ ਹਾਂ। ਵਿਅਰਥ ਤੇ ਖਰਚੀਲੀਆਂ ਰਸਮਾਂ ਦੇ ਭਾਰ ਤੋਂ ਜੰਤਾ ਨੂੰ ਬਚਾਣਾ ਚਾਹੁੰਦਾ ਹਾਂ। ਧਾਰਮਿਕ, ਸਮਾਜਕ ਅਤੇ ਸਦਾਚਾਰਕ ਗਿਰਾਵਟਾਂ ਕਾਰਨ ਜੋ ਲੋਕਾਂ ਨੂੰ ਦੁਖ ਹੋ ਰਿਹਾ ਹੈ, ਮੈਂ ਉਸਨੂੰ ਦੂਰ ਕਰਨ ਦਾ ਪੁਰਸ਼ਾਰਥ ਕਰ ਰਿਹਾ ਹਾਂ, ਮੇਰਾ ਕਿਸੇ ਨਾਲ ਵਿਰੋਧ ਨਹੀਂ ਹੈ। ਮੈਂ ਦੇਸ਼ ਤੇ ਜਾਤੀ ਦੇ ਭਲੇ ਦਾ ਚਾਹਵਾਨ ਹਾਂ। ਜੇ ਅਜੇਹਾ ਕਰਨ ਦਾ ਨਾਉਂ ਬਗਾਵਤ ਕਰਨਾ ਹੈ, ਤਾਂ ਮੈਂ ਇਸ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਹਾਂ"। ਇਹ ਨਿਰਭੈਤਾ ਭਰਿਆ ਅਤੇ ਖਰਾ ਉਤਰ ਸੁਣ ਕੇ ਡਿਪਟੀ ਕਮਿਸ਼ਨਰ ਹੈਰਾਨ ਜੇਹਾ ਹੋ ਗਿਆ। ਕੁਛ ਮਿੰਟਾਂ ਤਕ ਚੁਪ ਰਹਿਣ ਪਿਛੋਂ ਉਸ ਨੇ ਕਿਹਾ ਕਿ —"ਆਪ ਨੂੰ ਹੁਣ ਇਸ ਜ਼ਿਲੇ ਵਿਚ ਕੋਈ ਦਿਵਾਨ ਕਰਨ ਦੀ ਆਗਜਾ ਨਹੀਂ ਹੋਵੇਗੀ। ਇਹ ਹੁਕਮ

* ਕੂਕਾ ਕਾਰਵਾਰ ਪੰਨਾ ੩



Sri Satguru Jagjit Singh Ji Elibrary NamdhariElibrary@gmail.com

ਸੁਣਾਣ ਤੋਂ ਪਿਛੋਂ ਸਤਿਗੁਰਾਂ ਨੂੰ ਹਿਰਾਸਤ ਵਿਚ ਲੈ ਕੇ ਥਾਣਿਓਂ ਥਾਣੀਂ ਸ੍ਰੀ ਭੈਣੀ ਸਾਹਿਬ ਪਚਾਇਆ ਗਿਆ, ਜਿਥੋਂ ਆਪ ਹਰ ਰੋਜ਼ ਚਲ ਕੇ ੨੮ ਦਿਨਾਂ ਤਕ ਲੁਧਿਆਣੇ ਡਿਪਟੀ ਕਮਿਸ਼ਨਰ ਦੇ ਪੇਸ਼ ਹੁੰਦੇ ਰਹੇ।

## ਮਨਘੜਤ ਰਪੋਟਾਂ

ਅਪ੍ਰੈਲ, ਮਈ ਅਤੇ ਜੂਨ ੧੮੬੩ ਵਿਚ ਪੰਜਾਬ ਲਾਟ ਦੇ ਹੁਕਮ ਅਨੁਸਾਰ ਸਤਿਗੁਰੂ ਜੀ ਦੇ ਵਿਰੁੱਧ ਪੰਜਾਬ ਭਰ ਦੇ ਅੰਗ੍ਰੇਜ਼ ਤੇ ਦੇਸੀ ਅਫਸਰਾਂ ਵਲੋਂ ਰਪੋਟਾਂ ਕੱਠੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਬਹੁਤੀਆਂ ਨੂੰ ਨਿਰਮੂਲ ਤੇ ਝੂਠੀਆਂ ਕਿਹਾ ਜਾ ਸਕਦਾ ਹੈ। ਇਸ ਸਬੰਧ ਵਿਚ ਕੈਪਟਨ ਮਿੱਲਰ ਦੀ ਉਸ ਰਪੋਟ ਦਾ ਵਰਣਨ ਕਰਨਾ ਜਰੂਰੀ ਜਾਪਦਾ ਹੈ, ਜੋ ਉਸ ਨੇ ੧੧ ਜੂਨ ੧੮੬੩ ਨੂੰ ਮੁਖ਼ਬਰ ਗੋਂਦਾ ਸਿੰਘ ਬਾਬਤ ਕੀਤੀ। ਮਿਲਰ ਲਿਖਦਾ ਹੈ ਕਿ "ਸਤਿਗੁਰੂ ਰਾਮ ਸਿੰਘ ਜੀ ਦਾ ਭੇਤ ਲੈਣ ਵਾਸਤੇ ਗੋਂਦਾ ਸਿੰਘ ਨੂੰ ਭੈਣੀ (ਸਾਹਿਬ) ਭੇਜਿਆ ਗਿਆ। ਉਹ ਓਥੇ ਐਸੇ ਵੇਲੇ ਪੁੱਜਾ ਜਦ ਕਿ ਗੁਰੂ ਜੀ ਡੇਰੇ ਤੋਂ ਕਿਤੇ ਬਾਹਰ ਗਏ ਹੋਏ ਸਨ। ਗੋਂਦਾ ਸਿੰਘ ਬਾਬਾ ਸਾਹਿਬ ਸਿੰਘ ਜੀ ਕੋਲ ਗਿਆ, ਅਤੇ ਭਜਨ ਪੁਛ ਕੇ ਕੂਕਾ ਹੋਣ ਲਈ ਬੇਨਤੀ ਕੀਤੀ। ਬਾਬਾ ਜੀ ਨੇ ਉਸਨੂੰ ਭਜਨ ਦਸ ਦਿਤਾ, ਤੇ ਉਹ ਕੂਕਿਆਂ ਵਿਚ ਰਲ ਗਿਆ। ਗੋਂਦਾ ਸਿੰਘ ਨੇ ਵੇਖਿਆ ਕਿ ਰਾਤ ਨੂੰ ਢੋਲ ਵਜਣ ਪਿਛੋਂ ੫੦ ਕੂਕਿਆਂ ਨੇ ਬਾਬਾ ਸਾਹਿਬ ਸਿੰਘ ਤੋਂ ਸੋਟੇ ਲੈ ਕੇ ੨ ਘੰਟਿਆਂ ਤਕ ਕਵੈਦ ਕੀਤੀ। ਇਸਤੋਂ ਬਾਦ ਗੋਂਦਾ ਸਿੰਘ ਨੇ ਸਤਿਗੁਰੂ ਜੀ ਦਾ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ। ਬਾਬਾ ਸਾਹਿਬ ਨੇ ਉਸਨੂੰ ਸਤਿਗੁਰਾਂ ਦੀ ਭਾਲ ਕਰਨ ਲਈ ਭੇਜਿਆ, ਅਤੇ ਆਪਣੇ ਕੋਲੋਂ ਦੋ ਚਿਠੀਆਂ ਦੇ ਕੇ ਆਖਿਆ, ਕਿ ਇਹ ਸਤਿਗੁਰਾਂ ਨੂੰ ਦੇਣੀਆਂ। ਗੋਂਦਾ ਸਿੰਘ ਚਿਠੀਆਂ ਲੈਕੇ ਰਾਹੇ ਪਿਆ ਜੋ ਉਸਨੇ ਜਾਲੰਧਰ ਛਾਉਣੀ ਪੁਜ ਕੇ ਮਿਲਰ ਸਾਹਬ ਨੂੰ ਦੇ ਦਿਤੀਆਂ।" ਇਹ ਕੈਪਟਨ ਮਿਲਰ ਦੀ ਉਸ ਰਪੋਟ ਦਾ ਸਾਰ ਹੈ ਜੋ ਉਸ ਨੇ ਇਨਸਪੈਕਟਰ ਜਨਰਲ ਪੁਲੀਸ ਲਾਹੌਰ ਦੀ ਮਾਰਫਤ ਲਾਟ ਸਾਹਿਬ ਨੂੰ ਭੇਜੀ।* ਮਿਲਰ ਦੀ ਰਪੋਟ ਵਿਚੋਂ ਚਿਠੀਆਂ ਦਾ ਪੰਜਾਬੀ ਉਲਥਾ ਹੇਠਾਂ ਦਿਤਾ ਜਾਂਦਾ ਹੈ:-

### ਚਿਠੀ ਨੰ: ੧

"ਫਤਹ" ਗੁਰੂ ਗੋਬਿੰਦ ਸਿੰਘ ਜੀ ਦੀ ਸਹੀ। ਮੈਂ ਇਕ ਤ੍ਰਖਾਣ ਦੇ ਘਰ

---

* ਕੂਕਾ ਕਾਗਚਾਤ

ਪੈਦਾ ਹੋਵਾਂਗਾ, ਅਤੇ ਰਾਮ ਸਿੰਘ ਦੇ ਨਾਮ ਨਾਲ ਪੁਕਾਰਿਆ ਜਾਵਾਂਗਾ। ਮੇਰਾ ਘਰ ਜਮਨਾ ਤੇ ਸਤਲੁਜ ਦੇ ਵਿਚਕਾਰ ਹੋਵੇਗਾ, ਮੈਂ ਆਪਣਾ ਪੰਥ ਪ੍ਰਗਟ ਕਰਾਂਗਾ। ਮੈਂ ਫ਼ਰੰਗੀ ਨੂੰ ਹਰਾ ਕੇ ਅਪਣੇ ਸਿਰ ਤੇ ਤਾਜ ਰੱਖਾਂਗਾ, ਅਤੇ ਸੰਖ ਪੂਰਾਂਗਾ, ਗਵੱਯੇ ਮੇਰੀ ਉਪਮਾ ਦੇ ਗੀਤ ਗਾਵਣਗੇ। ਸੰਮਤ ੧੯੨੧ (ਸੰਨ ੧੮੬੪ ਈ:) ਨੂੰ ਮੈਂ ਤਰਖਾਣ ਤਖਤ ਤੇ ਬੈਠਾਂਗਾ। ਜਦ ਮੇਰੇ ਨਾਲ ਸਵਾ ਲਖ ਸਿਖ ਹੋਣਗੇ, ਮੈਂ ਫ਼ਰੰਗੀਆਂ ਦੇ ਸਿਰ ਵੱਢਾਂਗਾ। ਸਵਾ ਲਖ ਖਾਲਸੇ ਦਾ ਜੈਕਾਰਾ ਸਣਕੇ, ਈਸਾਈ ਆਪਣੀਆਂ ਤੀਵੀਆਂ ਛਡ ਕੇ ਦੇਸ ਵਿਚੋਂ ਨੱਸ ਜਾਣਗੇ। ਜਮਨਾ ਦੇ ਕੰਢੇ ਤੇ ਇਕ ਵੱਡਾ ਜੰਗ ਹੋਵੇਗਾ। ਲਹੂ ਰਾਵੀ ਦੇ ਪਾਣੀ ਸਮਾਨ ਵਗੇਗਾ। ਕਿਸੇ ਫ਼ਰੰਗੀ ਨੂੰ ਜੀਉਂਦਾ ਨਹੀਂ ਰਹਿਣ ਦਿਤਾ ਜਾਵੇਗਾ। ਸੰਮਤ ੧੯੨੨ (ਸੰਨ ੧੮੬੫) ਨੂੰ ਦੇਸ ਵਿਚ ਬਲਵੇ ਹੋਣਗੇ। ਖ਼ਾਲਸੇ ਦਾ ਤਾਜ ਹੋਵੇਗਾ। ਰਾਜਾ ਤੇ ਪਰਜਾ ਸੁਖ ਸ਼ਾਂਤੀ ਨਾਲ ਰਹਿਣਗੇ। ਦਿਨੋਂ ਦਿਨ ਰਾਮ ਸਿੰਘ ਦਾ ਰਾਜ ਵਧਦਾ ਜਾਵੇਗਾ। ਇਹ ਅਕਾਲ ਪੁਰਖ ਨੇ ਲਿਖਿਆ ਹੈ। ਮੇਰੇ ਭਾਈਓ ਇਹ ਕੋਈ ਜੀਵਨ ਨਹੀਂ ਹੈ। ਸੰਨ ੧੮੬੫ ਨੂੰ ਸਾਰੇ ਦੇਸ ਉਤੇ ਰਾਮ ਸਿੰਘ ਦਾ ਰਾਜ ਹੋਵੇਗਾ। ਮੇਰੇ ਸਿਖ ਅਕਾਲ ਪੁਰਖ ਦੀ ਪੂਜਾ ਕਰਨਗੇ। ਅਕਾਲ ਪੁਰਖ ਕਹਿੰਦਾ ਹੈ, ਕਿ ਇਹ ਕੁਛ ਹੋਵੇਗਾ।"

**(ਚਿਠੀ ਨੰ: ੨)**

"ਫਤਹ। ਉਤਲੀ ਚਿਠੀ ਸਭ ਸਿੰਘਾਂ ਨੂੰ ਸੁਣਾਈ ਗਈ। ਏਥੋਂ ਦੇ ਸਾਰੇ ਸਿੱਖਾਂ ਦੀ ਬੇਨਤੀ ਹੈ, ਕਿ ਆਪ ਜਿਥੇ ਵੀ ਹੋਵੋ ਆਪਣੀ ਖਬਰ ਭੇਜੋ। ਅਸੀਂ ਏਥੇ ਤੁਹਾਡਾ ਦਰਸ਼ਨ ਕਰਨਾ ਚਾਹੁੰਦੇ ਹਾਂ। ਤੁਸੀਂ ਬਹੁਤ ਸਮੇਂ ਤੋਂ ਏਥੇ ਨਹੀਂ ਹੋ। ਏਧਰ ਨੂੰ ਛੇਤੀ ਨਾਲ ਆਓ। ਅਸੀਂ ਏਨਾਂ ਚਿਰ ਆਪ ਤੋਂ ਵੱਖਰੇ ਨਹੀਂ ਰਹਿ ਸਕਦੇ।"

ਚਿਠੀ ਨੰ: ੧ ਦੇ ਆਦਿ ਤੋਂ ਅੰਤ ਤਕ ਵਿਚਾਰ ਕਰਨ ਨਾਲ ਪ੍ਰਤੀਤ ਹੁੰਦਾ ਹੈ, ਕਿ ਇਹ ਬਿਲਕੁਲ ਮਨਘੜਤ ਅਤੇ ਬਨਾਵਟੀ ਹੈ। ਜਿਸ ਵਿਚ ਇਹ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ, ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਖਾਂ ਪ੍ਰਤਿ ਸ੍ਰੀ ਕਲਗੀਧਰ ਜੀ ਦੀ ਪੇਸ਼ੀਨਗੋਈ ਦੁਆਰਾ ਦਸ ਰਹੇ ਹਨ, ਕਿ ਆਪ ਸ੍ਰੀ ਕਲਗੀਧਰ ਜੀ ਦਾ ਅਵਤਾਰ ਹਨ, ਅਤੇ ਇਹ ਵੀ ਗੁਰੂ ਗੋਬਿੰਦ ਸਿੰਘ ਜੀ ਅਤੇ ਅਕਾਲ ਪੁਰਖ ਦਾ ਹੁਕਮ ਹੈ, ਕਿ ਗੁਰੂ ਰਾਮ ਸਿੰਘ ਦੇ ਰੂਪ ਵਿਚ ਫਰੰਗੀਆਂ ਦੇ ਸਿਰ ਵਢ ਕੇ ਖ਼ਾਲਸਾ ਰਾਜ ਮੁੜ ਬਹਾਲ ਕੀਤਾ ਜਾਏਗਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਜ ਤਖਤ ਤੇ ਬੈਠਣਗੇ।

ਇਸ ਚਿਠੀ ਸਬੰਧੀ ਹੇਠਾਂ ਲਿਖੀਆਂ ਗੱਲਾਂ ਵਿਚਾਰ ਗੋਚਰੀਆਂ ਹਨ:—

(੧) ਕੀ ਗੋਂਦਾ ਸਿੰਘ ਦੀ ਹਸਤੀ ਦਾ ਕੋਈ ਇਤਿਹਾਸਕ ਪ੍ਰਮਾਣ ਹੈ?

(੨) ਕੀ ਅਹਿੰਸਾ ਦੇ ਅਵਤਾਰ ਸਤਿਗੁਰੂ ਰਾਮ ਸਿੰਘ ਜੀ ਵਲੋਂ ਇਹ ਚਿਠੀ ਲਿਖੇ ਜਾਣ ਦੀ ਆਸ ਕੀਤੀ ਜਾ ਸਕਦੀ ਹੈ?

(੩) ਕੀ ਬਾਬਾ ਸਾਹਿਬ ਸਿੰਘ ਜੀ ਅਜੇਹੇ ਭੋਲੇ ਅਤੇ ਕੱਚੇ ਆਦਮੀ ਸਨ, ਜਿਨ੍ਹਾਂ ਨੇ ਇਕ ਓਬੜ ਅਤੇ ਬਿਲਕੁਲ ਨਵੇਂ ਆਦਮੀ ਨੂੰ ਅਜੇਹੀ ਭੇਤ ਭਰੀ ਚਿਠੀ ਦਿੱਤੀ ਜੋ ਕਿਸੇ ਬਹੁਤ ਵਡੇ ਇਤਬਾਰੀ ਆਦਮੀ ਨੂੰ ਦੇਣ ਯੋਗ ਸੀ?

(੪) ਜਦ ਇਹ ਚਿਠੀ ਸਤਿਗੁਰੂ ਜੀ ਵਲੋਂ ਸੰਗਤ ਨੂੰ ਲਿਖੀ ਗਈ ਅਤੇ ਦੂਜੀ ਚਿਠੀ ਦੀ ਲਿਖਤ ਅਨੁਸਾਰ ਸੰਗਤ ਨੂੰ ਪੜ੍ਹਕੇ ਸੁਣਾ ਦਿੱਤੀ ਗਈ ਸੀ, ਤਾਂ ਉਸ ਨੂੰ ਸਤਿਗੁਰੂ ਜੀ ਦੇ ਪਾਸ ਵਾਪਸ ਭੇਜਣ ਦੀ ਕਿਉਂ ਲੋੜ ਪਈ?

(੫) ਇਹ ਚਿਠੀ ਕੈਪਟਨ ਮਿਲਰ ਨੇ ਆਪਣੀ ੧੧ ਜੂਨ ੧੮੬੩ ਦੀ ਰਪੋਟ ਵਿਚ ਲਾਟ ਸਾਹਿਬ ਨੂੰ ਭੇਜੀ ਇਸ ਲਈ ਇਹ ਗੱਲ ਬੜੀ ਡੂੰਘੀ ਵਿਚਾਰ ਦਾ ਵਿਸ਼ਯ ਹੈ, ਕਿ ਇਸਤੋਂ ਪੰਜ ਦਿਨ ਪਹਿਲੋਂ ਭਾਵ ਪੰਜ ਯਾ ੬ ਜੂਨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਬਾਬਾ ਸਾਹਿਬ ਸਿੰਘ ਜੀ ਕਿੱਥੇ ਸਨ?

ਜਿਥੋਂ ਤਕ ਪਹਿਲੇ ਪ੍ਰਸ਼ਨ ਦਾ ਸਬੰਧ ਹੈ ਸਰਕਾਰੀ ਰਪੋਟ ਦੀ ਲਿਖਤ ਅਨੁਸਾਰ ਗੋਂਦਾ ਸਿੰਘ ਅਜੇਹਾ ਕੂਕਾ ਬਣ ਗਿਆ ਪ੍ਰਤੀਤ ਹੁੰਦਾ ਹੈ, ਕਿ ਉਸਨੂੰ ਬਾਬਾ ਸਾਹਿਬ ਸਿੰਘ ਜੈਸੀ ਜ਼ਿੰਮੇਵਾਰ ਹਸਤੀ ਨੇ ਆਪਣਾ ਵਿਸ਼ਵਾਸ ਪਾਤ੍ਰ ਸਮਝ ਕੇ ਆਪਣੇ ਸਤਿਗੁਰੂ ਦੀ ਉਹ ਭੇਤ ਭਰੀ ਚਿਠੀ ਦੇ ਕੇ ਉਨ੍ਹਾਂ ਵਲ ਤੋਰ ਦਿਤਾ, ਜਿਸਨੂੰ ਰਾਜਨੀਤਕ ਨੁਕਤਾ ਨਿਗਾਹ ਨਾਲ ਗੁਪਤ (Confidential) ਰੱਖਣਾ ਚਾਹੀਦਾ ਸੀ। ਅਜੇਹੀ ਸੂਰਤ ਵਿਚ ਗੋਂਦਾ ਸਿੰਘ ਐਸਾ ਵਿਅਕਤੀ ਨਹੀਂ ਹੋ ਸਕਦਾ ਜਿਸ ਤੋਂ ਕੂਕਾ ਇਤਿਹਾਸ ਉੱਕਾ ਹੀ ਬੇਖ਼ਬਰ ਹੋਵੇ। ਸਾਡੇ ਕੋਲ ਸਭ ਤੋਂ ਪਹਿਲਾ ਤੇ ਪ੍ਰਮਾਣੀਕ ਕੂਕਾ ਇਤਿਹਾਸ ਸ੍ਰੀਮਾਨ ਭਾਈ ਸੰਤੋਖ ਸਿੰਘ ਜੀ ਦੇ ਹੱਥਾਂ ਦਾ ਲਿਖਿਆ ਪਿਆ ਮੌਜੂਦ ਹੈ। ਜੇ ਗੋਂਦਾ ਸਿੰਘ ਐਸਾ ਪ੍ਰਸਿੱਧ ਕੂਕਾ ਹੁੰਦਾ ਜੋ ਸਤਿਗੁਰੂ ਜੀ ਦੀ ਨਿਜੀ ਡਾਕ (ਪ੍ਰਾਈਵੇਟ ਪੋਸਟ) ਲੈ ਜਾਣ ਦੇ ਯੋਗ ਸਮਝਿਆ ਜਾਂਦਾ, ਤਾਂ ਉਸਦਾ ਨਾਉਂ

ਉਸਦੀਆਂ ਸੇਵਾ ਸਮੇਤ ਸਾਡੇ ਮੁਢਲੇ ਇਤਿਹਾਸ ਵਿਚ ਜਰੂਰ ਦਰਜ ਹੁੰਦਾ, ਅਤੇ ਨਾਲ ਹੀ ਸਤਿਗੁਰਾਂ ਦੀ ਆਪਣੇ ਪਾਵਨ ਹੱਥਾਂ ਨਾਲ ਲਿਖੀ ਹੋਈ ਇਹ ਚਿਠੀ ਵੀ ਇਸ ਇਤਿਹਾਸਕ ਨੁਸਖੇ ਤੋਂ ਬਾਹਰ ਨਾਂ ਰਹਿ ਸਕਦੀ, ਪ੍ਰੰਤੂ ਇਸ ਪ੍ਰਮਾਣੀਕ ਕੂਕਾ ਇਤਿਹਾਸ ਵਿਚ ਇਨ੍ਹਾਂ ਦੋਹਾਂ ਚੀਜ਼ਾਂ ਦਾ ਨਿਸ਼ਾਨ ਤਕ ਨਾ ਲਭਣਾ ਇਹ ਸਿਧ ਕਰਨ ਲਈ ਬੜੀ ਵਜ਼ਨਦਾਰ ਅਤੇ ਅਕਟ ਯੁਕਤੀ ਹੈ ਕਿ ਮੁਖ਼ਬਰ ਗੋਂਦਾ ਸਿੰਘ ਅਤੇ ਇਹ ਚਿਠੀਆਂ ਅਸਲੀ ਨਹੀਂ ਬਲਕੇ ਬਨਾਵਟੀ ਸਨ।

ਸਤਿਗੁਰੂ ਜੀ ਤੋਂ ਅਜੇਹੀ ਚਿਠੀ ਦੇ ਲਿਖੇ ਜਾਣ ਦੀ ਆਸ ਕੀਤੀ ਜਾ ਸਕਦੀ ਸੀ ਕਿ ਨਹੀਂ? ਇਸ ਵਿਸ਼ਜ ਵਿਚ ਉਨ੍ਹਾਂ ਦੇ ਰਹਿਤਨਾਮੇਂ ਦੇ ਇਹ ਸ਼ਬਦ ਪੜ੍ਹਨ ਦੀ ਲੋੜ ਹੈ ਕਿ:-"ਬੋਲ ਕਬੋਲ ਸਹਿ ਜਾਣਾ ਸਭ ਦਾ। ਜੇ ਕੋਈ ਮਾਰੇ ਕੁਛ ਤਾਂ ਵੀ ਖਿਮਾਂ ਕਰਨੀ ਤੁਸਾਂ ਦਾ ਰਛਕ ਗੁਰੂ ਹੈ" ਇਹ ਉਪਦੇਸ਼ ਸੰਨ ੧੮੬੩ ਈ: ਦੇ ਅਰੰਭ ਵਿਚ ਹੀ ਆਪ ਨੇ ਸ੍ਰੀ ਭੈਣੀ ਸਾਹਿਬ ਤੋਂ ਪੰਜਾਬ ਭਰ ਦੀਆਂ ਸਿਖ ਸੰਗਤਾਂ ਦੇ ਨਾਮ ਲਿਖ ਕੇ ਭੇਜਿਆ ਸੀ। ਇਸ ਲਈ ਇਹ ਗਲ ਵਿਚਾਰਣੀਜ ਹੈ, ਕਿ ਸ਼ਾਂਤਮਈ (Nonviolence) ਦੇ ਇਸ ਮਹਾਨ ਪ੍ਰਚਾਰਕ ਦੀ ਲੇਖਣੀ ਵਿਚੋਂ ਅਜੇਹੇ ਸ਼ਬਦ ਲਿਖਣ ਦੀ ਸੰਭਾਵਨਾ ਕਿਵੇਂ ਹੋ ਸਕਦੀ ਸੀ, ਜੋ ਸਿਖਾਂ ਨੂੰ ਜੋਸ਼ ਵਿਚ ਲਿਆ ਕੇ ਅੰਗ੍ਰੇਜ਼ਾਂ ਦੇ ਸਿਰ ਕਤਲ ਕਰਨ ਦੇ ਪ੍ਰੇਰਕ ਹੋਣ?

ਬਾਬਾ ਸਾਹਿਬ ਸਿੰਘ ਜੀ ਸਬੰਧੀ, ਇਸ ਗਲ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਉਹ ਸ੍ਰੀ ਸਤਿਗੁਰੂ ਜੀ ਦੇ ਅਤਿ ਨਿਕਟਵਰਤੀ ਮੰਨੇ ਪ੍ਰਮੰਨੇ ਨੀਤੀਵਾਨ, ਅਤੇ ਹੁਸ਼ਿਆਰ ਆਦਮੀ ਸਨ। ਅੱਗੇ ਚਲ ਕੇ ਪਤਾ ਲੱਗੇਗਾ ਕਿ ਕੂਕਾ ਜਥੇਬੰਦੀ ਮੁਕੰਮਲ ਹੋ ਜਾਣ ਤੇ ਆਪ ਨੂੰ ਮਹਿਕਮਾ ਡਾਕ ਦੇ ਇਨਚਾਰਜ ਬਣਾਇਆ ਗਿਆ ਸੀ। ਸੁਕਾਰੀ ਰਿਕਾਰਡ ਦੀ ਇਕ ਲਿਖਤ ਅਨੁਸਾਰ ਸਤਿਗੁਰੂ ਜੀ ਨੇ ਆਪਣੇ ਪਿਛੋਂ ਬਾਬਾ ਜੀ ਨੂੰ ਆਪਣਾ ਜਾਨਸ਼ੀਨ ਬਣਾਣ ਦਾ ਫ਼ੈਸਲਾ ਕੀਤਾ ਹੋਇਆ ਸੀ। ਇਸਤੋਂ ਬਿਨਾਂ ਸੁਕਾਰੀ ਅਫਸਰ ਉਨਾਂ ਨੂੰ ਬੜੇ ਹੁਸ਼ਿਆਰ ਅਤੇ ਚੁਸਤ ਆਦਮੀ ਮੰਨਦੇ ਸਨ। ਇਹ ਸਾਰੀਆਂ ਗੱਲਾਂ ਬਾਬਾ ਸਾਹਿਬ ਸਿੰਘ ਜੀ ਦੀ ਨੀਤੱਗਜਤਾ, ਹੁਸ਼ਿਆਰੀ ਅਤੇ ਯੋਗਤਾ ਦੀ ਬਾਰ ਬਾਰ ਪੁਸ਼ਟੀ ਕਰਦੀਆਂ ਹਨ, ਇਸ ਲਈ ਉਨਾਂ ਕੋਲੋਂ ਅਜੇਹੀ ਆਸ ਕਰਨੀ ਕਿ ਉਨਾਂ ਨੇ ਸਤਿਗੁਰੂ ਜੀ ਦੇ ਨਿਜੀ ਪੱਤ੍ਰ ਝਟ ਪਟ ਗੋਂਦਾ ਸਿੰਘ ਜੈਸੇ ਨਵੇਂ ਆਦਮੀ ਦੇ ਹਵਾਲੇ ਕਰ ਦਿਤੇ, ਬੁਧੀਮਤਾ ਤੋਂ ਦੂਰ ਦੀ ਗੱਲ ਹੈ।

Sri Satguru Jagjit Singh Ji Elibrary NamdhariElibrary@gmail.com

ਚੌਥੀ ਗਲ ਨੂੰ ਤਾਂ ਅਣਜਾਣ ਵੀ ਸਮਝ ਸਕਦੇ ਹਨ, ਕਿ ਦੂਜੀ ਚਿਠੀ ਦੀ ਲਿਖਤ ਅਨੁਸਾਰ ਪਹਿਲੀ ਚਿਠੀ ਸਤਿਗੁਰਾਂ ਨੂੰ ਵਾਪਸ ਕਰਨ ਦੀ ਕੋਈ ਲੋੜ ਨਹੀਂ ਸੀ। ਜੇ ਉਸ ਚਿਠੀ ਵਿਚ ਇਹ ਸ਼ਬਦ ਵੀ ਲਿਖ ਦਿਤੇ ਜਾਂਦੇ ਕਿ "ਇਹ ਚਿਠੀ ਸੰਗਤਾਂ ਨੂੰ ਸੁਣਾ ਕੇ ਸਾਨੂੰ ਵਾਪਸ ਭੇਜ ਦੇਣੀ" ਤਾਂ ਉਸਦੇ ਵਾਪਸ ਕਰਨ ਬਾਬਤ ਕੁਛ ਸੋਚਿਆ ਜਾ ਸਕਦਾ ਸੀ।

ਛੇਕੜ ਵਿਚ ਜੇ ਇਸ ਗੱਲ ਦਾ ਨਿਰਨਾ ਹੋ ਜਾਵੇ ਕਿ ਗੋਂਦਾ ਸਿੰਘ ਦੇ ਭੈਣੀ ਸਾਹਿਬ ਜਾਣ ਸਮੇਂ ਸਤਿਗੁਰੂ ਰਾਮ ਸਿੰਘ ਜੀ ਕਿਥੇ ਸਨ? ਤਾਂ ਇਹ ਮਾਮਲਾ ਬਿਲਕੁਲ ਸਾਫ਼ ਹੋ ਜਾਏਗਾ। ਜੈਸਾ ਕਿ ਪਿਛੇ ਦੱਸਿਆ ਜਾ ਚੁਕਾ ਹੈ, ਕਿ ਕੈਪਟਨ ਮਿਲਰ ਨੇ ਗੋਂਦਾ ਸਿੰਘ ਬਾਬਤ ਲਾਟ ਸਾਹਿਬ ਨੂੰ ਰਪੋਟ ਲਿਖੀ ੧੧ ਜੂਨ ੧੮੬੩ ਨੂੰ, ਜਿਸ ਤੋਂ ਗਿਆਤ ਹੁੰਦਾ ਹੈ ਕਿ (ਫ਼ਰਜ਼ੀ) ਗੋਂਦਾ ਸਿੰਘ ਇਸ ਤੋਂ ਪੰਜ ੬ ਦਿਨ ਪਹਿਲਾਂ ਹੀ ਭੇਤ ਲੈਣ ਲਈ ਭੇਜਿਆ ਗਿਆ ਹੋਵੇਗਾ। ਏਸ ਤਰ੍ਹਾਂ ਉਸਦੀ ਭੈਣੀ ਸਾਹਿਬ ਪੁੱਜਣ ਦੀ ਸੰਭਾਵਨਾ ੫-੬ ਯਾਂ ੭ ਜੂਨ ੧੮੬੩ ਨੂੰ ਹੀ ਕੀਤੀ ਜਾ ਸਕਦੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਰਕਾਰੀ ਰਪੋਟਾਂ ਅਨੁਸਾਰ ਏਨ੍ਹਾਂ ਤ੍ਰੀਕਾਂ ਤੇ ਖੋਟਾ ਜ਼ਿਲਾ ਫੀਰੋਜ਼ਪੁਰ ਵਿਚ ਸਨ, ਜਿਥੇ ਆਪ ੨ ਜੂਨ ਨੂੰ ਪੁਜੇ, ੩ ਜੂਨ ਨੂੰ ਅਨੰਦ ਕਾਰਜ ਕੀਤੇ, ੬ ਜੂਨ ਨੂੰ ਐਸਿਸਟੈਂਟ ਸੁਪਰਡੰਟ ਪੁਲੀਸ ਖੋਟੀਂ ਗਿਆ, ਅਤੇ ੭ ਯਾ ੮ ਨੂੰ ਡਿਪਟੀ ਕਮਿਸ਼ਨਰ ਫੀਰੋਜ਼ਪੁਰ ਨੇ ਹਜ਼ੂਰ ਨੂੰ ਬਾਘੇ ਪੁਰਾਣੇ ਦੇ ਥਾਣੇ ਸੱਦ ਕੇ ਅਪਣੀ ਹਿਰਾਸਤ ਵਿਚ ਲੈ ਲਿਆ, ਅਤੇ ਥਾਣਿਓਂ ਥਾਣੀਂ ਭੈਣੀ ਸਾਹਿਬ ਨੂੰ ਤੋਰ ਦਿਤਾ। ਜਿਥੋਂ ਤਕ ਬਾਬਾ ਸਾਹਿਬ ਸਿੰਘ ਜੀ ਦਾ ਸਬੰਧ ਹੈ, ਉਹ ਦੂਜੇ ਸੂਬਿਆਂ ਸਮੇਤ ਸਤਿਗੁਰੂ ਜੀ ਦੇ ਦੌਰੇ ਨਾਲ ਹੋਣੇ ਚਾਹੀਦੇ ਸਨ, ਅਤੇ ਖ਼ਾਸ ਕਰਕੇ ਖੋਟਿਆਂ ਦੇ ਮਿਥਵੇਂ ਮੇਲੇ ਤੇ, ਜਿਥੇ ਅਨੰਦ ਮ੍ਰਯਾਦਾ ਦੀ ਸਥਾਪਨਾ ਕਰਨ ਦਾ ਵਿਚਾਰ ਸੀ, ਉਹ ਜ਼ਰੂਰ ਨਾਲ ਹੋਣਗੇ। ਇਸ ਵਿਚਾਰ ਅਨੁਸਾਰ ਉਹ ਜੂਨ ਦੇ ਅਰੰਭ ਤੋਂ ਹੀ ਭੈਣੀ ਸਾਹਿਬੋਂ ਬਾਹਰ ਸਨ, ਇਸ ਲਈ ਫ਼ਰਜ਼ੀ ਗੋਂਦਾ ਸਿੰਘ ਦਾ ਉਨ੍ਹਾਂ ਕੋਲ ਇਨ੍ਹਾਂ ਤ੍ਰੀਕਾਂ ਤੇ ਭੈਣੀ ਸਾਹਿਬ ਵਿਖੇ ਪਹੁੰਚਣਾ ਉਕਾ ਹੀ ਨਿਰਮੂਲ ਅਤੇ ਝੂਠ ਸਿੱਧ ਹੁੰਦਾ ਹੈ। ਜੇ ਥੋੜ੍ਹੀ ਦੇਰੀ ਲਈ ਇਹ ਵੀ ਮੰਨ ਲਿਆ ਜਾਏ, ਕਿ ਬਾਬਾ ਸਾਹਿਬ ਸਿੰਘ ਜੀ ਖੋਟੀਂ ਨਹੀਂ ਗਏ ਹੋਣਗੇ, ਅਤੇ ਉਨ੍ਹਾਂ ਨੂੰ ਬਹੁਤ ਹੀ ਭਰੋਸੇ ਯੋਗ ਸਮਝ ਕੇ ਪਿਛਲੇ ਪ੍ਰਬੰਧ ਲਈ ਘਰ ਹੀ ਛਡ ਦਿਤਾ ਹੋਵੇਗਾ, ਤਾਂ ਵੀ ਇਹ ਗੱਲ ਨਹੀਂ ਮੰਨੀ ਜਾ ਸਕਦੀ ਕਿ ਬਾਬਾ ਸਾਹਿਬ ਸਿੰਘ ਜੀ ਨੂੰ ਸਤਿਗੁਰਾਂ ਦਾ ਪਤਾ ਨਾ

Sri Satguru Jagjit Singh Ji Elibrary NamdhariElibrary@gmail.com

ਹੋਵੇ ਕਿ ਉਹ ਕਿਥੇ ਸਨ; ਹਰ ਸੂਰਤ ਵਿਚ ਗੋਂਦਾ ਸਿੰਘ ਦੀ ਕਹਾਣੀ ਨਿਰਮੂਲ ਅਤੇ ਝੂਠੀ ਸਿੱਧ ਹੁੰਦੀ ਹੈ। ਫ਼ਰਜ਼ੀ ਗੋਂਦਾ ਸਿੰਘ ਦੀ ਇਸ ਫ਼ਰਜ਼ੀ ਕਥਾ ਦਾ ਭੇਤ ਸਰਕਾਰੀ ਰਪੋਟ ਵਿਚੋਂ ਵੀ ਪ੍ਰਗਟ ਹੁੰਦਾ ਹੈ। ਗੋਂਦਾ ਸਿੰਘ ਦਾ ਉਹ ਬਿਆਨ ਪਿਛੇ ਦੱਸਿਆ ਜਾ ਚੁੱਕਾ ਹੈ ਜਿਸ ਵਿਚ ਉਸਨੇ ਭੈਣੀ ਸਾਹਿਬ ਵਿਖੇ ਰਾਤ ਦੇ ਸਮੇਂ ਢੋਲ ਬਜਾ ਕੇ ਕਵੈਦ ਹੋਣ ਬਾਬਤ ਕਿਹਾ ਸੀ, ਪਰ ਸਰਕਾਰੀ ਰਿਕਾਰਡ ਵਿਚੋਂ ਹੀ ਇਸਦੀ ਤਰਦੀਦ ਦੇਖ ਕੇ ਗੋਂਦਾ ਸਿੰਘ ਦੀ ਰਹੀ ਖੁਹੀ ਹਸਤੀ ਵੀ ਮਿਟ ਜਾਂਦੀ ਹੈ। ਰੀਕਾਰਡ ਵਿਚ ਲਿਖਿਆ ਹੈ ਕਿ— 'ਕੂਕਿਆਂ ਦੇ ਕਵੈਦ ਕਰਨ ਸਬੰਧੀ ਗੋਂਦਾ ਸਿੰਘ ਦੀ ਰਪੋਟ ਦੀ ਪੁਸ਼ਟੀ ਨਹੀਂ ਹੋ ਸਕੀ।" (ਪੰਨਾ ੨੮)*

* ਗੋਂਡਾ ਸਿੰਘਜ਼ ਰੀਪੋਰਟਸ ਐਬਾਊਟ ਦੀ ਡਰਿਲਿੰਗ ਆਫ਼ ਕੂਕਾਜ਼ ਹੈਵ ਨੌਟ ਕੌਰਬੋਰੇਟਡ। "ਥ੍ਰੀਡ ਅਕਾਊਂਟ ਟੂ ਦੀ ਕੂਕਾ ਸੈਕਟ ਪੇਜ ਟਵੈਂਟੀ ਏਟ"

Sri Satguru Jagjit Singh Ji Elibrary NamdhariElibrary@gmail.com

# ਹਜ਼ਰੋ ਤੇ ਨਿਗਰਾਨੀ

ਕਿਉਂਕਿ ਹਜ਼ਰੋ ਜ਼ਿਲਾ ਅਟਕ ਕੂਕਿਆਂ ਦਾ ਪਹਿਲਾ ਹੈਡ ਕਵਾਟਰ ਸੀ, ਇਸ ਕਰਕੇ ਸਰਕਾਰ ਦਾ ਧਿਆਨ ਇਸ ਪਾਸੇ ਜਾਣਾ ਕੁਦਰਤੀ ਸੀ। ਸਰਕਾਰੀ ਕਾਗ਼ਜ਼ਾਤ ਵਿਚੋਂ ਪਤਾ ਚਲਦਾ ਹੈ ਕਿ ਪੰਜਾਬ ਦੇ ਲਾਟ ਨੇ ਜ਼ਿਲਾ ਅਟਕ ਦੇ ਐਸਿਸਟੈਂਟ ਸਪੁਰਡੰਟ ਪੁਲੀਸ ਮਿਸਟਰ ਗਰੀਨ ਨੂੰ ਬੁਲਾਕੇ ਹਦੈਤ ਕੀਤੀ, ਕਿ ਉਹ ਹਜ਼ਰੋ ਸਬੰਧੀ ਖ਼ਬਰਦਾਰ ਰਹੇ, ਅਤੇ ਉਸ ਤੇ ਕਰੜੀ ਨਿਗਰਾਨੀ ਰੱਖੇ। ਨਾਲ ਹੀ ਇਸ ਗੱਲ ਦਾ ਧਿਆਨ ਰੱਖਿਆ ਜਾਏ, ਕਿ (ਸਤਿਗੁਰੂ) ਰਾਮ ਸਿੰਘ (ਜੀ) ਅਤੇ ਹਜ਼ਰੋ ਦੇ ਕੂਕੇ ਆਗੂਆਂ ਦੇ ਵਿਚਕਾਰ ਕੋਈ ਜ਼ਬਾਨੀ ਯਾ ਲਿਖਤੀ ਗੱਲਬਾਤ ਦਾ ਸਿਲਸਿਲਾ ਤਾਂ ਚਾਲੂ ਨਹੀਂ ਹੈ?* ਭਾਵੇਂ ਹਜ਼ਰੋਂ ਬਾਬਤ ਸਰਕਾਰੀ ਰੀਕਾਰਡ ਵਿਚੋਂ ਇਸ ਤਰ੍ਹਾਂ ਦੀ ਕੋਈ ਘਟਨਾ ਨਹੀਂ ਮਿਲਦੀ ਜੋ ਗਵਰਨਮੈਂਟ ਦੀ ਨਜ਼ਰ ਵਿਚ ਇਤਰਾਜ਼ ਯੋਗ ਹੁੰਦੀ, ਪਰ ਮਿਸਟਰ ਗਰੀਨ ਨੂੰ ਓਥੋਂ ਦੀ ਦੇਖ ਰੇਖ ਲਈ ਉਚੇਚਿਆਂ ਲਾਹੌਰ ਬੁਲਾ ਕੇ ਲਾਟ ਸਾਹਿਬ ਵਲੋਂ ਪਕਿਆਈ ਕਰਨ ਤੋਂ ਇਹ ਪ੍ਰਤੱਖ ਹੁੰਦਾ ਹੈ, ਕਿ ਉਸ ਸਮੇਂ ਸਰਕਾਰ ਅੰਗ੍ਰੇਜ਼ੀ ਦੇ ਦਿਲ ਵਿਚ ਕੂਕਿਆਂ ਬਾਬਤ ਕਿੰਨਾ ਧੁੜਕੂ ਤੇ ਸਹਿਮ ਭਰਿਆ ਪਿਆ ਸੀ।

### ਬਗ਼ਾਵਤ ਦਾ ਅੰਦੇਸ਼ਾ

ਦੇਸ਼ ਵਿਚ ਇਸ ਗੱਲ ਦਾ ਆਮ ਚਰਚਾ ਸੀ, ਕਿ ਸੰਨ ੧੮੬੩ ਦੀ ਦੀਪਮਾਲਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ ਅਤੇ ਹਜ਼ਾਰਾਂ ਸਿੱਖਾਂ ਸਮੇਤ ਜ਼ਰੂਰ ਪੁੱਜਣਗੇ। ਸਰਕਾਰ ਪੰਜਾਬ ਨੂੰ ਕੈਪਟਨ ਮੈਂਜ਼ੀ ਡੀ. ਐਸ. ਪੀ. ਅੰਮ੍ਰਿਤਸਰ ਦੀ ੩੧-੫-੧੮੬੩ ਦੀ ਰਪੋਟ ਤੋਂ ਬੜੀ ਘਬਰਾਹਟ ਹੋਈ ਜਾਪਦੀ ਹੈ। ਰਪੋਟ ਵਿਚ ਲਿਖਿਆ ਗਿਆ ਸੀ ਕਿ —"ਸ੍ਰ: ਨਰੈਣ ਸਿੰਘ ਪੁਲੀਸ ਇਨਸਪੈਕਟਰ ਲਾਹੌਰ ਦੇ ਸਾਹਮਣੇ ਅੰਮ੍ਰਿਤਸਰ ਪੁਲੀਸ ਦੇ ਇਕ

* ਕੂਕਾ ਕਾਰਵਾਰ



Sri Satguru Jagjit Singh Ji Elibrary NamdhariElibrary@gmail.com

ਕੂਕੇ ਸਿਪਾਹੀ ਨੇ ਇਹ ਮੰਨਿਆ ਸੀ, ਕਿ ਇਸ ਦੀਪਮਾਲਾ ਤਕ ਗੁਰੂ ਰਾਮ ਸਿੰਘ ਜੀ ਦੀਆਂ ਸਾਰੀਆਂ ਸਕੀਮਾਂ ਪੂਰੀਆਂ ਹੋ ਜਾਣਗੀਆਂ, ਅਤੇ ਅੰਮ੍ਰਿਤਸਰ ਵਿਚ ਬਗ਼ਾਵਤ ਹੋ ਜਾਏਗੀ। ਕਿਉਂਕਿ ਪੰਜਾਬ ਵਿਚ ਉਨ੍ਹਾ ਦੇ ੪੦ ਹਜ਼ਾਰ ਸੇਵਕ ਬਗ਼ਾਵਤ ਕਰਨ ਲਈ ਬਿਲਕੁਲ ਤਿਆਰ ਹਨ; ਅਤੇ ਗੁਰੂ ਜੀ ਨੇ ਐਲਾਨ ਕਰ ਦਿਤਾ ਹੈ, ਕਿ ਲੋੜ ਪੈਣ ਤੇ ਉਹ ਹਥਿਆਰ (ਬੰਦੂਕਾਂ ਤਕ) ਵੀ ਪ੍ਰਾਪਤ ਕਰ ਸਕਣ ਦੇ ਯੋਗ ਹਨ। ਉਨ੍ਹਾਂ ਦੀ ਡਾਕ ਦਾ ਮਹਿਕਮਾ ਸਾਰੇ ਪੰਜਾਬ ਵਿਚ ਨਿਜਮ ਅਨੁਸਾਰ ਚਾਲੂ ਹੋ ਚੁਕਾ ਹੈ। ਉਨ੍ਹਾਂ ਦੀ ਡਾਕ ਇਕ ਪਿੰਡ ਤੋਂ ਦੂਜੇ ਪਿੰਡ ਬ੍ਰਾਬਰ ਪੁਜਦੀ ਹੈ। ਉਹ ਸ੍ਰਕਾਰੀ ਡਾਕਖ਼ਾਨਿਆਂ ਦੀ ਕਦੇ ਵਰਤੋਂ ਨਹੀਂ ਕਰਦੇ।*

## ਮੇਜਰ ਫ਼ਰਿੰਗਟਨ ਦੀ ਰਪੋਟ

ਅੰਮ੍ਰਿਤਸਰ ਕਮਿਸ਼ਨਰੀ ਦੇ ਕਮਿਸ਼ਨਰ ਮੇਜਰ ਫ਼ਰਿੰਗਟਨ ਨੇ ਵੀ ਅੰਮ੍ਰਿਤਸਰ ਵਿਚ ਦਿਵਾਲੀ ਦੇ ਮੌਕੇ ਬਗ਼ਾਵਤ ਦੇ ਅੰਦੇਸ਼ੇ ਸਬੰਧੀ ੩੧ ਮਈ ੧੮੬੩ ਨੂੰ ਰਪੋਟ ਕਰਦਿਆਂ ਹੋਇਆਂ ਲਿਖਿਆ ਕਿ—"ਆਮ ਲੋਕਾਂ ਵਿਚ ਇਹ ਗੱਲ ਫੈਲੀ ਹੋਈ ਹੈ ਕਿ ਇਸ ਦਿਵਾਲੀ ਦੇ ਸਮੇਂ (ਗੁਰੂ) ਰਾਮ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਵਲੋਂ ਕੋਈ ਨ ਕੋਈ ਗੱਲ ਜਰੂਰ ਪ੍ਰਗਟ ਹੋਵੇਗੀ"।**

## ਸਤਿਗੁਰੂ ਜੀ ਦੀ ਇਕ ਫਿਰਤੂ ਚਿਠੀ ਬਾਬਤ ਰਪੋਟ

ਅੰਮ੍ਰਿਤਸਰ ਦੀ ਦੀਪਮਾਲਾ ਦੇ ਸਬੰਧ ਵਿਚ ਅੰਮ੍ਰਿਤਸਰ ਦੇ ਡੀ. ਐਸ. ਪੀ. ਮਿਸਟਰ ਮੈਂਜ਼ੀਜ਼ ਨੇ ਆਪਣੀਆਂ ੭ ਤੇ ੨੨ ਜੂਨ ਦੀਆਂ ਰਪੋਟਾਂ ਵਿਚ ਸਤਿਗੁਰੂ ਜੀ ਦੀ ਇਕ ਫਿਰਤੂ ਚਿਠੀ (ਗਸ਼ਤੀ ਸਰਕੂਲਰ) ਦਾ ਜ਼ਿਕਰ ਕਰਦਿਆਂ ਹੋਇਆਂ ਦਸਿਆ ਹੈ, ਕਿ ਉਨ੍ਹਾਂ ਨੇ ਅੰਮ੍ਰਿਤਸਰ ਦੀ ਦੀਪਮਾਲਾ ਬਾਬਤ ਪੰਜਾਬ ਭਰ ਦੇ ਕੂਕਿਆਂ ਦੇ ਨਾਮ ਇਹ ਫਿਰਤੂ ਚਿਠੀ ਜਾਰੀ ਕੀਤੀ ਸੀ।***

(ਸਰਕੂਲਰ)

"ਸਮੂਹ ਪਿੰਡਾਂ ਦੇ ਸਿਖਾਂ, ਸੂਬਤ ਬੀਬੀਆਂ ਅਤੇ ਬਾਲਿਆਂ ਨੂੰ ਜੋ ਦਿਵਾਨ ਵਿਚ ਹਾਜ਼ਰ ਹੋਣ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ

---

* ਕੂਕਾ ਪੇਪਰਜ਼ ਪੰਨਾ ੯

** ਕੂਕਾ ਪੇਪਰਜ਼ ਪੰਨਾ ੧੦

*** ਕੂਕਾ ਪੇਪਰਜ਼

Sri Satguru Jagjit Singh Ji Elibrary NamdhariElibrary@gmail.com

ਜੀ ਕੀ ਫ਼ਤਹ ਬੁਲਾਈ ਵਾਚਣੀ। ਜੇਹੜੀਆਂ ਗੱਲਾਂ ਮੈਂ ਤੁਹਾਨੂੰ ਸਿਖਾਈਆਂ ਹਨ, ਉਨ੍ਹਾਂ ਸਾਰੀਆਂ ਵਲ ਧਿਆਨ ਦੇਣਾ, ਨਹੀਂ ਤਾਂ ਤੁਹਾਡਾ ਮੂੰਹ ਦੁਹੀਂ ਜਹਾਨੀ ਕਾਲਾ ਹੋਊਗਾ। ਜੇਹੜਾ ਚੋਰੀ ਜਾਰੀ ਆਦਿ ਮੰਦਾ ਕੰਮ ਕਰੇ, ਉਸਨੂੰ ਦਰਬਾਰ ਵਿਚ ਨਾ ਵੜਨ ਦੇਣਾਂ, ਅਤੇ ਜੇ ਚੋਰ ਨਾਲ ਔਣਾ ਚਾਹੇ, ਤਾਂ ਗੁਰੂ ਅਗੇ ਅਰਦਾਸ ਕਰਨੀ, ਕਿ ਉਹ ਔਣ ਜੋਗਾ ਹੀ ਨਾ ਰਹੇ। ਇਕੱਠੇ ਹੋ ਕੇ ਬਾਣੀ ਪੜ੍ਹੋ ਅਤੇ ਅਕਾਲ ਪੁਰਖ ਦਾ ਜਸ ਗਾਵੋ। ਕਿਸੇ ਕੋਲੋਂ ਨਾ ਡਰੋ। ਕਿਸੇ ਨੂੰ ਮੰਦਾ ਨਾ ਬੋਲੋ, ਤੁਹਾਡਾ ਰਾਖਾ ਗੁਰੂ ਹੈ, ਜੋ ਤੁਹਾਡੀ ਸਹੈਤਾ ਕਰੇਗਾ। ਮੈਂ ਤੁਹਾਨੂੰ ਉਨ੍ਹਾਂ ਦੇ ਨਾਉਂ ਭੇਜਦਾ ਹਾਂ ਜਿਨ੍ਹਾਂ ਨੇ ਗੁਨਾਹ ਕੀਤੇ ਹਨ। ਉਨ੍ਹਾਂ ਨੂੰ ਘਰ ਨਹੀਂ ਵੜਨ ਦੇਣਾ। ਜੇਹੜਾ ਆਪਣੀ ਲੜਕੀ ਦਾ ਪੈਸਾ ਲਵੇਗਾ ਉਹ ਬਦਮਾਸ਼ ਹੈ। ਕੁੜੀ ਮਾਰ ਅਤੇ ਵੱਟਾ ਕਰਨ ਵਾਲੇ ਨੂੰ ਵੀ ਵੈਸਾ ਹੀ ਸਮਝੋ। ਤੁਹਾਡੇ ਬੱਚਿਆਂ ਨੂੰ ਗ੍ਰੰਥ (ਸਾਹਿਬ) ਦੇ ਸ਼ਬਦਾਂ ਅਨੁਸਾਰ ਸਿੱਖਜਾ ਮਿਲਨੀ ਚਾਹੀਦੀ ਹੈ। ਦੀਪ ਮਾਲਾ ਤੇ ਜ਼ਰੂਰ ਆਓ"।

ਇਹ ਚਿਠੀ ਸਤਿਗੁਰੂ ਜੀ ਦੇ ਉਸ ਰਹਿਤਨਾਮੇ ਦੀ ਕਾਂਟ ਛਾਂਟ ਕਰਕੇ ਕੀਤੀ ਹੋਈ ਨਕਲ ਪ੍ਰਤੀਤ ਹੁੰਦੀ ਹੈ ਜੋ ਆਪ ਨੇ ਸੰ: ੧੮੬੩ ਈ: ਦੇ ਅਰੰਭ ਵਿਚ ਹੀ ਸ੍ਰੀ ਭੈਣੀ ਸਾਹਿਬ ਤੋਂ ਸਮੂਹ ਸੰਗਤਾਂ ਦੇ ਨਾਮ ਲਿਖਿਆ ਸੀ। ਅਗਲੇ ਪੰਨੇ ਤੇ ਅਸਲੀ ਰਹਿਤਨਾਮਾ ਦਰਜ ਕੀਤਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

# ਰਹਿਤਨਾਮਾ

ੴ ਸਤਿਗੁਰ ਪ੍ਰਸਾਦਿ

"ਲਿਖਤੁਮ ਰਾਮ ਸਿੰਘ, ਹੋਰ ਸੰਬ੍ਰਹ ਖਾਲਸਾ ਜੀ ਭੈਣੀ ਦਾ। ਸੰਬ੍ਰਹ ਖ਼ਾਲਸਾ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ਬੁਲਾਈ ਪ੍ਰਮਾਨ ਕਰਨੀ ਜੀ। ਹੋਰ ਰਹਿਤਨਾਮਾ ਸੰਬ੍ਰਹ ਸੰਗਤ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨ ਹੋਇ ਔਣਾ। ਦੋ ਵਾਰੀ ਗੜਵਾ ਮਾਂਜਣਾਂ। ਮਦਾਨ ਬਸਤ੍ਰ ਲਾਹਿਕੇ ਜਾਣਾ। ਦਾਤਨ ਕਰਨੀ ਫੇਰ ਇਸ਼ਨਾਨ ਕਰਨਾ। ਬਾਣੀ ਪੜਨੀ। ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਬੁਢੇ ਬਾਲੇ ਨੇ ਜਪ ਜਾਪ ਦੂਹਾਂ ਦੇ ਹਜਾਰੇ ਸਬਦ ਕੰਠ ਕਰਨੇ। ਰਹਿਰਾਸ ਆਰਤੀ ਸੋਹਿਲਾ ਏਤਨੀ ਬਾਣੀ ਕੰਠ ਕਰਨੀ ਜਰੂਰ, ਤੇ ਇਸ਼ਨਾਨ ਕਰੇ ਤੇ ਬਿਨਾ ਪ੍ਰਸ਼ਾਦ ਨਹੀਂ ਛਕਣਾ। ਸੀਲ ਸੰਤੋਖ ਸਭ ਨੇ ਰਖਣਾ। ਭਜਨ ਅਠੋ ਪਹਿਰ ਕਰਨਾ ਗੁਰੂ ਸਚੇ ਦਾ। ਹੋਰ ਪਰਾਈ ਧੀਅ ਭੈਣ ਆਪਣੀ ਜਾਨਣੀ। ਪਰਾਇਆ ਹੱਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ, ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। ਜੇ ਕੋਈ ਭਜਨ ਪੁਛ ਕੇ ਨਾ ਕਰੂਗਾ ਉਸਦਾ ਮੂੰਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰ ਕਿਸੇ ਦਾ ਬੋਲ ਕਬੋਲ ਸਹਿ ਜਾਣਾ ਸਭ ਦਾ। ਜੇ ਕੋਈ ਮਾਰੇ ਕੁਛ ਤਾਂ ਵੀ ਖਿਮਾ ਕਰਨੀ, ਤੁਸਾ ਦਾ ਰਛਕ ਗੁਰੂ ਹੈ-ਹਰ ਬਖਤ ਤੁਸੀਂ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ, ਹਰ ਬਖਤ ਦੀਵਾਨ ਲਾਉਣਾ, ਹਰਿ ਕੀਰਤਨ ਸਬਦ ਕਰਨਾ। ਚੌਂਕੇ ਵਿਚ ਚਰਨ ਧੋਇ ਬੜਨਾਂ, ਅਰ ਹੋਮ ਬੀ ਕਰਨਾ। ਪਹਿਲੇ ਚੌਂਕਾ ਦੇਣਾ ਹੋਮ ਦੀ ਜਗਾ। ਲਕੜੀ ਹੋਮ ਬਿਚ ਪਲਾਸ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ। ਫੂਕ ਨਹੀਂ ਮਾਰਨੀ, ਹੋਮ ਦੀ ਅਗ ਨੂੰ ਪੱਖੀ ਨਾਲ ਝਲਨਾ। ਪੰਜ ਆਦਮੀ ਹੋਮ ਵਿਚ ਪੋਥੀਆਂ ਤੇ ਬਾਣੀ ਪੜਨੀ। ਚਉਪਈ, ਜਪ, ਜਾਪ, ਚੰਡੀ ਦੀ ਵਾਰ, ਉਗ੍ਰਦੰਤੀ, ਚੰਡੀ ਚਰਿਤ੍ਰ, ਅਕਾਲ ਉਸਤਤ। ਛੇਵਾਂ ਆਦਮੀ ਅਹੂਤੀ ਪਾਵੇ, ਮਗਰੋਂ ਸਤਵਾਂ



Sri Satguru Jagjit Singh Ji Elibrary NamdhariElibrary@gmail.com

ਨਾਲ ਜਲ ਦਾ ਛਿਟਾ ਦੇਵੇ ਥੋੜਾ ਥੋੜਾ। ਜੋ ਮੰਦਾ ਕਰਮ ਕਰੇ ਜਾਰੀ ਚੋਰੀ ਕਾ ਕਿਸੇ ਥਾਂ ਦੀਵਾਨ ਵਿਚ ਨਹੀਂ ਬੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾਂ ਸਭਨਾਂ ਨ ਏਹੁ-ਅਰਦਾਸ ਕਰਨੀ ਜੀ, ਹੇ ਗੁਰੂ ਜੀ ਏਹੁ ਆਦਮੀ ਏਥੇ ਆਉਣ ਜੋਗਾ ਹੀ ਨਾ ਰਹੇ, ਹੋਰ ਜੀ ਮੇਰੀ ਮਤ ਥੋੜੀ ਹੈ ਤੁਸੀਂ ਆਪ ਹੀ ਸਭ ਕੁਛ ਸਮਝ ਲੈਣਾਂ। ਹੋਰ ਜੀ ਸਭਨੇ ਹਥ ਜੋੜਨੇ ਪਰਮੇਸਰ ਅਗੇ, ਜੋ ਹੇ ਮਹਾਰਾਜ! ਸਾਡਾ ਧਰਮ ਬਣਿਆ ਰਹੇ ਜੀ, ਹੋਰ ਕੱਛਾਂ ਰਖਣੀਆਂ। ਪਉਂਚਾ ਪਾਇਕੇ ਲਾਹੁਣਾ। ਹੋਰ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ। ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ ਬਟਾ ਨਹੀਂ ਕਰਨਾਂ। ਸਦਾ ਗੁਰੂ ਗੁਰੂ ਜਪਦੇ ਰਹਿਣਾ। ਸਾਰੇ ਬਹੀਰ ਨੂੰ ਏਹ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾ ਬਰਸ ਤੇ ਘਟ ਕੋਈ ਨਾ ਕੁੜੀ ਬਿਆਹੇ। ਦਾਰੂ ਮਾਰ ਨਹੀਂ ਖਾਣਾ ਪੀਣਾ। ਖੌਫ ਰਖਣਾ ਗੁਰੂ ਦਾ ਹਰ ਦਮ।"*

ਇਸ ਰਹਿਤਨਾਵੇਂ ਨੂੰ ਆਪਣੀ ਇੱਛਾ ਅਨੁਸਾਰ ਵਧਾ ਘਟਾ ਕੇ ਲਾਟ ਸਾਹਿਬ ਵਲ ਭੇਜਣ ਦਾ ਮਨੋਰਥ ਕੇਵਲ ਇਹ ਜਾਪਦਾ ਹੈ, ਕਿ ਕੈਪਟਨ ਮੈਂਜ਼ੀਜ਼ ਅਤੇ ਮੇਜਰ ਫ਼ਰਿੰਗਟਨ ਆਪਣੀਆਂ ਉਨ੍ਹਾਂ ਰਪੋਟਾਂ ਨੂੰ ਪੱਕਿਆਂ ਕਰ ਸਕਣ, ਜਿਨ੍ਹਾਂ ਵਿਚ ਉਨ੍ਹਾਂ ਨੇ ਲਿਖਿਆ ਸੀ, ਕਿ ੧੮੬੩ ਈ: ਦੀ ਦੀਪਮਾਲਾ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਿਖ ਅੰਮ੍ਰਿਤਸਰ ਵਿਖੇ ਬਗ਼ਾਵਤ ਕਰ ਦੇਣਗੇ।

---

* ਗੁਟਕਾ ਨਾਮਧਾਰੀ ਨਿਤਨੇਮ ਪੰਨਾ ੪੦ ਤੋਂ ੪੪ ਤਕ (ਐਡੀਸ਼ਨ ੧)

Sri Satguru Jagjit Singh Ji Elibrary NamdhariElibrary@gmail.com

# ਨਜ਼ਰਬੰਦੀ ਦਾ ਪਹਿਲਾ ਹੁਕਮ

ਇਹ ਗੱਲ ਦੱਸੀ ਜਾ ਚੁਕੀ ਹੈ, ਕਿ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸੇਵਕਾਂ ਨੂੰ ਖੋਟਿਆਂ ਦੇ ਦਿਵਾਨ ਤੋਂ ਪਿਛੋਂ ਥਾਣਿਓਂ ਥਾਣੀਂ ਭੈਣੀ ਸਾਹਿਬ ਪੁਚਾ ਦਿਤਾ ਗਿਆ ਸੀ, ਏਧਰ ਪੰਜਾਬ ਦੇ ਲਾਟ ਨੇ ਕੂਕਾ ਲਹਿਰ ਸਬੰਧੀ ਪੰਜਾਬ ਭਰ ਦੇ ਸਰਕਾਰੀ ਅਫ਼ਸਰਾਂ ਨੂੰ ਰਪੋਟਾਂ ਭੇਜਣ ਦਾ ਹੁਕਮ ਦੇ ਰੱਖਿਆ ਸੀ। ਪੰਜਾਬ ਦੇ ਇਨਸਪੈਕਟਰ ਜਨਰਲ ਮੇਜਰ ਯੰਗ ਹਸਬੈਂਡ ਨੇ ਉਹ ਸਾਰੀਆਂ ਰਪੋਟਾਂ ਇਕੱਠੀਆਂ ਕੀਤੀਆਂ, ਅਤੇ ਉਨ੍ਹਾਂ ਬਾਬਤ ਆਪਣੀ ਯਾਦਦਾਸ਼ਤ (ਮੈਮੋਰੰਡਮ) ਲਿਖ ਕੇ ਲਾਟ ਸਾਹਿਬ ਦੇ ਪੇਸ਼ ਕੀਤੀ। ਉਨ੍ਹਾਂ ਰਪੋਟਾਂ ਅਤੇ ਮੈਮੋਰੰਡਮ ਦੇ ਅਧਾਰ ਤੇ ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿਤਾ ਗਿਆ। ਹੇਠਲੀਆਂ ਸਤਰਾਂ ਵਿਚ ਸਰਕਾਰ ਵਲੋਂ ਜਾਰੀ ਕੀਤੇ ਗਏ ਨਜ਼ਰਬੰਦੀ ਅਤੇ ਹੋਰ ਪਾਬੰਦੀਆਂ ਦੇ ਹੁਕਮ ਦਾ ਪੰਜਾਬੀ ਉਲਥਾ ਪੇਸ਼ ਕੀਤਾ ਜਾਂਦਾ ਹੈ:—

(੧) (ਸਤਿਗੁਰੂ) ਰਾਮ ਸਿੰਘ (ਜੀ) ਦੀਆਂ ਸਰਗਰਮੀਆਂ ਦੀ ਇਤਲਾਹ ਲਾਟ ਸਾਹਿਬ ਨੂੰ ਸਭ ਤੋਂ ਪਹਿਲੋਂ ਅਪ੍ਰੈਲ ੧੮੬੩ ਵਿਚ ਦਿਤੀ ਗਈ। ਜਿਨ੍ਹਾਂ ਨੂੰ ਪੜਤਾਲਣ ਵਾਸਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕਸ਼ਟ ਪੁਚਾਏ ਬਿਨਾਂ, ਉਨ੍ਹਾਂ ਤੇ ਕਰੜੀ ਨਿਗਰਾਨੀ ਦਾ ਪ੍ਰਬੰਧ ਕੀਤਾ ਗਿਆ।

(੨) ਬਹੁਤ ਸਾਰੇ ਅਫਸਰਾਂ ਵਲੋਂ ਪੇਸ਼ ਕੀਤੀਆਂ ਗਈਆਂ ਰਪੋਟਾਂ ਤੋਂ ਇਹ ਪ੍ਰਗਟ ਹੁੰਦਾ ਹੈ, ਕਿ (ਸਤਿਗੁਰੂ) ਰਾਮ ਸਿੰਘ (ਜੀ) ਸਿਖ ਧਰਮ ਅੰਦਰ ਸੁਧਾਰ ਦਾ ਪੁਰਸ਼ਾਰਥ ਕਰ ਰਹੇ ਹਨ, ਅਤੇ ਉਨ੍ਹਾਂ ਦੇ ਉਪਦੇਸ਼ ਤੇ ਫ਼ਰਮਾਨ ਨ ਕੇਵਲ ਹਾਨੀ ਰਹਿਤ ਸਗੋਂ ਲਾਭਦਾਇਕ ਹਨ।

(੩) ਉਨ੍ਹਾਂ ਦੇ ਸਿਖ ਬਹੁਤ ਸਾਰੇ ਹਨ, ਜੋ ਨੀਵੀਆਂ ਜਾਤਾਂ ਦੇ ਹਨ, ਜਿਨ੍ਹਾਂ ਵਿਚੋਂ ਕੁਛ ਪੁਲਸ ਵਿਚ ਵੀ ਦੇਖੇ ਗਏ ਹਨ।

(੪) (ਗੁਰੂ) ਰਾਮ ਸਿੰਘ (ਜੀ) ਐਲਾਨੀਆਂ ਕਹਿੰਦੇ ਹਨ, ਕਿ ਉਹ



Sri Satguru Jagjit Singh Ji Elibrary NamdhariElibrary@gmail.com

ਸੰਸਾਰੀ ਰਾਜ ਦੀ ਭਾਲ ਵਿਚ ਨਹੀਂ ਹਨ। ਜਿਥੋਂ ਤਕ ਉਨ੍ਹਾਂ ਦੇ ਪ੍ਰਚਾਰ ਦੀ ਪੜਤਾਲ ਕੀਤੀ ਗਈ ਹੈ, ਉਹ ਬਗਾਵਤ ਦੀ ਪੁਸ਼ਟੀ ਨਹੀਂ ਕਰਦਾ।

(੫) ਭਾਵੇਂ ਸੱਚ ਤੇ ਭਾਵੇਂ ਝੂਠ ਉਨ੍ਹਾਂ ਦੇ ਨਾਉਂ ਹੇਠ ਜਿਠੀਆਂ ਫੇਰ ਫੇਰ ਉਨ੍ਹਾਂ ਦੀ ਲਹਿਰ ਤੋਂ ਲਾਭ ਉਠਾਇਆ ਜਾ ਰਿਹਾ ਹੈ, ਜਿਸ ਵਿਚ ਲੋਕ ਭਲਾਈ ਦੇ ਵਿਰੁੱਧ ਖਤ੍ਰੇ ਵਾਲਾ ਮਸਾਲਾ ਮੌਜੂਦ ਹੈ, ਉਸਦੇ ਸਿਖਾਂ ਵਿਚੋਂ ਕੁਛ ਬਾਬਤ ਰਪੋਟ ਕੀਤੀ ਗਈ ਹੈ ਕਿ ਉਹ ਬਾਗ਼ੀਆਨਾ ਗੱਲਾਂ ਕਰਦੇ ਹਨ ਜਿਸ ਕਰਕੇ ਬਿਨਾਂ ਸ਼ੱਕ ਲੋਕਾਂ ਤੇ ਇਹ ਅਸਰ ਪੈ ਰਿਹਾ ਹੈ, ਕਿ ਉਹ ਆਪਣੇ ਆਪਨੂੰ ਅਗੋਂ ਲਈ ਹੋਣ ਵਾਲਾ ਰਾਜਾ ਪ੍ਰਗਟ ਕਰ ਰਹੇ ਹਨ, ਜੋ ਅੰਗ੍ਰੇਜ਼ਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦਾ ਯਤਨ ਕਰ ਰਹੇ ਹਨ।

(੬) ਇਰਾਦਾ ਭਾਵੇਂ ਕੁਛ ਹੋਵੇ, ਪਰ ਉਨ੍ਹਾਂ ਦੇ ਦਿਵਾਨਾਂ ਤੇ ਉਪਦੇਸ਼ਾਂ ਦਾ ਫਲ ਜੰਤਾ ਨੂੰ ਪ੍ਰੇਸ਼ਾਨ ਕਰਨ ਵਾਲਾ ਹੈ, ਅਰ ਪਹਿਲੋਂ ਤੋਂ ਹੀ ਪੁਰਾਣੇ ਤੇ ਇਸ ਨਵੇਂ ਪੰਥ ਵਿਚਕਾਰੇ ਇਕ ਛੋਟੇ ਜੇਹੇ ਫਸਾਦ ਸਬੰਧੀ ਰਪੋਟ ਮਿਲ ਚੁਕੀ ਹੈ। ਨਾਲ ਹੀ ਇਸ ਗਲ ਦਾ ਨਿਸਚਾ ਹੋ ਚੁਕਾ ਹੈ ਕਿ ਦੀਪਮਾਲਾ ਅੰਮ੍ਰਿਤਸਰ ਦੇ ਮੇਲੇ ਤੇ ਨਵੇਂ ਪੰਥ ਦਾ ਬੜਾ ਭਾਰੀ ਦਿਵਾਨ ਹੋਵੇਗਾ ਜਿਸ ਤੋਂ ਕੁਛ ਗੜ ਬੜ ਹੋਣ ਦਾ ਅੰਦੇਸ਼ਾ ਮਹਿਸੂਸ ਕੀਤਾ ਗਿਆ ਹੈ।

(੭) ਇਕ ਇਕੱਤ੍ਰਤਾ ਜੋ ਪਹਿਲੋਂ ਬੇ-ਕਾਨੂੰਨੀ ਨਾ ਹੋਵੇ ਪਿਛੋਂ ਕਨੂੰਨ ਵਿਰੁੱਧ ਹੋ ਸਕਦੀ ਹੈ।

(੮) ਵਰਤਮਾਨ ਕਾਰਵਾਈਆਂ ਤੋਂ ਪ੍ਰਗਟ ਹੁੰਦਾ ਹੈ, ਕਿ ਗੁਰੂ ਰਾਮ ਸਿੰਘ ਜੀ ਦੇ ਦਿਵਾਨ ਕਾਨੂੰਨ ਵਿਰੁਧ ਦਫ਼ਾ ਹੇਠ ਔਣ ਲਈ ਜ਼ਿੰਮੇਵਾਰ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਤੇ ਹਿੰਦ ਡੰਡਾਵਲੀ ਦੀ ੧੪੧ ਦਫ਼ਾ ਲਾਗੂ ਹੁੰਦੀ ਹੈ।

(੯) ਇਸ ਲਈ ਭਾਵੇਂ ਕਿਸੇ ਧਾਰਮਿਕ ਸਵਾਲ ਵਿਚ ਸਰਕਾਰ ਦਖਲ ਦੇਣ ਦਾ ਇਰਾਦਾ ਨਹੀਂ ਰੱਖਦੀ, ਯਾ ਇਕ ਖਾਸ ਧਰਮ ਨੂੰ ਸੁਧਾਰਨ ਦੇ ਪ੍ਰਯੋਜਨ ਨਾਲ ਕੀਤੇ ਗਏ ਜਲਸਿਆਂ ਨੂੰ ਰੋਕਣਾਂ ਨਹੀਂ ਚਾਹੁੰਦੀ, ਪਰ ਜਦ ਉਸ ਧਰਮ ਵਾਲੇ ਲੋਕਾਂ ਦੇ ਚਲਨ ਤੋਂ ਸ਼ਾਂਤੀ ਦੇ ਵਿਰੁਧ ਸਹੈਤਾ ਤੇ ਉਤੇਜਨਾ ਮਿਲੇ, ਤਾਂ ਅਜੇਹੇ ਇਜਲਾਸ ਕਨੂੰਨ ਵਿਰੁੱਧ ਸਮਝੇ ਜਾਂਦੇ ਅਤੇ ਆਗੂ ਕਾਨੂੰਨ ਅਨੁਸਾਰ ਦੰਡ ਦੇ ਭਾਗੀ ਹੋ ਜਾਂਦੇ ਹਨ।

(੧੦) ਵਰਤਮਾਨ ਦਸ਼ਾ ਵਿਚ (ਗੁਰੂ) ਰਾਮ ਸਿੰਘ (ਜੀ) ਅਤੇ ਉਨ੍ਹਾਂ ਦੇ ਸੇਵਕਾਂ ਨੂੰ ਤਾੜਨਾ ਕੀਤੀ ਜਾਣੀ ਚਾਹੀਦੀ ਹੈ, ਅਤੇ ਉਨ੍ਹਾਂ ਨੂੰ ਇਸ ਗੱਲ

Sri Satguru Jagjit Singh Ji Elibrary NamdhariElibrary@gmail.com

ਲਈ ਪਾਬੰਦ ਕਰਨਾ ਚਾਹੀਦਾ ਹੈ, ਕਿ ਉਹ ਅੰਮ੍ਰਿਤਸਰ ਵਿਚ ਕੋਈ ਦਿਵਾਨ ਨਾ ਕਰਨ। ਉਨ੍ਹਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿਤੀ ਜਾਏ ਕਿ, ਭਾਵੇਂ ਉਨ੍ਹਾਂ ਦੇ ਦਿਵਾਨ ਅਪਣੇ ਆਪ ਵਿਚ ਹਾਨੀ ਰਹਿਤ ਹਨ, ਪਰ ਫੇਰ ਵੀ ਉਨ੍ਹਾਂ ਸੱਚੀਆਂ ਯਾ ਝੂਠੀਆਂ ਰਪੋਟਾਂ ਤੋਂ ਨਿਸਚਾ ਹੁੰਦਾ ਹੈ, ਕਿ ਉਹ ਲੋਕਾਂ ਦੇ ਮਨਾਂ ਅੰਦਰ ਤੜਥੱਲੀ ਪੈਦਾ ਕਰਨ ਵਿਚ ਅਗਵਾਈ ਅਤੇ ਸਹੈਤਾ ਕਰਦੇ ਹਨ।

(੧੧) ਜੇ ਇਸ ਤਾੜਨਾ ਦੇ ਪਿਛੋਂ ਵੀ ਦਿਵਾਨ ਜਾਰੀ ਰਹੇ ਅਤੇ ਕੋਈ ਫ਼ਸਾਦ ਹੋ ਗਿਆ, ਤਾਂ (ਸਤਿਗੁਰੂ) ਰਾਮ ਸਿੰਘ (ਜੀ) ਅਤੇ ਉਨ੍ਹਾਂ ਦੇ ਸਿਖ ਜ਼ਿਮੇਵਾਰ ਹੋਣਗੇ, ਅਰ ਲੋਕ-ਸ਼ਾਂਤੀ ਭੰਗ ਹੋਣ ਦੇ ਅਪ੍ਰਾਧ ਵਿਚ ਉਨ੍ਹਾਂ ਵਿਰੁਧ ਮੁਕੱਦਮਾ ਚਲਾਇਆ ਜਾਏਗਾ।

(੧੨) (ਗੁਰੂ) ਰਾਮ ਸਿੰਘ ਨੂੰ ਹਦੈਤ ਕੀਤੀ ਜਾਂਦੀ ਹੈ, ਕਿ ਉਹ ਆਪਣੇ ਪਿੰਡ ਵਿਚ ਹੀ ਰਹਿਣ। ਪੁਲਸ ਉਨ੍ਹਾਂ ਤੇ ਨਿਗਰਾਨੀ ਰਖੇਗੀ ਅਰ ਉਨ੍ਹਾਂ ਦੀਆਂ ਸਰਗਰਮੀਆਂ ਬਾਬਤ ਰਪੋਟ ਕਰਿਆ ਕਰੇਗੀ।

੩੦ ਜੂਨ ੧੮੬੩* (ਦਸਖਤ) ਟੀ. ਡੀ. ਫਾਰਸਿਥ ਆਫ਼ੀਸ਼ੀਏਟਿੰਗ ਸੈਕ੍ਰੇਟਰੀ ਪੰਜਾਬ ਗਵਰਨਮੈਂਟ

## ਨਿਗਰਾਨੀ ਦਾ ਅਰੰਭ

੩ ਜੁਲਾਈ ੧੮੬੩ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਲੁਧਿਯਾਣੇ ਬੁਲਾਕੇ ਉਪ੍ਰੋਕਤ ਹੁਕਮ ਸੁਣਾਇਆ ਗਿਆ। ਡਿਪਟੀ ਕਮਿਸ਼ਨਰ, ਲੁਧਿਯਾਣਾ ਨੇ ਆਪਨੂੰ ਕਿਹਾ ਕਿ ਆਪ ਸੁਕਾਰੀ ਆਗਜ਼ਾ ਪ੍ਰਾਪਤ ਕਰਨ ਤੋਂ ਬਿਨਾਂ ਭੈਣੀ ਸਾਹਿਬ ਦੀ ਹੱਦ ਤੋਂ ਬਾਹਰ ਨਹੀਂ ਜਾ ਸਕਦੇ। ਹੁਕਮ ਸੁਣਕੇ ਸਤਿਗੁਰੂ ਜੀ ਥੋੜ੍ਹਾ ਜੇਹਾ ਮੁਸਕਰਾਏ, ਅਤੇ ਭੈਣੀ ਸਾਹਿਬ ਪਰਤ ਗਏ।

**ਵਿਰਤੂ ਚਿਠੀ**—ਨਜ਼ਰਬੰਦੀ ਦਾ ਹੁਕਮ ਸੁਣਾਣ ਪਿਛੋਂ ਓਸੇ ਦਿਨ ੩ ਜੁਲਾਈ ਨੂੰ ਮੇਜਰ ਯੰਗ ਹਸਬੈਂਡ ਇਨਸਪੈਕਟਰ ਜਰਨਲ ਪੋਲੀਸ ਨੇ ਸਾਰੇ ਜ਼ਿਲਿਆਂ ਦੇ ਡਿਪਟੀ ਇਨਸਪੈਕਟਰ ਜਨਰਲਾਂ ਦੇ ਨਾਉਂ ਇਕ ਵਿਰਤੂ ਚਿਠੀ ਜਾਰੀ ਕੀਤੀ, ਜਿਸ ਵਿਚ ਲਿਖਿਆ ਗਿਆ ਕਿ ਉਹ ਅਪਣੇ ਅਪਣੇ ਹਲਕੇ ਦੇ ਪੁਲਸ ਕਪਤਾਨਾਂ ਨੂੰ ਹਦੈਤ ਕਰਨ ਕਿ ਜੇ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਬਾਬਤ ਕੋਈ ਵੀ ਖ਼ਬਰ ਮਿਲੇ, ਤਾਂ ਉਹ ਪੰਜਾਬ ਸੁਕਾਰ ਦੇ ਸਕੱਤਰ ਨੂੰ ਸਿੱਧੀ ਭੇਜ ਦੇਣ, ਅਰ ਨਾਲ ਹੀ ਇਹ ਗਲ ਸਮਝਾ ਦਿਤੀ, ਜਾਏ ਕਿ ਖ਼ਬਰਾਂ

* ਪੇਪਰਜ਼ ਰੀਲੇਟਿੰਗ ਟੂ ਦੀ ਕੂਕਾ ਐਕਟ

Sri Satguru Jagjit Singh Ji Elibrary NamdhariElibrary@gmail.com

ਵਖੋ ਵਖ ਸਾਧਨਾਂ ਰਾਹੀਂ ਚੁਪ ਚਾਪ ਪ੍ਰਾਪਤ ਕੀਤੀਆਂ ਜਾਣ। ਇਸ ਗੱਲ ਦਾ ਵੀ ਧਿਆਨ ਰਖਿਆ ਜਾਵੇ, ਕਿ ਪ੍ਰਾਪਤ ਹੋਈਆਂ ਖਬਰਾਂ ਦੀ ਸੂੰਧਕ ਤਕ ਨਾਂ ਨਿਕਲੇ।*

## ਕੂਕਾ ਜਥੇਬੰਦੀ ਦਾ ਅਰੰਭ

੩ ਜੁਲਾਈ ਤੋਂ ਹੀ ਭੈਣੀ ਸਾਹਿਬ ਵਿਖੇ ਪੁਲਸ ਦਾ ਇਕ ਹਵਾਲਦਾਰ ਤੇ ਸਿਪਾਹੀ ਨੀਯਤ ਕੀਤੇ ਗਏ ਜਿਨ੍ਹਾਂ ਦਾ ਕੰਮ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਾਰਵਾਈਆਂ ਦੀ ਨਿਗਰਾਨੀ ਕਰਨਾ ਸੀ। ਖ਼ੁਫ਼ੀਆ ਪੁਲਸ ਦਾ ਪ੍ਰਬੰਧ ਵੀ ਕੀਤਾ ਗਿਆ।

### ਸੂਬਿਆਂ ਦੀ ਸਥਾਪਨਾ:

ਸਤਿਗੁਰੂ ਜੀ ਨੇ ਦੌਰਿਆਂ ਦੇ ਰੁਝੇਵੇਂ ਤੋਂ ਵੇਹਲਿਆਂ ਹੋ ਕੇ ਦੇਸ ਭਰ ਦੇ ਅਪਣੇ ਸਿਖਾਂ ਨੂੰ ਜਥੇਬੰਦ ਕਰਨ ਦੀ ਇਕ ਸਕੀਮ ਤਿਆਰ ਕੀਤੀ, ਜਿਸ ਦੇ ਮੁਤਾਬਕ ਉਨ੍ਹਾਂ ਨੇ ਪਹਿਲੋਂ ਪੰਜ ਸੂਬੇ (Governers) ਸਥਾਪਿਤ ਕੀਤੇ, ਜਿਨਾਂ ਦੇ ਅਧੀਨ ਸਾਰੇ ਪੰਜਾਬ ਦੇ ਸਿੱਖਾਂ ਨੂੰ ਜਥੇਬੰਦ ਕਰਨ ਦੀ ਆਗਿਯਾ ਦਿਤੀ ਗਈ, ਪਰ ਗਵਰਨਮੈਂਟ ਨੇ ਉਨਾਂ ਪੰਜਾਂ ਨੂੰ ਵੀ ਝਟ ਪਟ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ। ਉਸਤੋਂ ਪਿਛੋਂ ਆਪ ਨੇ ੧੭ ਸੂਬੇ ਹੋਰ ਥਾਪੇ। ਉਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿਤਾ ਗਿਆ, ਕੁਛ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਅਤੇ ਬਾਜਿਆਂ ਨੂੰ ਆਪੋ ਅਪਣੇ ਪਿੰਡਾਂ ਵਿਚ।

### ੨੨ ਸੂਬਿਆਂ ਦੇ ਨਾਮ ਗ੍ਰਾਮ

(੧) ਬਾਬਾ ਜਵਾਹਰ ਸਿੰਘ ਜੀ ਪਿੰਡ ਸੋਹਲ ਜਿਲਾ ਅੰਮਿਤਸਰ।

(੨) ਬਾਬਾ ਕਾਹਨ ਸਿੰਘ ਜੀ ਨਿਹੰਗ ਪਿੰਡ ਚੱਕ ਕਲਾਂ, ਰਿਆਸਤ ਮਲੇਰ ਕੋਟਲਾ।

(੩) ਬਾਬਾ ਸੁਧ ਸਿੰਘ ਜੀ ਪਿੰਡ ਮਦੌਰ ਜ਼ਿਲਾ ਅੰਬਾਲਾ।

(੪) ਬਾਬਾ ਸਾਹਿਬ ਸਿੰਘ ਜੀ ਪਿੰਡ ਬੰਗਾਲੀਪੁਰ ਜਿਲਾ ਅੰਮ੍ਰਿਤਸਰ।

(੫) ਬਾਬਾ ਲੱਖਾ ਸਿੰਘ ਜੀ ਮਲੌਦ ਜਿਲਾ ਲੁਧਿਆਨਾ।

ਇਹ ਪਹਿਲੇ ਪੰਜ ਸਨ

---

* ਕੂਕਾ ਪੇਪਰਜ਼ ਪੰਨਾ ੧

Sri Satguru Jagjit Singh Ji Elibrary NamdhariElibrary@gmail.com

(੬) ਬਾਬਾ ਰੂੜ ਸਿੰਘ, ਸਪੁਤ੍ਰ ਦਿਆਲ ਸਿੰਘ ਪਿੰਡ ਬੰਗਾਲੀ ਪੁਰ, ਜਿਲਾ ਅੰਮ੍ਰਿਤਸਰ (ਰਾਮਗੜ੍ਹੀਏ)

(ਇਹ ਬਾਬਾ ਸਾਹਿਬ ਸਿੰਘ ਜੀ ਦੇ ਭਾਈ ਸਨ।)

(੭) ਬਾਬਾ ਸਰਮੁਖ ਸਿੰਘ ਪਿੰਡ ਲੱਲੂਵਾਲਾ, ਰਿਆਸਤ ਪਟਿਆਲਾ। (ਜ਼ਿਮੀਦਾਰ) ਇਨ੍ਹਾਂ ਦਾ ਜਨਮ ਨਗਰ ਢਿੱਲਵਾਂ ਰਿਆਸਤ ਨਾਭਾ ਸੀ।

(੮) ਬਾਬਾ ਜਮੀਤ ਸਿੰਘ ਸਪੁਤ੍ਰ ਚੰਦਾ ਸਿੰਘ ਪਿੰਡ ਗਿੱਲ ਜਿਲਾ ਸਿਆਲਕੋਟ (ਜ਼ਿਮੀਦਾਰ)

(੯) ਬਾਬਾ ਗਿਆਨੀ ਸਿੰਘ ਪਿੰਡ ਮੰਡੀ ਕਲਾਂ, ਰਿਆਸਤ ਸੰਗਰੂਰ (ਰਾਜਪੂਤ)।

(੧੦) ਬਾਬਾ ਮਾਨ ਸਿੰਘ ਸਪੁਤ੍ਰ ਮੱਖਣ ਸਿੰਘ ਪਿੰਡ ਸੈਦੋ, ਜਿਲਾ ਫੀਰੋਜ਼ਪੁਰ (ਜ਼ਿਮੀਦਾਰ)।

(੧੧) ਬਾਬਾ ਬ੍ਰਹਮਾ ਸਿੰਘ ਸਪੁਤਰ ਗੁਲਾਬ ਸਿੰਘ ਪਿੰਡ ਦਰਜਾਪੁਰ ਜਿਲਾ ਕਰਨਾਲ (ਜ਼ਿਮੀਦਾਰ)।

(੧੨) ਭਗਵਾਨ ਸਿੰਘ ਵੱਤੇਵਾਲ, ਜਿਲਾ ਅੰਮ੍ਰਿਤਸਰ (ਆਹਲੂਵਾਲੀਆ)।

(੧੩) ਬਾਬਾ ਰਾਜਾ ਸਿੰਘ ਪਿੰਡ ਤ੍ਰਾਂਡੀ, ਜ਼ਿਲ੍ਹਾ ਸਿਆਲਕੋਟ (ਰਾਮਗੜ੍ਹੀਏ)।

(੧੪) ਬਾਬਾ ਹੁਕਮਾ ਸਿੰਘ ਸਪੁਤਰ ਮੇਹਰ ਸਿੰਘ ਪਿੰਡ ਪਿੱਥੋ, ਰਿਆਸਤ ਨਾਭਾ (ਜ਼ਿਮੀਦਾਰ)।

(੧੫) ਬਾਬਾ ਮਲੂਕ ਸਿੰਘ ਸਪੁਤ੍ਰ ਸੁੱਖਾ ਸਿੰਘ ਪਿੰਡ ਫੂਲੇਵਾਲ, ਜ਼ਿਲ੍ਹਾ ਫੀਰੋਜ਼ਪੁਰ (ਜ਼ਿਮੀਦਾਰ)।

(੧੬) ਬਾਬਾ ਜੋਤਾ ਸਿੰਘ ਸਪੁਤਰ ਰਤਨ ਸਿੰਘ ਪਿੰਡ ਢਪਈ, ਜ਼ਿਲ੍ਹਾ ਸਿਆਲਕੋਟ (ਘੁਮਜਾਰ)।

(੧੭) ਬਾਬਾ ਖਜ਼ਾਨ ਸਿੰਘ ਵਲਦ ਮਨੀ ਸਿੰਘ ਪਿੰਡ ਲਧਾਣਾ, ਜ਼ਿਲ੍ਹਾ ਜਲੰਧਰ (ਰਾਮਗੜ੍ਹੀਏ)।

Sri Satguru Jagjit Singh Ji Elibrary NamdhariElibrary@gmail.com

(੧੮) ਬਾਬਾ ਨਰੈਣ ਸਿੰਘ ਸਪੁਤ੍ਰ ਸੰਤਾ ਸਿੰਘ ਪਿੰਡ ਖਟੜੇ ਜ਼ਿਲ੍ਹਾ ਲੁਧਯਾਨਾ (ਰਾਮਗੜ੍ਹੀਆ)।

(੧੯) ਬਾਬਾ ਸਮੁੰਦ ਸਿੰਘ ਸਪੁਤ੍ਰ ਵਸਾਵਾ ਸਿੰਘ, ਪਿੰਡ ਖੋਟੇ. ਜ਼ਿਲ੍ਹਾ ਫੀਰੋਜ਼ਪੁਰ (ਜ਼ਿਮੀਦਾਰ)।

(੨੦) ਬਾਬਾ ਪਹਾੜਾ ਸਿੰਘ ਰਈਸ ਮਲੌਦ ਜ਼ਿਲ੍ਹਾ ਲੁਧਿਆਨਾ (ਜ਼ਿਮੀਦਾਰ)।

(੨੧) ਬਾਬਾ ਖੁਸ਼ਾਲ ਸਿੰਘ ਸਪੁਤ੍ਰ ਕਰਮ ਸਿੰਘ ਪਿੰਡ ਥਰਾਜ, ਜਿਲਾ ਹਿਸਾਰ (ਜ਼ਿਮੀਦਾਰ)।

ਆਪ ਮਾਤਾ ਜੀਵਨ ਕੌਰ ਜੀ ਅਰ ਮਾਤਾ ਫਤਹ ਕੌਰ ਜੀ ਦੇ ਪਿਤਾ ਜੀ ਸਨ।

(੨੨) ਬਾਬਾ ਗੁਪਾਲ ਸਿੰਘ ਸਪੁਤਰ ਸਾਹਿਬ ਸਿੰਘ ਰੱਖੜ ਮਰੌੜ, ਰਿਆਸਤ ਪਟਿਆਲਾ (ਜ਼ਿਮੀਦਾਰ)*

---

* ਕੂਕਾ ਜਥੇਬੰਦੀ ਬਾਬਤ ਪ੍ਰੋਫੈਸਰ ਰੁਚੀ ਰਾਮ ਜੀ ਸਾਹਨੀ ਲਾਹੌਰ ਲਿਖਦੇ ਹਨ ਕਿ--"ਉਨ੍ਹਾਂ (ਭਾਵ ਸਤਿਗੁਰੂ ਰਾਮ ਸਿੰਘ ਜੀ) ਨੇ ਹਰ ਜ਼ਿਲ੍ਹੇ ਵਿਚ ਇਕ ਸੂਬਾ ਨੀਯਤ ਕੀਤਾ। ਹਰ ਤਸੀਲ ਵਿਚ ਦੋ ਜਥੇਦਾਰ ਅਤੇ ਹਰ ਇਕ ਪਿੰਡ ਵਿਚ ਇਕ ਗ੍ਰੰਥੀ ਟਿਕਿਆ। ਮੁੱਢਲੀ ਪੜ੍ਹਾਈ ਲਈ ਕੌਮੀ ਆਸ਼੍ਰਮ ਖੋਲੇ ਅਤੇ ਜਿਥੇ ਗਏ ਉਥੇ ਮੁਫਤ ਲੰਗਰ (ਫਰੀ ਕਿਚਨ) ਜਾਰੀ ਕੀਤਾ। ਆਪਣੇ ਸਿਖਾਂ ਨੂੰ ਸਾਦਾ ਜੀਵਨ ਵਿਤੀਤ ਕਰਨ ਅਤੇ ਆਪਣੇ ਆਸ਼੍ਰਮਾਂ ਦੀ ਸਹੋਤਾ ਕਰਨ ਦੀ ਨਸੀਹਤ ਕੀਤੀ। ਆਪ ਨੇ ਵੇਖਿਆ ਕਿ ਪੱਛਮੀ ਸੱਭਯਤਾ ਜੀਵਨ ਦੀ ਸਾਦਗੀ ਅਤੇ ਸਦਾਚਾਰਕ ਸ਼ਕਤੀ ਨੂੰ ਫਰੇਬ ਨਾਲ ਨਸ਼ਟ ਕਰ ਰਹੀ ਹੈ, ਦੇਸ ਲਈ ਆਪ ਨੇ ਪੱਛਮੀ ਸਿਖ੍ਯਾ ਤੇ ਮੁਲਾਮਤ ਪਾਈ, ਅਤੇ ਸੁਕਾਰੀ ਨੌਕਰੀਆਂ ਤੇ ਕਚਹਿਰੀਆਂ ਵਿਚ ਜਾਣ ਦੀ ਮਨਾਹੀ ਕੀਤੀ। ਆਪਦੇ ਪ੍ਰਚਾਰ ਨੇ ਦੇਸ਼ ਨੂੰ ਚੁਕੰਨਿਆਂ ਕਰ ਦਿਤਾ। ਪੁਜਾਰੀ ਸਮਾਜ ਉਨ੍ਹਾਂ ਦੀ ਨੁਕਤਾਚੀਨੀ ਤੇ ਬਹੁਤ ਚਿੜ ਗਿਆ। ਆਪ ਤੇ ਆਪਦੇ ਸਿਖਾਂ ਲਈ ਗੁਰਦਵਾਰਿਆਂ ਦੇ ਬੂਹੇ ਬੰਦ ਕਰ ਦਿਤੇ ਗਏ। ਗਵਰਮੈਂਟ ਨੇ ਆਪਦੀਆਂ ਸਰਗਰਮੀਆਂ ਨੂੰ ਰੋਕਣ ਲਈ ਕਨੂੰਨ ਦਾ ਸਹਾਰਾ ਲਿਆ। (ਗੁਰਦਵਾਰਾ ਰੀਫਾਰਮ ਮੂਵਮੈਂਟ, ਪੰਨਾ ੩੪)

Sri Satguru Jagjit Singh Ji Elibrary NamdhariElibrary@gmail.com

# ਕੂਕਾ ਪੋਸਟਲ ਸਰਵਿਸ

## ਮਹਿਕਮਾ ਡਾਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਡਾਕ ਦਾ ਆਪਣਾ ਪ੍ਰਾਈਵੇਟ ਮਹਿਕਮਾ ਜਥੇਬੰਦ ਕਰਕੇ ਸੂਬਾ ਸਾਹਿਬ ਸਿੰਘ ਨੂੰ ਉਸਦਾ ਵੱਡਾ ਅਫਸਰ ਨੀਯਤ ਕੀਤਾ। ਉਨ੍ਹਾਂ ਨੇ ਆਪਣੀ ਦੂਰਦਰਸ਼ਤਾ ਨਾਲ ਪਹਿਲੋਂ ਹੀ ਅਨੁਭਵ ਕਰ ਲਿਆ ਸੀ, ਕਿ ਜੋ ਡਾਕ ਨੂੰ ਸੈਂਸਰ ਹੋਣ ਤੋਂ ਬਚਾਇਆ ਜਾ ਸਕਦਾ ਹੈ, ਤਾਂ ਉਸ ਦਾ ਅਦੁਤੀ ਤ੍ਰੀਕਾ—"ਡਾਕ ਦੇ ਸੁਤੰਤ੍ਰ ਮਹਿਕਮੇ ਦੀ ਸਥਾਪਨਾ ਹੈ। ਇਹ ਮਹਿਕਮਾ ਇਸ ਖ਼ੂਬੀ ਨਾਲ ਕੰਮ ਕੀਤਾ ਗਿਆ, ਕਿ ਕੋਈ ਪੱਤ੍ਰ ਕਿਸੇ ਗੈਰ ਦੇ ਹੱਥ ਨਹੀਂ ਸੀ ਆ ਸਕਦਾ ਅਤੇ ਖਬਰਾਂ ਵੀ ਸ੍ਰਕਾਰੀ ਮਹਿਕਮਾ ਡਾਕ ਨਾਲੋਂ ਛੇਤੀਂ ਤੇ ਬਿਨਾਂ ਪੈਸੇ ਖਰਚ ਕਰਨ ਤੋਂ ਪੁਜ ਜਾਂਦੀਆਂ ਸਨ.। ਖਬਰਾਂ ਵਾਸਤੇ ਸੰਕੇਤ ਨੀਯਤ ਕੀਤੇ ਗਏ ਸਨ, ਜਿਨ੍ਹਾਂ ਦਾ ਹਰਕਾਰਿਆਂ ਨੂੰ ਵੀ ਪਤਾ ਨਹੀਂ ਸੀ ਹੁੰਦਾ। ਉਨ੍ਹਾਂ ਤੋਂ ਕੇਵਲ ਸੂਬੇ ਤੇ ਜਥੇਦਾਰ ਹੀ ਜਾਣੂੰ ਹੁੰਦੇ ਸਨ। ਇਕ ਕਾਸਦ ਦਾ ਕੇਵਲ ਏਨਾ ਕੰਮ ਹੁੰਦਾ ਸੀ ਕਿ ਜੇਹੜਾ ਸੰਕੇਤ ਯਾ ਸੰਕੇਤਕ ਸ਼ਬਦ ਉਸਨੂੰ ਡਾਕ ਵਜੋਂ ਦਿਤਾ ਜਾਵੇ ਉਹ ਉਸਦਾ ਅਰਥ ਪੁਛਣ ਤੋਂ ਬਿਨਾਂ ਦੂਜੇ ਪੜਾ ਦੇ ਹਰਕਾਰੇ ਨੂੰ ਜਾ ਕੇ ਕਹਿ ਦੇਵੇ, ਤੇ ਦੂਜਾ ਉਸਨੂੰ ਸੁਣਦਿਆਂ ਸਾਰ ਅਪਣਾ ਜਰੂਰੀ ਤੋਂ ਜ਼ਰੂਰੀ ਕੰਮ ਵੀ ਵਿਚੇ ਛੱਡ ਕੇ ਦੂਜੇ ਪੜਾ ਵਲ ਦੌੜ ਪਏ। ਏਸੇ ਤਰ੍ਹਾਂ ਪੜਾਓ ਪੜਾਈ ਡਾਕ ਅਪਣੇ ਅਸਲੀ ਟੀਚੇ ਤੇ ਪੁਜ ਜਾਂਦੀ ਸੀ। 'ਕੂਕਾ ਪੋਸਟਲ ਸਰਵਿਸ' ਸਬੰਧੀ ਸ੍ਰਕਾਰੀ ਰੀਕਾਰਡ ਵਿਚ ਵੀ ਪ੍ਰਸੰਸਾ ਕੀਤੀ ਗਈ ਹੈ। ਲਿਖਿਆ ਹੈ ਕਿ:—

> **"ਕੂਕੇ, ਜਿਨ੍ਹਾਂ ਨੂੰ ਸੰਤ ਖ਼ਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਦਾ ਮਹਿਕਮਾ ਪ੍ਰਾਈਵੇਟ ਹੈ, ਜੋ ਬੜੀ ਖ਼ੂਬੀ ਨਾਲ ਜਥੇਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈਕੇ ਦੂਜੇ ਪਿੰਡ ਦੇ ਕੂਕੇ ਪਾਸ ਪੁਜਦਾ ਹੈ, ਉਹ ਜੋ ਕੰਮ ਕਰਦਾ ਹੋਵੇ ਵਿਚੇ ਛਡ**



Sri Satguru Jagjit Singh Ji Elibrary NamdhariElibrary@gmail.com

ਦਿੰਦਾ ਹੈ। ਜੇ ਰੋਟੀ ਅੱਧੀ ਖਾਧੀ ਤੇ ਅੱਧੀ ਰਹਿੰਦੀ ਹੈ, ਤਾਂ ਉਹ ਦੂਜੀ ਗਿਰਾਹੀ ਮੂੰਹ ਵਿਚ ਨਹੀਂ ਪਾਉਂਦਾ, ਅਤੇ ਕੋਈ ਪ੍ਰਸ਼ਨ ਪੁੱਛਣ ਤੋਂ ਬਿਨਾਂ ਹੀ ਚਿਠੀ ਲੈਕੇ ਦੌੜ ਜਾਂਦਾ ਹੈ, ਅਰ ਦੂਜੇ ਪੜਾ ਤੇ ਪੁਜ ਕੇ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ। ਖ਼ਾਸ ਡਾਕ ਜ਼ਬਾਨੀ ਹੁੰਦੀ ਹੈ, ਜੋ ਲਿਖੀ ਨਹੀਂ ਜਾਂਦੀ। ਮੇਜਰ ਪਰਕਿਨਜ਼ ਦੇ ਕਹਿਣ ਅਨੁਸਾਰ ਉਹ ਜਰਨੈਲੀ ਸੜਕ ਛਡ ਕੇ ਲੰਮਾਂ ਵਲਾ ਪੌਂਦੇ ਤੇ ਲਾਭਿਓਂ ਦੀ ਜਾਂਦੇ ਹਨ।"*

## ਘਰ ਘਰ ਵਿਚ ਰਾਮ ਸਿੰਘ

੨੨ ਸੂਬਿਆਂ ਦੇ ਨਜ਼ਰਬੰਦ ਕੀਤੇ ਜਾਣ ਪਿਛੋਂ ਕਮਿਸ਼ਨਰ ਅੰਬਾਲਾ ਭੈਣੀ ਸਾਹਿਬ ਪੁਜਾ। ਸਤਿਗੁਰਾਂ ਨੂੰ ਪੁਛਿਆ ਕਿ—"ਆਪ ਨੂੰ ਨਜ਼ਰਬੰਦ ਕੀਤਾ ਤਾਂ ਆਪ ਨੇ ਪੰਜ ਸੂਬੇ ਥਾਪੇ। ਉਨ੍ਹਾਂ ਨੂੰ ਨਜ਼ਰਬੰਦ ਕਰਨ ਪਿਛੋਂ ਆਪ ਨੇ ੧੭ ਹੋਰ ਨੀਯਤ ਕੀਤੇ, ਅਸਾਂ ਉਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿਤਾ ਇਸ ਲਈ ਆਪ ਦੱਸੋ ਕਿ ਹੁਣ ਕੀ ਕਰੋਗੇ? ਸਤਿਗੁਰੂ ਜੀ ਨੇ ਮਸਤਾਨਾ ਅੰਦਾਜ਼ ਵਿਚ ਕਿਹਾ ਕਿ—"ਹੁਣ ਮੈਂ ਘਰ ਘਰ ਵਿਚ ਰਾਮ ਸਿੰਘ ਪੈਦਾ ਕਰਾਂਗਾ।"

## ਭੈਣੀ ਸਾਹਿਬ ਵਿਖੇ ਲੰਗਰ

ਨਜ਼ਰਬੰਦੀ ਦੇ ਜ਼ਮਾਨੇ ਵਿਚ ਭੈਣੀ ਸਾਹਿਬ ਵਿਖੇ ਦਰਸ਼ਨ ਅਭਿਲਾਸ਼ੀ ਸੰਗਤਾਂ ਦੀ ਕਾਫ਼ੀ ਭੀੜ ਭਾੜ ਰਹਿੰਦੀ ਸੀ। ਸਤਿਗੁਰੂ ਜੀ ਨੇ ਆਪਣੇ ਪ੍ਰਵਾਰਕ ਨਿਰਬਾਹ ਵਾਸਤੇ ਪਹਿਲੋਂ ਹੀ ਲੋਹ ਕੱਪੜੇ ਦੀ ਦੁਕਾਨ ਖੋਹਲੀ ਹੋਈ ਸੀ। ਦੁਕਾਨ ਦੇ ਨਫੇ ਵਿਚੋਂ ਆਪਣੇ ਪ੍ਰਵਾਰ ਦਾ ਗੁਜ਼ਾਰਾ ਵੀ ਕਰਦੇ ਅਤੇ ਜੋ ਬਚ ਜਾਂਦਾ ਉਸਨੂੰ ਸਾਧ ਸੰਗਤ ਦੇ ਅਰਥ ਲਾ ਦਿੰਦੇ ਸਨ। ਸੰਗਤਾਂ ਵਲੋਂ ਜੋ ਭੇਟਾ ਔਂਦੀ ਉਸਨੂੰ ਥਿਲੇ ਲੌਣ ਵਾਸਤੇ ਆਪ ਨੇ ਭੈਣੀ ਸਾਹਿਬ ਵਿਖੇ ਲੰਗਰ ਜਾਰੀ ਕਰ ਦਿਤਾ। ਸੰਨ ੧੮੬੩ ਈ: ਤੋਂ ਜਾਰੀ ਕੀਤਾ ਹੋਇਆ ਇਹ ਲੰਗਰ ਅਜ ਤਕ ਇਕ ਤਾਰਚਲਾ ਆ ਰਿਹਾ ਹੈ।

## ਸਦਾ ਵਰਤ—

ਇਹ ਵੱਡਾ ਲੰਗਰ, ਜਿਸ ਦੀ ਲੋਹ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ ਕਮਲਾਂ ਨਾਲ ਬੀੜੀ ਸੀ ਅੱਜ ਤਕ ਇਕ ਰਸ ਚਲਦਾ ਆ ਰਿਹਾ ਹੈ। ਇਸ ਤੋਂ ਬਿਨਾਂ ਆਪ ਨੇ ਇਕ ਸਦਾ ਵਰਤ ਜਾਰੀ ਕੀਤਾ ਹੋਇਆ ਸੀ,

* ਦੇ ਬ੍ਰੀਫ ਐਕਾਊਂਟ ਟੂ ਦੀ ਕੂਕਾ ਐਕਟ ਪੰਨਾ ੨੮

Sri Satguru Jagjit Singh Ji Elibrary NamdhariElibrary@gmail.com

ਜੋ ਬਰਾਬਰ ੨੪ ਘੰਟੇ ਖੁਲਾ ਰਹਿੰਦਾ। ਉਸਦੀ ਸ਼ਕਲ ਇਹ ਹੈ, ਕਿ ਗੁਰਦਵਾਰੇ ਦੇ ਵਡੇ ਦਰਵਾਜ਼ੇ ਦੇ ਅੰਦਰ ਡਿਉੜ੍ਹੀ ਵਿਚ ਇਕ ਵੱਡੀ ਅਲਮਾਰੀ ਹੈ, ਜਿਸ ਵਿਚ ਇਕ ਪ੍ਰਸਾਦਿਆਂ ਦਾ ਟੋਕਰਾ ਤੇ ਇਕ ਦਾਲ ਦਾ ਦੇਗਾ ੨੪ ਘੰਟੇ ਧਰਿਆ ਰਹਿੰਦਾ ਹੈ, ਦੂਜਾ ਲੰਗਰ ਤਾਂ ਰਾਤ ਬੰਦ ਹੋ ਜਾਂਦਾ ਹੈ, ਪਰ ਇਹ ਰਾਤ ਨੂੰ ਵੀ ਖੁਲ੍ਹਾ ਰਹਿੰਦਾ ਹੈ। ਰਾਤ ਨੂੰ ਜੋ ਸਿਖ ਪਹਿਰੇਦਾਰ ਹੋਵੇ, ਉਸਦਾ ਇਹ ਕ੍ਰਤੱਵਜ ਹੈ, ਕਿ ਭਾਵੇਂ ਕਿਸੇ ਵੇਲੇ ਕੋਈ ਆਵੇ ਬਿਨਾਂ ਇਹ ਪੁਛਣ ਤੋਂ ਕਿ ਉਹ ਕੌਣ ਹੈ, ਕਿਥੋਂ ਆਇਆ ਹੈ, ਤੇ ਕਿਧਰ ਜਾਏਗਾ, ਲੋੜ ਅਨੁਸਾਰ ਪ੍ਰਸ਼ਾਦਾ ਛਕਾ ਦਿਤਾ ਜਾਵੇ। ਇਹ ਮ੍ਰਯਾਦਾ ਵੀ ੧੯੬੩ ਤੋਂ ਲੈ ਕੇ ਅਜ ਤੀਕ ਲਗਾਤਾਰ ਜਾਰੀ ਹੈ।

## ਚੀਨੀ ਵਾਲਾ ਸਤਿਗੁਰ

ਨਾਮਧਾਰੀ ਪੰਥ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਵਿਸ਼ੇਸਣ—"ਚੀਨੀ ਵਾਲਾ" ਕਰਕੇ ਪ੍ਰਸਿੱਧ ਹੈ। ਜਿਸਦਾ ਕਾਰਨ ਉਹ "ਚੀਨੀ ਘੋੜੀ" ਸੀ ਜੋ ਮਹਾਰਾਜਾ ਪਟਿਆਲਾ ਦੇ ਇਕ ਕਰੀਬੀ ਰਿਸ਼ਤੇਦਾਰ ਸ੍ਰਦਾਰ ਮੰਗਲ ਸਿੰਘ ਬਿਸ਼ਨਪੁਰੀਏ ਨੇ ਨਾਮ ਲੈਣ ਉਪ੍ਰੰਤ ਭੇਟਾ ਕੀਤੀ ਸੀ। ਕਿਉਂਕਿ ਸਤਿਗੁਰੂ ਜੀ ਆਮ ਤੌਰ ਤੇ ਇਸ—"ਚੀਨੀ ਘੋੜੀ" ਦੀ ਸਵਾਰੀ ਕੀਤਾ ਕਰਦੇ ਸਨ, ਇਸ ਲਈ ਆਪ ਨੂੰ ਸੰਗਤਾਂ ਪ੍ਰੇਮ ਨਾਲ-"ਚੀਨੀ ਵਾਲਾ ਪਾਤਸ਼ਾਹ" ਕਹਿਕੇ ਪੁਕਾਰਿਆ ਕਰਦੀਆਂ ਹਨ।

## ਮਹਾਰਾਜਾ ਪਟਿਆਲਾ ਦੇ ਕੂਕਾ ਹੋਣ ਦੀ ਅਫਵਾਹ

ਸ੍ਰਕਾਰੀ ਰੀਕਾਰਡ ਦੀ ਲਿਖਤ ਹੈ ਕਿ:—ਸਤਿਗੁਰੂ—'ਰਾਮ ਸਿੰਘ ਦੇ ਸਿਖਾਂ ਦੀ ਗਿਣਤੀ 'ਗਰੀਬ ਜਮਾਤਾਂ ਵਿਚ ਵਧੇਰੇ ਵਧੀ, ਪ੍ਰੰਤੂ ਕੁਛ 'ਸਰਦਾਰ ਤੇ ਪ੍ਰਸਿੱਧ ਲੋਕ ਵੀ ਇਸ ਪੰਥ ਵਿਚ ਸ਼ਾਮਿਲ ਹੋ ਗਏ, ਇਸ ਦਫਤਰ ਵਿਚ ਕਈਆਂ ਬੰਨਿਆਂ ਤੋਂ ਅਫ਼ਵਾਹਾਂ ਪੁਜੀਆਂ ਹਨ ਕਿ ਮਹਾਰਾਜਾ ਪਟਿਆਲਾ ਵੀ ਕੂਕਾ ਹੋ ਗਿਆ ਹੈ, ਪ੍ਰੰਤੂ ਇਹ ਠੀਕ ਹੋਵੇ ਯਾ ਨਾਂ, ਇਸ ਗੱਲ ਵਿਚ ਤਾਂ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਬਿਸ਼ਨ ਪੁਰੇ ਦਾ ਸ੍ਰਦਾਰ ਮੰਗਲ ਸਿੰਘ ਉਨ੍ਹਾਂ ਦੇ ਆਗੂਆਂ ਵਿਚੋਂ ਇਕ ਹੈ, ਅਤੇ ਉਸ ਬਾਬਤ ਰਪੋਟ ਕੀਤੀ ਗਈ ਹੈ ਕਿ ਇਸ ਗਲ ਵਿਚ ਉਸਦਾ ਕੋਈ ਰਾਜਸੀ ਮਨੋਰਥ ਹੈ। ਮੰਗਲ ਸਿੰਘ ਧੌਲ ਪੁਰ ਅਤੇ ਭਰਤਪੁਰ (ਰਿਆਸਤਾਂ) ਦੇ ਰਾਜਿਆਂ ਦਾ ਰਿਸ਼ਤੇਦਾਰ ਹੈ। ਅਤੇ ਉਹ ਆਪਣੇ ਭਾਈਚਾਰੇ ਵਿਚ ਜਰਨੈਲ ਕਰਕੇ ਪ੍ਰਸਿੱਧ ਹੈ। ਬਹਿਰਾਮਪੁਰ ਦਾ ਇਕ ਹੋਰ ਆਦਮੀ· ਲੱਖਾ ਸਿੰਘ ਵੀ ਜੋ ਪਟਿਆਲੇ ਦਾ

ਜਾਗੀਰਦਾਰ ਹੈ ਉਸ ਦੇ ਮੁਖੀ ਸਿਖਾਂ ਵਿਚੋਂ ਹੈ"*

## ਪਾਬੰਦੀਆਂ ਉਠਾਈਆਂ ਗਈਆਂ

ਗਵਰਮੈਂਟ ਨੇ ਅਨੁਭਵ ਕੀਤਾ, ਕਿ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਸੂਬਿਆਂ ਤੇ ਪਾਬੰਦੀਆਂ ਲਾਣ ਨਾਲ ਸਗੋਂ ਵਧੇਰੇ ਤੌਖਲਾ ਪੈਦਾ ਹੋ ਗਿਆ ਹੈ, ਇਸ ਲਈ ਸੰਨ ੧੮੬੬ ਈ: (ਸੰਮਤ ੧੯੨੩ ਬਿ:) ਨੂੰ ਪੰਜਾਬ ਲਾਟ ਸਰ ਡੌਨਲਡ ਮੈਕਲੋਡ ਦੇ ਹੁਕਮ ਨਾਲ ਪਾਬੰਦੀਆਂ ਹਟਾ ਲਈਆਂ ਗਈਆਂ, ਅਤੇ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਵਿਚਰਨ ਦੀ ਆਗਯਾ ਦੇ ਦਿਤੀ ਗਈ।**

## ਪੰਥਕ ਉੱਨਤੀ

ਪਾਬੰਦੀਆਂ ਹਟਦਿਆਂ ਸਾਰ ਬੜੇ ਉਤਸ਼ਾਹ ਨਾਲ ਕੰਮ ਸ਼ੁਰੂ ਕੀਤਾ ਗਿਆ, ਪੰਜਾਬ ਭਰ ਵਿਚ ਦਿਵਾਨ ਸਜਣੇ ਸ਼ੁਰੂ ਹੋ ਗਏ, ਸੈਂਕੜੇ ਨਹੀਂ ਬਲਕੇ ਹਜ਼ਾਰਾਂ ਦੀ ਗਿਣਤੀ ਵਿਚ ਮਰਦ ਤੇ ਤੀਵੀਆਂ ਅੰਮ੍ਰਿਤ ਛਕ ਛਕ ਗੁਰਸਿਖੀ ਵਿਚ ਸ਼ਾਮਿਲ ਹੋ ਗਏ। ਇਸ ਉੱਨਤੀ ਸਬੰਧੀ ਉਸ ਸਮੇਂ ਦੇ ਇਨਸਪੈਕਟਰ ਜਨਰਲ ਪੁਲੀਸ ਨੇ ਸੰ: ੧੮੬੭ ਦੇ ਵਿਚ ਜੋਹੜੀ ਰਪੋਟ ਪੰਜਾਬ ਗਵਰਮੈਂਟ ਦੇ ਸਕੱਤ੍ਰ ਨੂੰ ਭੇਜੀ ਸੀ, ਉਸਦਾ ਖ਼ੁਲਾਸਾ ਹੇਠਾਂ ਦਰਜ ਕੀਤਾ ਜਾਂਦਾ ਹੈ:—

"੧. ਭਾਵੇਂ ਮੇਰੀ ਇਹ ਰਾਏ ਹੈ ਕਿ ਰਾਮ ਸਿੰਘ ਦੀਆਂ ਸਰਗਰਮੀਆਂ ਤੇ ਅਜੇ ਬੰਦਸ਼ ਲਾਣ ਦੀ ਲੋੜ ਨਹੀਂ ਹੈ, ਪ੍ਰੰਤੂ ਫ਼ੇਰ ਵੀ ਮੈਂ ਸਮਝਦਾ ਹਾਂ ਕਿ ਉਸਦੀਆਂ ਤੇ ਉਸਦੇ ਸੂਬਿਆਂ ਦੀਆਂ ਕਾਰਵਾਈਆਂ ਵਲ ਚੰਗੀ ਤਰ੍ਹਾਂ ਧਿਆਨ ਰੱਖਣਾ ਚਾਹੀਦਾ ਹੈ। ਕਿਉਂਕਿ ਇਸ ਪੰਥ ਤੋਂ ਬੜੇ ਭਾਰੀ ਖ਼ਤਰੇ ਦਾ ਮੁੱਢ ਬੱਝਣ ਦੀ ਆਸ ਹੈ ਇਸ ਲਈ ਇਸ ਬਾਬਤ ਕੁਛ ਸਮੇਂ ਤਕ ਖ਼ਬਰਦਾਰ ਰਹਿਣ ਦੀ ਲੋੜ ਹੈ।

"੨. ਇਸ ਦੇ ਆਗੂ ਦੀਆਂ ਇੱਛਾ ਤੇ ਮਨੋਰਥ ਭਾਵੇਂ ਸ਼ਾਂਤਮਈ ਪ੍ਰਤੀਤ ਹੁੰਦੇ ਹਨ, ਪਰ ਉਸਦੇ ਸੇਵਕਾਂ ਦਾ ਉਸਤੇ ਪੂਰਨ ਵਿਸ਼ਵਾਸ ਸਾਡੇ ਵਿਰੁੱਧ

* ਕੂਕਾ ਪੰਥ ਦੀ ਸੰਖੇਪ ਵਿਥਯਾ ਪੰਨਾ ੨੩

** ਸਤਿਗੁਰੂ ਜੀ ਸੰਨ ੧੮੬੬ ਈ: ਦੇ ਹੋਲੇ ਤੇ ਸਰਕਾਰੀ ਆਗਯਾ ਪ੍ਰਾਪਤ ਕਰਨ ਤੋਂ ਬਿਨਾਂ ਹੀ ਚਲੇ ਗਏ ਸਨ। ਆਪ ਦਾ ਇਹ ਪਹਿਲਾ ਸੱਤਯਾਗ੍ਰਹ ਸੀ। ਸਰਕਾਰ ਨੇ ਇਸਤੇ ਕੋਈ ਐਕਸ਼ਨ ਲੈਣ ਦੀ ਥਾਂ ਪਾਬੰਦੀਆਂ ਹਟਾ ਦੇਣ ਦਾ ਐਲਾਨ ਕਰ ਦਿੱਤਾ —ਕੂਕਾ ਪੇਪਰਜ਼ ਪੰਨਾ ੪੯)

Sri Satguru Jagjit Singh Ji Elibrary NamdhariElibrary@gmail.com

ਹਾਨੀ ਪੁਚਾਣ ਲਈ ਸੌਖਾ ਹੀ ਵਰਤਿਆ ਜਾ ਸਕਦਾ ਹੈ।

"੩. ਕੂਕਾ ਬ੍ਰਾਦਰੀ ਦੀ ਵਰਤਮਾਨ ਗਿਣਤੀ ਦਾ ਸਾਰਾ ਅਨੁਮਾਣ ਲਾਣਾ ਐਸ ਵੇਲੇ ਸੰਭਵ ਨਹੀਂ ਹੈ, ਪ੍ਰੰਤੂ ਆਪ ਦੀ ਸਹੂਲਤ ਲਈ ਕੂਕਾ ਪੰਥ ਬਾਬਤ ਇਸ ਸਾਲ ਅੰਦਰ ਪੁਜੀਆਂ ਰਪੋਟਾਂ ਦਾ ਸਾਰ ਪੇਸ਼ ਕੀਤਾ ਜਾਂਦਾ ਹੈ।

"ਸਾਰੀਆਂ ਰਪੋਟਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਕੂਕਿਆਂ ਦੀ ਗਿਣਤੀ ਇਸ ਵੇਲੇ ਵਾਧੇ ਵਿਚ ਹੈ। ਕੈਪਟਨ ਹੈਰਸ ਨੇ ਇਤਲਾਹ ਦਿਤੀ ਹੈ, ਕਿ ਅੰਬਾਲੇ ਵਿਚ ਸੰਨ ੧੮੬੬ ਈ: ਤੋਂ ਪਹਿਲਾਂ ਥੋੜ੍ਹੇ ਜੇਹੇ ਕੂਕੇ ਸਨ, ਪ੍ਰੰਤੂ ਬਾਦ ਵਿਚ ਇਸ ਨਵੇਂ ਪੰਥ ਦੇ ਅਸੂਲਾਂ ਨੇ ਅੰਬਾਲੇ ਅਰ ਲਧੌਵੇ ਦੇ ਪਰਗਨਿਆਂ ਵਿਚ ਵਿਸ਼ਵਾਸ ਪ੍ਰਾਪਤ ਕਰ ਲਿਆ ਹੈ। ਹੁਣ ਪਤਾ ਲੱਗਾ ਹੈ ਕਿ ੧੫ ਪਿੰਡ ਕੂਕਿਆਂ ਨਾਲ ਉਕੇ ਪੁੱਕੇ ਸੰਬੰਧਿਤ ਹੋ ਚੁਕੇ ਹਨ। ਏਨਾਂ ਪਿੰਡਾਂ ਦੀ ਵਸੋਂ ਦਾ ਅਨੁਮਾਨ ੪੦੦੦ ਲਾਇਆ ਗਿਆ ਹੈ। ਜੋ ਖਾਸ ਕਰਕੇ ਰਮਦਾਸੀਆਂ ਤ੍ਰਖਾਣਾਂ, ਲੁਹਾਰਾਂ ਅਤੇ ਜੱਟਾਂ ਜੈਸੀਆਂ ਨੀਵੀਆਂ ਸ਼੍ਰੇਣੀਆਂ ਤੇ ਨਿਰਭਰ ਹੈਨ। ਪ੍ਰਤੀਤ ਹੁੰਦਾ ਏ ਕਿ ਸੁੱਧ ਸਿੰਘ ਤੇ ਕਾਹਨ ਸਿੰਘ ਦੋ ਸੂਬੇ ਅੰਬਾਲੇ ਦੇ ਜ਼ਿਲੇ ਵਾਸਤੇ ਨੀਯਤ ਕੀਤੇ ਹੋਏ ਹਨ। ਪਰ ਜਦੋਂ ਕੈਪਟਨ ਹੈਰਸ ਨੇ ਲਿਖਿਆ ਸੀ ਏਥੇ ਕੋਈ ਸੂਬਾ ਨਿਯੁਕਤ ਨਹੀਂ ਸੀ। ਜ਼ਿਲਿਆਂ ਵਿਚ ਹੋਣ ਵਾਲੇ ਦਿਵਾਨ ਛੋਟੇ ਹੁੰਦੇ ਸਨ ਪਰ ਸੁਧਾਲੂਆਂ ਦਾ ਉਤਸ਼ਾਹ ਕੁਛ ਘਰ ਘਾਟ ਰਹਿਤ ਮਸਤਾਨਿਆਂ ਦੇ ਕਾਰਨ ਸੁਰਜੀਤ ਰਹਿੰਦਾ ਸੀ। ੭ ਕੂਕੇ ਪੁਲਸ ਵਿਚ ਸਨ। ਇਸ ਪੰਥ ਬਾਬਤ ਇਸ ਜ਼ਿਲ੍ਹੇ ਵਿਚੋਂ ਜਿਨ੍ਹਾਂ ਪਤਵੰਤਿਆਂ ਅਤੇ ਰਸੂਖ ਵਾਲੇ ਬੰਦਿਆਂ ਦਾ ਨੁਕਤਾ ਨਿਗਾਹ ਪੁਛਿਆ ਗਿਆ ਉਨਾਂ ਨੇ ਕਿਹਾ ਅਜੇ ਇਹ ਨਿਰੋਲ ਧਾਰਮਿਕ ਹੈ।*

## ਫੌਜੀ ਅਫਸਰਾਂ ਦੀ ਰਾਏ

"ਕੂਕਾ ਪੰਥ ਦੀ ਸੰਖੇਪ ਵਿਥਯਾ" ਦਾ ਕਰਤਾ ਲਿਖਦਾ ਹੈ ਕਿ "ਅਸਾਂ ਅਪਣੀਆਂ ਸਰਹੱਦੀ ਪਲਟਣਾਂ ਵਿਚੋਂ ਇਕ ਪਲਟਣ ਦੇ ਦੇਸੀ ਅਫਸਰਾਂ ਦੀ ਇਸ ਪੰਥ ਬਾਬਤ ਜੋ ਰਾਏ ਇਕੱਤ੍ਰ ਕੀਤੀ ਉਹ ਇਹ ਹੈ:—"ਉਹ ਸਾਰੇ ਇਸ ਪੰਥ ਦੇ ਅਸੂਲਾਂ ਬਾਬਤ ਸੁਧਾਵਾਨ ਪ੍ਰਤੀਤ ਹੁੰਦੇ ਹਨ। ਉਹ ਮੰਨਦੇ ਹਨ ਕਿ ਸਿਖ ਪੰਥ ਦੀ ਪੁਰਾਤਨ ਪਵਿਤ੍ਰਤਾ ਨੂੰ ਮੁੜ ਬਹਾਲ ਕਰਨ ਅਤੇ ਨਵੀਆਂ ਮ੍ਰਯਾਦਾ ਦੀ ਸਥਾਪਨਾ ਦੁਆਰਾ ਇਸ ਦੀਆਂ ਅੰਦਰੂਨੀ ਬੁਰਿਆਈਆਂ ਦੂਰ

* ਕੂਕਾ ਪੰਥ ਦੀ ਸੰਖੇਪ ਵਿਥਿਆ ਪੰਨਾ ੪੪

Sri Satguru Jagjit Singh Ji Elibrary NamdhariElibrary@gmail.com

ਕਰਨ ਦਾ ਇਹ ਇਕ ਪੁਰਸ਼ਾਰਥ ਹੈ। ਜੈਸਾ ਕਿ ਬ੍ਰਾਹਮਣਾਂ ਦੇ ਸਲਾਹ ਮਸ਼ਵਰੇ ਨਾਲ ਵਿਆਹਾਂ ਦੇ ਸਾਹੇ ਸੁਧਾਣਾਂ ਆਦਿ। ਜੋ ਕੁਛ ਉਹ (ਸੂਦਾਰ) ਕਹਿੰਦੇ ਹਨ, ਉਸ ਤੋਂ ਸਿਧ ਹੁੰਦਾ ਹੈ, ਕਿ ਇਸ ਪੰਥ ਦਾ ਅਕੀਦਾ ਕੇਵਲ ਅਦ੍ਵੈਤ ਅਰਥਾਤ ਇਕ ਪ੍ਰਮੇਸਰ ਨੂੰ ਮੰਨਣਾ ਹੈ।

ਉਹ ਉਚੇ ਆਚਰਣ ਦਾ ਉਪਦੇਸ਼ ਕਰਦੇ ਅਰ ਚੋਰੀ ਯਾਰੀ ਤੇ ਝੂਠ ਦੀ ਬੜੀ ਕਰੜਾਈ ਨਾਲ ਨਿਖੇਧੀ ਕਰਦੇ ਹਨ। ਉਹ ਸਿਖ ਪੰਥ ਨੂੰ ਕੇਵਲ ਉਸ ਪਹਿਲੀ ਨਰੋਲ ਅਵਸਥਾ ਵਿਚ ਨਵੇਂ ਸਿਰੇ ਸੁਰਜੀਤ ਕਰਨ ਅਤੇ ਸਮੇਂ ਸਮੇਂ ਅਨੁਸਾਰ (ਸਿਖ) ਪੰਥ ਨੂੰ ਭ੍ਰਸ਼ਟ ਕਰਨ ਵਾਲੀਆਂ ਬੁਰਿਆਈਆਂ ਦੀਆਂ ਜੜ੍ਹਾਂ ਉਖੇੜਨ ਲਈ ਚਿੰਤਾਵਾਨ ਰਹਿੰਦੇ ਹਨ। ਜਿਨਾਂ (ਸੂਦਾਰਾਂ) ਨਾਲ ਇਸ ਲਹਿਰ ਦੇ ਰਾਜਸੀ ਹੋਣ ਸਬੰਧੀ ਗੱਲ ਕੀਤੀ ਉਹ ਸਾਰੇ ਹੀ ਹੱਸ ਕੇ ਕਹਿਣ ਲੱਗੇ ਕਿ ਇਹ ਲਹਿਰ ਨਿਰੋਲ ਧਾਰਮਿਕ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਰੇ (ਹੋਰ) ਸਿਖ ਅਤੇ ਕੂਕੇ ਆਪਣੇ (ਖਾਲਸਾ) ਰਾਜ ਨੂੰ ਨਵੇਂ ਸਿਰੇ ਬਹਾਲ ਵੇਖਕੇ ਪ੍ਰਸੰਨ ਹੋਣਗੇ। ਪਰ ਮੈਂ ਇਹ ਨਹੀਂ ਸਮਝਦਾ ਕਿ ਇਸ ਪੰਥ ਦੇ ਫੈਲਣ ਨਾਲ ਸਾਨੂੰ ਕੋਈ ਖ਼ਤ੍ਰਾ ਹੈ"।*

---

* ਕੂਕਾ ਪੰਥ ਦੀ ਸੰਖੇਪ ਵਿਥਿਆ, ਪੰਨਾ ੪੬-੪੭

Sri Satguru Jagjit Singh Ji Elibrary NamdhariElibrary@gmail.com

# ਅਨੰਦਪੁਰ ਦਾ ਹੋਲਾ

ਸਤਿਗੁਰੂ ਜੀ ਨੂੰ ਵੱਡੇ ਮੇਲਿਆਂ ਅਤੇ ਦਿਵਾਨਾਂ ਵਿਚ ਸ਼ਾਮਿਲ ਹੋਣ ਦੀ ਸੁਕਾਰੀ ਤੌਰ ਤੇ ਮਨਾਹੀ ਸੀ ਪ੍ਰੰਤੂ ਆਪ ੧੯੨੨ (੧੯੬੬ ਈ:) ਦੇ ਹੋਲੇ ਤੇ ਬਿਨਾਂ ਪੁਛਣ ਤੋਂ ਚਲੇ ਗਏ ਸਨ. ਹੁਣ ਆਪ ਨੇ ਸੰਮਤ ੧੯੨੩ (ਸੰਨ ੧੮੬੭) ਦੇ ਹੋਲੇ ਤੇ ਅਨੰਦਪੁਰ ਸਾਹਿਬ ਜਾਣ ਦਾ ਸੰਕਲਪ ਕੀਤਾ। ਖਿਆਲ ਆਇਆ ਕਿ ਸੁਕਾਰ ਨੂੰ ਝੂਠਿਆਂ ਕਰ ਲਈਏ ਇਸ ਲਈ ਆਗਜਾ ਮੰਗੀ ਗਈ ਪਰ ਸੁਕਾਰ ਨੇ ਨਾਂਹ ਕਰ ਦਿਤੀ। ਇਸਤੇ ਸਤਿਗੁਰੂ ਜੀ ਨੇ ਐਲਾਨ ਕਰ ਦਿਤਾ ਕਿ ਉਹ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜ਼ਰੂਰ ਜਾਣਗੇ। ਇਹ ਆਪ ਵਲੋਂ ਦੂਜੇ ਸੱਤਜਾਗ੍ਰਹ ਲਈ ਤਿਆਰੀ ਦਾ ਐਲਾਨ ਸੀ, ਆਪ ਦਾ ਦ੍ਰਿੜ ਇਰਾਦਾ ਵੇਖ ਕੇ ਪਿਛੋਂ ਸੁਕਾਰ ਵੀ ਢਿਲੀ ਪੈ ਗਈ, ਅਤੇ ਆਪਦੇ ਰਸਤੇ ਵਿਚ ਕੋਈ ਰੁਕਾਵਟ ਨਾ ਪਾਈ ਗਈ। ਪ੍ਰੰਤੂ ਡਿਪਟੀ ਇਨਸਪੈਕਟਰ ਜਨਰਲ ਮੈਕ ਐਂਡਰਯੂਜ਼ ਨੂੰ ਅਨੰਦਪੁਰ ਪੁਜ ਕੇ ਉਨ੍ਹਾਂ ਦੀਆਂ ਸਰਗਰਮੀਆਂ ਦੀ ਨਿਗਰਾਨੀ ਅਤੇ ਲੋੜੀਂਦੇ ਪ੍ਰਬੰਧ ਲਈ ਨਿਯੁਕਤ ਕੀਤਾ ਗਿਆ, ਜੋ ੧੦ ਮਾਰਚ ੧੮੬੭ ਨੂੰ ਲਾਹੌਰੋਂ ਚਲ ਕੇ ੧੭ ਨੂੰ ਸਵੇਰੇ ਅਨੰਦਪੁਰ ਪੁਜਾ। ਉਸਦੇ ਨਾਲ ਇਕ ਦੇ. ਐਸ. ਪੀ. ਤੇ ੫੦ ਸਿਪਾਈ ਹੁਸ਼ਿਆਰਪੁਰ ਪੁਲਸ ਦੇ, ਅਤੇ ੧ ਇਨਸਪੈਕਟਰ ਤੇ ੧੦ ਸਿਪਾਈ ਜਲੰਧਰ ਦੇ ਸਨ। ਸ਼ੇਰ ਦਿਲ ਰਜਮੈਂਟ ਦਾ ਸਾਬਕਾ ਕਮਾਨ ਅਫਸਰ ਸੂਦਾਰ ਬਹਾਦੁਰ ਅਤਰ ਸਿੰਘ, ਫੀਰੋਜ਼ਪੁਰ ਪੁਲਸ ਦਾ ਇਨਸਪੈਕਟਰ ਕੁਤਬਸ਼ਾਹ ਅਤੇ ਅੰਮ੍ਰਿਤਸਰ ਦਾ ਇਨਸਪੈਕਟਰ ਫ਼ਤਹ ਖਾਂ ਵੀ ਇਸ ਲਾਮ ਲਸ਼ਕਰ ਦੇ ਨਾਲ ਸਨ। ੧੮ ਮਾਰਚ ਨੂੰ ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਵੀ ਪੁਜ ਗਿਆ। ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਜਾਣ ਸਬੰਧੀ ਐਲਾਨ ਦੇ ਕਾਰਨ ਲਗ ਭਗ ਸਾਰੇ ਪੰਜਾਬ ਦੀ ਪੁਲਸ ਨੂੰ ਵਖਤ ਪਿਆ ਹੋਇਆ ਸੀ, ਅਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਸ੍ਰੀ ਕਲਗੀਧਰ ਪਿਤਾ ਦੇ ਸਮੇਂ ਅਨੁਸਾਰ ਅਨੰਦਪੁਰ ਸਾਹਿਬ ਇਕ



Sri Satguru Jagjit Singh Ji Elibrary NamdhariElibrary@gmail.com

ਵਾਰ ਫੇਰ ਸ਼ਾਹੀ ਸੈਨਾ ਦੇ ਘੇਰੇ ਵਿਚ ਘਿਰਿਆ ਹੋਇਆ ਹੈ।

## ਸਤਿਗੁਰੂ ਰਾਮ ਸਿੰਘ ਜੀ ਦਾ ਅਨੰਦਪੁਰ ਆਗਮਨ

ਸਤਿਗੁਰੂ ਜੀ ਆਪਣੇ ਸੂਬਿਆਂ ਅਤੇ ਹਜ਼ਾਰਾਂ ਸਿੱਖਾਂ ਸਮੇਤ ੧੯ ਮਾਰਚ ੧੮੬੭ ਨੂੰ ਸ੍ਰੀ ਅਨੰਦਪੁਰ ਦੀ ਜੂਹ ਵਿਚ ਦਾਖ਼ਿਲ ਹੋਏ। ਰਸਤੇ ਵਿਚ ਹੀ ਸ੍ਰਕਾਰੀ ਅਫਸਰਾਂ ਦਾ ਕੈਂਪ ਸੀ, ਜਿਥੇ ਜਾ ਕੇ ਅਕਾਸ਼ ਗੂੰਜਾਊ ਜੈਕਾਰੇ ਛਡੇ ਗਏ, ਜਿਨ੍ਹਾਂ ਦੀ ਧੁਨ ਸੁਣ ਕੇ ਸਾਰੇ ਅਫਸਰ ਕੈਂਪ ਤੋਂ ਬਾਹਰ ਨਿਕਲ ਆਏ। ਸਤਿਗੁਰੂ ਜੀ ਨੇ ਅਪਣੀ ਸੱਜੀ ਬਾਂਹ ਖੜ੍ਹੀ ਕੀਤੀ ਤਾਂ ਫੌਜੀ ਮ੍ਰਯਾਦਾ ਅਨੁਸਾਰ ਹਜ਼ਾਰਾਂ ਨਾਮਧਾਰੀਆਂ ਦਾ ਜਲੂਸ ਇਕ ਦਮ ਰੁਕ ਗਿਆ। ਮੈਕ ਸਾਹਿਬ ਨੇ ਅੰਗ੍ਰੇਜ਼ੀ ਨਿਜਮ ਅਨੁਸਾਰ ਟੋਪ ਲਾਹ ਕੇ ਸਤਿਗੁਰੂ ਜੀ ਨੂੰ ਸਲਾਮ ਕੀਤਾ ਅਤੇ ਸੂਬਾ ਜਵਾਹਰ ਸਿੰਘ ਜੀ ਸਮੇਤ ਆਪਨੂੰ ਤੰਬੂ ਵਿਚ ਲੈ ਗਿਆ। ਸਤਿਗੁਰੂ ਜੀ ਅਤੇ ਮੈਕ ਵਿਚਕਾਰ ਇਉਂ ਗੱਲਬਾਤ ਹੋਈ:-

ਮੈਕ- ਆਪਦਾ ਅਨੰਦਪੁਰ ਔਣ ਦਾ ਮਨੋਰਥ ਕੀ ਹੈ?

ਸਤਿਗੁਰੂ ਜੀ- ਕੇਵਲ ਗੁਰੂ ਧਾਮ ਅਤੇ ਖਾਲਸਾ ਪੰਥ ਦੀ ਜਨਮ ਭੂਮੀ ਦਾ ਦਰਸ਼ਨ।

ਮੈਕ- ਅਨੰਦਪੁਰ ਸਾਹਿਬ ਦੇ ਮਹੰਤਾਂ ਤੇ ਪੁਜਾਰੀਆਂ ਨੇ ਆਪਦੇ ਵਿਰੁੱਧ ਸ਼ਕੈਤ ਕੀਤੀ ਹੈ, ਕਿ ਆਪ ਅਨੰਦਗੜ੍ਹ ਤੇ ਕਬਜ਼ਾ ਕਰਨ ਦੀ ਨੀਜਤ ਨਾਲ ਆ ਰਹੇ ਹੋ।

ਸਤਿਗੁਰੂ ਜੀ— (ਮਾਲਾ ਦਿਖਾ ਕੇ) ਸਾਡੇ ਕੋਲ ਤਾਂ ਮਾਲਾ ਹੀ ਮਾਲਾ ਹੈ।

ਮੈਕ- ਜੇ ਸ੍ਰਕਾਰ ਨੂੰ ਲੋੜ ਪਵੇ ਤਾਂ ਆਪ ਕੂਕਿਆਂ ਦੀ ਮਦਤ ਦਵੋਗੇ?

ਸਤਿਗੁਰੂ ਜੀ- ਏਨ੍ਹਾਂ ਨਾਲ ਤਾਂ ਮੇਰਾ ਕੇਵਲ ਭਜਨ ਬਾਣੀ ਦਾ ਹੀ ਮੇਲਾ ਹੈ।

ਮੈਕ- ਆਪ ਗੁਰਦਵਾਰੇ ਦਾ ਦਰਸ਼ਨ ਕਰਨ ਲਈ ਕਦ ਜਾਣਾ ਚਾਹੁੰਦੇ ਹੋ?

ਸਤਿਗੁਰੂ ਜੀ- ਭਲਕੇ ਸਵੇਰੇ।

ਮੈਕ ਆਪਣੀ ਰਪੋਟ ਵਿਚ ਲਿਖਦਾ ਹੈ ਕਿ "ਅਸਾਂ ਉਨ੍ਹਾਂ ਨੂੰ ਸਿੱਖਾਂ ਦੇ ਨੰਗੇ ਸਿਰ ਸ਼ਬਦ ਪੜ੍ਹਨ ਵਾਲੇ ਇਤ੍ਰਾਜ਼ ਬਾਬਤ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਜੇ ਉਨ੍ਹਾਂ ਦੇ ਸਿਖ ਸ਼ਬਦ ਪੜ੍ਹਨਗੇ, ਤਾਂ ਉਹ ਉਨ੍ਹਾਂ ਲਈ ਜ਼ਿਮੇਵਾਰ ਨਹੀਂ ਹੋ ਸਕਦੇ, ਕਿਉਂਕਿ ਓਸ ਵੇਲੇ ਉਹ ਆਪਣੇ ਸਾਰੇ ਕੰਮਾਂ ਤੋਂ ਬੇਸੁਰਤ ਹੋ ਜਾਂਦੇ ਹਨ। ਉਹ ਇਸ ਗੱਲ ਤੇ ਰਜ਼ਾਮੰਦ ਹੋ ਗਏ ਕਿ ਸ਼ਬਦ ਨਹੀਂ ਪੜ੍ਹੇ ਜਾਣਗੇ। ਦੂਜੇ ਦਿਨ ਸਵੇਰੇ ਹੀ ਉਨ੍ਹਾਂ ਦੇ ਦਰਸ਼ਨ ਨਿਮਿਤ ਜਾਣ ਦਾ ਸਮਾਂ ਨਿਸ਼ਚਿਤ ਕੀਤਾ ਗਿਆ।

## ਮੈਕ ਦੀ ਮੇਮ ਨੇ ਕਿਹਾ ਕਿ ਇਹ ਲਾਰਡ ਕਰਾਈਸਟ ਹੈ

ਮੈਕ ਸਾਹਬ ਦੀ ਮੇਮ ਜੋ ਉਸ ਵੇਲੇ ਕੋਲ ਸੀ ਸਤਿਗੁਰੂ ਜੀ ਦੇ ਦਰਸ਼ਨ ਅਤੇ ਬਚਨ ਬਿਲਾਸ ਤੋਂ ਬੜੀ ਪ੍ਰਭਾਵਿਤ ਹੋਈ। ਉਸਨੇ ਕਿਹਾ ਕਿ "ਮੈਨੂੰ ਇਸ ਸ਼ਖਸੀਅਤ ਦੇ ਰੂਪ ਵਿਚ ਲਾਰਡ ਕ੍ਰਾਈਸਟ (ਅਰਥਾਤ ਯਿਸੂ ਮਸੀਹ) ਦਾ ਦਰਸ਼ਨ ਹੋ ਰਿਹਾ ਹੈ"।

## ਮਹੰਤ ਹਰੀ ਸਿੰਘ ਤੇ ਮੈਕ

ਸਤਿਗੁਰੂ ਜੀ ਨੂੰ ਮੈਕ ਨੇ ਅਦਬ ਨਾਲ ਵਿਦਾ ਕੀਤਾ। ਪਿਛੋਂ ਅਨੰਦਪੁਰ ਸਾਹਿਬ ਦੇ ਪੁਜਾਰੀਆਂ ਨੂੰ ਬੁਲਾਇਆ ਗਿਆ। ਮਹੰਤ ਹਰੀ ਸਿੰਘ ਸਾਰਿਆਂ ਵਿਚੋਂ ਮੁਖੀ ਸਨ ਜੋ ਗੁਰਦਵਾਰਾ ਕੇਸਗੜ੍ਹ ਦੇ ਮਹੰਤ ਸਨ। ਮੈਕ ਨੇ ਉਸਨੂੰ ਪੁਛਿਆ:- ਕੂਕਿਆਂ ਬਾਬਤ ਤੁਸੀਂ ਕੀ ਆਖਦੇ ਹੋ?

ਮਹੰਤ- ਉਹ ਤਨਖਾਹੀਏ ਹਨ। ਉਨ੍ਹਾਂ ਦੀ ਪੱਗ ਲਹਿ ਜਾਂਦੀ ਹੈ। ਓਹ ਏਥੇ ਫਸਾਦ ਲਈ ਆਏ ਹਨ।

ਮੈਕ- ਉਨ੍ਹਾਂ ਨੂੰ ਗੁਰੂ ਧਾਮ ਦਾ ਦਰਸ਼ਨ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਤੁਸੀਂ ਚਿੰਤਾ ਨਾ ਕਰੋ, ਸਾਰਾ ਪ੍ਰਬੰਧ ਸ੍ਰਕਾਰ ਖ਼ੁਦ ਕਰੇਗੀ।

ਮਹੰਤ- ਜੇ ਕੂਕੇ ਦਰਬਾਰ ਗਏ ਤਾਂ ਤਲਵਾਰ ਚਲ ਜਾਏਗੀ।

ਮੈਕ- ਤਲਵਾਰ ਉਠਾਣ ਵਾਲੇ ਨੂੰ ੧੪ ਸਾਲਾਂ ਲਈ ਜੇਲ੍ਹ ਜਾਣਾ ਹੋਵੇਗਾ।

## ਮੈਕ ਦੀ ਰਪੋਟ

ਕਰਨਲ ਮੈਕ ਇਸ ਮੇਲੇ ਦੀ ਰਪੋਟ ਦਰਜ ਕਰਦਾ ਹੋਇਆ ਲਿਖਦਾ

Sri Satguru Jagjit Singh Ji Elibrary NamdhariElibrary@gmail.com

ਹੈ, ਕਿ ਮੈਂ ਏਸੇ ਦਿਨ ਸ਼ਾਮ ਨੂੰ ਰਾਮ ਸਿੰਘ ਦੇ ਡੇਰੇ ਜਾ ਕੇ ਉਸ ਨਾਲ ਮੁਲਾਕਾਤ ਕੀਤੀ। ਸ੍ਰ: ਅਤਰ ਸਿੰਘ ਤੋਂ ਬਿਨਾਂ ਮੈਂ ਕਿਸੇ ਨੂੰ ਆਪਣੇ ਨਾਲ ਨਹੀਂ ਸੀ ਲੈ ਗਿਆ। ਰਾਮ ਸਿੰਘ ਇਕ ਸ਼ਾਮਿਆਨੇ ਹੇਠ ਆਪਣੇ ਸਿਖਾਂ ਦੇ ਘੇਰੇ ਵਿਚ ਬੈਠਾ ਹੋਇਆ ਸੀ। ਓਥੇ ਉਸਦੇ ਸੇਵਕਾਂ ਵਿਚੋਂ ੫੦੦੦ ਦੇ ਲਗ ਭਗ ਬੈਠੇ ਹੋਣਗੇ। ਓਥੇ ਬਿਲਕੁਲ ਚੁਪ ਤੇ ਸ਼ਾਂਤੀ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਮਰਦ ਤੇ ਤੀਵੀਆਂ ਸੋਹਣੇ ਲਿਬਾਸ ਵਿਚ ਸਨ। ਮੈਂ ਉਨ੍ਹਾਂ ਵਿਚੋਂ ਕਿਸੇ ਆਦਮੀ ਨੂੰ ਜੋਸ਼ ਯਾ ਦੀਵਾਨਗੀ ਦੀ ਦਸ਼ਾ ਵਿਚ ਨਹੀਂ ਦੇਖਿਆ। ਉਹ ਮੈਨੂੰ ਵੇਖਦਿਆਂ ਹੀ ਝਟ ਪਟ ਆਪਣੀ ਥਾਂ ਤੋਂ ਉਠਕੇ ਆਇਆ ਤੇ ਮੈਨੂੰ—ਸਲਾਮ ਕੀਤਾ ਜੋ ਕਿ ਗੁਰੂਆਂ ਅਤੇ ਉਚ ਪਦ ਅਧਿਕਾਰੀਆਂ ਦੀ ਦਸ਼ਾ ਵਿਚ ਕਦੇ ਨਹੀਂ ਦੇਖਿਆ ਗਿਆ।

## ਸਲਾਮ ਤੇ ਵਿਚਾਰ

ਸਤਿਗੁਰੂ ਜੀ ਨੇ ਆਪਣੇ ਆਸਣ ਤੋਂ ਉਠ ਕੇ ਮੈਕ ਨੂੰ ਸਲਾਮ ਕੀਤਾ, - ਇਹ ਗਲ ਮੁਬਾਲਗੇ ਤੋਂ ਵਧੀਕ ਹੈਸੀਜਤ ਨਹੀਂ ਰਖਦੀ। ਮੈਕ ਦੇ ਬਿਆਨ ਤੋਂ ਸਾਫ ਪ੍ਰਗਟ ਹੁੰਦਾ ਹੈ, ਕਿ ਉਹ ਸਤਿਗੁਰਾਂ ਦੇ ਪਾਸ ਸ਼ਾਮ ਦੇ ਦਿਵਾਨ ਸਮੇਂ ਪੁਜਾ। ਸਤਿਗੁਰਾਂ ਦਾ ਆਸਣ ਪੰਜ ਹਜ਼ਾਰ ਦੇ ਲਗ ਭਗ ਸਿਖਾਂ ਨਾਲ ਘਿਰਿਆ ਹੋਇਆ ਸੀ ਅਰ ਓਥੇ ਬਿਲਕੁਲ ਅਮਨ ਤੇ ਸ਼ਾਂਤੀ ਸੀ। ਇਹ ਉਨ੍ਹਾਂ ਦੇ ਸਤਿਜੁਗੀ ਦਿਵਾਨ ਦਾ; ਹੀ ਦ੍ਰਿਸ਼ਜ ਜਾਪਦਾ ਹੈ, ਹੁਣ ਦਿਵਾਨ ਵਿਚੋਂ ਉਠ ਕੇ ਕਿਸੇ ਪੁਰਸ਼ ਨੂੰ ਸਲਾਮ ਕਰਨ ਦੀ ਆਸ ਜਦ ਇਕ ਸਿਖ ਕੋਲੋਂ ਵੀ ਨਹੀਂ ਕੀਤੀ ਜਾ ਸਕਦੀ ਤਾਂ ਸਤਿਗੁਰੂ ਜੀ ਦੇ ਸਬੰਧ ਵਿਚ ਇਹ ਗਲ ਕਿਵੇਂ ਮੰਨਣਯੋਗ ਕਹੀ ਜਾ ਸਕਦੀ ਹੈ? ਸਲਾਮ ਵਾਲੀ ਗਲ ਦੇ ਨਾਲ ਹੀ ਮੈਕ ਦਾ ਇਹ ਫਿਕਰਾ ਲਿਖਣਾ ਕਿ "ਅਜੇਹਾ ਗੁਰੂਆਂ ਅਤੇ ਉਚ ਪਦ ਅਧਿਕਾਰੀਆਂ ਦੀ ਦਸ਼ਾ ਵਿਚ ਕਦੇ ਨਹੀਂ ਦੇਖਿਆ ਗਿਆ।" - - ਇਸ ਗਲ ਵਲ ਇਸ਼ਾਰਾ ਕਰਦਾ ਹੈ, ਕਿ ਉਸਦੀ ਜ਼ਮੀਰ ਨੇ ਉਸਨੂੰ ਓਸੇ ਵੇਲੇ ਦੱਸ ਦਿਤਾ ਕਿ—ਉਸਦੀ ਸਲਾਮ ਵਾਲੀ ਗੱਲ ਦਾ ਸਿਆਣੇ ਲੋਕਾਂ ਨੇ ਉਕਾ ਹੀ ਇਤਬਾਰ ਨਹੀਂ ਕਰਨਾ। ਇਸ ਤੋਂ ਬਿਨਾਂ ਮੈਕ ਦੀ ਇਹ ਗੱਲ ਏਸ ਤਰ੍ਹਾਂ ਵੀ ਰੱਦ ਹੁੰਦੀ ਹੈ, ਕਿ ਚਾਰ ਪੰਜ ਸੌ ਸਫਿਆਂ ਦੇ ਕੂਕਾ ਰੀਕਾਰਡ ਵਿਚੋਂ ਇਕ ਫਿਕਰੇ ਦਾ ਹਵਾਲਾ (Reference) ਵੀ ਪੇਸ਼ ਨਹੀਂ ਕੀਤਾ ਜਾ ਸਕਦਾ, ਜਿਸਤੋਂ ਇਹ ਸਿਧ ਹੋਵੇ, ਕਿ ਸਤਿਗੁਰੂ ਰਾਮ ਸਿੰਘ ਜੀ ਨੇ ਕਿਸੇ ਸਰਕਾਰੀ ਅਫਸਰ ਨੂੰ ਕਦੇ ਸਲਾਮ ਕੀਤਾ ਹੋਵੇ। ਮੈਕ ਤਾਂ ਸਤਿਗੁਰੂ ਜੀ ਦੀ ਸੇਵਾ ਵਿਚ

ਆਪ ਚਲਕੇ ਗਿਆ ਸੀ, ਪਰ ਸਰਕਾਰੀ ਰਪੋਟਾਂ ਦੇ ਵਾਚਣ ਤੋਂ ਪਤਾ ਲਗਦਾ ਹੈ, ਕਿ ਜਦ ਵੀ ਕਿਸੇ ਕਾਰਨ ਸਤਿਗੁਰਾਂ ਨੂੰ ਅਫ਼ਸਰਾਂ ਪਾਸ ਜਾਣਾ ਪਿਆ ਤਾਂ ਆਪਨੇ ਕਦੇ ਉਨ੍ਹਾਂ ਨੂੰ ਸਲਾਮ ਨਹੀਂ ਕੀਤਾ। ਮਿਸਾਲ ਦੇ ਤੌਰ ਤੇ ਮਿਸਟਰ ਮੈਕਨਬ ਦੀ ਰਪਟ ਵਿਚੋਂ ਸਤਿਗੁਰਾਂ ਬਾਬਤ ਹੇਠ ਲਿਖੇ ਅੱਖਰ ਦੇਖਣੇ ਚਾਹੀਦੇ ਹਨ:—ਮੈਕਨਬ ਕਹਿੰਦਾ ਹੈ:-

"*ਰਾਮ ਸਿੰਘ ਸਾਧਾਂ ਤੇ ਫਕੀਰਾਂ ਵਾਲੀ ਪੁਜ਼ੀਸ਼ਨ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਸਮੇਤ ਮਿਲਦਾ ਹੈ। ਬੀਸੀਓਂ ਪੈਦਲ ਆਦਮੀ ਉਸ ਦੇ ਨਾਲ ਹੁੰਦੇ ਹਨ। ਉਹ ਜਦ ਤੁਹਾਡੇ ਕਮਰੇ ਵਿਚ ਦਾਖਲ ਹੁੰਦਾ ਹੈ, ਤਾਂ ਉਹ ਇਕ ਬਾਦਸ਼ਾਹ ਦੀ ਤਰ੍ਹਾਂ (ਆਪਣੇ ਸੂਬਿਆਂ ਦੀ) ਇਕ ਕਚਹਿਰੀ ਦੇ ਘੇਰੇ ਵਿਚ ਘਿਰਿਆ ਹੁੰਦਾ ਹੈ।"

ਸੋ ਜੇ ਡਬਲਯੂ ਮੈਕਨਬ ਦੀ ਰਪੋਟ ਅਨੁਸਾਰ ਵੀ ਹਾਕਮਾਂ ਦੇ ਸਾਹਮਣੇ ਸ਼ਾਹੀ ਰੌਅਬ ਰੱਖਣ ਵਾਲੀ ਮਹਾਨ ਆਤਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮੈਕ ਜੈਸੇ ਪੁਲਸ ਅਫ਼ਸਰ ਨੂੰ ਸਲਾਮ ਕਰਨਾ—ਅਤੇ ਉਹ ਵੀ ਦਿਵਾਨ ਵਿਚੋਂ ਉਠਕੇ—ਇਕ ਸ਼ੇਖੀ ਤੋਂ ਵਧ ਹਕੀਕਤ ਨਹੀਂ ਰਖਦਾ।

## ਗੁਰਦਵਾਰਿਆਂ ਦੇ ਦਰਸ਼ਨ ਕਰਨ ਜਾਣਾ

ਸਤਿਗੁਰੂ ਰਾਮ ਸਿੰਘ ਜੀ ੭ ਚੇਤ ਸੰਮਤ ੧੯੨੩ ਮੁਤਾਬਕ ੨੦ ਮਾਰਚ ੧੮੬੭ ਨੂੰ ਗੁਰਦਵਾਰਿਆਂ ਦਾ ਦਰਸ਼ਨ ਕਰਨ ਲਈ ਰਵਾਨਾ ਹੋਏ। ਅੰਗ੍ਰੇਜ਼ ਅਫ਼ਸਰ ਪੇਸ਼ਵਾਈ ਵਿਚ ਹਾਜ਼ਰ ਸਨ। ਪੁਲਸ ਦਾ ਪ੍ਰਬੰਧ ਵੀ ਸੀ। ਗੁਰਦੁਆਰਾ ਕੇਸਗੜ੍ਹ ਦਾ ਦਰਸ਼ਨ ਕਰਕੇ ਜਦ ਸਤਿਗੁਰੂ ਜੀ ਨੇ ਭੇਟਾ ਰਖੀ ਤਾ ਮਹੰਤ ਹਰੀ ਸਿੰਘ ਨੇ ਕਿਹਾ ਕਿ ਉਸਨੂੰ ਅਰਦਾਸ ਨਹੀਂ ਔਂਦੀ। ਸਤਿਗੁਰੂ ਜੀ ਦੀ ਆਗਯਾ ਅਨੁਸਾਰ ਬਾਬਾ ਬ੍ਰਹਮਾ ਸਿੰਘ ਜੀ ਨੇ ਅਰਦਾਸ ਕੀਤੀ। ਆਪਣੀ ਹੱਥੀਂ ਪ੍ਰਸ਼ਾਦ ਵਰਤਾਕੇ ਮੁੜ ਗੁਰਦਵਾਰਾ ਗੁਰੂ ਤੇਗ਼ ਬਹਾਦਰ ਜੀ ਦਾ ਦਰਸ਼ਨ ਕੀਤਾ। ਓਥੋਂ ਦੇ ਮਹੰਤ ਨੇ ਭੇਟਾ ਪ੍ਰਵਾਨ ਕਰਕੇ ਪ੍ਰਸੰਨਤਾ ਪੂਰਬਕ ਅਰਦਾਸ ਕੀਤੀ। ਉਪ੍ਰੰਤ ਡੇਰੇ ਚਲੇ ਗਏ।

## ਸਤਿਗੁਰੂ ਜੀ ਵਲੋਂ ਅਨੰਦਪੁਰ ਸਾਹਿਬ ਦੇ ਪੁਜਾਰੀਆਂ ਨੂੰ ਚਿਠੀ

ਸ੍ਰੀ ਸਤਿਗੁਰੂ ਜੀ ਨੇ ਅਗਲੇ ਭਲਕ ਪੁਜਾਰੀਆਂ ਨੂੰ ਚਿਠੀ ਲਿਖੀ, ਜਿਸ ਵਿਚ ਮਹੰਤ ਹਰੀ ਸਿੰਘ ਦੇ ਅਰਦਾਸ ਨਾ ਕਰਨ ਦਾ ਕਾਰਨ ਪੁਛਿਆ। ਉਨ੍ਹਾਂ

* ਜੇ ਡਬਲਯੂ ਮੈਕਨਬ ਡੇਟ ਕਮਿਸ਼ਨਰ ਅੰਬਾਲਾ ਡਵੀਯਨ ਦੀ ਰਪੋਟ ੪-੧੧-੧੮੭੧

Sri Satguru Jagjit Singh Ji Elibrary NamdhariElibrary@gmail.com

ਵਲੋਂ ਜ਼ਬਾਨੀ ਉਤ੍ਰ ਮਿਲਿਆ:-

(੧) ਤੁਸੀਂ ਆਪਣੇ ਆਪਨੂੰ ਰੱਬ ਪ੍ਰਗਟ ਕਰਦੇ ਹੋ।

(੨) ਜਦੋਂ ਕਿਸੇ ਨੂੰ ਸਿਖ ਬਣਾਂਦੇ ਹੋ ਉਸਨੂੰ ਅੰਮ੍ਰਿਤ ਨਹੀਂ ਛਕਾਂਦੇ ਪਰ ਕੰਨ ਵਿਚ ਗੁਰਮੰਤ੍ਰ ਦਿੰਦੇ ਹੋ।

(੩) ਜਦੋਂ ਕੋਈ ਸਿਖ ਸਜਦਾ ਹੈ ਤੁਸੀਂ ਉਸਨੂੰ ਕਹਿੰਦੇ ਹੋ—"ਜਨਮ ਗੁਰੂ ਹਜਰੋ ਤੇ ਵਾਸੀ ਭੈਣੀ ਜਦ ਕਿ ਦੂਜੇ ਸਿਖ ਕਹਿੰਦੇ ਹਨ —"ਜਨਮ ਗੁਰੂ ਪਟਨਾ ਤੇ ਵਾਸੀ ਅਨੰਦਪੁਰ ਸਾਹਿਬ।

(੪) ਤੁਹਾਡੇ ਸਿਖ ਕੇਸਾਂ ਦਾ ਜੂੜਾ ਨਹੀਂ ਕਰਦੇ ਤੇ ਪੱਗਾਂ ਲਾਹ ਦਿੰਦੇ ਹਨ।

(੫) ਕੂਕੇ ਮੁਸਲਮਾਨ ਫਕੀਰਾਂ ਵਾਂਗ ਹਾਲ ਪਾਂਦੇ ਹਨ ਏਸ ਲਈ ਇਹ ਸਿਖ ਨਹੀਂ ਹੋ ਸਕਦੇ।*

## ਸਤਿਗੁਰਾਂ ਵਲੋਂ ਅਨੰਦਪੁਰ ਦੇ ਪੁਜਾਰੀਆਂ ਨੂੰ ਪਤ੍ਰ ਕਿ ਕੂਕੇ ਤੁਹਾਨੂੰ ਸਿਖ ਨਹੀਂ ਸਮਝਦੇ

ਸਤਿਗੁਰੂ ਜੀ ਨੇ ਪੁਜਾਰੀਆਂ ਨੂੰ ਇਕ ਹੋਰ ਚਿਠੀ ਲਿਖੀ ਜਿਸ ਵਿਚ ਲਿਖਿਆ ਕਿ:—

"ਜੇ ਤੁਸੀਂ ਸਿੱਖ ਧਰਮ ਅਨੁਸਾਰ ਅਮਲ ਕਰਨ ਵਾਲੇ ਹੁੰਦੇ ਤਾਂ ਮੇਰੇ ਅਸੂਲਾਂ ਦੀ ਸ਼ਲਾਘਾ ਕਰਦੇ। ਕਿਉਂਕਿ ਤੁਸੀਂ ਮਾਸ ਖਾਂਦੇ ਸ਼ਰਾਬ ਪੀਂਦੇ, ਝੂਠ ਬੋਲਦੇ, ਬਦਕਾਰੀਆਂ ਕਰਦੇ ਅਤੇ ਕੰਨਿਆ ਘਾਤ ਆਦਿਕ ਕਈ ਅਪ੍ਰਾਧ ਕਰਕੇ ਬਾਣੀ ਦੇ ਉੱਕਾ ਹੀ ਵਿਰੁੱਧ ਅਮਲ ਕਰਦੇ ਹੋ। ਇਸ ਲਈ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ, ਕੂਕੇ ਅਕਾਲ ਪੁਰਖ ਦਾ ਕੀਰਤਨ ਕਰਦੇ ਹੋਏ ਏਨੇ ਮਸਤ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਅਪਣੇ ਕੇਸਾਂ ਤੇ ਦਸਤਾਰਾਂ ਦੀ ਸੋਝੀ ਹੀ ਨਹੀਂ ਰਹਿ ਜਾਂਦੀ।"

## ਅਨੰਦਪੁਰ ਦੇ ਸੋਢੀਆਂ ਦਾ ਕੂਕਾ ਪੰਥ ਵਿਚ ਸ਼ਾਮਿਲ ਹੋਣਾ

ਇਨਸਪੈਕਟਰ ਫ਼ਜ਼ਲ ਹੁਸੈਨ ਅਪਣੀ ਰਪੋਟ ਵਿਚ ਲਿਖਦਾ ਹੈ ਕਿ:-

• 'ਸੋਢੀਆਂ ਵਿਚੋਂ ਪ੍ਰਤਾਪ ਸਿਘ ਰਸੌਲੀ ਵਾਲਾ ਅਪਣੇ ਪੁਤ੍ਰ ਦੇਵਾ

* ਰਪੋਟ ਇਨਸਪੈਕਟਰ ਫਜ਼ਲ ਹੁਸੈਨ ਸਪੈਸ਼ਲ ਰਪੋਰਟਰ ਹੋਲਾ ਮੁਜ਼ਫ਼ਰ ਪੁਰ ੨੦ ਮਾਰਚ ਸੰਨ ੧੮੬੭

ਸਿੰਘ ਸਮੇਤ ਕੂਕਾ ਬਣ ਰਿਹਾ ਹੈ। ਸੋਢੀ ਨਰਿੰਦਰ ਸਿੰਘ ਕਿਰਾਲੀ ਵਾਲਾ, ਸੋਢੀ ਹੀਰਾ ਸਿੰਘ ਸਮੇਤ ਕੂਕਾ ਬਣਨ ਨੂੰ ਤਿਆਰ ਹੈ। ਹਰ ਇਕ ਗੱਲ ਤੋਂ ਮੈਨੂੰ ਇਹ ਪ੍ਰਤੀਤ ਹੋ ਰਿਹਾ ਹੈ ਕਿ ਕੂਕਾ ਪੰਥ ਦਿਨੋਂ ਦਿਨ ਵਧ ਰਿਹਾ ਹੈ, ਜਦ ਕਿ ਦੂਜੇ ਸਿਖ ਘਟ ਰਹੇ ਹਨ। ਇਸਦਾ ਅਸਲ ਕਾਰਨ ਇਹ ਹੈ ਕਿ ਕੂਕਾ ਬਣਨ ਲਈ ਉਹ ਖ਼ਰਚ ਨਹੀਂ ਕਰਨਾ ਪੈਂਦਾ ਜੋ ਦੂਜੇ ਸਿੱਖਾਂ ਵਿਚ ਹੁੰਦਾ ਹੈ। ਇਸ ਮੇਲੇ ਵਿਚ ਪੰਜਾਹ ਸਿਖ ਕੂਕੇ ਬਣੇ। ਜੇ ਉਹ ਦੂਜੇ ਸਿਖ ਬਣਦੇ ਤਾਂ ਨਿਹੰਗ (ਪੁਜਾਰੀ) ਉਨ੍ਹਾਂ ਤੋਂ ਘਟੋ ਘਟ ੫੦) ਪੰਜਾਹ ਰੁਪੈ ਲਾਭ ਪ੍ਰਾਪਤ ਕਰਦੇ। ਇਸ ਹਿਸਾਬ ਕੂਕੇ ਚੰਗੇ ਰਹਿ ਗਏ, ਅਤੇ ਮੁਕਾਬਲੇ ਵਿਚ ਦੂਜੇ ਸਿੱਖਾਂ ਨੂੰ ਘਾਟਾ ਪਿਆ। ਨਿਹੰਗਾਂ ਦੀ (ਕੂਕਿਆਂ ਨਾਲ) ਦੁਸ਼ਮਣੀ ਦਾ ਏਹੀ ਕਾਰਨ ਹੈ.. ...

## ਕੋਲੋਂ ਰੋਟੀ ਦੇਕੇ ਨੇਕੀ ਦਾ ਪ੍ਰਚਾਰ ਕਰਨਾ

"ਰਾਮ ਸਿੰਘ ਰੋਟੀ ਤੇ ਕੱਪੜਾ ਗਰੀਬਾਂ ਨੂੰ ਆਪਣੇ ਪੱਲਿਓਂ ਦੇਕੇ ਉਨ੍ਹਾਂ ਨੂੰ ਨੇਕੀ ਦੀ ਸਿਖਯਾ ਦਿੰਦਾ ਹੈ। ਜਿਸ ਕਰਕੇ ਦੂਜੇ ਪੰਥ ਵਾਲੇ ਬਹੁਤ ਸਾਰੇ ਲੋਕ ਕੂਕਾ ਪੰਥ ਵਿਚ ਸ਼ਾਮਿਲ ਹੋ ਰਹੇ ਹਨ। ਅਨੰਦਪੁਰ ਦੇ ਮੇਲੇ ਤੇ ਦੋ ਦਿਨਾਂ ਵਿਚ ਘੱਟ ਤੋਂ ਘੱਟ ੫੦ ਸਿਖ ਬਣੇ।"

## ਰਾਮ ਸਿੰਘ ਪੈਗੰਬਰ ਹੈ

"ਰਾਮ ਸਿੰਘ ਹਰ ਰੋਜ਼ ੩ ਵਾਰ ਇਸ਼ਨਾਨ ਕਰਦਾ ਹੈ। ਲਗ ਭਗ ਰਾਤ ਦੇ ਦੋ ਬਜੇ ਉਹ ਗ੍ਰੰਥ ਦਾ ਪਾਠ ਕਰਦਾ ਹੈ, ਉਹ ਹਰ ਤਰ੍ਹਾਂ ਦੀ ਬੁਰਿਆਈ ਤੋਂ ਬਚਿਆ ਹੋਇਆ ਹੈ। ਇਸ ਲਈ ਕੂਕੇ ਉਸ ਨੂੰ ਬਹੁਤ ਕੁਛ ਸਮਝਦੇ ਹੋਏ ਉਸਦਾ ਸਤਿਕਾਰ ਕਰਦੇ ਹਨ। ਉਨ੍ਹਾਂ ਦਾ ਨਿਸਚਾ ਹੈ, ਕਿ ਉਹ ਸਿਖ ਪੰਥ ਦੇ ਨਸ਼ਟ ਹੋ ਜਾਣ ਦੇ ਕਾਰਨ ਕੂਕਾ ਪੰਥ ਦੀ ਸਾਜਨਾ ਲਈ ਰੱਬ ਵਲੋਂ ਭੇਜੇ ਹੋਏ ਪੈਗੰਬਰ ਹਨ।

## ਸਤਿਗੁਰੂ ਜੀ ਦਾ ਜਲੂਸ

"ਰਾਮ ਸਿੰਘ ਨਾਲ ਆਪਣੇ ਤੇ ਸੂਬਿਆਂ ਦੀ ਸਵਾਰੀ ਲਈ ੪੦ ਘੋੜੇ ਸਨ। ਉਨ੍ਹਾਂ ਦੇ ਜਲੂਸ ਵਿਚ ਧੌਂਸੇ ਵਜਦੇ ਤੇ ਝੰਡੇ ਝੂਲਦੇ ਸਨ। ਉਨ੍ਹਾਂ ਨਾਲ ਅੱਠ ਹਜ਼ਾਰ ਕੂਕੇ ਸਨ।

## ਪਿਤਾ ਗੁਰੂ ਰਾਮ ਸਿੰਘ ਜੀ ਤੇ ਪਿੰਡ ਭੈਣੀ ਸਾਹਿਬ

ਸੂਬਿਆਂ ਦਾ ਵਰਣਨ ਕਰਦਾ ਹੋਇਆ ਮੀਆਂ ਫ਼ਜ਼ਲ ਹੁਸੈਨ ਲਿਖਦਾ

ਹੈ ਕਿ —"ਮੈਂ ਇਨ੍ਹਾਂ ਦੇ ਰਿਹੈਸ਼ੀ ਪਿੰਡਾਂ ਦਾ ਪਤਾ ਕਰਨ ਲਈ ਕਈ ਵਾਰ ਜਤਨ ਕੀਤਾ ਪਰ ਸਫਲਤਾ ਨਾ ਹੋਈ। ਇਸ ਬਾਬਤ ਮੈਨੂੰ ਹਰ ਇਕ ਨੇ ਇਹੀ ਉਤ੍ਰ ਦਿਤਾ ਕਿ—"ਜਦ ਤੋਂ ਅਸੀਂ ਕੂਕੇ ਹੋਏ ਹਾਂ ਸਾਨੂੰ ਅਪਣੇ ਪਿੰਡਾਂ ਦਾ ਚੇਤਾ ਵਿਸਰ ਗਿਆ ਹੈ। ਹੁਣ ਤਾਂ ਕੇਵਲ ਏਨਾ ਹੀ ਜਾਣਦੇ ਹਾਂ ਕਿ ਸਾਡਾ ਪਿੰਡ ਭੈਣੀ ਸਾਹਿਬ ਅਤੇ ਪਿਤਾ ਸਤਿਗੁਰੂ ਰਾਮ ਸਿੰਘ ਜੀ ਹਨ"। (ਰੀਪੋਰਟ ਇਨਸਪੈਕਟਰ ਫ਼ਜ਼ਲ ਹੁਸੈਨ ੨੦ ਮਾਰਚ ੧੮੬੭)

✱

Sri Satguru Jagjit Singh Ji Elibrary NamdhariElibrary@gmail.com

# ਦੀਪ ਮਾਲਾ ਸ੍ਰੀ ਅੰਮ੍ਰਿਤਸਰ

ਸੰਮਤ ੧੯੨੪ ਬਿ: ਦੀ ਦੀਪਮਾਲਾ ੨੬ ਅਕਤੂਬਰ ੧੮੬੭ ਈ: ਨੂੰ ਸੀ। ਦਿਵਾਲੀ ਦੇ ਸਮੇਂ ਹਰ ਸਾਲ ਅੰਮ੍ਰਿਤਸਰ ਵਿਖੇ ਵੱਡਾ ਭਾਰਾ ਮੇਲਾ ਹੁੰਦਾ ਹੈ, ਜਿਸ ਵਿਚ ਪੰਜਾਬ ਦੇ ਹਰ ਹਿੱਸੇ ਤੇ ਹਰ ਤਬਕੇ ਦੇ ਲੋਕ ਇਕੱਠੇ ਹੁੰਦੇ ਹਨ। ਮੇਲੇ ਤੋਂ ਕੁਛ ਚਿਰ ਪਹਿਲੋਂ ਸ੍ਰੀ ਅੰਮ੍ਰਿਤਸਰ ਵਿਚ ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਜੋਤਾ ਸਿੰਘ ਜੀ ਸੂਬਿਆਂ ਦੀ ਪ੍ਰਧਾਨਗੀ ਵਿਚ ਬਹੁਤ ਸਾਰੇ ਨਿਕੇ ਨਿਕੇ ਦਿਵਾਨ ਹੋਏ। ਪਰ ਦੀਪ ਮਾਲਾ ਤੋਂ ਪਹਿਲੋਂ ਹੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਇਹ ਹੁਕਮ ਕੱਢ ਦਿਤਾ ਕਿ "ਡਿਪਟੀ ਕਮਿਸ਼ਨਰ ਦੀ ਆਗਾਜਾ ਪ੍ਰਾਪਤ ਕਰਨ ਤੋਂ ਬਿਨਾਂ ਕੂਕਿਆਂ ਦਾ ਕੋਈ ਵਡਾ ਦਿਵਾਨ ਨਹੀਂ ਹੋ ਸਕੇਗਾ"*

ਇਸ ਹੁਕਮ ਦਾ ਮੰਤਵ ਕੇਵਲ ਕੂਕਿਆਂ ਦੇ ਉਸ ਭਾਰੀ ਦਿਵਾਨ ਨੂੰ ਰੋਕਣਾ ਸੀ ਜਿਸਦੀ ਦਿਵਾਲੀ ਦੇ ਦਿਨਾਂ ਵਿਚ ਹੋਣ ਦੀ ਆਸ ਸੀ, ਅਤੇ ਗਵਰਨਮੈਂਟ ਨੂੰ ਖੁੜਕਦਾ ਸੀ, ਕਿ ਸਤਿਗੁਰੂ ਰਾਮ ਸਿੰਘ ਜੀ ਇਸ ਮੌਕੇ ਤੇ ਅੰਮ੍ਰਿਤਸਰ ਪੁਜ ਕੇ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਤੋਂ ਕਦੇ ਨਹੀਂ ਖੁੰਝਣਗੇ, ਜਿਸਦਾ ਪ੍ਰਜੋਜਨ ਅੰਗ੍ਰੇਜ਼ੀ ਰਾਜ ਨੂੰ ਨਸ਼ਟ ਕਰਨਾ ਹੈ।

ਇਸ ਅਖੌਤ ਅਨੁਸਾਰ ਕਿ ਦਿਲ ਦਾ ਦਿਲ ਸਾਖੀ ਹੁੰਦਾ ਹੈ, ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਵੀ ਇਹ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਪੁਜਕੇ ਅਪਣੇ ਸਰਬ ਹਿਤਕਾਰੀ ਪ੍ਰਚਾਰ ਦਾ ਪ੍ਰਬੰਧ ਜਰੂਰ ਕਰਨਾ ਚਾਹੀਦਾ ਹੈ। ਇਸ ਮਨੋਰਥ ਪੂਰਤੀ ਹਿਤ ਆਪ ਨੇ ਸ੍ਰਕਾਰੀ ਆਗਾਜਾ ਪ੍ਰਾਪਤ ਕਰਨ ਦਾ ਜਤਨ ਕੀਤਾ ਪਰ ਸਫਲਤਾ ਨਾ ਹੋਈ। ਆਪ ਨੇ ਇਸ

---

* "ਇਨ ਅੰਮ੍ਰਿਤਸਰ ਨਿਊਮਰਸ ਸਮਾਲ ਮੀਟਿੰਗਸ ਵਰ ਹੈਲਡ ਅੰਡਰ ਦੀ ਸੁਪਰਿੰਟੈਂਨਡੈਂਸ ਆਫ ਸੂਬਾ ਬ੍ਰਹਮਾ ਸਿੰਘ ਐਂਡ ਜੋਤਾ ਸਿੰਘ। ਹੀਅਰ ਐਲਸੋ ਦੀ ਡਿਪਟੀ ਕਮਿਸ਼ਨਰ ਵਾਰਧੋਡ ਗੈਦਰਿੰਗ ਆਫ ਦੀ ਸੈਕਟ ਅਨਲੈਸ ਸਪੈਸ਼ਲ ਪਰਮਿਸ਼ਨ ਵਾਜ਼ ਸਾਊਟ ਐਂਡ ਔਟੇਂਡ" —ਕੂਕਾ ਪੇਪਰਜ਼ ਪੇਜ ੬੨



Sri Satguru Jagjit Singh Ji Elibrary NamdhariElibrary@gmail.com

ਗੱਲ ਦੀ ਰਤਾ ਪ੍ਰਵਾਹ ਨਾ ਕਰਦਿਆਂ ਹੋਇਆਂ ਐਲਾਨ ਕਰ ਦਿਤਾ ਕਿ ਆਪ ਦਿਵਾਲੀ ਦੇ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਦੇ ਪਵਿਤ੍ਰ ਗੁਰਧਾਮ ਦਾ ਦਰਸ਼ਨ ਜਰੂਰ ਕਰਨਗੇ ਅਤੇ ਨਾਲ ਹੀ ਦਿਵਾਨ ਵੀ। ਤਾਂ ਤੇ ਅਪਨੇ ਐਲਾਨ ਅਨੁਸਾਰ ਆਪ ਆਪਣੇ ਸੂਬਿਆਂ ਤੇ ਹੋਰ ਅਨੇਕਾਂ ਸਿਖਾਂ ਦੇ ਨਾਲ ੨੫ ਅਕਤੂਬਰ ੧੮੬੭ ਦੇ ਦਿਨ ਸ੍ਰੀ ਅੰਮਿਤਸਰ ਪੁਜ ਗਏ। ਸ੍ਰਕਾਰ ਨੇ ਐਤਕੀਂ ਫੇਰ ਵੀ ਅਨੰਦਪੁਰ ਵਾਂਗ ਆਪਦੇ ਪ੍ਰੋਗਰਾਮ ਵਿਚ ਕੋਈ ਦਖਲ ਨਾ ਦਿਤਾ। ਸਤਿਗੁਰੂ ਜੀ ਦਾ ਡੇਰਾ ਚਾਟੀਵਿੰਡ ਦਰਵਾਜੇ ਦੇ ਬਾਹਰ ਤਰਨ ਤਾਰਨ ਵਾਲੀ ਸੜਕ ਪੁਰ ਘੜਿਆਲੀਆਂ ਦੇ ਤਲਾ ਤੇ ਲਾਇਆ ਗਿਆ। ਪ੍ਰਸਿੱਧ ਇਤਿਹਾਸ ਲੇਖਕ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਇਸ ਦੀਪਮਾਲਾ ਦੇ ਸਮੇਂ ਆਪ ਨਾਲ ੨੦ ਹਜ਼ਾਰ ਕੂਕੇ ਅੰਮ੍ਰਿਤਸਰ ਵਿਚ ਜਮਾਂ ਹੋਏ ਸਨ। ਭਾਵੇਂ ਪ੍ਰਗਟ ਰੂਪ ਵਿਚ ਸ੍ਰਕਾਰ ਨੇ ਕੂਕਾ ਪ੍ਰੋਗਰਾਮ ਵਿਚ ਕੋਈ ਦਖ਼ਲ ਨਹੀਂ ਸੀ ਦਿਤਾ, ਪਰ ਉਹ ਸਤਿਗੁਰੂ ਜੀ ਦੀਆਂ ਚੜ੍ਹਦੀਆਂ ਕਲਾਂ ਨੂੰ ਵੇਖ ਕੇ ਘਬਰਾ ਰਹੀ ਸੀ। ਇਸਦੇ ਨਾਲ ਹੀ ਅੰਮ੍ਰਿਤਸਰ ਦੇ ਪੁਜਾਰੀਆਂ ਦੇ ਵੀ ਹੋਸ਼ ਹਵਾਸ ਉਡ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਇਹ ਫੋਕਾ ਵਹਿਮ ਸੀ ਕਿ ਕੂਕੇ ਅਕਾਲ ਤਖਤ ਅਤੇ ਸ੍ਰੀ ਹਰਿਮੰਦਰ ਤੇ ਕਬਜ਼ਾ ਹੀ ਕਰ ਲੈਣਗੇ। ਇਸ ਲਈ ਸ੍ਰਕਾਰੀ ਅਰ ਪੁਜਾਰੀ ਕੈਂਪਾਂ ਵਿਚ ਹਲਚਲ ਜੇਹੀ ਮਚੀ ਹੋਈ ਸੀ। ਗਵਰਮੈਂਟ ਵਲੋਂ ਲਾਹੌਰ ਦੇ ਪੁਲਸ ਇਨਸਪੈਕਟਰ ਨਰੈਣ ਸਿੰਘ ਨੂੰ ਨੀਜਤ ਕੀਤਾ ਗਿਆ ਕਿ ਉਹ ਕੂਕਾ ਕੈਂਪ ਦਾ ਧਿਆਨ ਰਖੇ। ਸਤਿਗੁਰੂ ਜੀ ਨੂੰ ਸ੍ਰਕਾਰ ਵਲੋਂ ਇਤਲਾਹ ਦਿਤੀ ਗਈ ਕਿ ਉਹ ਦਰਬਾਰ ਸਾਹਿਬ ਦਾ ਦਰਸ਼ਨ ਕਰਨ ਲਈ ੨੭ ਅਕਤੂਬਰ ਦੀ ਸਵੇਰ ਨੂੰ ੭ ਬਜੇ ਤਿਆਰ ਰਹਿਣ, ਪਰ ਇਸ ਗਲ ਦਾ ਖਿਆਲ ਰੱਖਿਆ ਜਾਏ ਕਿ ਆਪ ਨਾਲ ਪੰਜਾਹ ਤੋਂ ਵਧੇਰੇ ਸਿੱਖ ਨਾ ਜਾਣ।

ਸ੍ਰੀ ਅਕਾਲ ਬੁੰਗਾ ਇਕ ਇਤਿਹਾਸਕ ਗੁਰਦਵਾਰਾ ਹੈ। ਜੋ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਨੇ ਰਚਿਆ ਸੀ। ਇਹ ਸ੍ਰੀ ਹਰਿਮੰਦਰ ਦੇ ਐਨ ਸਾਹਮਣੇ ਲਹਿੰਦੇ ਪਾਸੇ ਇਸਥਿਤ ਹੈ। ਉਸ ਸਮੇਂ ਦੇਸ਼ ਭਰ ਦੇ ਵਡੇ ਗੁਰਦਵਾਰਿਆਂ ਤੇ ਉਨ੍ਹਾਂ ਪੁਜਾਰੀਆਂ ਤੇ ਮਹੰਤਾਂ ਦਾ ਕਬਜ਼ਾ ਸੀ, ਜੋ ਗਵਰਮੈਂਟ ਦੇ ਹੱਥਾਂ ਦੀਆਂ ਕਠਪੁਤਲੀਆਂ ਸਨ।*

---

* ਐਸੇਜ਼ ਇਨ ਦੀ ਸਿਖਇਜ਼ਮ ਬਾਈ ਪ੍ਰੋਫੈਸਰ ਤੇਜਾ ਸਿੰਘ, ਪ੍ਰਿੰਸੀਪਲ ਖ਼ਾਲਸਾ ਕਾਲਜ ਬੰਬਈ ਪੇਜ ੧੨੫ 'ਐਵਰ ਸਿਨਸ ਦੀ ਕੰਟਰੋਲ ਆਫ ਦੀ ਸੈਂਟਰਲ ਗੁਰਦਵਾਰਾਜ਼ ਹੈਜ਼ ਗੌਨ ਇਨਟੂ ਦੀ ਹੈਂਡਸ ਆਫ ਦੀ ਗਵਰਨਮੈਂਟ।

Sri Satguru Jagjit Singh Ji Elibrary NamdhariElibrary@gmail.com

ਸ੍ਰਕਾਰ ਦੇ ਇਸ਼ਾਰਿਆਂ ਤੇ ਨਚਣਾਂ ਉਨ੍ਹਾਂ ਦਾ ਕੰਮ ਸੀ। ਇਸ ਗਲ ਵਿਚ ਰਤਾ ਵੀ ਵਾਧਾ ਨਹੀਂ ਸਮਝਣਾ ਚਾਹੀਦਾ ਕਿ ਉਸ ਵੇਲੇ ਇਹ ਇਤਿਹਾਸਕ ਗੁਰਦੁਵਾਰੇ ਹਕੂਮਤ ਦੀਆਂ ਇਜੰਸੀਆਂ ਸਨ, ਜਿਨ੍ਹਾਂ ਵਿਚ ਮਹੰਤਾਂ ਤੇ ਪੁਜਾਰੀਆਂ ਤੋਂ ਸ੍ਰਕਾਰ ਆਪਣੀ ਮਨਮਰਜੀ ਦੇ ਫ਼ਤਵੇ ਸਾਦਰ ਕਰਵਾ ਸਕਦੀ ਸੀ।

ਗਵਰਮੈਂਟ ਕੂਕਾ ਸਰਗਰਮੀਆਂ ਦਾ ਮੁਖ ਮੰਤਵ ਪੰਜਾਬ ਵਿਚ ਪੰਜਾਬੀਆਂ ਦੀ ਅਜ਼ਾਦ ਹਕੂਮਤ ਨੂੰ ਬਹਾਲ ਕਰਨਾ. ਸਮਝਦੀ ਸੀ। ਉਸਦੀ ਦ੍ਰਿਸ਼ਟੀ ਵਿਚ ਹਰ ਇਕ ਕੂਕਾ ਬਾਗੀ ਸੀ ਅਤੇ ਸਤਿਗੁਰੂ ਜੀ ਲੱਖਾਂ ਬਾਗੀਆਂ ਦੇ ਅਦੁਤੀ ਨੇਤਾ। ਇਹ ਗੱਲ ਪਿਛੇ ਦੱਸੀ ਜਾ ਚੁਕੀ ਹੈ ਕਿ ਕੂਕੇ ਆਪਣੇ ਸਤਿਗੁਰੂ ਜੀ ਦੀ ਅਗਵਾਈ ਵਿਚ ਸ੍ਰਕਾਰੀ ਹੁਕਮ ਦੀ ਉਲੰਘਣਾ ਕਰਕੇ ਅੰਮ੍ਰਿਤਸਰ ਆਏ ਸਨ। ਜੇਹੜੇ ਲੋਕ ਬ੍ਰਤਾਨਵੀ ਰਾਜਨੀਤੀ ਤੋਂ ਵਾਕਫ਼ ਹਨ ਉਹ ਇਹ ਗਲ ਸੁਖੈਨ ਹੀ ਸਮਝ ਸਕਦੇ ਹਨ. ਕਿ ਸ੍ਰਕਾਰ ਇਸ ਤਰ੍ਹਾਂ ਦੀ ਲਹਿਰ ਦੇ ਆਗੂਆਂ ਨਾਲ ਕਿਸੇ ਗਲੋਂ ਵਿਰੋਧ ਰਖਣ ਵਾਲੀਆਂ ਵਿਅਕਤੀਆਂ ਅਤੇ ਸੁਸਾਇਟੀਆਂ ਨੂੰ ਭਾਲ ਕੇ ਉਕਸਾਹਟ ਦੇਣ ਦੀ ਆਦੀ ਹੈ, ਕਿ ਉਹ ਉਨਾਂ ਦੇ ਵਿਰੁਧ ਕੋਈ ਅਜੇਹੀ ਕਾਰਵਾਈ ਕਰਨ ਜਿਸਦਾ ਫਲ ਉਨ੍ਹਾਂ ਦੇ ਆਪ ਵਿਚ ਦੇ ਵਿਰੋਧ ਵਿਚ ਵਾਧੇ ਦੇ ਰੂਪ ਵਿਚ ਪ੍ਰਗਟ ਹੋਵੇ, ਜਿਸ ਤੋਂ ਸ੍ਰਕਾਰ ਦਾ ਮਤਲਬ ਹੱਲ ਹੋ ਸਕੇ। ਨਾਲ ਹੀ ਇਹ ਗਲ ਵੀ ਆਸਾਨੀ ਨਾਲ ਸਮਝੀ ਜਾ ਸਕਦੀ ਹੈ ਕਿ ਅਜੇਹੀਆਂ ਲਹਿਰਾਂ ਦੇ ਕਾਰਨ ਜਿਨ੍ਹਾਂ ਲੋਕਾਂ ਦੇ ਸੁਆਰਥਾਂ ਨੂੰ ਹਾਨੀ ਪੁਜਦੀ ਹੋਵੇ ਉਨ੍ਹਾਂ ਲਈ ਸ੍ਰਕਾਰ ਦੀ ਚੁੱਕ ਉਤੇ ਆਪਣਿਆਂ ਦੇ ਨਾਲ ਹੀ ਟੱਕਰ ਲਾ ਲੈਣੀ ਕੋਈ ਔਖੀ ਗੱਲ ਨਹੀਂ ਹੁੰਦੀ। ਅਜਿਹੇ ਸੁਆਰਥੀ ਮਨੁੱਖਾਂ ਨੂੰ ਖ਼ਰੀਦਣ ਅਤੇ ਚੁਕ ਦੇਣ ਲਈ ਵਧੇਰੇ ਜਤਨ ਦੀ ਲੋੜ ਨਹੀਂ ਹੋਇਆ ਕਰਦੀ।

ਦੀਪਮਾਲਾ ਤੋਂ ਦੂਜੇ ਦਿਨ ੨੭-੧੦-੧੮੬੭ ਨੂੰ ਸਤਿਗੁਰੂ ਜੀ ਪ੍ਰੋਗਰਾਮ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੀ ਯਾਤ੍ਰਾ ਲਈ ਰਵਾਨਾ ਹੋਏ। ਭਾਵੇਂ ਸ੍ਰਕਾਰ ਵਲੋਂ ਹੁਕਮ ਸੀ ਕਿ ੫੦ ਤੋਂ ਵਧ ਸਿਖ ਆਪ ਨਾਲ ਨਹੀਂ ਜਾ ਸਕਣਗੇ ਪਰ ਕੂਕੇ ਸਿਖ ਅਤੇ ਹੋਰ ਦਰਸ਼ਕਾਂ ਦੇ ਪ੍ਰੇਮ ਪ੍ਰਵਾਹ ਅਗੇ ਇਸ ਪਾਬੰਦੀ ਦੀ ਕੋਈ ਪੇਸ਼ ਨਾ ਜਾ ਸਕੀ। ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ਪੁਜਣ ਸਮੇਂ ਹਜ਼ਾਰਾਂ ਸਿਖ ਢੋਲਕੀਆਂ ਛੈਣਿਆਂ ਦੀ ਘਨਘੋਰ ਵਿਚ ਹਰਿ ਕੀਰਤਨ ਕਰਦੇ ਹੋਏ ਜਾ ਰਹੇ ਸਨ। ਸ਼ਹਿਰ ਅਤੇ ਬਾਹਰ ਦੇ ਨਰ ਨਾਰੀ

ਸਤਿਗੁਰੂ ਜੀ ਅਤੇ ਉਨ੍ਹਾਂ ਦੀਆਂ ਮਸਤਾਨੀਆਂ ਸੰਗਤਾਂ ਦੇ ਦਰਸ਼ਨ ਕਰ ਕਰ ਫੁਲਾਂ ਦੀ ਵਰਖਾ ਦੁਆਰਾ ਆਪਣੀ ਸ਼੍ਰਧਾ ਦਾ ਪ੍ਰਮਾਣ ਦੇ ਰਹੇ ਸਨ। ਸਤਿਗੁਰੂ ਜੀ ਨੇ ਅਕਾਲ ਬੁੰਗੇ ਅੱਗੇ ਪੁਜ ਕੇ ਸ੍ਰਧਾ ਅਨੁਸਾਰ ਭੇਟਾ ਰਖੀ ਪਰ ਪੁਜਾਰੀਆਂ ਵਲੋਂ ਕੁਛ ਵਧ ਘਟ ਬਚਨ ਹੋਣ ਦੇ ਕਾਰਨ ਸਤਿਗੁਰੂ ਜੀ ਨੇ ਦਰਸ਼ਨੀ ਡਿਉੜੀ ਅਤੇ ਅਕਾਲ ਬੁੰਗੇ ਦੇ ਵਿਚਕਾਰ ਖਲੋਕੇ ਆਪ ਹੀ ਅਰਦਾਸ ਕਰਕੇ ਕੜਾਹ ਪ੍ਰਸ਼ਾਦ (ਜੋ ਡੇਰਿਓਂ ਹੀ ਤਿਆਰ ਕਰਕੇ ਨਾਲ ਲੈ ਗਏ ਸਨ) ਵਰਤਾ ਦਿਤਾ। ਇਸਤੋਂ ਪਿਛੋਂ ਸਤਿਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਗਏ। ਸੁਕਾਰੀ ਰਪੋਟ ਵਿਚ ਲਿਖਿਆ ਹੈ ਕਿ—"ਦਰਬਾਰ ਦੇ ਮਹੰਤਾਂ ਵਲੋਂ ਉਨ੍ਹਾਂ ਨੂੰ ਇਕ ਦਸਤਾਰ ਤੇ ਇਕ ਦੁਸ਼ਾਲਾ ਪੇਸ਼ ਕੀਤਾ ਗਿਆ ਜੋ ਆਪਨੇ ਸਤਿਕਾਰ ਸਹਿਤ ਸਵੀਕਾਰ ਕੀਤਾ। ਇਸਤੋਂ ਪਿਛੋਂ ਆਪ ਗੁਰਦਵਾਰਾ ਝੰਡਾ ਬੁੰਗਾ ਵਿਖੇ ਗਏ ਜਿਥੋਂ ਇਕ ਦੁਪਟਾ ਤੇ ਇਕ ਦਸਤਾਰ ਭੇਟ ਕੀਤੀ ਗਈ।" (ਪੰਨਾ ੬੪)

ਕੂਕਾ ਰੀਕਾਰਡ ਵਿਚ ਲਿਖਿਆ ਹੈ, ਕਿ—"ਆਪ ੨੮ ਅਕਤੂਬਰ ਨੂੰ ਫ਼ੇਰ ਦਰਬਾਰ ਸਾਹਿਬ ਗਏ ਅਤੇ ਕੁਛ ਸਮੇਂ ਤਕ ਰਾਜਾਸਾਂਸੀ ਵਾਲੇ ਸ੍ਰਦਾਰਾਂ ਦੇ ਬੁੰਗੇ ਵਿਚ ਆਰਾਮ ਕੀਤਾ। ਰਾਜਾਸਾਂਸੀ ਦੇ ਸ੍ਰਦਾਰਾਂ, ਸ੍ਰਦਾਰ ਸ਼ਮਸ਼ੇਰ ਸਿੰਘ, ਅਤੇ ਉਨ੍ਹਾਂ ਦੇ ਭਾਈ ਸ੍ਰਦਾਰ ਠਾਕੁਰ ਸਿੰਘ ਨੇ ਆਪਦੇ ਦਰਸ਼ਨ ਪਰਸਨ ਦਾ ਸੁਭਾਗ ਪ੍ਰਾਪਤ ਕਰਨ ਉਪਰੰਤ ਭੇਟਾ ਅਰਪਨ ਕੀਤੀ।

ਉਸ ਪਿਛੋਂ ਹਿੰਦੂ ਮੁਸਲਮ ਅਤੇ ਸਿਖ ਰਈਸਾਂ ਨੇ ਆਪ ਦੇ ਦਰਸ਼ਨ ਕੀਤੇ। ਮਿਸਟਰ ਕਲਾਰਕ ਮਿਸਟਰ ਸਟੌਰਸ, ਅਤੇ ਮਿਸਟਰ ਕਰਿਸਟੀ ਏ. ਐਸ. ਪੀ. ਨੇ ਵੀ ਦਰਸ਼ਨਾਂ ਲਈ ਪ੍ਰਾਰਥਨਾ ਕੀਤੀ ਜੋ ਪ੍ਰਵਾਨ ਹੋਈ। ਦੀਪ ਮਾਲਾ ਦੇ ਮੇਲੇ ਤੇ ਜਿਨੇਂ ਦਿਨ ਰਹੇ, ਲੋਕ ਬਹੁਤ ਗਿਣਤੀ ਵਿਚ ਕੂਕੇ ਸਜਦੇ ਰਹੇ। ਕਈਆਂ ਦਾ ਕਹਿਣਾ ਹੈ, ਕਿ ਇਸ ਮੇਲੇ ਵਿਚ ੨ ਹਜ਼ਾਰ ਨਵੇਂ ਕੂਕੇ ਤਿਆਰ ਹੋਏ। ਧੌਲਪੁਰ ਅਤੇ ਪਟਿਆਲੇ ਦੇ ਰਾਜੇ ਦੇ ਰਿਸ਼ਤੇਦਾਰ ਸ੍ਰਦਾਰ ਮੰਗਲ ਸਿੰਘ ਬਿਸ਼ਨਪੁਰੀਏ ਅਤੇ ਹੇਠ ਲਿਖੇ ਸੂਬੇ ਆਪਦੇ ਨਾਲ ਸਨ:—

(੧) ਸਤਿਗੁਰੂ ਜੀ ਆਪ,

(੨) ਬਾਬਾ ਜੱਸਾ ਸਿੰਘ ਜੀ (ਸਤਿਗੁਰੂ ਜੀ ਦੇ ਪਿਤਾ ਜੀ)

(੩) ਬਾਬਾ ਸੁਧ ਸਿੰਘ ਜੀ ਸੂਬਾ ਜ਼ਿਲਾ ਅੰਬਾਲਾ

(੪) ਬਾਬਾ ਸਾਹਿਬ ਸਿੰਘ ਜੀ, " ... ... ...ਪ੍ਰਧਾਨ ਸੂਬਾ

(੫) ਬਾਬਾ ਨੈਣਾਂ ਸਿੰਘ ਜੀ " ... ... ...ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ

(੬) ਬਾਬਾ ਮਲੂਕ ਸਿੰਘ ਜੀ " ... ... ... ਭੂਲੇਵਾਲਾ ਜ਼ਿਲ੍ਹਾ ਫੀਰੋਜ਼ਪੁਰ

(੭) ਬਾਬਾ ਸਮੁੰਦ ਸਿੰਘ ਜੀ "... ... ...ਕੁਰਾਈਵਾਲਾ ਫੀਰੋਜ਼ਪੁਰ

(੮) ਬਾਬਾ ਕਾਹਨ ਸਿੰਘ ਜੀ ਨਿਹੰਗ ਚੱਕ ਕਲਾਂ ਰਿਆਸਤ ਮਲੇਰ ਕੋਟਲਾ

(੯) ਬਾਬਾ ਖਜਾਨ ਸਿੰਘ ਜੀ ਲਧਾਨਾ ਜ਼ਿਲ੍ਹਾ ਜਲੰਧਰ

(੧੦) ਬਾਬਾ ਲੱਖਾ ਸਿੰਘ ਜੀ ਸੂਬਾ ਮਲੌਦ ਜ਼ਿਲ੍ਹਾ ਲੁਧਿਆਨਾ

(੧੧) ਬਾਬਾ ਜਮੀਤ ਸਿੰਘ ਜੀ ਸੂਬਾ ਗਿਲ ਜ਼ਿਲ੍ਹਾ ਸਿਆਲਕੋਟ

(੧੨) ਬਾਬਾ ਜੈਤਾ ਸਿੰਘ ਜੀ ਸੂਬਾ ਢਪਈ ਜ਼ਿਲ੍ਹਾ ਸਿਆਲਕੋਟ

(੧੩) ਬਾਬਾ ਬ੍ਰਹਮਾ ਸਿੰਘ ਜੀ ਸੂਬਾ ਦਰਜਾਪੁਰ ਜ਼ਿਲ੍ਹਾ ਕਰਨਾਲ

(੧੪) ਬਾਬਾ ਰਾਮ ਦਾਸ ਬਹਿਮਣ ਜਗਰਾਓਂ

(੧੫) ਬਾਬਾ ਲਾਲ ਸਿੰਘ ਜੀ ਗੁੰਮਟੀ ਰਿਆਸਤ ਨਾਭਾ

(੧੬) ਬਾਬਾ ਵਸਾਵਾ ਸਿੰਘ ਜੀ ਗੁਲ ਚੋਤਾ

(੧੭) ਬਾਬਾ ਜਵਾਹਰ ਸਿੰਘ ਜੀ ਤਖਤੂ ਪੁਰਾ ਜ਼ਿਲ੍ਹਾ ਫੀਰੋਜਪੁਰ

(੧੮) ਬਾਬਾ ਹਰਨਾਮ ਸਿੰਘ ਜੀ ਝਿੰਡ ਜਿਲਾ ਸਿਰਸਾ

(੧੯) ਬਾਬਾ ਪਹਾੜਾ ਸਿੰਘ ਜੀ ਮਲੌਦ ਜ਼ਿਲ੍ਹਾ ਲੁਧਿਹਾਨਾ

ਅੰਮ੍ਰਿਤਸਰ ਦਿਵਾਲੀ ਦੇ ਮੇਲੇ ਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ ਅਤੇ ਉਨ੍ਹਾਂ ਦੀ ਪੁਤ੍ਰੀ ਵੀ ਨਾਲ ਸਨ। ਅੰਮ੍ਰਿਤਸਰ ਦੇ ਰਈਸਾਂ ਤੇ ਵਪਾਰੀਆਂ ਨੇ ੭੦੦) ਸੱਤ ਸੌ ਰੁਪਯਾਂ ਦੀਆਂ ਕੀਮਤੀ ਚੀਜਾਂ ਆਪਦੀ ਸੇਵਾ ਵਿਚ ਅਰਪਣ ਕੀਤੀਆਂ। ਕਪੜਿਆਂ ਦੇ ਵਡ ਮੁਲੇ ੧੨ ਥਾਨ ਵੀ ਆਪ ਦੀ ਭੇਟਾ ਕੀਤੇ ਗਏ। ਆਪ ਨੇ ਏਥੇ ਸਾਢੇ ੭ ਸੌ ਰੁਪਯਾਂ ਦੇ ਕੰਬਲ ਲੋੜਵੰਦਾਂ ਵਿਚ ਵੰਡੇ।

## ਮਾਈ ਹੁਕਮੀ

ਇਕ ਨੌ ਜਵਾਨ ਲੜਕੀ ਹੁਕਮੀ ਨੂੰ, ਜਿਸਦੀ ਉਮਰ ੨੦ ਸਾਲ ਹੈ, ਜ਼ਿਲ੍ਹਾ ਅੰਮ੍ਰਿਤਸਰ ਦੀਆਂ ਇਸਤ੍ਰੀਆਂ ਵਿਚ ਪ੍ਰਚਾਰ ਕਰਨ ਦੇ ਮੰਤਵ ਨਾਲ ਸੂਬਾ ਨਿਯੁਕਤ ਕੀਤਾ ਗਿਆ ਹੈ। ਉਸਦਾ ਨਾਉਂ ਹੁਕਮੀ ਹੈ। ਜੋ ਜਿਲਾ

ਅੰਮ੍ਰਿਤਸਰ ਦੇ ਪਿੰਡ ਵਰਿਆਂਹ ਥਾਣਾਂ ਮਿਰਹਾਲੀ ਦੇ ਜ਼ਿਮੀਦਾਰ ਰਤਨ ਸਿੰਘ ਦੀ ਲੜਕੀ ਹੈ। ਉਸਦਾ ਕੰਮ ਇਸਤਰੀਆਂ ਨੂੰ ਸਿਖ ਬਣਾ ਕੇ ਕੂਕਾ ਪੰਥ ਵਿਚ ਸ਼ਾਮਿਲ ਕਰਨਾ ਹੈ" (ਕੂਕਾ ਪੇਪਰਜ਼ ਪੰਨਾ ੬੪ ਤੋਂ ੬੬)

ਕਰਨਲ ਮੈਕ ਐਂਡਰਜੂ ਅਪਨੇ ਇਕ ਮੈਮੋਰੰਡਮ ਵਿਚ ਲਿਖਦਾ ਹੈ, ਕਿ—"ਮੈਂ ਸ੍ਰਦਾਰ ਮੰਗਲ ਸਿੰਘ ਰਾਮਗੜ੍ਹੀਏ ਆਨਰੇਰੀ ਮਜਿਸਟਰੇਟ, ਸਰਬ੍ਰਾਹ ਦਰਬਾਰ ਸਾਹਿਬ ਅਤੇ ਹੋਰ ਕਈ ਸਿਖ ਸ੍ਰਦਾਰਾਂ ਤੋਂ ਪੁਛਿਆ ਕਿ ਉਨ੍ਹਾਂ ਨੇ (ਗੁਰੂ) ਰਾਮ ਸਿੰਘ ਸਬੰਧੀ ਕੀ ਸਮਝਿਆ ਹੈ? ਉਤਰ ਵਿਚ ਸਭ ਨੇ ਕਿਹਾ ਕਿ ਉਹ ਨੇਕ ਸੁਭਾ ਵਾਲਾ ਅਤੇ ਸ਼ਾਂਤ ਚਿਤ ਆਦਮੀ ਹੈ ਜਿਸਨੇ ਜੋ ਕੁਛ ਪੜ੍ਹਿਆ ਹੈ, ਉਸ ਤੇ ਨਿਸਚਾ ਵੀ ਕੀਤਾ ਹੈ" (ਕੂਕਾ ਪੇਪਰਜ਼ ਪੰਨਾ ੬੬)

## ਕੂਕਿਆਂ ਦੇ ਵਿਰੁੱਧ ਫ਼ਤਵਾ

ਜਿਸ ਤਰ੍ਹਾਂ ਵਰਤਮਾਨ ਹਿੰਦੁਸਤਾਨ ਵਿਚ ਕੇਵਲ ਦੋ ਹੀ ਪਾਰਟੀਆਂ ਹਨ, ਇਕ ਹਕੂਮਤ ਅਤੇ ਦੂਜੀ ਕਾਂਗਰਸ, ਏਸੇ ਤਰ੍ਹਾਂ ਓਦੋਂ ਵੀ ਇਹ ਦੋਵੇਂ ਜਮਾਤਾਂ ਸਨ, ਇਕ —"ਕੂਕੇ" ਅਤੇ ਦੂਜੀ ਗਵਰਮੈਂਟ। ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਹਿੰਦੁਸਤਾਨ ਦੀ ਇਕੋ ਇਕ ਪ੍ਰਤੀਨਿਧ ਜਮਾਤ ਹੈ, ਜਿਸਦਾ ਰਾਜਸੀ ਨਿਸ਼ਾਨਾ ਹਿੰਦੁਸਤਾਨ ਦੀ ਪੂਰਨ ਸੁਤੰਤ੍ਰਤਾ ਹੈ, ਉਸ ਸਮੇਂ ਕੇਵਲ "ਕੂਕਾ ਸਮਾਜ" ਹੀ ਦੇਸ਼ ਦੀ ਨੈਸ਼ਨਲ ਜਮਾਤ ਸੀ ਜਿਸਦਾ ਨਿਸ਼ਾਨਾ ਪੰਜਾਬ ਵਿਚ ਖਾਲਸਾ ਰਾਜ ਯਾ ਸ੍ਵੈਰਾਜ ਨੂੰ ਕਾਇਮ ਕਰਨਾ ਸੀ। ਜਿਸ ਤਰ੍ਹਾਂ ਵਰਤਮਾਨ ਵਿਚ ਕੁਛ ਫਿਰਕੂ ਜਮਾਤਾਂ ਫ਼ਿਰਕੂ ਝਗੜਿਆਂ ਦੀ ਆੜ ਲੈ ਕੇ ਕਾਂਗਰਸ ਦੇ ਵਿਰੁੱਧ ਫ਼ਤਵੇ ਦੇਕੇ ਅੰਗ੍ਰੇਜ਼ ਹਕੂਮਤ ਦੀ ਉਮਰ ਨੂੰ ਲੰਮੀ ਕਰਨ ਦਾ ਕਾਰਨ ਸਿੱਧ ਹੋ ਰਹੀਆਂ ਹਨ, ਏਸੇ ਤਰ੍ਹਾਂ ਓਦੋਂ ਵੀ ਸ੍ਰਦਾਰਾਂ, ਜਗੀਰਦਾਰਾਂ, ਮਹੰਤਾਂ ਤੇ ਪੁਜਾਰੀਆਂ ਦੀਆਂ ਅਜਿਹੀਆਂ ਸ਼੍ਰੇਣੀਆਂ ਸਨ ਜੋ ਕੂਕਿਆਂ ਦੇ ਵਿਰੁੱਧ ਫ਼ਤਵੇ ਦੇਕੇ ਸ੍ਰਕਾਰ ਨੂੰ ਖ਼ੁਸ਼ ਕਰਨ ਦੀ ਚੇਸ਼ਟਾ ਕਰਦੀਆਂ ਸਨ। ਸੋ ਸੰਪ੍ਰਦਾਇਕ ਮਤਭੇਦ ਦਾ ਬਹਾਨਾ ਬਣਾ ਕੇ ਅਕਾਲ ਤਖ਼ਤ ਦੇ ਪੁਜਾਰੀਆਂ ਵਲੋਂ ਕੂਕਿਆਂ ਦੇ ਵਿਰੁੱਧ ਫ਼ਤਵਾ ਸਾਦਰ ਕੀਤਾ ਗਿਆ ਕਿ ਉਹ ਸਿਖ ਤਖਤਾਂ ਤੋਂ ਖ਼ਾਰਜ ਹਨ। ਇਸ ਫ਼ਤਵੇ ਨੇ ਬ੍ਰਤਾਨਵੀ ਸ੍ਰਕਾਰ ਦਾ ਮਨਸ਼ਾ ਬਹੁਤ ਹੱਦ ਤਕ ਪੂਰਾ ਕਰ ਦਿਤਾ, ਕਿਉਂਕਿ ਜਿਨ੍ਹਾਂ ਸਿਖਾਂ ਨੂੰ ਵਿਦੇਸ਼ੀ ਰਾਜ ਦੀ ਗੁਲਾਮੀ ਤੋਂ ਆਜ਼ਾਦ ਕਰਨ ਲਈ ਕੂਕਿਆਂ ਨੇ ਅੰਗ੍ਰੇਜ਼ ਨਾਲ ਬੜੀ ਭਾਰੀ ਟੱਕਰ ਲਾਕੇ ਕੁਰਬਾਨ ਹੋਣਾ ਪ੍ਰਵਾਨ ਕੀਤਾ ਸੀ, ਉਨ੍ਹਾਂ

ਨੂੰ ਹੀ ਕੂਕਿਆਂ ਤੋਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ।*

ਅੰਮ੍ਰਿਤਸਰ ਤੋਂ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਸਮੂਹ ਵਡੇ ਵਡੇ ਗੁਰਦਵਾਰਿਆਂ ਦੀ ਯਾਤ੍ਰਾ ਕੀਤੀ। ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਇਸ ਸਬੰਧੀ ਆਪਣੀ ਅੰਗ੍ਰੇਜ਼ੀ ਪੁਸਤਕ "ਗੁਰਦਵਾਰਾ ਰੀਫ਼ਾਰਮ ਮੂਵਮੈਂਟ" ਵਿਚ ਲਿਖਿਆ ਹੈ, ਕਿ "ਇਹ ਕੱਟੜ ਲਹਿਰ ਇਖ਼ਲਾਕੀ ਕਮਜ਼ੋਰੀਆਂ ਫੈਲਣ ਅਤੇ ਸਿਖਾਂ ਅੰਦਰ ਮੁੱਢਲੀ ਅਤੇ ਉਤਸ਼ਾਹ ਭਰੀ ਸਪਿਰਿਟ ਨੂੰ ਨਵੇਂ ਸਿਰੇ ਸੁਰਜੀਤ ਕਰਨ ਦਾ ਪੁਰਸ਼ਾਰਥ ਸੀ। ਇਹ ਲਹਿਰ ਉਨ੍ਹਾਂ ਪੁਜਾਰੀਆਂ ਦੇ ਦੁਰਾਚਾਰਾਂ ਅਤੇ ਭੈੜੇ ਕਰਮਾਂ ਦੇ ਵਿਰੁੱਧ ਇਕ ਤਕੜੀ ਮੁਹਿੰਮ ਸੀ।**

ਇਸ ਵਿਸ਼ਯ ਵਿਚ ਏਹੀ ਸ਼ਬਦ ਸ੍ਰੀ ਮਾਨ ਪ੍ਰੋਫੈਸਰ ਤੇਜਾ ਸਿੰਘ ਜੀ ਐਮ ਏ ਖਾਲਸਾ ਕਾਲਜ ਅੰਮ੍ਰਿਤਸਰ ਨੇ (ਜੋ ਅਜ ਕਲ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਹਨ, ਆਪਣੀ ਇਕ ਸੱਜਰੀ ਅਤੇ ਅੰਗ੍ਰੇਜ਼ੀ ਰਚਨਾ--"ਐਸੇਜ਼ ਇਨ ਸਿਖੀਜ਼ਮ"*** ਵਿਖੇ ਲਿਖੇ ਹਨ, ਜੋ ਪ੍ਰੋਫੈਸਰ ਰੁਚੀ ਰਾਮ ਸਾਹਿਬ ਸਾਹਨੀ ਦੀ ਗੁਰਦਵਾਰਾ ਰੀਫ਼ਾਰਮ ਮੂਵਮੈਂਟ ਦੀ ਅੰਗ੍ਰੇਜ਼ੀ ਤਸਨੀਫ਼ ਦੀ ਹੂ ਬਹੂ ਨਕਲ ਜਾਪਦੇ ਹਨ।

## ਕਾਬਲ ਮਿਸ਼ਨ

ਸਤਿਗੁਰੂ ਰਾਮ ਸਿੰਘ ਜੀ ਦੀਆਂ ਕੌਮ ਪ੍ਰਸਤਾਨਾਂ ਸਰਗਰਮੀਆਂ ਦੀ ਪ੍ਰਸਿੱਧੀ ਇਸ ਹੱਦ ਤਕ ਫੈਲੀ ਹੋਈ ਸੀ, ਕਿ ਕਾਬਲ ਦੇ ਇਕ ਪ੍ਰਸਿੱਧ ਅਮੀਰ ਦੇ ਦੋ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੇਵਾ ਵਿਚ ਭੈਣੀ ਸਾਹਿਬ ਪਹੁੰਚ, ਪੰਜਾਬ ਸੂਕਾਰ ਜੋ ਕਿ ਰਾਤ ਦਿਨ ਕੂਕਿਆਂ ਦੀ ਚਿੰਤਾ ਵਿਚ

---

* (ੳ) ੧੯੧੪ ਦੇ ਦੇਸ਼ ਭਗਤਾਂ ਨੂੰ ਏਥੋਂ ਦੇ ਹੀ ਪੁਜਾਰੀਆਂ ਵਲੋਂ ਫਤਵਾ ਦਿਵਾਇਆ ਗਿਆ ਕਿ ਉਹ ਸਿਖ ਨਹੀਂ ਹਨ।

(ਅ) ੧੯੧੯ ਨੂੰ ਜਲਿਆਂ ਵਾਲੇ ਬਾਗ਼ ਵਿਖੇ ਹਜ਼ਾਰਾਂ ਬੇਦੋਸ਼ੇ ਨਰ ਨਾਰੀਆਂ ਤੇ ਬੱਚਿਆਂ ਨੂੰ ਮਸ਼ੀਨਗਨ ਚਲਾ ਕੇ ਧਾਨਾਂ ਵਾਂਗ ਭੁੰਨ ਸੁੱਟਣ ਵਾਲੇ ਜ਼ਾਲਿਮ ਡਾਇਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਵਲੋਂ ਸਿਰੋਪਾ ਦਿਵਾਇਆ ਗਿਆ, ਅਤੇ ਨਾਲ ਹੀ ਇਕ ਕੜਾ ਭੇਟ ਕੀਤਾ ਗਿਆ। ਜਿਸਦਾ ਉਸਦੇ ਮਿੱਤ੍ਰਾਂ ਵਲੋਂ ਪਾਰਲੀਮਿੰਟ ਵਿਚ ਜ਼ਿਕਰ ਕਰਕੇ ਡਾਇਰ ਦੇ ਜ਼ੁਲਮ ਨੂੰ ਨਿਆਇ ਯੁਕਤ (ਜਸਟੀਫ਼ਾਈਡ) ਕਰਾਰ ਦਿਤਾ ਗਿਆ।

** ਪੰਨਾ ੩੪

*** ਪੰਨਾ ੧੨੧

Sri Satguru Jagjit Singh Ji Elibrary NamdhariElibrary@gmail.com

ਬੇਅਰਾਮ ਰਹਿੰਦੀ ਸੀ, ਹਜ਼ਾਰ ਯਤਨ ਕਰਨ ਨਾਲ ਵੀ ਇਸ ਗਲ ਦਾ ਖੋਜ ਨਾ ਕੱਢ ਸਕੀ ਕਿ ਉਸ ਮਿਸ਼ਨ ਦਾ ਮਨੋਰਥ ਕੀ ਸੀ? ਇਸ ਗੱਲ ਦਾ ਇਕਬਾਲ ਸੁਕਾਰੀ ਰਿਕਾਰਡ ਵਿਚੋਂ ਕੈਪਟਨ ਬੋਲੀ ਦੀ ਇਕ ਲਿਖਤ ਦੁਆਰਾ ਸਿੱਧ ਹੁੰਦਾ ਹੈ। ਕਪਤਾਨ ਬੋਲੀ ਲਿਖਦਾ ਹੈ, ਕਿ ਉਨ੍ਹਾਂ (ਪਠਾਣਾਂ) ਦੇ ਇਸ ਸਫਰ ਸੰਬੰਧੀ ਸਹੀ ਮੰਤਵ ਦਾ ਪਤਾ ਨਹੀਂ ਲਗ ਸਕਿਆ, ਪਰ ਇਹ ਗੱਲ ਦਿਲਚਸਪੀ ਵਾਲੀ ਹੈ, ਕਿ ਇਕ ਪੇਂਡੂ ਤਰਖਾਣ ਦੀ ਸ਼ੁਹਰਤ ਦਾ ਡੰਕਾ ਕਿਥੋਂ ਤਕ ਵਜ ਚੁਕਾ ਹੈ।*

* ਕੂਕਾ ਰਿਕਾਰਡ ਪੰਨਾ ੧੬

Sri Satguru Jagjit Singh Ji Elibrary NamdhariElibrary@gmail.com

# ਬਰਾਜਵਾਲੇ ਦੀ ਬਗਾਵਤ

ਫ਼ਰਵਰੀ ੧੮੬੯ ਦੇ ਆਖ਼ਰੀ ਦਿਨਾਂ ਵਿਚ ਜਿਲਾ ਫੀਰੋਜ਼ਪੁਰ ਅਤੇ ਹਿਸਾਰ ਦੇ ੪੪ ਕੂਕੇ ਸਿੱਖ ਬਾਬਾ ਮਸਤਾਨ ਸਿੰਘ ਜੀ ਬਰਾਜਵਾਲਾ ਦੀ ਅਗਵਾਈ ਵਿਚ ਪੰਥ ਸੇਵਾ ਦੇ ਉਦੇਸ਼ ਨਾਲ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਸਨ। ਜਦ ਉਹ ਪਿੰਡ ਕੁਰਾਈਵਾਲਾ ਜ਼ਿਲਾ ਫੀਰੋਜ਼ਪੁਰ ਵਿਚ ਸਨ ਤਾਂ ਪੁਲਸ ਦਾ ਇਕ ਡਿਪਟੀ ਇਨਸਪੈਕਟਰ ਦੀਵਾਨ ਬਖਸ਼ ਇਸ ਮੰਤਵ ਨਾਲ ਉਨ੍ਹਾਂ ਕੋਲ ਭੇਜਿਆ ਗਿਆ, ਕਿ ਉਨ੍ਹਾਂ ਦੇ ਉਦੇਸ਼ ਦਾ ਪਤਾ ਕਰੇ। ਗੱਲਾਂਬਾਤਾਂ ਦੇ ਦੌਰਾਨ ਵਿਚ ਪੁਲਸ ਅਫਸਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਨ ਦੇ ਵਿਰੁੱਧ ਕੁਛ ਅਜਿਹੇ ਸ਼ਬਦ ਕਹੇ, ਜਿਨ੍ਹਾਂ ਨੂੰ ਸਿੱਖ ਸਹਾਰ ਨਾ ਸਕੇ, ਉਨ੍ਹਾਂ ਨੇ ਜੋਸ਼ ਵਿਚ ਆ ਕੇ ਥਾਣੇਦਾਰ ਨੂੰ ਘੋੜੀ ਤੋਂ ਲਾਹ ਲਿਆ ਤੇ, ਉਸਦੀ ਤਲਵਾਰ ਖੋਹ ਲਈ। ਉਸ ਨੇ ਦੌੜ ਕੇ ਕੋਲ ਦੇ ਘਰ ਵਿਚ ਪਨਾਹ ਲਈ ਅਤੇ ਮੌਕਾ ਪਾ ਕੇ ਜਨਾਨਾ ਭੇਸ ਵਿਚ ਨਿਕਲ ਗਿਆ। ਫੀਰੋਜ਼ਪੁਰ, ਜਾ ਕੇ ਉਸਨੇ ਅਪਣੇ ਅਫਸਰਾਂ ਕੋਲ ਰਪੋਟ ਕੀਤੀ ਕਿ:—

"ਕੂਕਿਆਂ ਦੇ ਇਕ ਜਥੇ ਨੇ ਅੰਗ੍ਰੇਜ਼ੀ ਰਾਜ ਮੰਨਣ ਤੋਂ ਨਾਂਹ ਕਰਦਿਆਂ ਹੋਇਆਂ ਖ਼ਾਲਸਾ ਰਾਜ ਦੇ ਕਾਇਮ ਹੋਣ ਦਾ ਐਲਾਨ ਕਰ ਦਿਤਾ ਹੈ।"*

ਇਸ ਰਿਪੋਰਟ ਦੇ ਅਧਾਰ ਤੇ ਫੀਰੋਜ਼ਪੁਰ ਦਾ ਡਿਸਟਰਿਕਟ ਸੁਪਰੰਡੈਂਟ ਪੁਲੀਸ ਮਿਸਟਰ ਟਰਟਨ ਸਮਿਥ ੨੦ ਪੈਦਲ ਅਤੇ ੧੫ ਘੁੜਸਵਾਰ ਪੁਲੀਸ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਰਾਤੋ ਰਾਤ ਕੁਰਾਈਵਾਲੇ ਨੂੰ ਤੁਰ ਪਿਆ। ਇਹ ਪਾਰਟੀ ੧ ਮਾਰਚ ੧੮੬੯ ਨੂੰ ਰਾਤ ਦੇ ਦੋ ਬਜੇ ਮੁਕਤਸਰ ਪੁਜੀ। ਏਥੇ ਟਰਟਨ ਸਮਿਥ ਨੂੰ ਆਲਮ ਸ਼ਾਹ ਤਸੀਲਦਾਰ ਨੇ ਦੱਸਿਆ ਕਿ —"ਕੂਕੇ ਬਰਾਜਵਾਲੇ ਵਿਚ ਇਕੱਠੇ ਹੋ ਰਹੇ ਹਨ, ਅਤੇ ਉਨ੍ਹਾਂ ਨੇ ਹਵਾਲੇ ਹੋਣ ਤੋਂ ਨਾਂਹ ਕਰ ਦਿਤੀ ਹੈ।" ਛੇਕੜ ਇਹ ਲਾਮ ਲਸ਼ਕਰ ਸ਼ਾਮ ਦੇ ੨ ਬਜੇ

---

* ਕੂਕਾ ਰੀਕਾਰਡ ਪੰਨਾ ੬੪



Sri Satguru Jagjit Singh Ji Elibrary NamdhariElibrary@gmail.com

ਖਰਾਜ ਵਾਲੇ ਪੁਜਾ। ਉਨ੍ਹਾਂ ਨੇ ਸੋਢੀ ਮਾਨ ਸਿੰਘ ਅਤੇ ਕੁਛ ਹੋਰ ਪਿੰਡ ਵਾਲਿਆਂ ਦੀ ਸਹੈਤਾ ਨਾਲ ਏਨ੍ਹਾਂ ੪੪ ਸਿਖਾਂ ਨੂੰ ਗ੍ਰਿਫ਼ਤਾਰ ਕਰਕੇ ਫ਼ੀਰੋਜ਼ਪੁਰ ਲੈ ਆਂਦਾ, ਜਿਥੇ ਮਿਸਟਰ ਨੌਕਸ (Knox) ਡਿਪਟੀ ਕਮਿਸ਼ਨਰ ਦੀ ਅਦਾਲਤ ਵਿਚ ਉਨ੍ਹਾਂ ਦੇ ਵਿਰੁੱਧ ਬਗ਼ਾਵਤ ਦਾ ਮੁਕੱਦਮਾ ਚਲਾਇਆ ਗਿਆ। ਸ੍ਰਕਾਰ ਦੀ ਹਦੈਤ ਅਨੁਸਾਰ ਇਨ੍ਹਾਂ ਬਾਗ਼ੀਆਂ ਨੂੰ ਜੋ ਸਜ਼ਾਈਂ ਦਿਤੀਆਂ ਗਈਆਂ ਉਨ੍ਹਾਂ ਨੂੰ ਦੇਖ ਕੇ ਅਚਰਜ ਹੁੰਦਾ ਹੈ। ਜਥੇ ਦੇ ਆਗੂ ਮਸਤਾਨ ਸਿੰਘ ਨੂੰ ੧੮ ਮਹੀਨੇ ਕੈਦ ਤੇ ਪੰਜਾਹ ਰੁਪੈ ਜੁਰਮਾਨੇ ਦਾ ਹੁਕਮ ਹੋਇਆ। ਸਰਮੁਖ ਸਿੰਘ ਤੇ ਹਰਨਾਮ ਸਿੰਘ ਨੂੰ ਇਕ ਇਕ ਸਾਲ ਕੈਦ ਤੇ ਪੰਝੀ ਪੰਝੀ ਜੁਰਮਾਨਾ; ਸਰਮੁਖ ਸਿੰਘ ਫੂਲੇਵਾਲਾ ਨੂੰ ੩ ਮਹੀਨੇ ਕੈਦ ਤੇ ਦਸ ਰੁਪੈ ਜੁਰਮਾਨਾ, ਬਚਿਤ੍ਰ ਸਿੰਘ ਕੁਰਾਈਵਾਲਾ ਨੂੰ ੬ ਮਹੀਨੇ ਕੈਦ ਅਤੇ ਬੋਲੀ ਸਿੰਘ ਖਰਾਜਵਾਲਾ ਨੂੰ ਕੇਵਲ ੧੦ ਰੁਪੈ ਜੁਰਮਾਨਾ, ਹੇਠਾਂ ਲਿਖੇ ਅਨੁਸਾਰ ੩੭ ਸਿਖਾਂ ਨੂੰ ਸਾਫ਼ ਬਰੀ ਕਰ ਦਿਤਾ ਗਿਆ:-*

(੧) ਅਣੋਖ ਸਿੰਘ ਪਿੰਡ ਜੰਡਵਾਲਾ, (੨) ਅਨੂਪ ਸਿੰਘ ਪਿੰਡ ਰੁਪੇਵਾਲਾ. (੩) ਬਹਾਦਰ ਸਿੰਘ ਖਰਾਜਵਾਲਾ, (੪) ਬੋਲਾ ਸਿੰਘ ਖਰਾਜਵਾਲਾ, (੫) ਭੂਪ ਸਿੰਘ (੬) ਭਗਵਾਨ ਸਿੰਘ ਜੰਡਵਾਲਾ, (੭) ਬੁਧ ਸਿੰਘ ਜੰਡਵਾਲਾ, (੮) ਭਗਵਾਨ ਸਿੰਘ ਸੋਆਹਗ, (੯) ਚੰਦਾ ਸਿੰਘ ਸੋਥਾ, (੧੦) ਧਿਆਨ ਸਿੰਘ ਲਬਾਰਵਾਲਾ. (੧੧) ਦਿਆਲ ਸਿੰਘ ਸੁੰਡੇਵਾਲਾ (੧੨) ਹੀਰਾ ਸਿੰਘ ਫੂਲੇਵਾਲਾ, (੧੩) ਹਰਨਾਮ ਸਿੰਘ ਦੂਹੇਵਾਲ, (੧੪) ਜੈ ਸਿੰਘ ਸੋਥਾ, (੧੫) ਜੈਮਲ ਸਿੰਘ ਖੂਨਣਾਂ, (੧੬) ਜਮੀਤ ਸਿੰਘ ਸੁੰਡਵਾਲਾ, (੧੭) ਜੀਤਾ ਸਿੰਘ ਦੂਹੇਵਾਲ; (੧੮) ਕਾਹਨ ਸਿੰਘ ਜੋਗਾਂ, (੧੯) ਖਜ਼ਾਨ ਸਿੰਘ ਸੋਥਾ, (੨੦) ਖੜਕ ਸਿੰਘ ਸੋਥਾ, (੨੧) ਲਾਲ ਸਿੰਘ ਸੋਥਾ. (੨੨) ਮਹਾਂ ਸਿੰਘ ਲਬਾਰਵਾਲਾ, (੨੩) ਮਾਨ ਸਿੰਘ ਸੋਥਾ, (੨੪) ਮਲੂਕ ਸਿੰਘ ਫੂਲੇਵਾਲ, (੨੫) ਨਰੈਣ ਸਿੰਘ ਕੁਰਾਈਵਾਲਾ, (੨੬) ਨੰਦ ਸਿੰਘ ਫੂਲੇਵਾਲਾ, (੨੭) ਨੱਤਾ ਸਿੰਘ ਮਹਾਬੱਧਰ, (੨੮) ਸ਼ੇਰ ਸਿੰਘ ਭੋਲੇਵਾਲਾ, (੨੯) ਸਾਹਿਬ ਸਿੰਘ ਕੁਰਾਈਵਾਲਾ, (੩੦) ਸੋਭਾ ਸਿੰਘ ਸੋਥਾ, (੩੧) ਸੁਹੇਲ ਸਿੰਘ ਔਲਖ

---

* ਇਹ ਸਿਖ ਦੇਸ਼ ਸੇਵਾ ਦੇ ਜਜਥੇ ਹੇਠ ਆਪਣੇ ਘਰਾਂ ਦਾ ਸਭ ਫ਼ਿਰਪੱਤ ਵੇਚ ਕੇ ਨਾਲ ਹੀ ਲੈ ਤੁਰੇ ਸਨ। ਇਸ ਲਈ ਇਨ੍ਹਾਂ ਕੋਲ ਕਾਫ਼ੀ ਨਕਦੀ ਤੇ ਸੋਨੇ ਚਾਂਦੀ ਦੇ ਗਹਿਣੇ ਸਨ, ਜੋ ਸਾਰੇ ਦੇ ਸਾਰੇ ਪੁਲਸ ਨੇ ਆਪਣੇ ਕਬਜ਼ੇ ਵਿਚ ਲੈ ਲਏ। ਪੁਲਸ ਦੀ ਆਪਣੀ ਰਪੋਟ ਅਨੁਸਾਰ ਉਨ੍ਹਾਂ ਕੋਲੋਂ ਪੰਜ ਹਜ਼ਾਰ ਰੁਪਯਾ ਨਕਦ ਤੇ ਬਹੁਤ ਸਾਰਾ ਸੋਨਾ ਚਾਂਦੀ ਲੈ ਕੇ ਸ੍ਰਕਾਰੀ ਖਜ਼ਾਨੇ ਵਿਚ ਜਮਾਂ ਕਰਾ ਦਿਤਾ ਗਿਆ।

(ਸਿਰਸਾ), (੩੨) ਸੁਧ ਸਿੰਘ ਜੋਗਾ ਰੱਲਾ, (੩੩) ਤਾਰਾ ਸਿੰਘ ਫੱਕਰਸਰ, (੩੪) ਅਮਰ ਸਿੰਘ ਸੂੰਡੇਵਾਲਾ, (੩੫) ਅਮਰ ਸਿੰਘ ਗੁਰੂਸਰ, (੩੬) ਵੀਰ ਸਿੰਘ ਲਬਾਰਵਾਲਾ ਅਤੇ (੩੭) ਵਜ਼ੀਰ ਸਿੰਘ ਰੁਪਾਣਾ।

ਇਸ ਮੁਕੱਦਮੇ ਤੇ ਇਕ ਸਧਾਰਣ ਦ੍ਰਿਸ਼ਟੀ ਪਾਣ ਤੋਂ ਪਿਛੋਂ ਇਹ ਸਪਸ਼ਟ ਹੋ ਜਾਂਦਾ ਹੈ, ਕਿ ਇਨ੍ਹਾਂ ਦੇ ਵਿਰੁੱਧ ਬਗਾਵਤ ਦਾ ਦੋਸ਼ ਸਿਧ ਨਹੀਂ ਹੋ ਸਕਿਆ ਅਤੇ ਜੇਹੜਾ ਰਗੜਾ ਇਨ੍ਹਾਂ ਗਰੀਬਾਂ ਨੂੰ ਲੱਗਾ ਉਸ ਦੀ ਤਹਿ ਵਿਚ ਕੇਵਲ ਥਾਣੇਦਾਰ ਦੀਵਾਨ ਬਖਸ਼ ਦਾ ਰੰਜ ਸੀ। ਇਹ ਸਭ ਕੁਛ ਸਾਬਿਤ ਹੋ ਜਾਣ ਤੇ ਵੀ ਸਿਖਾਂ ਦਾ ਹਜ਼ਾਰਾਂ ਰੁਪਯਾਂ ਦਾ ਮਾਲ ਵਾਪਸ ਨਾ ਕੀਤਾ ਗਿਆ, ਇਹ ਖ੍ਰਤਾਨਵੀ ਨਿਆਂ ਦਾ ਇਕ ਅਜਬ ਨਮੂਨਾ ਹੈ।

ਇਸ ਝੂਠੀ ਰਪੋਟ ਦਾ ਸਿਰ ਸਦਕਾ ਸ੍ਰਕਾਰ ਨੂੰ ਤਾਂ ਇਹ ਲਾਭ ਹੋਇਆ ਕਿ ਹਜਾਰਾਂ ਰੁਪੈ ਨਕਦ ਅਤੇ ਹਜਾਰਾਂ ਦਾ ਸੋਨਾ ਚਾਂਦੀ ਉਸਦੇ ਖਜ਼ਾਨੇ ਵਿਚ ਜਮਾਂ ਹੋ ਗਿਆ, ਸੋਢੀ ਮਾਨ ਸਿੰਘ ਨੂੰ ਆਨਰੇਰੀ ਮਜਿਸਟਰੇਟੀ ਮਿਲ ਗਈ, ਅਰ ਪਿੰਡ ਦੇ ਕੁਛ ਲੋਕਾਂ ਨੂੰ ਥੋੜ੍ਹਾ ਥੋੜ੍ਹਾ ਰੁਪਯਾ ਇਨਾਮ ਵਜੋਂ ਦਿਤਾ ਗਿਆ ਪਰ ਟਰਟਨ ਸਾਹਿਬ ਅਤੇ ਉਸਦੇ ਲਸ਼ਕਰੀ ਸਿਪਾਹੀ ਤਲੀਆਂ ਮਲਦੇ ਖਾਲੀ ਦੇ ਖਾਲੀ ਹੀ ਰਹਿ ਗਏ।

ਉਪ੍ਰੋਕਤ ਘਟਨਾ ਤੋਂ ਸਿੱਧ ਹੁੰਦਾ ਹੈ, ਕਿ ਉਨ੍ਹਾਂ ਦਿਨਾਂ ਵਿਚ ਕੂਕੇ ਬੀਰਾਂ ਨੂੰ ਪੁਲਸ ਖਾਹ ਮਖਾਹ ਤੰਗ ਕਰਿਆ ਕਰਦੀ ਸੀ, ਅਤੇ ਉਨ੍ਹਾਂ ਦੇ ਛੋਟੇ ਛੋਟੇ ਇਕੱਠਾਂ ਤੋਂ ਵੀ ਇਹ ਅਨੁਮਾਨ ਲਾ ਲਿਆ ਜਾਂਦਾ ਸੀ, ਕਿ ਸ੍ਰਕਾਰ ਦਾ ਤਖ਼ਤਾ ਉਲਟਾਣ ਵਾਸਤੇ ਹੀ ਇਕੱਤ੍ਰ ਹੋਏ ਹਨ।

❀

Sri Satguru Jagjit Singh Ji Elibrary NamdhariElibrary@gmail.com

# ਕੂਕਾ ਰਜਮੈਂਟ ਕਸ਼ਮੀਰ

ਨਵੰਬਰ ੧੮੬੯ ਵਿਚ ਗਵਰਮੈਂਟ ਨੂੰ ਅਪਣੇ ਅਫ਼ਸਰਾਂ ਦੀਆਂ ਰਪੋਟਾਂ ਤੋਂ ਪਤਾ ਲੱਗਾ ਕਿ ਕਸ਼ਮੀਰ ਦਾ ਮਹਾਰਾਜਾ ਇਕ ਕੂਕਾ ਪਲਟਨ ਖੜ੍ਹੀ ਕਰ ਰਿਹਾ ਹੈ, ਅਤੇ ਕਸ਼ਮੀਰ ਜਾਣ ਵਾਲਾ ਹਰ ਇਕ ਰੰਗਰੂਟ ਸਤਿਗੁਰੂ ਰਾਮ ਸਿੰਘ ਜੀ ਤੋਂ ਸਰਟੀਫਿਕੇਟ ਲੈ ਕੇ ਜਾਂਦਾ ਹੈ। (ਕੂਕਾ ਰੀਕਾਰਡ ਪੰਨਾ ੯੭) ੧੮੬੯ ਦੇ ਅਖ਼ੀਰ ਵਿਚ ਇਸ ਮੰਤਵ ਲਈ ਇਕ ਥਾਣੇਦਾਰ ਨੂੰ ਜੰਮੂ ਭੇਜਿਆ ਗਿਆ, ਕਿ ਕੂਕਾ ਪਲਟਨ ਦੀ ਬਨਾਵਟ ਤੇ ਉਸਦੇ ਅੰਦਰੂਨੀ ਹਾਲਾਤ ਦਾ ਪਤਾ ਕਰੇ। ਉਸਨੇ ਫਰਵਰੀ ੧੮੭੦ ਨੂੰ ਵਾਪਸ ਆ ਕੇ ਇਹ ਰਪੋਟ ਪੇਸ਼ ਕੀਤੀ:—

"ਕੋਈ ੬-੭ ਮਹੀਨੇ ਹੋਏ, ਜਦੋਂ ਹੀਰਾ ਸਿੰਘ ਅੰਬਾਲਾ, ਤਾਰਾ ਸਿੰਘ ਕਿਲਾ ਦੇਸ ਰਾਜ ਜ਼ਿਲ੍ਹਾ ਅੰਮ੍ਰਿਤਸਰ, ਲਾਲ ਸਿੰਘ ਪਟਿਆਲਾ, ਚੰਦਾ ਸਿੰਘ ਅੰਮ੍ਰਿਤਸਰ ਅਤੇ ਲਗ ਭਗ ੩੦ ਕੂਕੇ ਹੋਰ, ਮਹਾਰਾਜਾ ਕਸ਼ਮੀਰ ਪਾਸ ਗਏ, ਅਤੇ ਨੌਕਰੀ ਲਈ ਦਰਖ਼ਾਸਤ ਕੀਤੀ। ਮਹਾਰਾਜਾ ਨੇ ਉਨ੍ਹਾਂ ਨਾਲ ਇਕਰਾਰ ਕੀਤਾ, ਕਿ ਉਹ ਇਕ ਕੂਕਾ ਪਲਟਣ ਬੰਨ੍ਹਣ ਵਾਸਤੇ ਤਿਆਰ ਹਨ। ਏਸ ਲਈ ਜੰਮੂ ਸ਼ਹਿਰ ਦੇ ਬਾਹਰਵਾਰ ਉਨ੍ਹਾਂ ਲਈ ਇਕ ਛਾਉਣੀ ਤਿਆਰ ਕੀਤੀ ਗਈ, ਤੇ ਓਧਰ ਭਰਤੀ ਸ਼ੁਰੂ ਹੋ ਗਈ। ਮੈਂ ਜਦ ਓਥੇ ਗਿਆ ਸਾਂ ੧੫੦ ਕੂਕਿਆਂ ਦੀ ਨਫ਼ਰੀ ਸੀ, ਜਿਨ੍ਹਾਂ ਵਿਚੋਂ ੭੧ ਉਸ ਸਮੇਂ ਹਾਜ਼ਰ ਸਨ। ਹੀਰਾ ਸਿੰਘ ਨੂੰ ਕੂਕਾ ਪਲਟਨ ਦਾ ਕਮਾਂਡਰ ਨੀਯਤ ਕੀਤਾ ਗਿਆ ਸੀ, ਪਰ ਉਸ ਵੇਲੇ ਉਹ ਵੀ ਹਾਜ਼ਰ ਨਹੀਂ ਸੀ।"*

## ਰਾਣਾ ਨੇਪਾਲ ਨਾਲ ਸੰਬੰਧ

ਗ੍ਰੰਥ ਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਕੂਕਾ ਸਿਖ ਕਿਸ਼ਨ ਸਿੰਘ ਮਹਾਰਾਣਾ ਨੇਪਾਲ ਪਾਸ ਨੌਕਰ ਸੀ। ਰਾਣਾ ਸਾਹਿਬ ਨੇ ਸਤਿਗੁਰੂ ਰਾਮ ਸਿੰਘ

* ਕੂਕਾ ਰੀਕਾਰਡ ਪੰਨਾ ੯੨-੯੩



Sri Satguru Jagjit Singh Ji Elibrary NamdhariElibrary@gmail.com

ਜੀ ਦੀ ਸੋਭਾ ਸੁਣ ਕੇ ਕਿਸ਼ਨ ਸਿੰਘ ਰਾਹੀਂ ਭੈਣੀ ਸਾਹਿਬ ਵਿਖੇ ਇਕ ਚਿਠੀ ਭੇਜੀ ਜਿਸ ਵਿਚ ਲਿਖਿਆ ਸੀ, ਕਿ ਰਾਣਾ ਸਾਹਿਬ ਦਾ ਦਿਲ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਤੜਫ ਰਿਹਾ ਹੈ, ਪਰ ਕਈ ਰਾਜਨੀਤਕ ਵਜੂਹਾਂ ਦੇ ਕਾਰਨ ਉਹ ਭੈਣੀ ਸਾਹਿਬ ਨਹੀਂ ਪੁਜ ਸਕਦਾ ਜਿਸ ਲਈ ਉਹ ਖਿਮਾਂ ਦੀ ਜਾਚਨਾ ਕਰਦੇ ਹਨ। ਇਸ ਤੋਂ ਬਿਨਾਂ ਰਾਣਾ ਸਾਹਿਬ ਨੇ ਇਹ ਬੇਨਤੀ ਵੀ ਕੀਤੀ, ਕਿ ਉਸਨੂੰ ਬਹੁਤਾ ਦੁਧ ਦੇਣ ਵਾਲੀਆਂ ਮੱਝਾਂ ਦਾ ਇਕ ਜੋੜਾ ਤੇ ਇਕ ਜੋੜਾ ਚੰਗੀਆਂ ਖੱਚਰਾ ਦਾ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਸਤਿਗੁਰੂ ਜੀ ਨੇ ਆਪਣੇ ਸੇਵਕਾਂ ਬਾਬਾ ਕਾਹਨ ਸਿੰਘ ਤੇ ਬਾਬਾ ਸਾਹਿਬ ਸਿੰਘ ਜੀ ਦੇ ਰਾਹੀਂ ਰਾਣਾ ਜੀ ਨੂੰ ਦੋ ਮੱਝਾਂ ਤੇ ਦੋ ਖੱਚਰਾਂ ਭੇਜ ਦਿਤੀਆਂ। ਜਿਨ੍ਹਾਂ ਨੂੰ ਦੇਖ ਕੇ ਉਹ ਬਹੁਤ ਪ੍ਰਸੰਨ ਹੋਏ। ਬਾਬਾ ਕਾਹਨ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਜੀ ਜਦ ਨੇਪਾਲ ਤੋਂ ਵਾਪਸ ਹੋਣ ਲੱਗੇ ਤਾਂ ਉਨ੍ਹਾਂ ਦੇ ਬਾਰ ਬਾਰ ਨਾਂਹ ਕਰਨ ਤੇ ਵੀ ਰਾਣਾ ਸਾਹਿਬ ਨੇ ਹੇਠ ਲਿਖੀਆਂ ਚੀਜ਼ਾਂ ਤੋਹਫਿਆਂ ਦੇ ਰੂਪ ਵਿਚ ਭੈਣੀ ਸਾਹਿਬ ਲੈ ਜਾਣ ਲਈ ਦੇ ਦਿਤੀਆਂ:—

"ਇਕ ਰਾਸ ਗੂਟ ਘੋੜਾ ਜਿਸ ਦੀ ਕੀਮਤ ਨੇਪਾਲ ਵਿਚ ੧੪੦੦ ਰੁਪੈ ਸੀ। ਸੁਨਹਿਰੀ ਮੁਠ ਵਾਲੀਆਂ ਦੋ ਖੋਖਰੀਆਂ, ਬਨਾਤ ਦਾ ਇਕ ਥਾਨ ੫੦ ਗਜ਼, ਕਸਤੂਰੀ ਨਾਫਿਆਂ ਦੀ ਇਕ ਅਠੌਤ੍ਰੀ ਮਾਲਾ, ਅਤੇ ਇਕ ਖਿਲਤਾ, ਜਿਸਦੇ ਬੋਝੇ ਵਿਚ ਇਕ ਚਿਠੀ ਸੀ, ਜਿਸ ਬਾਬਤ ਰਾਣਾ ਸਾਹਿਬ ਅਤੇ ਸਤਿਗੁਰੂ ਜੀ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਲਗ ਸਕਿਆ, ਕਿ ਕੀ ਲਿਖਿਆ ਸੀ।"

ਸਤਿਗੁਰੂ ਜੀ ਏਨ੍ਹਾਂ ਚੀਜ਼ਾਂ ਨੂੰ ਲੈਣਾ ਨਹੀਂ ਚਾਹੁੰਦੇ ਸਨ, ਏਸੇ ਲਈ, ਉਨ੍ਹਾਂ ਨੇ ਪਹਿਲੋਂ ਹੀ ਬਾਬਾ ਕਾਹਨ ਸਿੰਘ ਜੀ ਹੁਰਾਂ ਨੂੰ ਪੱਕੀ ਕਰਕੇ ਤੋਰਿਆ ਸੀ, ਕਿ ਮਹਾਰਾਣਾ ਦੀ ਕੋਈ ਚੀਜ ਪ੍ਰਵਾਨ ਨਾ ਕੀਤੀ ਜਾਵੇ। ਏਸ ਲਈ ਪਾਤਸ਼ਾਹ ਬਾਬਾ ਜੀ ਨੂੰ ਨਰਾਜ ਵੀ ਹੋਏ, ਪਰ ਜਦ ਬਾਬਾ ਜੀ ਨੇ ਅਪਣੀ ਬਿਵਸੀ ਪ੍ਰਗਟ ਕੀਤੀ, ਤਾਂ ਸਤਿਗੁਰੂ ਜੀ ਨੇ ਖਿਮਾ ਦੇ ਦਿਤੀ। ਗੂਟ ਘੋੜਾ ਕੁਛ ਦਿਨਾਂ ਪਿਛੋਂ ਗਰਮੀ ਦੇ ਕਾਰਨ ਮਰ ਗਿਆ।

## ਨੇਪਾਲ ਵਿਚ ਕੂਕਾ ਰਜਮੈਂਟ ਲਈ ਰਾਣਾ ਵਲੋਂ ਦਰਖਾਸਤ

ਮਹਾਰਾਣਾ ਨੇਪਾਲ ਸਬੰਧੀ ਇਹ ਬਿਆਨ ਕੀਤਾ ਗਿਆ ਹੈ ਕਿ ਉਸਨੇ ਨੇਪਾਲ ਵਿਚ ਇਕ ਕੂਕਾ ਰਜਮੈਂਟ ਭਰਤੀ ਕਰਨ ਦੀ ਆਗਿਜਾ ਲਈ ਸਤਿਗੁਰੂ ਰਾਮ ਸਿੰਘ ਜੀ ਪਾਸ ਪ੍ਰਾਰਥਨਾ ਕੀਤੀ। ਅਤੇ ਨਾਲ ਹੀ ਨੇਪਾਲ

ਵਿਚ ਚਰਨ ਪਾਣ ਦੀ ਇਛਾ ਪ੍ਰਗਟ ਕੀਤੀ। ਪਰ ਸਤਿਗੁਰੂ ਜੀ ਨੇ ਦੋਵੇਂ ਬੇਨਤੀਆਂ ਮੰਨਣ ਤੋਂ ਨਾਂਹ ਕਰ ਦਿਤੀ। ਇਸ ਬਾਬਤ ਸ੍ਰਕਾਰੀ ਰੀਕਾਰਡ ਵਿਚ ਲਿਖਿਆ ਹੈ ਕਿ:—"ਕੂਕਿਆਂ ਵਿਚ ਇਹ ਕਹਾਣੀ ਪ੍ਰਸਿੱਧ ਹੈ, ਕਿ ਮਹਾਰਾਣਾ ਨੇ (ਸਤਿਗੁਰੂ) ਰਾਮ ਸਿੰਘ (ਜੀ) ਨੂੰ ਲਿਖਿਆ ਅਤੇ ਕਹਿ ਭੇਜਿਆ, ਕਿ ਉਹ ਨੇਪਾਲ ਵਿਚ ਕੂਕਾ ਰਜਮੈਂਟ ਲਈ ਕੁਛ ਆਦਮੀ ਭੇਜਣ। ਇਸਦੇ ਉਤ੍ਰ ਵਿਚ (ਸਤਿਗੁਰੂ) ਰਾਮ ਸਿੰਘ (ਜੀ) ਨੇ ਜਵਾਬ ਦਿਤਾ ਕਿ —"ਮੈਂ ਅਜੇ ਕੋਈ ਕੂਕਾ ਨਹੀਂ ਭੇਜ ਸਕਦਾ ਅਤੇ ਨਾ ਹੀ ਆਪ ਆ ਸਕਦਾ ਹਾਂ, ਪਰ ਇਹ ਤੁਹਫੇ ਘਲਦਾ ਹਾਂ।"* ਏਨਾਂ ਤੋਹਫ਼ਿਆਂ ਬਾਬਤ ਜੋ ਸ੍ਰਕਾਰੀ ਅਫਸਰਾਂ ਨੇ ਸਮਝਿਆ ਉਹ ਇਸ ਰਪੋਟ ਤੋਂ ਪ੍ਰਗਟ ਹੈ:—"(ਗੁਰੂ) ਰਾਮ ਸਿੰਘ (ਜੀ) ਨੇ ਆਪਣਾ ਅਸਰ ਬ੍ਰਕਰਾਰ ਰੱਖਣ ਲਈ ਨੇਪਾਲ ਦੇ ਮਹਾਰਾਣਾ ਪਾਸ ਆਪਣਾ ਸਫ਼ੀਰ ਭੇਜਣ ਦਾ ਇਰਾਦਾ ਕੀਤਾ। ਲਾਹੌਰ ਦਾ ਸੁਪਰਡੰਟ ਪੁਲੀਸ ਕਹਿੰਦਾ ਹੈ ਕਿ ਮਹਾਰਾਣਾ ਨੂੰ ਤੁਹਫਾ ਪੇਸ਼ ਕਰਨ ਲਈ ਹੁਣੇ ਜੇਹੇ ਹੀ ਭੈਣੀ (ਸਾਹਿਬ) ਤੋਂ ਭਗਵਾਨ ਸਿੰਘ ੧੧ ਸੌ ਰੁਪਯਾ ਲੈ ਕੇ ਲਾਹੌਰ ਪੁਜਿਆ ਤਾਕਿ ਇਕ ਜੋੜਾ ਮੱਝਾਂ ਅਤੇ ਇਕ ਜੋੜਾ ਖੱਚਰਾਂ ਦਾ ਖਰੀਦੇ।"**

## ਦੀਵਾਨ ਬੂਟਾ ਸਿੰਘ ਆਫ਼ਤਾਬ ਪ੍ਰੈਸ

ਦੀਵਾਨ ਬੂਟਾ ਸਿੰਘ ਆਫ਼ਤਾਬ ਪ੍ਰੈਸ ਲਾਹੌਰ ਦਾ ਮਾਲਿਕ ਸੀ। ਸਿਖਾਂ ਵਿਚ ਸਭ ਤੋਂ ਪਹਿਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਸ੍ਰੀ ਗਰੰਥ ਸਾਹਿਬ ਛਪਵਾਏ ਸਨ, ਜੋ ਕਿ ਅਫ਼ਤਾਬ ਪ੍ਰੈਸ ਵਿਚ ਦੀਵਾਨ ਬੂਟਾ ਸਿੰਘ ਜੀ ਨੇ ਹੀ ਛਾਪੇ ਸਨ। ਇਸ ਲਈ ਇਨਾਂ ਪਾਸ ਕੂਕੇ ਬੀਰਾਂ ਦਾ ਕਾਫ਼ੀ ਔਣ ਜਾਣ ਸੀ। ਸ੍ਰਕਾਰੀ ਰਿਕਾਰਡ ਵਿਚ ਦੀਵਾਨ ਸਾਹਿਬ ਨੂੰ ਕੂਕਿਆਂ ਦਾ ਇਕ ਉਤਸ਼ਾਹੀ ਕਾਰਕੁਨ ਲਿਖਦਿਆਂ ਹੋਇਆਂ ਬਿਆਨ ਕੀਤਾ ਗਿਆ ਹੈ ਕਿ— "ਕੂਕਾ ਪੰਥ ਦਾ ਇਕ ਉਤਸ਼ਾਹੀ ਅਤੇ ਹਿਤੂ ਦੀਵਾਨ ਬੂਟਾ ਸਿੰਘ ਹੈ, ਜੋ ਕਿ ਲਾਹੌਰ ਦੇ ਆਫ਼ਤਾਬ ਪ੍ਰੈਸ ਦਾ ਮਾਲਿਕ ਹੈ। ਇਸ ਪੰਥ ਦੇ ਮਹੰਤ ਤੇ ਸੂਬੇ ਬਰਾਬਰ ਉਸਦੇ ਨਾਲ ਹਨ। ਅਤੇ ਸਾਰੇ ਮਹਾਨ ਕੰਮਾਂ ਵਿਚ ਉਸਦੀ ਸਲਾਹ ਲਈ ਜਾਂਦੀ ਹੈ। ਉਹ ਬ੍ਰਤਾਨਵੀ ਹਕੂਮਤ ਦੇ ਭਲਾ ਚਾਹੂ ਆਦਮੀ ਦੇ ਚਲਨ ਨੂੰ ਨਹੀਂ ਸਹਾਰ ਸਕਦਾ।"***

*ਕੂਕਾ ਪੇਪਰਜ਼ ਪੰਨਾ ੯੪

**ਕੂਕਾ ਪੇਪਰਜ਼ ਪੰਨਾ ੯੩

***ਕੂਕਾ ਪੇਪਰਜ਼ ਪੰਨਾ ੯੯

Sri Satguru Jagjit Singh Ji Elibrary NamdhariElibrary@gmail.com

## ਕੂਕਿਆਂ ਦੀਆਂ ਫ਼ੌਜੀ ਸਰਗਰਮੀਆਂ ਬਾਬਤ

ਕੂਕਿਆਂ ਦੇ ਫੌਜੀ ਉਤਸ਼ਾਹ ਸਬੰਧੀ ਕਰਨਲ ਹਟਚਿਨਸਨ ਸੀ. ਐਸ. ਆਈ. ਇਨਸਪੈਕਟਰ ਜਨਰਲ ਪੁਲੀਸ ਪੰਜਾਬ ਆਪਣੀ ੩੦ ਜਨਵਰੀ ੧੮੭੧ ਦੀ ਇਕ ਰਪੋਟ ਵਿਚ ਲਿਖਦਾ ਹੈ ਕਿ "ਪਿਛਲੇ ਸਾਲ ਵਿਚ ਕੂਕਿਆਂ ਦਾ ਨਵਾਂ ਉਤਸ਼ਾਹ ਅਪਣੇ ਸਿਖਾਂ ਨੂੰ ਹਿੰਦੁਸਤਾਨੀ ਰਾਜਿਆਂ ਦੀਆਂ ਫੌਜਾਂ ਵਿਚ ਭਰਤੀ ਕਰਾਣ ਦਾ ਪ੍ਰਤੀਤ ਹੁੰਦਾ ਹੈ।* ... ... ... ਏਨ੍ਹਾਂ ਭਰਤੀਆਂ ਬਾਬਤ ਕਾਫੀ ਧਿਆਨ ਨਾਲ ਪ੍ਰਬੰਧ ਕਰਨ ਦੀ ਲੋੜ ਹੈ... ...ਅਮਨ ਯਾ ਲੜਾਈ, ਕਿਸੇ ਵੀ ਵੇਲੇ ਇਹ ਕਾਰਵਾਈ ਕਿਸੇ ਵੀ ਗਵਰਮੈਂਟ ਲਈ ਲਾਭਕਾਰੀ ਨਹੀਂ ਹੈ ਕਿ ਇਕ ਧਾਰਮਿਕ ਨੇਤਾ ਨੂੰ ਇਸ ਗੱਲ ਦਾ ਮੌਕਾ ਦਿਤਾ ਜਾਵੇ, ਕਿ ਉਸਦੇ ਚੇਲੇ ਫੌਜਾਂ ਵਿਚ ਭਰਤੀ ਹੋ ਸਕਣ, ਜਿਥੋਂ ਉਨ੍ਹਾਂ ਦਾ ਰੂਹਾਨੀ ਆਗੂ ਉਨ੍ਹਾਂ ਨੂੰ ਆਪਣੇ ਰਾਜਨੀਤਕ ਨਿਸ਼ਾਨੇ ਵਾਸਤੇ ਜਿਧਰ ਚਾਹੇ ਧਕੇਲ ਸਕੇ।"**

---

* ਕੂਕਾ ਪੇਪਰਜ਼ ਪੰਨਾ ੬੫

** ਕੂਕਾ ਪੇਪਰਜ਼ ਪੰਨਾ ੬੬

# ਅੰਮ੍ਰਿਤਸਰ ਦਾ ਸਾਕਾ

ਪੰਜਾਬ ਹੀ ਨਹੀਂ ਬਲਕਿ ਸਾਰਾ ਹਿੰਦੁਸਤਾਨ ਖੇਤੀਬਾੜੀ ਤੇ ਨਿਰਬਾਹ ਕਰਦਾ ਹੈ, ਇਸ ਲਈ ਇਸਨੂੰ ਖੇਤੀ ਪ੍ਰਧਾਨ ਦੇਸ਼ ਦੇ ਨਾਉਂ ਨਾਲ ਪੁਕਾਰਿਆ ਜਾਂਦਾ ਹੈ। ਇਸ ਗੱਲ ਲਈ ਕਿਸੇ ਵਿਆਖਿਆ ਦੀ ਲੋੜ ਨਹੀਂ ਕਿ ਖੇਤੀਬਾੜੀ ਦਾ ਨਿਰਭਰ ਗਊਆਂ ਤੇ ਹੈ। ਏਹੀ ਕਾਰਨ ਹੈ ਕਿ ਭਾਰਤ ਵਰਸ਼ ਵਿਚ ਗਊ ਰਖਯਾ ਨੂੰ ਧਰਮ ਦਾ ਇਕ ਪ੍ਰਧਾਨ ਅੰਗ ਮੰਨਿਆ ਜਾਂਦਾ ਹੈ। ਹਿੰਦੁਸਤਾਨ ਦੇ ਕਰੋੜਾਂ ਮਨੁੱਖ ਗਊ ਨੂੰ ਮਾਤਾ ਕਹਿ ਕੇ ਸਤਕਾਰਦੇ ਹਨ। ਰਿਸ਼ੀਆਂ ਦੇ ਜ਼ਮਾਨੇ ਵਿਚ ਹਜ਼ਾਰਾਂ ਹੀ ਵਾੜਿਆਂ ਵਿਚ ਗਊਆਂ ਦਾ ਪਾਲਨ ਪੋਸ਼ਨ ਹੁੰਦਾ ਸੀ। ਇਕ ਇਕ ਵਾੜੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਗਊਆਂ ਰੱਖੀਆਂ ਜਾਂਦੀਆਂ ਸਨ। ਹਰ ਇਕ ਵਾੜੇ ਨੂੰ ਗੋਤ੍ਰ ਕਹਿਕੇ ਪੁਕਾਰਿਆ ਜਾਂਦਾ ਸੀ ਅਤੇ ਹਰ ਗੋਤ੍ਰ ਉਸਦੇ ਮਾਲਿਕ ਦੇ ਨਾਉਂ ਨਾਲ ਸੰਬੰਧ ਰੱਖਦਾ ਸੀ। ਭਾਰਤ ਦੇ ਅਨੇਕਾਂ ਵਖਿਆਤ ਗੋਤ੍ਰਾਂ ਦਾ ਮੁੱਢ ਗਊਆਂ ਦੀ ਰਾਖੀ ਤੋਂ ਹੀ ਬਝਦਾ ਹੈ। ਗਊਆਂ ਦੇ ਕਾਰਨ ਹੀ ਦੇਸ਼ ਵਿਚ ਦੁਧ ਤੇ ਘਿਉ ਦੀਆਂ ਨਦੀਆਂ ਵਗਦੀਆਂ ਸਨ। ਸੰਤਾਨ ਬਲਵਾਨ ਅਤੇ ਰੋਗ ਰਹਿਤ ਹੁੰਦੀ ਸੀ। ਭੀਸ਼ਮ ਪਿਤਾਮਾ, ਭੀਮ ਅਤੇ ਅਰਜਨ ਜੈਸੇ ਬੀਰ ਪੈਦਾ ਹੁੰਦੇ ਸਨ, ਪ੍ਰੰਤੂ ਵਿਦੇਸ਼ੀ ਸ਼ਾਸਨ ਕਾਲ ਵਿਖੇ ਦੇਸ਼ ਵਿਚ ਗਊ ਹੱਤਿਆ ਦਾ ਅਰੰਭ ਹੋ ਗਿਆ।* ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਜਾਨਸ਼ੀਨ ਗੁਰੂਆਂ ਨੇ ਰੋਕਣ ਦਾ ਪੂਰਾ ਪੂਰਾ ਯਤਨ ਕੀਤਾ। ਏਹੀ ਕਾਰਨ ਸੀ ਕਿ ਗੁਰੂਆਂ ਦੇ ਸੰਸਾਰ ਆਗਮਨ ਦੇ ਕਾਰਨਾਂ ਵਿਚੋਂ ਗਊ ਗਰੀਬ ਦੀ ਰਖਿਆ ਧਰਮ ਦਾ ਇਕ ਮੁਖ ਅੰਗ ਮੰਨਿਆ ਗਿਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਦਿ ਸ਼ਕਤੀ (ਭਗਵਤੀ) ਅਗੇ ਇਸ ਬੇਨਤੀ ਦੁਆਰਾ ਗਊ ਮਾਤਾ ਨੂੰ ਹੋਰ ਵੀ ਮਹਾਨਤਾ ਦੇ ਦਿਤੀ ਕਿ "ਹੇ ਸ਼ਕਤੀ! ਮੇਰੀ

---

* "ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ।" (ਵਾਰਾਂ ਭਾਈ ਗੁਰਦਾਸ)



Sri Satguru Jagjit Singh Ji Elibrary NamdhariElibrary@gmail.com

ਇਹ ਆਸ ਪੂਰੀ ਹੋਵੇ ਕਿ ਜਗਤ ਵਿਚੋਂ ਗਊਆਂ ਦਾ ਕਸ਼ਟ ਮਿਟ ਜਾਏ। ਜਿਸ ਕਰਕੇ ਭਾਰੀ ਦੁਖ ਦੀ ਨਿਵਿਰਤੀ ਹੋ ਸਕੇ।"*

ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸ਼ਾਹ ਸ਼ੁਜਾਉਲ ਮੁਲਕ ਅਤੇ ਅੰਗ੍ਰੇਜ਼ਾਂ ਨੇ ਇਹ ਲਿਖਕੇ ਦਿਤਾ ਹੋਇਆ ਸੀ, ਕਿ ਜਦ ਵੀ ਉਨ੍ਹਾਂ ਦੀਆਂ ਫੌਜਾਂ ਨੂੰ ਪੰਜਾਬ ਦੀਆਂ ਹੱਦਾਂ ਵਿਚੋਂ ਲੰਘਣਾ ਪਵੇ, ਉਹ ਗਊ ਘਾਤ ਉੱਕਾ ਨਹੀਂ ਕਰਨਗੀਆਂ।**

ਮਹਾਰਾਜਾ ਸਾਹਿਬ ਦੇ ਪ੍ਰਲੋਕ ਗਮਨ ਕਰਨ ਤੋਂ ਪਿਛੋਂ ਵੀ ਜਦ ਪੰਜਾਬ ਦਾ ਰਾਜ-ਮਹਾਰਾਜਾ ਦਲੀਪ ਸਿੰਘ ਜੀ ਦੇ ਨਾਮ ਤੇ ਕੌਂਸਲ ਆਫ ਰੀਜੈਂਸੀ ਕਰਦੀ ਸੀ, ਤਾਂ ਪਹਿਲੇ ਅੰਗ੍ਰੇਜ਼ ਰੈਜ਼ੀਡੈਂਟ ਸਰ ਜਾਨ ਲਾਰੰਸ ਦੇ ਦਸਖਤਾਂ ਹੇਠ ਇਹ ਹੁਕਮ ਤਾਂਬੇ ਦੀ ਪਲੇਟ ਤੇ ਉੱਕਰ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਬਾਹਰਲੇ ਦਰਵਾਜ਼ੇ ਅਗੇ ਲਟਕਾਇਆ ਗਿਆ ਸੀ ਕਿ--"ਅੰਮ੍ਰਿਤਸਰ ਵਿਚ ਗਊ ਬਧ ਨਹੀਂ ਹੋਵੇਗਾ।"***

ਪ੍ਰੰਤੂ ਮਾਰਚ ੧੮੪੯ ਦੇ ਅਖੀਰ ਵਿਚ ਜਦ ਕਿ ਪੰਜਾਬ ਦੇ ਅੰਗ੍ਰੇਜ਼ੀ ਰਾਜ ਦੇ ਅਧੀਨ ਹੋਣ ਦਾ ਐਲਾਨ ਕੀਤਾ ਗਿਆ, ਤਾਂ ਸ੍ਰਕਾਰ ਅੰਗ੍ਰੇਜ਼ੀ ਨੇ ਸਭ ਤੋਂ ਪਹਿਲਾ ਕਦਮ ਇਹ ਚੁਕਿਆ ਕਿ ਪੰਜਾਬ ਵਿਚ ਬੁੱਚੜਖ਼ਾਨੇ ਖੋਲ੍ਹਣ ਦਾ ਹੁਕਮ ਜਾਰੀ ਕਰ ਦਿਤਾ। ਈਸਟ ਇੰਡੀਆ ਕੰਪਨੀ ਦੇ ਬੋਰਡ ਆਫ ਐਡਮਨਿਸਟਰੇਸ਼ਨ ਦੀ ਆਗਜਾ ਅਨੁਸਾਰ ਗਵਰਨਰ ਜਨਰਲ ਹਿੰਦ ਨੇ ੫ ਮਈ ੧੮੪੯ ਨੂੰ ਇਹ ਐਲਾਨ ਜਾਰੀ ਕਰ ਦਿਤਾ ਕਿ:—

> **"ਅਗੋਂ ਲਈ ਕਿਸੇ ਨੂੰ ਵੀ ਅਪਣੇ ਅਮਲ ਦੁਆਰਾ ਅਪਣੇ ਗਵਾਂਢੀ ਦੇ ਉਨਾਂ ਰਿਵਾਜਾਂ ਵਿਚ ਦਖਲ ਦੇਣ ਦੀ ਆਗਿਜਾ ਨਹੀਂ ਹੋਵੇਗੀ, ਜਿਨਾਂ ਦੀ ਉਸ ਦੇ ਧਰਮ ਵਿਚ ਖੁਲ੍ਹ ਹੈ।"******

ਇਸ ਤੋਂ ਬਿਨਾਂ ਹਰ ਸ਼ਹਿਰ ਵਿਚ ਬੁੱਚੜਖ਼ਾਨੇ ਜਾਰੀ ਕਰਨ ਅਤੇ ਗਊ ਮਾਸ ਵੇਚਣ ਦੀ ਖੁਲ੍ਹੀ ਛੁੱਟੀ ਦਿਤੀ ਗਈ। ਸ੍ਰਕਾਰੀ ਤੌਰ ਤੇ ਐਲਾਨ ਕੀਤਾ ਗਿਆ ਕਿ ਜਿਸ ਪਾਬੰਦੀ ਦਾ ਪਹਿਲੋਂ ਪ੍ਰਬੰਧ ਕੀਤਾ ਗਿਆ ਸੀ, ਉਹ ਕੇਵਲ

---

* "ਯਹੀ ਆਸ ਪੂਰਨ ਕਰੋ ਤੁਮ ਹਮਾਰੀ।। ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।।" (ਦਸਮ ਗੁਰੂ ਗਰੰਥ)

** "ਅਹਿਦਨਾਮਾ ਮਹਾਰਾਜਾ ਰਣਜੀਤ ਸਿੰਘ" ਸੰਨ ੧੮੩੭

*** "ਕਾਈਨ ਆਰ ਨੋਟ ਟੂ ਬੀ ਕਿਲਡ ਐਟ ਅੰਮ੍ਰਿਤਸਰ–"ਜਾਨ ਲਾਰੰਸ ੨੪–੩–੧੮੪੬"

**** ਕੂਕਾ ਫਾਈਲ ਕੌਂਦਰੀ–ਪੰਨਾ ੩

Sri Satguru Jagjit Singh Ji Elibrary NamdhariElibrary@gmail.com

ਸਿਖ ਰਾਜ ਦੇ ਸਨਮਾਨ ਨੂੰ ਮੁਖ ਰਖਦਿਆਂ ਹੋਇਆਂ ਸੀ। ਹੁਣ ਜਦ ਕਿ ਪੰਜਾਬ ਅੰਗ੍ਰੇਜ਼ੀ ਰਾਜ ਦੇ ਅਧੀਨ ਹੋ ਚੁਕਾ ਹੈ, ਇਸ ਪਾਬੰਦੀ ਦੀ ਕੋਈ ਲੋੜ ਨਹੀਂ ਰਹਿ ਗਈ। ਇਹ ਨਵਾਂ ਹੁਕਮ ਪੰਜਾਬੀਆਂ ਦੇ ਸੱਜਰੇ ਫੱਟਾਂ ਤੇ ਲੂਣ ਛਿੜਕਣ ਦੇ ਸਮਾਨ ਸੀ,* ਦੇਸ਼ ਵਿਚ ਇਸਨੂੰ ਪੰਜਾਬੀ ਅਣਖ ਦੇ ਵਿਰੁਧ ਚੈਲੰਜ ਸਮਝਿਆ ਗਿਆ, ਪਰ ਕਿਸੇ ਦੀ ਪੇਸ਼ ਕੀ ਜਾ ਸਕਦੀ ਸੀ। ਪੰਜਾਬੀਆਂ ਦੇ ਯੋਧੇ ਤੇ ਅਣਖੀਲੇ ਬੀਰ ਦੇਸ਼ ਸੁਤੰਤ੍ਰਤਾ ਦੀਆਂ ਲੜਾਈਆਂ ਵਿਚ ਯਾ ਸ਼ਹੀਦ ਹੋ ਚੁਕੇ ਸਨ ਯਾ ਕੈਦ। ਸਾਧਾਰਣ ਜੰਤਾ ਵਿਚ ਕੋਈ ਜਿੰਦ ਨਹੀਂ ਸੀ। ਇਸ ਲਈ ਅੰਗ੍ਰੇਜ਼ ਨੇ ਵੇਲਾ ਤਾੜਿਆ, ਤੇ ਉਪ੍ਰੋਕਤ ਹੁਕਮ ਦਾ ਅਰੰਭ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਤੋਂ ਹੀ ਕੀਤਾ ਗਿਆ। ਲਹੌਰੀ ਦਰਵਾਜੇ ਦੇ ਬਾਹਰ ਇਕ ਬੁੱਚੜਖਾਨਾ ਜਾਰੀ ਕਰ ਦਿਤਾ ਗਿਆ ਅਤੇ ਬੁਚੜਾਂ ਨੂੰ ਸ਼ਹਿਰ ਵਿਚ ਲੈ ਜਾਕੇ ਗਊ ਮਾਸ ਵੇਚਣ ਦੀ ਖੁਲ੍ਹ ਦੇ ਦਿਤੀ ਗਈ। ਜਿਸਦੇ ਕਾਰਨ ਸ਼ਹਿਰ ਵਿਚ ਕਾਫ਼ੀ ਰੌਲਾ ਪੈ ਗਿਆ। ਹਿੰਦੂਆਂ ਤੇ ਸਿਖਾਂ ਵਲੋਂ ਐਜੀਟੇਸ਼ਨ ਸ਼ੁਰੂ ਕੀਤੀ ਗਈ। ਕਈ ਫਸਾਦ ਹੋਏ ਤੇ ਕਈ ਮੁਕੱਦਮੇ ਚਲੇ। ਇਸ ਸਬੰਧੀ ਗਵਰਮੈਂਟ ਦੇ ਅਪਣੇ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਅੰਗ੍ਰੇਜ਼ੀ ਰਾਜ ਵਿਚ ਸਮਿਲਤ ਹੋਣ ਤੋਂ ੧੩-੧੪ ਸਾਲਾਂ ਦੇ ਸਮੇਂ ਅੰਦਰ ਗਊ ਹੱਤਿਆ ਤੇ ਗਊ ਮਾਸ ਵੇਚਣ ਦੇ ਕਾਰਨ ਕਈ ਵਾਰ ਹਿੰਦੂ ਮੁਸਲਿਮ ਫ਼ਸਾਦ ਹੋਇਆ ਤੇ ਕਈ ਮੁਕੱਦਮੇ ਹਾਕਮਾਂ ਦੇ ਸਉਹੇਂ ਸੁਣਵਾਈ ਵਾਸਤੇ ਪੇਸ਼ ਹੋਏ। ਜਿਨਾਂ ਦਾ ਸ੍ਰਕਾਰੀ ਰਿਕਾਰਡ ਵਿਚ ਖ਼ਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਵਿਚੋਂ ਹੇਠਾਂ ਲਿਖੇ ੪ ਵਰਣਨ ਕਰਨ ਯੋਗ ਹਨ:-

(੧) ੨੦ ਮਈ ੧੮੪੯ ਨੂੰ ਐਮ. ਸੀ. ਸਾਉਂਡਰਸ ਡਿਪਟੀ ਕਮਿਸ਼ਨਰ ਦੇ ਸਾਹਮਣੇ।

(੨) ੭ ਮਈ ੧੮੫੬ ਨੂੰ ਮਿਸਟਰ ਐਫ. ਕਪੂਰ ਦੀ ਕਚਹਿਰੀ ਵਿਚ।

(੩) ੨੮ ਮਈ ੧੮੬੩ ਨੂੰ ਮੇਜਰ ਮਰਸਰ ਡੀ. ਸੀ. ਦੇ ਰੂਬਰੂ।

---

* ਇਹ ਹੁਕਮ ਅੰਗ੍ਰੇਜ਼ਾਂ ਨੇ ਇਹ ਜ਼ਾਹਰ ਕਰਨ ਵਾਸਤੇ ਜਾਰੀ ਕੀਤਾ ਕਿ ਹੁਣ ਉਹ ਪੰਜਾਬ ਦੇ ਮਾਲਿਕ ਹਨ। ਉਹ ਇਹ ਗਲ ਬੜੀ ਹੈਂਕੜ ਨਾਲ ਪ੍ਰਗਟ ਕਰਨਾਂ ਚਾਹੁੰਦੇ ਸੀ ਕਿ ਜਿਸ ਪੰਜਾਬ ਵਿਚ ਉਨ੍ਹਾਂ ਨੂੰ ਬਦੇਸ਼ੀ ਸਮਝ ਕੇ ਪਾਬੰਦੀ ਲਾਈ ਗਈ ਸੀ ਕਿ ਉਹ ਇਸ ਧਰਤੀ ਤੇ ਗਊ ਬਧ ਨਹੀਂ ਕਰ ਸਕਣਗੇ ਹੁਣ ਉਨ੍ਹਾਂ ਹੀ ਬਦੇਸ਼ੀਆਂ ਨੇ ਇਸ ਦੇਸ ਤੇ ਕਬਜ਼ਾ ਕਰਕੇ ਅਪਣਾ ਅਧਿਕਾਰ ਕਾਇਮ ਕੀਤਾ ਹੈ। ਵਿਦੇਸ਼ੀਜਰ ਦਾ ਇਹਹਾਰ ਕੂਕਾ ਲਹਿਰ ਦੇ ਬਾਨੀ ਨੂੰ ਕੰਡੇ ਵਾਂਗ ਰੜਕਦਾ ਸੀ।

(੪) ਨਵੰਬਰ ੧੮੬੪ ਨੂੰ ਮਿਸਟਰ ਡੀ. ਮੈਕਨਬ ਦੀ ਕਚਹਿਰੀ ਵਿਚ।

੧੮੬੩ ਵਿਚ ਇਸ ਮਾਮਲੇ ਦੀ ਰਪੋਟ ਮੇਜਰ ਮਰਸਰ ਨੇ ਆਹਲਾ ਹਾਕਮਾਂ ਅਗੇ ਕੀਤੀ। ੨੯ ਜੂਨ ੧੮੬੩ ਨੂੰ ਜੁਡੀਸ਼ਲ ਕਮਿਸ਼ਨਰ ਨੇ ਨਜ਼ਰਸਾਨੀ ਨੰਬਰ ੧੨੮ ਦਾ ਫੈਸਲਾ ਕੀਤਾ ਤਾਂ ਉਸ ਵਿਚ ਮੁਸਲਮਾਨਾਂ ਨੂੰ ਅੰਮ੍ਰਿਤਸਰ ਦੇ ਪਹਿਲੋਂ ਪ੍ਰਵਾਨ ਕੀਤੇ ਗਏ ਫੈਸਲੇ ਤੋਂ ਬਹੁਤ ਵਧੀਕ ਖੁਲ੍ਹ ਦੇ ਦਿਤੀ ਗਈ।*

## ਬੁੱਚੜਖ਼ਾਨੇ ਦੇ ਠੇਕੇ ਬਾਬਤ ਅੰਮ੍ਰਿਤਸਰ ਮਯੂਨਿਸਪਲ ਕਮੇਟੀ ਵਿਖੇ ਬਹਿਸ

੨੨ ਮਈ ੧੮੭੧ ਨੂੰ ਮਯੂਨਿਸਪਲ ਕਮੇਟੀ ਅੰਮ੍ਰਿਤਸਰ ਦੀ ਇਕ ਇੱਕਤ੍ਰਤਾ ਇਸ ਪ੍ਰਸ਼ਨ ਤੇ ਵਿਚਾਰ ਕਰਨ ਲਈ ਹੋਈ ਕਿ ਅੰਮ੍ਰਿਤਸਰ ਵਿਖੇ ਖੋਲ੍ਹੇ ਗਏ ਬੁੱਚੜਖ਼ਾਨੇ ਦਾ ਲਾਇਸੰਸ ਅੱਗੋਂ ਨੂੰ ਕੈਂਸਲ ਕਰ ਦਿਤਾ ਜਾਵੇ ਯਾਂ ਜਾਰੀ ਰਖਿਆ ਜਾਵੇ। ਇਸ ਇਕੱਤ੍ਰਤਾ ਵਿਚ ਅੰਮ੍ਰਿਤਸਰ ਡਵੀਜਨ ਦੇ ਕਮਿਸ਼ਨਰ ਮਿਸਟਰ ਡਬਲਯੂ ਡੇਵਿਸ ਨੇ ਲਾਇਸੈਂਸ ਜਾਰੀ ਰਖਣ ਦੇ ਹੱਕ ਵਿਚ ਇਕ ਲੰਮੀ ਤੇ ਜੋਰਦਾਰ ਤਕਰੀਰ ਕੀਤੀ। ਪਰ ਅੰਗ੍ਰੇਜ਼ ਮਿੰਬਰਾਂ ਦੇ ਨਾਲ ਹੋਣ ਕਰਕੇ ਬਹੁ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ ਬੁਚੜਖ਼ਾਨਾ ਜਾਰੀ ਰਖਿਆ ਜਾਏ।**

## ਨਿਮਾਣੀ ਇਕਾਦਸ਼ੀ ਦੇ ਸਮੇਂ ਹਿੰਦੂ ਮੁਸਲਿਮ ਝਗੜਾ

ਮਯੂਨਿਸਪਲ ਕਮੇਟੀ ਵਲੋਂ ਬੁੱਚੜਖਾਨਾ ਜਾਰੀ ਰੱਖਣ ਦੇ ਮਤੇ ਦਾ ਅਸਰ ਹਿੰਦੂਆਂ ਅਰ ਸਿੱਖਾਂ ਦੇ ਦਿਲਾਂ ਉਤੇ ਬਹੁਤ ਬੁਰਾ ਪਿਆ। ਕੁਛ ਦਿਨਾਂ ਪਿਛੋਂ ਨਿਮਾਣੀ ਇਕਾਦਸ਼ੀ ਦੇ ਮੇਲੇ ਤੇ ਹਿੰਦੂਆਂ ਨੇ ਜੋ ਆਮ ਤੌਰ ਤੇ ਕਸੇਰੇ ਅਤੇ ਵਿਪਾਰੀ ਸਨ ਮੁਸਲਮਾਨ ਘੁਮਿਆਰਾਂ ਦਾ ਬਾਈਕਾਟ ਕਰ ਦਿਤਾ। ਅੰਮ੍ਰਿਤਸਰ ਦੇ ਪੁਰਾਣੇ ਰਿਵਾਜ ਅਨੁਸਾਰ ਨਿਮਾਣੀ ਇਕਾਦਸ਼ੀ ਦੇ ਦਿਨ ਹਿੰਦੂ ਸ਼ਰਬਤ ਦੀਆਂ ਛਬੀਲਾਂ ਵਾਸਤੇ ਮੁਸਲਮਾਨ ਘੁਮਿਆਰਾਂ ਪਾਸੋਂ ਘੜੇ ਖ਼ਰੀਦਿਆ ਕਰਦੇ ਸਨ। ਇਸ ਵਾਰ ਵੀ ਉਨ੍ਹਾਂ ਨੇ ਸਦਾ ਵਾਂਗ ਘੜੇ ਤਿਆਰ ਕੀਤੇ, ਪ੍ਰੰਤੂ ਬੁੱਚੜਖ਼ਾਨੇ ਦੇ ਕਾਰਨ ਜੋ ਹਿੰਦੂਆਂ ਦੇ ਦਿਲਾਂ ਵਿਚ ਮੁਸਲਮਾਨਾਂ

* ਕੂਕਾ ਫ਼ਾਈਲ ਕੇਂਦਰੀ ਪੰਨਾ ੧੦

** ਕੂਕਾ ਫ਼ਾਈਲ ਕੇਂਦਰੀ ਪੰਨਾ ੨,੩,੪

Sri Satguru Jagjit Singh Ji Elibrary NamdhariElibrary@gmail.com

ਦੇ ਵਿਰੁਧ ਘ੍ਰਿਣਾ ਉਤਪੰਨ ਹੋ ਚੁਕੀ ਸੀ ਉਸ ਕਰਕੇ ਹਿੰਦੂਆਂ ਨੇ ਉਨ੍ਹਾਂ ਤੋਂ ਇਕ ਭਾਂਡਾ ਵੀ ਨਾ ਖਰੀਦਿਆ,* ਭਾਵੇਂ ਹਾਕਮਾਂ ਨੇ ਹਿੰਦੂ ਮੁਖੀਆਂ ਦੀ ਰਾਹੀਂ ਇਸ ਝਗੜੇ ਨੂੰ ਨਿਵਿਰਤ ਕਰਨ ਦੀ ਕੋਸ਼ਿਸ਼ ਵੀ ਕੀਤੀ ਜਿਸ ਵਿਚ ਝਗੜਾ ਦਬ ਗਿਆ, ਪਰ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਬੁੱਚੜਖਾਨਾ ਜਾਰੀ ਰਖਣ ਦੇ ਕਾਰਨ ਹਿੰਦੂ ਤੇ ਸਿਖ ਜੰਤਾ ਬਹੁਤ ਨਰਾਜ ਹੈ।

## ਟਾਊਨ ਹਾਲ ਅੰਮਿਤਸਰ ਵਿਖੇ ਕਮਿਸ਼ਨਰ ਵਲੋਂ ੩ ਜੂਨ ੧੮੭੧ ਨੂੰ ਦਰਬਾਰ

੩ ਜੂਨ ੧੮੭੧ ਨੂੰ ਡਬਲਯੂ. ਜੀ. ਡੇਵਿਸ ਕਾਇਮ ਮੁਕਾਮ ਕਮਿਸ਼ਨਰ ਅੰਮ੍ਰਿਤਸਰ ਵਲੋਂ ਟਾਊਨ ਹਾਲ ਵਿਖੇ ਇਕ ਬੜਾ ਭਾਰੀ ਦਰਬਾਰ ਕੀਤਾ ਗਿਆ। ਜਿਸ ਵਿਚ ਮਯੂਨਿਸਪਲ ਕਮੇਟੀ ਦੇ ਸਮੂਹ ਮੈਂਬਰ, ਹਰ ਮਹੱਲੇ ਦੇ ਮੁਖੀ, ਹਿੰਦੂ ਮੁਸਲਿਮ ਅਤੇ ਸਿਖਾਂ ਦੇ ਆਗੂ, ਅਰ ਸਾਰੇ ਯੂਰਪੀਨ ਅਫ਼ਸਰ ਸੱਦੇ ਗਏ, ਜਿਨ੍ਹਾਂ ਦੇ ਸਾਹਮਣੇ ਕਮਿਸ਼ਨਰ ਨੇ—"ਗਊ ਹੱਤਯਾ" ਦੇ ਵਿਸ਼ਯ ਤੇ ਉਰਦੂ ਭਾਖਾ ਵਿਚ ਇਕ ਲੰਮੀ ਤਕਰੀਰ ਕੀਤੀ ਜਿਸਦਾ ਕੁਛ ਅੰਸ਼ ਹੇਠ ਲਿਖੀਆਂ ਸਤਰਾਂ ਵਿਚ ਅੰਕਿਤ ਕੀਤਾ ਜਾਂਦਾ ਹੈ।

## ਕਮਿਸ਼ਨਰ ਦੀ ਤਕਰੀਰ

"ਤੁਹਾਨੂੰ ਪਤਾ ਹੀ ਹੈ ਕਿ ਕੁਛ ਸਮੇਂ ਤੋਂ ਗਊਘਾਤ ਹੋਣ ਅਤੇ ਗਊ ਮਾਸ ਵਿਕਣ ਦੇ ਸਿਲਸਿਲੇ ਵਿਚ ਸ਼ਹਿਰ ਦੇ ਹਿੰਦੂਆਂ ਅਰ ਮੁਸਲਮਾਨਾਂ ਅੰਦਰ ਖਿਚਾ ਖਿਚੀ ਹੋ ਰਹੀ ਹੈ ਅਤੇ ਥੋੜ੍ਹੇ ਬਹੁਤ ਫ਼ਸਾਦ ਵੀ ਹੋਏ ਹਨ... ...। ਇਹ ਗੱਲ ਜਾਨਣ ਯੋਗ ਹੈ, ਕਿ ੧੮੪੭ ਨੂੰ ਮਹਾਰਾਜ ਦਲੀਪ ਸਿੰਘ ਦੇ ਰਾਜ ਅੰਦਰ ਜਦ ਕਿ ਦੇਸੀ ਮੈਂਬਰਾਂ ਦੀ ਇਕ ਕੌਂਸਲ ਰਾਹੀਂ ਰਾਜਪ੍ਰਬੰਧ ਹੁੰਦਾ ਸੀ, ਜਿਸਦਾ ਨਾਉਂ 'ਸਿਖ ਦਰਬਾਰ' ਸੀ, ਗਵਰਨਰ ਜਨਰਲ (ਵੱਡੇ ਲਾਟ) ਨੇ ਹੁਕਮ ਜਾਰੀ ਕੀਤਾ ਸੀ ਕਿ ਅੰਮ੍ਰਿਤਸਰ ਸ਼ਹਿਰ ਵਿਚ ਗਊ ਹੱਤਯਾ ਕਰਨ ਦੀ ਮਨਾਹੀ ਹੈ। ਪਰ ਜਦ ਤੋਂ ਪੰਜਾਬ ਬ੍ਰਤਾਨਵੀ ਸ੍ਰਕਾਰ ਦੇ ਕਬਜ਼ੇ ਵਿਚ ਆਇਆ ਗਵਰਨਰ ਜਨਰਲ ਨੇ ਅਪਣੇ ਸਕੱਤ੍ਰ ਦੀ ਚਿਠੀ ਨੰਬਰ ੧੭੫ ਤ੍ਰੀਕ ੨੫ ਅਪ੍ਰੈਲ ੧੮੪੯ ਵਿਚ ਰਾਜ ਪ੍ਰਬੰਧਕ ਕਮੇਟੀ** ਦੁਆਰਾ ਜਾਰੀ ਕੀਤੀਆਂ ਗਈਆਂ ਹਦੈਤਾਂ ਦੀ ਤਸਦੀਕ

* ਕੂਕਾ ਫਾਈਲ ਪੰਨਾ ੫

** ਬੋਰਡ ਆਫ ਐਡਮਨਿਸਟਰੇਸ਼ਨ

Sri Satguru Jagjit Singh Ji Elibrary NamdhariElibrary@gmail.com

ਕਰਦਿਆਂ ਹੋਇਆਂ ਪਹਿਲੇ ਹੁਕਮਾਂ ਵਿਚ ਅਦਲਾ ਬਦਲੀ ਕਰ ਦਿਤੀ, ਅਰ ਐਲਾਨ ਕੀਤਾ ਕਿ—"ਅਗੋਂ ਨੂੰ ਕਿਸੇ ਆਦਮੀ ਨੂੰ ਅਪਣੇ ਅਮਲ ਦੁਆਰਾ ਅਪਣੇ ਗਵਾਂਢੀ ਦੇ ਉਨ੍ਹਾਂ ਰਿਵਾਜਾਂ ਵਿਚ ਦਖ਼ਲ ਦੇਣ ਦੀ ਆਗਿਆ ਨਹੀਂ ਹੋਵੇਗੀ, ਜਿਨ੍ਹਾਂ ਦੀ ਉਨ੍ਹਾਂ ਦੇ ਮਜ਼੍ਹਬ ਵਿਚ ਖੁਲ੍ਹ ਹੈ।" ਰਾਜ ਪ੍ਰਬੰਧਕ ਕਮੇਟੀ ਦੇ ਸਕੱਤ੍ਰ ਨੇ ਇਹ ਵੀ ਲਿਖਿਆ ਸੀ ਕਿ ਗਊ ਹੱਤਯਾ ਦੀ ਪਾਬੰਦੀ ਦਾ ਪ੍ਰਬੰਧ ਕੇਵਲ ਸਿਖ ਰਾਜ ਦੇ ਸਨਮਾਨ ਨੂੰ ਮੁਖ ਰਖ ਕੇ ਕੀਤਾ ਗਿਆ ਸੀ ਇਸ ਕਰਕੇ ਹੁਣ ਉਹ ਹਟਾ ਦਿਤੀ ਜਾਵੇਗੀ। ਇਸਤੋਂ ਬਿਨਾਂ ਹਰ ਵੱਡੇ ਸ਼ਹਿਰ ਵਿਚ ਇਕ ਥਾਂ ਪਸ਼ੂ ਮਾਰਨ ਅਰ ਗਊ ਮਾਸ ਵੇਚਣ ਵਾਸਤੇ ਨੀਯਤ ਕੀਤੀ ਜਾਏਗੀ, ਗਊ-ਮਾਸ ਨੂੰ ਕਿਸੇ ਹਾਲਤ ਵਿਚ ਵੀ ਸ਼ਹਿਰ ਅੰਦਰ ਦੀਆਂ ਦੁਕਾਨਾਂ ਵਿਚ ਖੁਲ੍ਹੇ ਤੌਰ ਤੇ ਨਾ ਵੇਚਿਆ ਜਾਵੇਗਾ।

ਉਨ੍ਹਾਂ ਮੁਸਲਮਾਨਾਂ ਨੂੰ ਸਖ਼ਤ ਸਜ਼ਾ ਦਿਤੀ ਜਾਏਗੀ ਜੋ ਸ਼ੇਖ਼ੀ ਵਿਚ ਆ ਕੇ ਹਿੰਦੂ ਗਵਾਂਢੀਆਂ ਨੂੰ ਦੁਖਾਣ ਵਾਲੀ ਹਰਕਤ ਕਰਨਗੇ। ਇਨ੍ਹਾਂ ਹੁਕਮਾਂ ਦੀ ਵਰਤੋਂ ਅੰਮ੍ਰਿਤਸਰ ਵਿਚ ਸੀ. ਬੀ. ਸਾਊਂਡਰਸ ਨੇ ਕਰਾਈ ਤੇ ਸ਼ਹਿਰ ਤੋਂ ਬਾਹਰ ਕੁਛ ਫ਼ਾਸਲੇ ਤੇ ਥਾਂ ਚੁਣ ਕੇ ਇਕ ਇਹਾਤਾ ਬਣਵਾ ਦਿਤਾ ਗਿਆ ਅਤੇ ਇਸ ਖ਼ਿਆਲ ਨਾਲ ਕਿ ਹਿੰਦੂ ਜਜ਼ਬਾਤ ਨੂੰ ਠੇਸ ਨਾ ਪੁਜੇ, ਸ਼ਹਿਰ ਅੰਦਰਲੀਆਂ ਦੁਕਾਨਾਂ ਵਿਚ ਗਊ ਮਾਸ ਨੂੰ ਪ੍ਰਗਟ ਰੂਪ ਵਿਚ ਵੇਚਣ ਦੀ ਮਨਾਹੀ ਕਰ ਦਿਤੀ ਗਈ। ਉਸ ਦਿਨ ਤੋਂ ਅੱਜ ਤਕ ਇਹੀ ਤ੍ਰੀਕਾ ਜਾਰੀ ਰਿਹਾ ਹੈ। ਇਕ ਯਾ ਦੋ ਵਾਰ ਛੋਟੇ ਛੋਟੇ ਫ਼ਸਾਦ ਹੋਏ, ਪਰ ਉਹ ਪ੍ਰਕਾਸ਼ਿਤ ਨਿਜਮਾਂ ਅਨੁਸਾਰ ਦ੍ਰਿੜ੍ਹਤਾ ਨਾਲ ਰਫ਼ਾ ਦਫ਼ਾ ਕਰ ਦਿਤੇ ਗਏ। ਅਗੋਂ ਨੂੰ ਵੀ ਇਹੀ ਤ੍ਰੀਕਾ ਖਾਸ ਕੰਟਰੋਲ ਅੰਦਰ ਜਾਰੀ ਰਹੇਗਾ। ਪਰ ਜੇ ਕੋਈ ਮੁਨਾਸਬ ਤ੍ਰੀਕੇ ਨਾਲ ਥੋੜ੍ਹਾ ਯਾ ਬਹੁਤਾ ਗਊ ਮਾਸ ਢਕ ਕੇ ਸ਼ਹਿਰ ਅੰਦਰ ਲਿਆਵੇ ਤਾਂਉਸਨੂੰ ਅਜੇਹਾ ਕਰਨ ਦੀ ਆਗਯਾ ਹੋਵੇਗੀ। ਬੁੱਚੜਾਂ ਤੋਂ ਵੀ ਇਕਰਾਰ ਕਰਾ ਲਿਆ ਗਿਆ ਹੈ, ਕਿ ਏਨ੍ਹਾਂ ਨਿਜਮਾਂ ਨੂੰ ਕਿਸੇ ਤਰ੍ਹਾਂ ਵੀ ਨਹੀਂ ਤੋੜਿਆ ਜਾਵੇਗਾ।

ਸ੍ਰਦਾਰੋ, ਰਈਸੋ, ਪੈਂਚੋ ਤੇ ਮਹੱਲਿਆਂ ਦੇ ਚੌਧਰੀਓ! ਤੁਸੀਂ ਅਪਣੇ ਅਸਰ ਤੇ ਰਸੂਖ਼ ਨਾਲ ਲੋਕਾਂ ਨੂੰ ਇਸ ਗੱਲ ਦੀ ਪ੍ਰੇਰਨਾ ਕਰੋ, ਕਿ ਉਹ ਵਿਅਰਥ ਖ਼ਿਆਲਾਂ ਤੇ ਬੇਹੂਦਾ ਬਹਿਸਾਂ ਨੂੰ ਛਡਦੇ ਹੋਏ ਸ੍ਰਕਾਰ ਦੀ ਨਿਸਚਿਤ ਪਾਲਿਸੀ ਦੇ ਅਨੁਸਾਰ ਚੱਲਣ... ...ਨਾ ਹੀ ਮੁਸਲਮਾਨਾਂ ਨੂੰ ਆਗਯਾ ਹੈ, ਕਿ ਉਹ ਹਿੰਦੂਆਂ ਦੇ ਕੰਮਾਂ ਵਿਚ ਦਖ਼ਲ ਦੇਣ, ਅਤੇ ਨਾ ਹਿੰਦੂਆਂ ਨੂੰ ਖੁਲ੍ਹ ਹੈ ਕਿ ਉਹ ਮੁਸਲਮਾਨਾਂ ਦੇ ਰਸਤੇ ਵਿਚ ਰੋੜਾ ਬਣਨ। ਅਗੋਂ ਨੂੰ ਸਭ ਨੂੰ ਇਕੱਠਿਆਂ

Sri Satguru Jagjit Singh Ji Elibrary NamdhariElibrary@gmail.com

ਰਹਿਣਾ ਚਾਹੀਦਾ ਹੈ, ਜਿਵੇਂ ਇਕ ਬ੍ਰਾਦਰੀ ਦੇ ਰੂਪ ਵਿਚ ਏਥੇ ਬੈਠੇ ਹੋ... ..ਮੈਂ ਤੁਹਾਨੂੰ ਇਹ ਸਲਾਹ ਤੁਹਾਡਾ ਮਿਤ੍ਰ ਹੋਣ ਦੀ ਹੈਸੀਅਤ ਵਿਚ ਦੇਂਦਾ ਹਾਂ--ਹਾਕਮ ਹੋਣ ਦੀ ਸ਼ਕਲ ਵਿਚ ਨਹੀਂ। ਇਹ ਕਹਿਣ ਦੀ ਕੋਈ ਲੋੜ ਨਹੀਂ ਕਿ ਕਾਨੂੰਨ ਕੀ ਸ਼ੈ ਹੈ, ਅਤੇ ਉਸਦੇ ਤੋੜਨ ਵਾਲੇ ਲਈ ਕੇਹੜੀਆਂ ਸਜਾਵਾਂ ਹਨ।"*

## ਤਾਤਪ੍ਰਜ

ਹੁਣ ਤਕ ਅਸਾਂ ਦੇਖਿਆ ਹੈ ਕਿ:—

(੧) ਪੰਜਾਬ ਦੇ ਅੰਗ੍ਰੇਜ਼ੀ ਰਾਜ ਵਿਚ ਸਮਿਲਤ ਹੋਣ ਤੋਂ ਪਹਿਲਾਂ, ਅੰਮ੍ਰਿਤਸਰ ਵਿਚ ਹੀ ਨਹੀਂ ਬਲਕਿ ਪੰਜਾਬ ਭਰ ਵਿਚ ਗਊ ਹਤਯਾਬੰਦ ਸੀ।

(੨) ਪੰਜਾਬ ਉਤੇ ਬ੍ਰਤਾਨਵੀ ਕਬਜ਼ਾ ਹੁੰਦਿਆਂ ਸਾਰ ਹੀ ਵਾਇਸਰਾਏ ਹਿੰਦ ਦੇ ੫ ਮਈ ੧੮੪੯ ਈ: ਦੇ ਇਕ ਐਲਾਨ ਅਨੁਸਾਰ ਨ ਕੇਵਲ ਸ੍ਰੀ ਅੰਮ੍ਰਿਤਸਰ ਜੈਸੇ ਪਵਿਤ੍ਰ ਸ਼ਹਿਰ ਵਿਚ ਬਲਕਿ ਪੰਜਾਬ ਭਰ ਦੇ ਸ਼ਹਿਰਾਂ ਵਿਚ ਬੁਚੜਖਾਨੇ ਖੋਹਲਣ ਅਤੇ ਗਊ ਮਾਸ ਵੇਚਣ ਦੀ ਕਾਨੂੰਨਨ ਖੁਲ੍ਹ ਕਰ ਦਿਤੀ ਗਈ।

(੩) ਅੰਮ੍ਰਿਤਸਰ ਵਿਚ ਝਟ ਪਟ ਬੁਚੜਖ਼ਾਨਾ ਖੋਹਲ ਦਿਤਾ ਗਿਆ ਅਤੇ ਨਾਲ ਹੀ ਸ਼ਹਿਰ ਅੰਦਰ ਗਊ ਮਾਸ ਵਿਕਣ ਦੀ ਆਗਯਾ ਦੇ ਦਿਤੀ ਗਈ, ਜਿਸਦਾ ਫਲ ਇਹ ਹੋਇਆ ਕਿ ਅੰਮ੍ਰਿਤਸਰ ਵਿਚ ਹਿੰਦੂਆਂ ਤੇ ਸਿਖਾਂ ਦੇ ਧਾਰਮਿਕ ਜਜ਼ਬੇ ਨੂੰ ਬਹੁਤ ਤਕੜੀ ਸੱਟ ਵੱਜੀ, ਜਿਸਦੇ ਕਾਰਨ ਸ਼ਹਿਰ ਵਿਚ ਕਈ ਸਾਲਾਂ ਤਕ ਹਿੰਦੂ ਮੁਸਲਿਮ ਫ਼ਸਾਦ ਹੁੰਦੇ ਰਹੇ ਤੇ ਗੜ ਬੜ ਮਚੀ ਰਹੀ।

(੪) ਹਿੰਦੂ ਸਿਖ ਜਜ਼ਬਿਆਂ ਦੀ ਕੱਖ ਜਿੰਨੀ ਪ੍ਰਵਾਹ ਨਾ ਕਰਦਿਆਂ ਹੋਇਆਂ ੨੨ ਮਈ ੧੮੭੧ ਨੂੰ ਮਯੂਨਿਸਪਲ ਕਮੇਟੀ ਨੇ ਬੁਚੜਖ਼ਾਨੇ ਨੂੰ ਬਹਾਲ ਰਖਣ ਦਾ ਫੈਸਲਾ ਕਰਦਿਆਂ ਹੋਇਆਂ ਅਗਲੇ ਸਾਲ ਵਾਸਤੇ ਬੁਚੜਾਂ ਨੂੰ ਠੇਕਾ ਦੇਣ ਦਾ ਮਤਾ ਪਾਸ

* ਕੂਕਾ ਫਾਈਲ ਕੇਂਦਰੀ ਪੰਨਾ ੧੧ ਤੋਂ ੧੪ ਤਕ

ਕਰ ਦਿਤਾ ਜਿਸਤੇ ਰੋਸ ਵਜੋਂ ਨਿਮਾਣੀ ਇਕਾਦਸ਼ੀ ਦੇ ਸਮੇਂ ਹਿੰਦੂ ਸਿਖ ਕਸੇਰਿਆਂ ਅਤੇ ਸ਼ਹਿਰ ਦੇ ਆਮ ਹਿੰਦੂਆਂ ਨੇ ਮੁਸਲਮਾਨ ਘੁਮਜਾਰਾਂ ਤੋਂ ਘੜੇ ਨਾ ਖ਼ਰੀਦਣ ਦਾ ਫੈਸਲਾ ਕੀਤਾ।

(੫) ਮਿਸਟਰ ਡੈਵਿਸ ਕਮਿਸ਼ਨਰ ਅੰਮ੍ਰਿਤਸਰ ਨੇ ਹਾਲਾਤ ਤੇ ਕਾਬੂ ਪਾਣ ਦੇ ਵਿਚਾਰ ਨਾਲ ਟਾਊਨ ਹਾਲ ਅੰਮ੍ਰਿਤਸਰ ਵਿਚ ਇਕ ਭਾਰੀ ਦਰਬਾਰ ਕੀਤਾ, ਜਿਸ ਵਿਚ ਉਸ ਨੇ ਸ਼ਹਿਰ ਦੇ ਹਿੰਦੂ ਸਿਖ ਤੇ ਮੁਸਲਿਮ ਰਈਸਾਂ ਚੌਧਰੀਆਂ ਅਰ ਮਯੂਨਿਸਪਲ ਕਮੇਟੀ ਦੇ ਮੈਂਬਰਾਂ ਸਾਹਮਣੇ ਉਰਦੂ ਵਿਚ ਇਕ ਲੰਮੀ ਤਕਰੀਰ ਕਰਦਿਆਂ ਹੋਇਆਂ ਬੁਚੜਖਾਨਿਆਂ ਦੇ ਖੋਹਲਣ, ਅਤੇ ਗਊ ਮਾਸ ਵੇਚਣ ਦੀ ਖੁਲ੍ਹ ਬਾਬਤ ਗਵਰਮੈਂਟ ਦਾ ਨੁਕਤਾ ਨਿਗਾਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਕਮਿਸ਼ਨਰ ਦੀ ਇਸ ਤਕਰੀਰ ਤੋਂ ਹਿੰਦੂਆਂ ਅਤੇ ਸਿਖਾਂ ਦਾ ਇਹ ਨਿਸਚਾ ਪ੍ਰਪੱਕ ਹੋ ਗਿਆ ਕਿ ਹੁਣ ਗਊ-ਘਾਤ ਹੋਣ ਅਰ ਗਊ ਮਾਸ ਵੇਚਣ ਦਾ ਅਨਰਥ ਪੱਕੇ ਪੈਰਾਂ ਤੇ ਹੋ ਗਿਆ ਹੈ। ਜਿਸ ਵਿਚ ਰੋਕ ਪਾਣ ਵਾਲਿਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਦਿਤੀਆਂ ਜਾਇਆ ਕਰਨਗੀਆਂ।

## ਘੰਟਾਘਰ ਵਾਲੀ ਥਾਂ ਤੇ ਬੁੱਚੜਖ਼ਾਨਾ

ਸਭ ਤੋਂ ਵੱਡੇ ਅਨਰਥ ਦੀ ਗੱਲ ਇਨ੍ਹਾਂ ਦਿਨਾਂ ਵਿਚ ਇਹ ਹੋਈ ਕਿ ਸ਼ਹਿਰ ਦੇ ਵਿਚਕਾਰ ਵੀ ਜਿਥੇ ਅਜ ਕਲ ਘੰਟਾਘਰ ਹੈ, ਤੇ ਓਦੋਂ ਖੁਲਾ ਮੈਦਾਨ ਸੀ, ਇਕ ਬੁਚੜਖਾਨਾ ਖੋਹਲਿਆ ਗਿਆ, ਜਿਸ ਦੀ ਚੜ੍ਹਦੇ ਵਲ ਦੀ ਫ਼ਸੀਲ ਸ੍ਰੀ ਦਰਬਾਰ ਸਾਹਿਬ ਦੀ ਇਕ ਬੰਨੇ ਦੀ ਪ੍ਰਕਰਮਾ ਨਾਲ ਸਾਂਝੀ ਸੀ। ਸ਼ਹਿਰ ਦੇ ਹਿੰਦੂ ਸਿਖਾਂ ਨੇ ਇਸਦੇ ਵਿਰੁਧ ਕਾਫ਼ੀ ਰੌਲਾ ਪਾਇਆ, ਪਰ ਕਿਸੇ ਦੀ ਕੋਈ ਪੇਸ਼ ਨਾ ਗਈ।

### ਕੂਕਿਆਂ ਦੀ ਸਲਾਹ

ਪਿਛਲੇ ਪੱਤ੍ਰਿਆਂ ਵਿਚ ਇਹ ਵਰਣਨ ਹੋ ਚੁੱਕਾ ਹੈ, ਕਿ ਕੂਕਾ ਲਹਿਰ ਇਨ੍ਹਾਂ ਦਿਨਾਂ ਵਿਚ ਜੋਬਨ ਤੇ ਸੀ। ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬੇ ਦੇਸ਼ ਨੂੰ ਗੁਲਾਮੀ ਦੀ ਲਾਹਨਤ ਤੋਂ ਮੁਕਤ ਕਰਨ ਲਈ ਉਤਾਵਲੇ ਹੋ

Sri Satguru Jagjit Singh Ji Elibrary NamdhariElibrary@gmail.com

ਰਹੇ ਸਨ। ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾ ਕੇ ਉਹ ਮੈਦਾਨ ਵਿਚ ਕੁੱਦੇ ਹੋਏ ਸਨ। ਸ੍ਰਕਾਰ ਇਸ ਲਹਿਰ ਨੂੰ ਕੁਚਲਣ ਵਾਸਤੇ ਕਿਸੇ ਬਹਾਨੇ ਦੀ ਭਾਲ ਵਿਚ ਸੀ। ਕੂਕਿਆਂ ਵਿਚੋਂ ਬਹੁਤ ਸਾਰਿਆਂ ਨੇ ਪੰਜਾਬ ਵਿਚ ਉਹ ਦਿਨ ਦੇਖੇ ਸਨ, ਜਦ ਕਿ ਪੰਜਾਬ ਵਿਚ ਗਊ ਹਤਜਾ ਕਾਨੂੰਨਨ ਬੰਦ ਸੀ। ਮਹਾਰਾਜਾ ਰਣਜੀਤ ਸਿੰਘ ਦੇ ਪ੍ਰਭਾਵ ਨਾਲ ਕਾਬਲ ਦੇ ਪਠਾਣ, ਤੇ ਵਲੈਤ ਦੇ ਗੋਰੇ ਨੂੰ ਵੀ ਪੰਜਾਬ ਦੀ ਧਰਤੀ ਤੇ ਗਊ ਹੱਤਿਆ ਕਰਨ ਦਾ ਹੀਆ ਨਹੀਂ ਸੀ ਪੈਂਦਾ। ਕਾਬਲ ਦੇ ਬਾਦਸ਼ਾਹ ਸੁਜ਼ਾਊਲ ਮੁਲਕ ਅਤੇ ਅੰਗ੍ਰੇਜ਼ਾਂ ਦੇ ਪ੍ਰਤੀਨਿਧ ਨੇ ਇਸ ਸਬੰਧ ਵਿਚ ਲਿਖ ਕੇ ਦਿਤਾ ਹੋਇਆ ਸੀ ਕਿ ਉਨ੍ਹਾਂ ਦੀਆਂ ਫੌਜਾਂ ਪੰਜਾਬ ਦੀਆਂ ਹੱਦਾਂ ਅੰਦਰ ਗਊ ਘਾਤ ਕਦਾਚਿਤ ਨਹੀਂ ਕਰਨਗੀਆਂ, ਕੂਕੇ ਬੀਰਾਂ ਦੇ ਇਕ ਛੋਟੇ ਜੇਹੇ ਜਥੇ ਨੇ ਮਹਿਸੂਸ ਕੀਤਾ ਕਿ ਬੁੱਚੜਖਾਨੇ ਖੋਹਲਣ ਦਾ ਸ੍ਰਕਾਰੀ ਐਲਾਨ ਇਕ ਤ੍ਰਿਖੀ ਨਸ਼ਤ੍ਰ ਦੇ ਸਮਾਨ ਹੈ, ਜਿਸ ਨਾਲ ਏਹ ਦੇਖਣ ਦਾ ਯਤਨ ਕੀਤਾ ਗਿਆ ਹੈ, ਕਿ ਸਿਖ ਦੇ ਸ੍ਰੀਰ ਵਿਚੋਂ ਅਣਖੀਲਾ ਖ਼ੂਨ ਖ਼ਾਰਜ ਹੋ ਚੁਕਾ ਹੈ, ਕਿ ਕੁਛ ਬਾਕੀ ਹੈ? ਜਦ ਉਨ੍ਹਾਂ ਨੇ ਆਪਣੀ ਜਥੇਬੰਦੀ ਵਲ ਧਿਆਨ ਮਾਰਿਆ ਤਾਂ ਉਨ੍ਹਾਂ ਨੂੰ ਨਜ਼ਰ ਆਇਆ, ਕਿ ਉਨ੍ਹਾਂ ਨੂੰ ਹਾਲਾਂ ਕੋਈ ਅਜੇਹੀ ਹਰਕਤ ਕਰਨ ਦੀ ਆਗਿਜਾ ਨਹੀਂ ਮਿਲੇਗੀ, ਜਿਸ ਨਾਲ ਉਹ ਬੁਚੜਖ਼ਾਨੇ ਬੰਦ ਕਰਨ ਦੀ ਲਹਿਰ ਜਾਰੀ ਕਰ ਸਕਣ, ਪਰ ਉਹ ਇਨ੍ਹਾਂ ਦਾ ਜਾਰੀ ਰਹਿਣਾ ਵੀ ਦੇਸ਼ ਹਿਤ ਦੇ ਉੱਕਾ ਹੀ ਵਿਰੁਧ ਸਮਝ ਰਹੇ ਸਨ। ਛੇਕੜ ਉਨ੍ਹਾਂ ਨੇ ਫੈਸਲਾ ਕੀਤਾ ਕਿ ਭਾਵੇਂ ਕੁਛ ਹੋਵੇ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚੋਂ ਬੁੱਚੜਖਾਨੇ ਹਟੌਣ ਵਾਸਤੇ ਕੋਈ ਸਕੀਮ ਤਿਆਰ ਕੀਤੀ ਜਾਣੀ ਚਾਹੀਦੀ ਹੈ, ਅਤੇ ਸ੍ਰਕਾਰ ਦੇ ਇਸ ਚੈਲੰਜ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ, ਕਿ ਸਿਖ ਮਰ ਚੁਕਾ ਹੈ ਕਿ ਜੀਉਂਦਾ ਹੈ? ਛੇਕੜ ਉਨ੍ਹਾਂ ਨੇ ਇਕ ਪ੍ਰੋਗਰਾਮ ਬਣਾਇਆ ਜਿਸ ਵਿਚ ਉਹ ਸਮਝਦੇ ਸਨ, ਜੋ ਸਫਲ ਹੋ ਗਏ, ਤਾਂ ਦੇਸ਼ ਇਸ ਮਹਾਨ ਪਾਪ ਅਤੇ ਕਲੰਕ ਤੋਂ ਬਚ ਜਾਏਗਾ। ਗਊਆਂ ਦੀ ਰਛਿਆ ਹੋ ਸਕੇਗੀ। ਬਲਦ ਬਚ ਜਾਣਗੇ, ਜਿਸ ਕਰਕੇ ਕਿਰਸਾਨ ਖੁਸ਼ਹਾਲ ਹੋਣਗੇ, ਜਿਨ੍ਹਾਂ ਦੀ ਬਰਕਤ ਨਾਲ ਪੰਜਾਬ ਦੀ ਸਾਰੀ ਲੁਕਾਈ ਲਾਭ ਪ੍ਰਾਪਤ ਕਰ ਸਕੇਗੀ। ਦੂਜੀ ਸੂਰਤ ਅਸਫਲਤਾ ਦੀ ਹੈ। ਉਸ ਵਿਚ ਉਹ ਸ਼ਹੀਦ ਹੋ ਜਾਣਗੇ ਅਤੇ ਦੇਸ ਦੇ ਭਲੇ ਲਈ ਜੋ ਮਹਾਨ ਕੰਮ ਪੂਰਾ ਕਰਨ ਹਿਤ ਸਤਿਗੁਰੂ ਰਾਮ ਸਿੰਘ ਜੀ ਤਿਆਰੀਆਂ ਕਰ ਰਹੇ ਹਨ, ਉਸਤੋਂ ਪਹਿਲੋਂ ਉਹ ਆਪਣਾ ਹਿੱਸਾ ਅਦਾ ਕਰਦੇ ਹੋਏ ਇਸ ਅਨਿੱਤ ਸੰਸਾਰ

Sri Satguru Jagjit Singh Ji Elibrary NamdhariElibrary@gmail.com

ਤੋਂ ਕੂਚ ਕਰ ਜਾਣਗੇ।

ਸੋ ਨਾਮਧਾਰੀ ਬੀਰਾਂ ਦਾ ਇਹ ਨਿਕਾ ਜੇਹਾ ਜਥਾ ਜਿਸ ਵਿਚ ਵਧ ਤੋਂ ਵਧ ੧੦ ਸਿਖ ਸ਼ਾਮਿਲ ਸਨ, ਅਪਣੇ ਜੀਵਨ ਦਾ ਸਬੂਤ ਪੇਸ਼ ਕਰਨ ਅਤੇ ਗੁਰੂ ਕੀ ਨਗਰੀ ਵਾ ਪੰਜਾਬ ਦੇ ਦੂਜੇ ਸ਼ਹਿਰਾਂ ਚੋਂ ਬੁੱਚੜਖ਼ਾਨਿਆਂ ਦੀ ਸਫ਼ਾਈ ਕਰ ਦੇਣ ਦੀ ਸਕੀਮ ਤੇ ਅਮਲ ਕਰਨ ਦੇ ਉਦੇਸ਼ ਨਾਲ ਅੰਮ੍ਰਿਤਸਰ ਨੂੰ ਰਵਾਨਾ ਹੋਇਆ. ਪਹਿਲੋਂ ਤਾਂ ਸਿਖ ਲਹੌਰੀ ਦਰਵਾਜੇ ਵਾਲੇ ਬੁਚੜਖਾਨੇ ਨੂੰ ਦੇਖ ਕੇ ਬਹੁਤ ਦੁਖੀ ਹੋਏ। ਪਰ ਜਦ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਕੋਲ ਘੰਟੇ ਘਰ ਵਾਲੇ ਮੈਦਾਨ ਵਿਚ ਬੁਚੜਖ਼ਾਨਾ ਦੇਖਿਆ ਤਾਂ ਉਹ ਅਸਲੋਂ ਹੀ ਅਸ਼ਾਂਤ ਹੋ ਗਏ। ਉਨ੍ਹਾਂ ਨੇ ਵੇਖਿਆ ਕਿ ਇਲਾਂ ਤੇ ਗਿਰਝਾਂ ਆਪਣੀਆਂ ਚੁੰਝਾਂ ਵਿਚ ਗਊ ਮਾਸ ਦੀਆਂ ਬੋਟੀਆਂ ਲੈ ਕੇ ਸ੍ਰੀ ਅੰਮ੍ਰਿਤਸਰ ਦੇ ਪਵਿਤਰ ਜਲ ਵਿਚ ਸੁਟ ਰਹੀਆਂ ਹਨ, ਜਿਸ ਕਰਕੇ ਅੰਮ੍ਰਿਤ ਜਲ ਦਾ ਅਨਾਦਰ ਹੋ ਰਿਹਾ ਹੈ। ਉਹ ਦਿਲ ਹੀ ਦਿਲ ਵਿਚ ਝੂਰ ਰਹੇ ਸਨ। ਆਖ਼ਿਰ ਉਹ ਆਪਣੇ ਇਕ ਸਾਥੀ ਮਿਸਤ੍ਰੀ ਲਹਿਣਾ ਸਿੰਘ ਦੇ ਘਰ ਪੁਜੇ, ਜਿਥੇ ਹਵਨ ਕਰਨ ਪਿਛੋਂ ਅਰਦਾਸ ਕੀਤੀ। ਹਰ ਇਕ ਨੇ ਅਪਣੇ ਜੀਵਨ ਬਲੀਦਾਨ ਦਾ ਪ੍ਰਣ ਕਰਦਿਆਂ ਹੋਇਆਂ, ਇਹ ਸ਼ਬਦ ਕਹੇ ਕਿ—"ਹੇ ਸਤਿਗੁਰੂ, ਹੇ ਪਾਤਸ਼ਾਹ' ਜਿਸ ਉਦੇਸ਼ ਲਈ ਅਸਾਂ ਕਮਰਾਂ ਕੱਸੀਆਂ ਹਨ, ਉਸ ਵਿਚ ਸਫਲ ਹੋਣ ਦੀ ਸਾਨੂੰ ਸ਼ਕਤੀ ਦੇਹ। ਇਸ ਕੰਮ ਵਿਚ ਸਾਡਾ ਆਪਣਾ ਕੋਈ ਸੁਆਰਥ ਨਹੀਂ ਹੈ। ਅਸੀਂ ਦੇਸ਼ ਅਤੇ ਜੰਤਕ ਲਾਭ ਨੂੰ ਮੁਖ ਰਖਦੇ ਹੋਏ ਇਸ ਕੰਮ ਲਈ ਤਿਆਰ ਹੋਏ ਹਾਂ। ਦੀਨ ਦਿਆਲੂ ਜੀ! ਅਸੀਂ ਸਫਲ ਹੋਈਏ ਯਾ ਸ਼ਹੀਦ"।

## ਬੁੱਚੜ ਖਾਨੇ ਤੇ ਹਮਲਾ

ਛੇਕੜ ੧੪ ਤੇ ੧੫ ਜੂਨ ੧੮੭੧ ਦੀ ਵਿਚਕਾਰਲੀ ਰਾਤ ਨੂੰ ਹਮਲਾ ਕੀਤਾ ਗਿਆ। ਪਹਿਲੋਂ ਦਰਬਾਰ ਸਾਹਿਬ ਕੋਲ ਦੇ ਬੁਚੜਾਂ ਦੀ ਸਾਰ ਲਈ ਗਈ। ਅਤੇ ਪਿਛੋਂ ਦੂਜੇ ਬੁੱਚੜ ਖ਼ਾਨੇ ਤੇ ਹਮਲਾ ਕੀਤਾ ਗਿਆ, ਪਹਿਲੋਂ ਉਹ ਗਊਆਂ ਖੋਲ੍ਹ ਕੇ ਬਾਹਰ ਕੱਢੀਆਂ ਗਈਆਂ ਜੋ ਕਤਲ ਕਰਨ ਵਾਸਤੇ ਕਾਬੂ ਕੀਤੀਆਂ ਹੋਈਆਂ ਸਨ। ਪਿਛੋਂ ਜੋ ਸਾਹਮਣੇ ਆਇਆ, ਉਸ ਨੂੰ ਕਤਲ ਕਰਕੇ ਰਾਹੇ ਪਏ। ਜਦ ਪੁਲਸ ਨੂੰ ਪਤਾ ਲੱਗਾ ਤਾਂ ਉਸਨੇ ਸ਼ੁਭੇ ਵਿਚ ਉਨ੍ਹਾਂ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਜੋ ਉਨ੍ਹਾਂ ਦਿਨਾਂ ਵਿਚ ਅਕਾਲ ਬੁੰਗੇ ਦੇ ਪੁਜਾਰੀ ਸਨ। ਉਨ੍ਹਾਂ ਤੋਂ ਬਿਨਾਂ ਸ਼ਹਿਰ ਦੇ ਕੁਛ ਗਿਣੇ ਮਿਥੇ ਹਿੰਦੂ ਵੀ ਫੜੇ ਗਏ। ਚੋਖੇ ਦਿਨਾਂ ਤਕ ਤਫ਼ਤੀਸ਼ ਜਾਰੀ ਰਹੀ। ਪੁਲਸ ਨੇ ਬਿਦੋਸ਼ਿਆਂ ਦੇ

ਚਲਾਨ ਕਰ ਦਿਤੇ ਅਤੇ ਨਿਹੰਗਾਂ ਤੇ (ਜਿਨ੍ਹਾਂ ਨੂੰ ਓਦੋਂ ਅਕਾਲੀ ਕਿਹਾ ਜਾਂਦਾ ਸੀ) ਬਹੁਤ ਸਖ਼ਤੀ ਕੀਤੀ ਗਈ, ਜਿਸ ਕਰਕੇ ਉਨ੍ਹਾਂ ਨੇ ਅਣਕੀਤੇ ਜੁਰਮ ਨੂੰ ਮੰਨ ਲਿਆ। ਮੁਕਦੀ ਗੱਲ ਇਹ ਕਿ ਪੁਲੀਸ ਦੀ ਮਾਰ ਤੋਂ ਡਰ ਕੇ ਕਤਲਾਂ ਦਾ ਇਕਬਾਲ ਕਰਨ ਵਾਲੇ ਬੇਗੁਨਾਹ ਬੰਦਿਆਂ ਨੂੰ ਅਦਾਲਤ ਨੇ ਵੀ ਮੌਤ ਦੀਆਂ ਸਜ਼ਾਵਾਂ ਸੁਣਾਕੇ ਅੰਗ੍ਰੇਜ਼ੀ ਨਿਆਂ ਦਾ ਦਿਵਾਲਾ ਕਢ ਦਿਤਾ।

## ਕੂਕੇ ਸਿੱਖਾਂ ਦਾ ਇਕਬਾਲ ਜੁਰਮ

ਦੇਵ ਨੇਤ ਉਹ ਸਿਖ ਜਿਨ੍ਹਾਂ ਨੇ ਇਹ ਕੰਮ ਕੀਤਾ ਸੀ, ਭੈਣੀ ਸਾਹਿਬ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਪੁਛਿਆ ਸਿਖੋ! ਅੰਮ੍ਰਿਤਸਰ ਵਾਲੇ ਬੁਚੜ ਮਾਰੂ ਮੁਕੱਦਮੇ ਦਾ ਕੀ ਬਣਿਆ? ਉਨ੍ਹਾਂ ਬੇਨਤੀ ਕੀਤੀ ਕਿ ਮਹਾਰਾਜ! ਉਨ੍ਹਾਂ ਨੂੰ ਫਾਂਸੀ ਦਾ ਹੁਕਮ ਹੋਇਆ ਹੈ। ਪਰ ਦੀਨ ਦਿਆਲ! ਆਪ ਅਗੇ ਝੂਠ ਬੋਲਣਾ ਠੀਕ ਨਹੀਂ ਹੈ। ਉਹ ਕਤਲ ਅਸਾਂ ਕੀਤੇ ਸਨ। ਸਤਿਗੁਰੂ ਜੀ ਨੇ ਕਿਹਾ—"ਸਿਖੋ ਮੇਹਨਤ ਕੋਈ ਕਰੇ ਤੇ ਫਲ ਕੋਈ ਭੁਗਤੇ, ਇਹ ਠੀਕ ਨਹੀਂ ਝਟ ਪਟ ਅੰਮ੍ਰਿਤਸਰ ਪਹੁੰਚਕੇ ਬਿਦੋਸ਼ਿਆਂ ਨੂੰ ਛੁਡਾਓ, ਤੇ ਆਪਣੇ ਕਰਮ ਦਾ ਫਲ ਆਪ ਭੁਗਤੋ।"* ਸਿੱਖਾਂ ਨੇ ਗੁਰੂ ਜੀ ਦੀ ਆਗਿਆ ਅਗੇ ਸਿਰ ਨਿਵਾ ਦਿਤਾ ਅਤੇ ਅੰਮ੍ਰਿਤਸਰ ਪੁਜ ਕੇ ਹਾਕਮਾਂ ਸਾਹਮਣੇ ਸਚੋ ਸਚ ਬਿਆਨ ਕਰਦਿਆਂ ਹੋਇਆਂ ਆਪਣੇ ਆਪਨੂੰ ਅਪਣੀ ਕਿਸਮਤ ਤੇ ਛਡ ਦਿਤਾ। ਪਹਿਲੋਂ ਤਾਂ ਹਾਕਮਾਂ ਨੇ ਸਮਝਿਆ, ਕਿ ਇਹ ਸਾਧੂ ਲੋਕ ਅਪਣੇ ਕੋਮਲ ਸੁਭਾਵ ਦੇ ਕਾਰਨ ਦੋਸ਼ੀਆਂ ਨੂੰ ਛੁਡਾ ਕੇ ਆਪ ਵਾਹੇ ਔਣਾ ਚਾਹੁੰਦੇ ਹਨ, ਪਰ ਉਨਾਂ ਨੇ ਹਰ ਦੇਕ ਗੱਲ ਸਹੀ ਸਹੀ ਪ੍ਰਗਟ ਕੀਤੀ, ਅਰ ਹਥਿਆਰ ਤਕ ਬ੍ਰਾਮਦ ਕਰਾ ਦਿਤੇ, ਤਾਂ ਉਨ੍ਹਾਂ ਤੇ ਵਿਸ਼ਵਾਸ ਕੀਤਾ ਗਿਆ। ਹਾਕਮਾਂ ਉਤੇ ਇਸ ਘਟਨਾ ਦਾ ਖਾਸ ਅਸਰ ਪਿਆ।

## ਸਿਸ਼ਨ ਜਜ ਦੀ ਕਚਹਿਰੀ ਵਿਚ

੨੮-੨੯ ਅਤੇ ੩੦ ਅਗਸਤ ਨੂੰ ਉਤੋੜਿਤੀ ੩ ਦਿਨ ਇਨਾਂ ਕੂਕੇ ਬੀਰਾਂ ਦਾ ਮੁਕੱਦਮਾ ਮੇਜਰ ਡਬਲਯੂ ਜੀ ਡੇਵਿਸ ਸਿਸ਼ਨ ਜੱਜ ਅੜੇ ਕਮਿਸ਼ਨਰ ਅੰਮ੍ਰਿਤਸਰ ਦੀ ਕਚਹਿਰੀ ਵਿਚ ਹੁੰਦਾ ਰਿਹਾ ਜਿਸ ਦਾ ਫੈਸਲਾ ੩੧ ਅਗਸਤ ੧੮੭੧ ਨੂੰ ਹੇਠਾਂ ਲਿਖੇ ਅਨੁਸਾਰ ਸੁਣਾਇਆ ਗਿਆ:—

---

* ਗੁਰਦੁਆਰਾ ਰੀਵਾਰਮ ਮੂਵਮੈਂਟ ਪੰਨਾ ੩੮।

## ੪ ਫਾਂਸੀ

(੧) ਲਹਿਣਾ ਸਿੰਘ ਸਪੁਤ੍ਰ ਮੁਸਦਾ ਸਿੰਘ ਅੰਮ੍ਰਿਤਸਰ ... ... ... ...

(੨) ਫ਼ਤਿਹ ਸਿੰਘ ... ... ... ...

(੩) ਹਾਕਮ ਸਿੰਘ ਪਟਵਾਰੀ ਮੌੜੇ ਜਿ: ਅੰਮ੍ਰਿਤਸਰ

(੪) ਬੀਹਲਾ ਸਿੰਘ ਨਾਰਲੀ ਜ਼ਿਲਾ ਲਾਹੌਰ

## ੨ ਕਾਲੇ ਪਾਣੀ

(੫) ਲਹਿਣਾ ਸਿੰਘ ਪੁਤ੍ਰ ਬੁਲਾਕਾ ਸਿੰਘ ... ... ... ...

(੬) ਸਿਪਾਹੀ ਲਾਲ ਸਿੰਘ... ...

## ਇਹ ਤਿੰਨੇ ਮਫਰੂਰ

(੭) ਮੋਹਰ ਸਿਘ ... ... ...ਲੋਪੋਕੇ... ... ... ...

(੮) ਝੰਡਾ ਸਿੰਘ ਠੱਟਾ (ਜੋ ਲੋਪੋਕਿਆਂ ਪਾਸ ਹੈ)

(੯) ਲਛਮਣ ਸਿੰਘ। ਨੰ: ੭ ਤੋਂ ੯ ਤਕ ਤਿੰਨੇ ਮਫ਼ਰੂਰ ਕਰਾਰ ਦਿਤੇ ਗਏ ਜੋ ਅਨੇਕ ਜਤਨਾਂ ਨਾਲ ਵੀ ਪੁਲਸ ਨੂੰ ਨਹੀਂ ਮਿਲ ਸਕੇ। ਲਹਿਣਾ ਸਿੰਘ ਲੋਪੋਕੀ ਨੂੰ ਛੱਡ ਦਿੱਤਾ ਗਿਆ।

### ਸਜ਼ਾਵਾਂ ਦੀ ਤਸਦੀਕ

ਜ਼ਾਬਤਾ ਫੌਜਦਾਰੀ ਦੀ ਦਫਾ ੩੯੮ ਅਨੁਸਾਰ ਸਿਸ਼ਨ ਜੱਜ ਨੇ ਆਪਨਾ ਫੈਸਲਾ ਤਸਦੀਕ ਵਾਸਤੇ ਚੀਫ ਕੋਰਟ ਲਾਹੌਰ ਨੂੰ ਭੇਜਿਆ। ਜਸਟਿਸ ਜੇ ਕੈਂਪਬਲ ਨੇ ੯ ਸਤੰਬਰ ੧੮੭੧ ਨੂੰ ਅਤੇ ਜਸਟਿਸ ਸੀ ਆਰ ਲਿੰਡਸੇ ਨੇ ੧੧ ਸਤੰਬਰ ੧੮੭੧ ਨੂੰ ਸਜ਼ਾਵਾਂ ਦੀ ਤਸਦੀਕ ਕਰ ਦਿਤੀ।

Sri Satguru Jagjit Singh Ji Elibrary NamdhariElibrary@gmail.com

# ਆਸ਼ਕਾਨਿ ਵਤਨ ਤਖ਼ਤਾਇ ਦਾਰ ਪਰ

## ਸ਼ਹਿਰ ਨਿਵਾਸੀਆਂ ਤੇ ਅਸਰ

ਸਜ਼ਾਵਾਂ ਤਸਦੀਕ ਹੋਣ ਦੀ ਖਬਰ ਅੰਮ੍ਰਿਤਸਰ ਦੀ ਹਰ ਗਲੀ ਤੇ ਮਹੱਲੇ ਵਿਚ ਬਿਜਲੀ ਵਾਂਗ ਫੈਲ ਗਈ। ਧੰਨ ਧੰਨ ਤਾਂ ਓਦੋਂ ਹੀ ਹੋਣ ਲਗ ਪਈ ਸੀ, ਜਦ ਸਿੰਘਾਂ ਨੇ ਆਪਣੇ ਦੋਸ਼ ਸ੍ਵੀਕਾਰ ਕਰਕੇ ਬਿਦੋਸ਼ਿਆਂ ਨੂੰ ਮੌਤ ਦੇ ਮੂੰਹੋਂ ਛੁਡਾਇਆ ਸੀ, ਪਰ ਅਜ ਤਾਂ ਉਹ ਜ਼ਿੰਦਾ ਸ਼ਹੀਦਾਂ ਦੇ ਨਾਉਂ ਨਾਲ ਪੁਕਾਰੇ ਜਾਣ ਲੱਗੇ। ਸਿਸ਼ਨ ਜੱਜ ਦਾ ਹੁਕਮ ਸੁਣਨ ਤੋਂ ਫਾਂਸੀ ਲਗਣ ਦੇ ਦਿਨ ਤਕ ਹਰ ਰੋਜ਼ ਦਰਬਾਰ ਸਾਹਿਬ ਦਾ ਦਰਸ਼ਨ ਕਰਨ ਅਤੇ ਆਪਣਾ ਲੰਗਰ ਆਪ ਕਰਕੇ ਛਕਣ ਦੀ ਆਗਜਾ ਮਿਲੀ ਹੋਈ ਸੀ। ਰਸਦ ਦਾ ਪ੍ਰਬੰਧ ਵੀ ਸ਼ਹਿਰ ਦੇ ਕੁਛ ਕੂਕੇ ਸਿੰਘਾਂ ਵਲੋਂ ਹੋਇਆ ਹੋਇਆ ਸੀ। ੧੫ ਸਤੰਬਰ ਨੂੰ ਫਾਂਸੀ ਮਿਲਣ ਦਾ ਦਿਨ ਸੀ, ਜਦ ਕਿ ਅੰਮ੍ਰਿਤ ਵੇਲੇ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕੀਤੇ। ਉਪ੍ਰੰਤ ਕੜਾਹ ਪ੍ਰਸ਼ਾਦ ਬਣਾ ਕੇ ਵਰਤਾਇਆ। ਢੋਲਕੀ ਛੈਣਿਆਂ ਦੀ ਆਗ੍ਯਾ ਵੀ ਪ੍ਰਾਪਤ ਕੀਤੀ ਗਈ। ਆਹਾ! ਕੈਸਾ ਸੁੰਦਰ ਨਜ਼ਾਰਾ ਹੈ। ਆਸ਼ਕ ਸੂਲੀ ਚੜ੍ਹਨ ਜਾ ਰਹੇ ਹਨ। ਇਕ ਸਿੰਘ ਨੇ ਗਲ ਵਿਚ ਢੋਲਕੀ ਪਾਈ, ਦੂਜਿਆਂ ਨੇ ਛੈਣੇ ਲਏ। ਝੂਮ ਝੂਮ ਕੇ ਕੀਰਤਨ ਕਰਦੇ ਕਤਲਗਾਹ ਵਲ ਜਾ ਰਹੇ ਹਨ। ਦਰਸ਼ਕ ਅਚਰਜ ਹੁੰਦੇ ਹਨ। ਹੈਂ! ਏਨ੍ਹਾਂ ਸਿਖਾਂ ਨੇ ਅੱਜ ਫਾਂਸੀ ਚੜ੍ਹਨਾ ਹੈ! ਏਨ੍ਹਾਂ ਨੂੰ ਤਾਂ ਇਉਂ ਜਾਪਦਾ ਹੈ ਕਿ ਮੌਤ ਯਾਦ ਹੀ ਨਹੀਂ। ਕੀ ਇਹ ਕਿਸੇ ਸ਼ਾਦੀ ਤੇ ਜਾ ਰਹੇ ਹਨ? ਹਾਂ ਠੀਕ ਹੈ, ਆਸ਼ਕ ਅਜ ਮੌਤ ਲਾੜੀ ਨੂੰ ਵਿਔਹਣ ਵਾਸਤੇ ਜਾ ਰਹੇ ਹਨ, ਤਦੇ ਤਾਂ ਆਪੇ ਤੋਂ ਬਾਹਰ ਹੋ ਉਛਲ ਰਹੇ ਹਨ। ਮਜੀਠਾ ਰੋਡ ਉਤੇ ਜਿਥੇ ਅਜ ਕੱਲ੍ਹ ਸਿਵਲ ਹਸਪਤਾਲ ਹੈ ਇਕ ਬੋਹੜ ਨਾਲ ਫਾਂਸੀ ਦੇਣ ਦਾ ਪ੍ਰਬੰਧ ਸੀ। ਸਿੰਘਾਂ ਦਾ ਜਲੂਸ ਓਥੇ ਪੁਜਦਾ ਹੈ। ਦਰਸ਼ਕਾਂ ਦਾ ਕਾਫ਼ੀ ਭੀੜ ਭੜੱਕਾ ਹੈ। ਸਿੰਘਾਂ ਨੂੰ ਜਦ ਅਫਸਰ ਇੰਨਚਾਰਜ ਵਲੋਂ ਕਿਹਾ ਗਿਆ ਕਿ ਇਸ ਵੇਲੇ ਜੋ ਕਹਿਣਾ ਚਾਹੋ ਕਹਿ ਸਕਦੇ ਹੋ, ਤਾਂ ਸ਼ਹੀਦਾਂ ਨੇ ਏਹ ਮੰਗਾਂ ਕੀਤੀਆਂ:



Sri Satguru Jagjit Singh Ji Elibrary NamdhariElibrary@gmail.com

(੧) ਸਾਨੂੰ ਤੰਦੀ ਨਾਲ ਫਾਹੇ ਨਾ ਦਿਤਾ ਜਾਵੇ।

(੨) ਫਾਹੇ ਦਾ ਰੱਸਾ ਅਸੀਂ ਆਪ ਆਪਣੇ ਗਲਾਂ ਵਿਚ ਪਾਵਾਂਗੇ।

ਦੋਵੇਂ ਮੰਗਾਂ ਪ੍ਰਵਾਨ ਕਰ ਲਈਆਂ ਗਈਆਂ। ਤੰਦੀ ਦੀ ਥਾਂ ਰੇਸ਼ਮੀ ਰੱਸੀਆਂ ਤਿਆਰ ਕੀਤੀਆਂ ਗਈਆਂ। ਸਿੰਘਾਂ ਨੇ ਚੀਨੀ ਵਾਲੇ ਪਾਤਸ਼ਾਹ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ, ਅਤੇ ਛਾਲਾਂ ਮਾਰਦੇ ਹੋਏ—ਸਤਿ ਸ੍ਰੀ ਅਕਾਲ ਦੀ ਧੁਨੀ ਵਿਚ ਅਪਨੀਂ ਹਥੀਂ ਰੱਸੇ ਗਲਾਂ ਵਿਚ ਪਾ ਕੇ ਸ਼ਹੀਦੀਆਂ ਪਾ ਗਏ। ਉਸ ਵੇਲੇ ਜੰਤਾ ਵਲੋਂ ਏਹ ਆਵਾਜ਼ ਆ ਰਹੀ ਸੀ--ਏਸਤ੍ਰਾਂ ਦਿਆ ਕਰਦੇ ਨੇ ਆਪਣੀਂ ਜਿੰਦਗੀ ਦਾ ਸਬੂਤ ਵਤਨ ਦੇ ਸ਼ਹੀਦ ਫਾਂਸੀ ਦੇ ਤਖ਼ਤੇ ਤੇ ਪੀਂਘਾਂ ਝੂਟ ਝੂਟ।

**ਸ਼ਹੀਦ ਦੀ ਮਾਤਾ**-ਹਾਕਮ ਸਿੰਘ ਸ਼ਹੀਦ ਆਪਣੀਂ ਵਿਧਵਾ ਮਾਈ ਦਾ ਇਕਲੌਤਾ ਲਾਲ ਸੀ। ਮਾਈ ਆਪਣਾਂ ਕੋਠਾ ਉਧੇੜਕੇ ਪੁੱਤਰ ਦਾ ਸਸਕਾਰ ਕਰਨ ਲਈ ਬਾਲਣ ਲਿਆਈ ਹੋਈ ਸੀ। ਇਸ ਨੇ ਚਹੁੰ ਸ਼ਹੀਦਾਂ ਨੂੰ ਸ੍ਰੀ ਅੰਮ੍ਰਿਤਸਰ ਦਾ ਜਲ ਲਿਆ ਕੇ ਇਸ਼ਨਾਨ ਕਰਵਾਇਆ ਤੇ ਗੁਰਬਾਣੀ ਗਾਉਂਦਿਆਂ ਹੋਇਆਂ ਸ਼ਹੀਦਾਂ ਦਾ ਸਸਕਾਰ ਕੀਤਾ। ਕਿਸੇ ਨੇ ਅਫ਼ਸੋਸ ਕਰਦਿਆਂ ਹੋਇਆਂ ਕਿਹਾ—ਮਾਈ! ਪੁੱਤ੍ਰ ਵਲੋਂ ਕੀ ਆਖੀਏ? ਮਾਈ ਨੇ ਮੁਸਕ੍ਰਾਂਦਿਆਂ ਹੋਇਆਂ ਕਿਹਾ—'ਲੋਕਾ! ਮੈਂ ਅਜ ਬੜੇ ਭਾਗਾਂ ਵਾਲੀ ਹਾਂ ਜਿਸ ਦਾ ਪੁੱਤ ਗਊ ਗਰੀਬ ਦੀ ਰੱਖਜਾ ਅਤੇ ਦੇਸ਼ ਦੀ ਅਜ਼ਾਦੀ ਬਦਲੇ ਅਪਣੇ ਚੀਨੀ ਵਾਲੇ ਪਾਤਸ਼ਾਹ ਦੀ ਆਗਜ਼ਾ ਅਨੁਸਾਰ ਸ਼ਹੀਦ ਹੋ ਗਿਆ ਹੈ।

ਦੇਸ਼ ਭਰ ਦੇ ਲੋਕਾਂ ਤੇ ਇਸ ਸ਼ਹੀਦੀ ਘਟਨਾ ਦਾ ਏਨਾ ਅਸਰ ਹੋਇਆ ਕਿ ਹਰ ਇਕ ਦੇ ਮੂੰਹ ਵਿਚੋਂ ਇਹ ਸ਼ਬਦ ਨਿਕਲ ਰਹੇ ਸੀ—

*"ਜਨਨੀ ਜਨਹਿ ਤ ਭਗਤ ਜਨ ਕੈ ਦਾਤਾ ਕੈ ਸੂਰ।*
*ਨਹੀਂ ਤਾ ਜਨਨੀ ਬਾਂਝ ਰਹਿ ਕਾਹਿ ਗਵਾਵਹਿ ਨੂਰ।'*

ਸਤਿਗੁਰੂ ਰਾਮ ਸਿੰਘ ਜੀ ਦੀ ਇਸ ਗਲ ਨੂੰ ਬੜੀ ਮਹਾਨਤਾ ਦਿਤੀ ਜਾ ਰਹੀ ਸੀ, ਕਿ ਆਪ ਨੇ ਇਸ ਘਟਨਾ ਵਿਚ ਨਾ ਕੇਵਲ ਬਿਦੇਸ਼ੀਆਂ ਦੇ ਗਲਾਂ ਤੋਂ ਫਾਂਸੀ ਦੇ ਰੱਸੇ ਲੁਹਾ ਕੇ ਅਪਣੇ ਸਿਖਾਂ ਦੇ ਗਲਾਂ ਵਿਚ ਪਵਾਏ, ਸਗੋਂ ਜਿਨ੍ਹਾਂ ਨਿਹੰਗਾਂ (ਯਾ ਅਕਾਲੀਆਂ) ਨੇ ੧੮੬੭ ਈ: ਦੀ ਦੀਪਮਾਲਾ ਸਮੇਂ ਅਕਾਲ ਤਖ਼ਤ ਤੇ ਆਪਦੀ ਅਰਦਾਸ ਕਰਨ ਤੋਂ ਨਾਂਹ ਕੀਤੀ, ਸੀ ਉਨ੍ਹਾਂ ਨੂੰ ਮੌਤ ਦੇ ਮੂੰਹੋਂ ਬਚਾ ਕੇ ਇਸ ਵਾਕ ਨੂੰ ਪ੍ਰਤਖ ਮੂਰਤੀਮਾਨ ਕੀਤਾ ਕਿ—

*"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।"*

# ਅੰਮ੍ਰਿਤਸਰੀ ਘਟਨਾ ਬਾਬਤ

## ਹੋਰ ਇਤਿਹਾਸਕਾਰਾਂ ਦੀ ਰਾਏ

੧- "ਗੁਰਦਵਾਰਾ ਰੀਫ਼ਾਰਮ ਮੂਵਮੈਂਟ ਐਂਡ ਦੀ ਸਿਖ ਅਵੇਕਨਿੰਗ" ਨਾਮ ਦੀ ਅੰਗ੍ਰੇਜ਼ੀ-ਕਿਤਾਬ ਵਿਚ ਪ੍ਰੋਫੈਸਰ ਰੁਚੀ ਰਾਮ ਸਾਹਿਬ ਸਾਹਨੀ ਲਿਖਦੇ ਹਨ:-

"ਕੁਛ ਨਾਮਧਾਰੀਆਂ ਨੂੰ ਲਾਹੌਰੀ ਦਰਵਾਜ਼ਾ ਅੰਮ੍ਰਿਤਸਰ ਵਿਚੋਂ ਦੀ ਲੰਘਣ ਦਾ ਇਤਫ਼ਾਕ ਹੋਇਆ, ਜਿਥੇ ਪੁਰਾਣੀ ਰਵਾਇਤ ਅਤੇ ਸਰ ਜਾਨ ਲਾਰੰਸ ਦੇ ੧੮੪੭ ਦੇ ਇਸ ਹੁਕਮ ਵਿਰੁੱਧ ਕਿ- 'ਅੰਮ੍ਰਿਤਸਰ ਵਿਖੇ ਗਊ ਹੱਤਯਾ ਨਹੀਂ ਹੋਵੇਗੀ' ਬੁੱਚੜਖਾਨਾ ਖੋਹਲਿਆ ਗਿਆ ਸੀ, ਅਤੇ ਅਫ਼ਵਾਹ ਸੀ ਕਿ ਇਸ ਪਵਿੱਤ੍ਰ ਸ਼ਹਿਰ ਵਿਚ ਬੁੱਚੜਾਂ ਦੀਆਂ ਚਾਰ ਦੁਕਾਨਾਂ ਹੋਰ ਖੁੱਲ੍ਹਣ ਵਾਲੀਆਂ ਹਨ, ਜਿਸ ਕਰਕੇ ਹਿੰਦੂਆਂ ਤੇ ਸਿਖਾਂ ਵਿਚ ਬੜੀ ਨਰਾਜ਼ਗੀ ਫੈਲੀ ਹੋਈ ਸੀ। ਨਾਮਧਾਰੀ ਸਿੱਖ ਜਿਨਾਂ ਨੂੰ ਗਊ ਹੱਤਯਾ ਵਿਰੁੱਧ ਸਖ਼ਤ ਘ੍ਰਿਣਾ ਸੀ, ਕੁਛ ਵਿਚਾਰ ਕਰਨ ਤੋਂ ਪਿਛੋਂ ਸ਼ਹਿਰ ਵਿਚ ਆਏ। ਬੁੱਚੜਾਂ ਤੇ ਟੁਟ ਪਏ ਤੇ ਉਨ੍ਹਾਂ ਵਿਚੋਂ ਕੁਛ ਆਦਮੀਆਂ ਨੂੰ ਕਤਲ ਕਰਕੇ ਰਾਹੇ ਪਏ।... ...ਬਾਬਾ ਰਾਮ ਸਿੰਘ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਬੁਲਾ ਕੇ ਕਿਹਾ, ਕਿ ਕਤਲ ਤੁਸੀਂ ਕੀਤੇ ਹਨ, ਤੇ ਬੇਗੁਨਾਹ ਨਿਹੰਗ ਗ੍ਰਿਫ਼ਤਾਰ ਹੋਏ ਹਨ। ਕਚਹਿਰੀ ਵਿਚ ਜਾ ਕੇ ਅਪਣੇ ਦੋਸ਼ ਨੂੰ ਮੰਨੋ, ਤਾ ਕਿ ਬੇਦੋਸ਼ੇ ਬਚ ਜਾਣ। ਉਹ ਗਏ, ਅਤੇ ਹਾਕਮਾਂ ਦੇ ਸਾਹਮਣੇ ਮੁਕੱਦਮਾ ਬਿਲਕੁਲ ਸਾਫ਼ ਕਰ ਦਿਤਾ। ਅਰ ਹੌਸਲੇ ਨਾਲ ਅਪਣੇ ਆਪ ਨੂੰ ਅਪਣੀ ਕਿਸਮਤ ਤੇ ਛੱਡ ਦਿਤਾ।" (ਪੰਨਾ ੩੮)

(੨) ਤਵਾਰੀਖ਼ ਪੰਜਾਬ (ਉਰਦੂ) ਮੁਸੱਨਫ਼ਾ ਭਾਈ ਪਰਮਾਨੰਦ ਜੀ ਐਮ. ਏ. ਐਮ. ਐਲ. ਏ. (ਕੇਂਦਰੀ) ਵਿਚ ਲਿਖਿਆ ਹੈ:—

"੧੮੭੧ ਮੇਂ ਕੁਛ ਜੋਸ਼ੀਲੇ ਨਾਮਧਾਰੀਓਂ ਕੋ ਇਸ ਬਾਤ ਸੇ ਬਹੁਤ ਗੁੱਸਾ



Sri Satguru Jagjit Singh Ji Elibrary NamdhariElibrary@gmail.com

ਥਾ ਕਿ ਅੰਮ੍ਰਿਤਸਰ ਕੇ ਤੀਰਥ ਮੁਕਾਮ ਪਰ ਗਊ ਹੱਤਯਾ ਕਿਉਂ ਕੀ ਜਾਤੀ ਹੈ। ਇਸ ਲੀਏ ਉਨ੍ਹੋਂ ਨੇ ਏਕ ਰਾਤ ਜਾਕਰ ਅੰਮ੍ਰਿਤਸਰ ਕੇ ਸਭ ਬੁਚੜੋਂ ਕੋ ਕਤਲ ਕਰ ਦੀਆ। ਸ਼ਹਿਰ ਮੇਂ ਵਾਵੇਲਾ ਸਾ ਮਚ ਗਿਆ। ਵਹਾਂ ਕੇ ਕਮਿਸ਼ਨਰ ਨੇ ਹਿੰਦੂ ਰਈਸੋਂ ਕੋ ਸ਼ਹਿਰ ਮੇਂ ਗ੍ਰਿਫਤਾਰ ਕਰ ਲੀਆ, ਕਿ ਯਿਹ ਵਾਕਿਆ ਉਨਕੀ ਸਾਜ਼ਸ਼ ਸੇ ਕੀਆ ਗਿਆ ਹੈ। ਜਿਨ੍ਹੋਂ ਨੇ ਯੇਹ ਕਤਲ ਕੀਆ ਥਾ ਉਨੋਂ ਨੇ ਬਾਬਾ ਰਾਮ ਸਿੰਘ ਕੋ ਇਸ ਮਾਮਲੇ ਕੀ ਖ਼ਬਰ ਦੀ। ਬਾਬਾ ਰਾਮ ਸਿੰਘ ਨੇ ਉਨਸੇ ਕਿਹਾ ਕਿ ਚੂੰਕੇ ਕਸੂਰ ਉਨੋਂ ਨੇ ਕੀਆ ਹੈ, ਔਰ ਉਨਕੇ ਬਦਲੇ ਮੇਂ ਦੂਸਰੇ ਬੇਗੁਨਾਹ ਪਕੜੇ ਗਏ ਹੈਂ, ਉਨਕਾ ਯਿਹ ਫ਼ਰਜ਼ ਹੈ, ਕਿ ਅਪਨੇ ਆਪਕੋ ਪੇਸ਼ ਕਰਕੇ ਅਪਨੇ ਕੀਏ ਹੂਏ ਕਾ ਇਕਬਾਲ ਕਰੇਂ। ਇਸ ਪਰ ਵੁਹ ਗਏ ਔਰ ਉਨੋਂ ਨੇ ਅਪਨੇ ਆਪ ਕੋ ਪੇਸ਼ ਕਰ ਦੀਆ। ਨਤੀਜਾ ਯੇਹ ਹੂਆ ਕਿ ਉਨ ਪਰ ਮੁਕੱਦਮਾ ਚਲਾ ਕਰ ਉਨਕੋ ਫਾਂਸੀ ਦੀ ਗਈ।" (ਸਫਾ ੫੬੧)

(੩) "ਭਾਰਤ ਮੇਂ ਅੰਗ੍ਰੇਜ਼ੀ ਰਾਜ" ਦੇ ਕਰਤਾ ਸ੍ਰੀ ਯੁਤ ਪੰਡਿਤ ਸੁੰਦਰ ਲਾਲ ਵਲੋਂ-ਇਲਾਹਾਬਾਦ-ਦੇ ਮਾਸਕ ਪੱਤ੍ਰ "ਵਿਸ਼ਵਬਾਣੀ" (ਹਿੰਦੀ) ਵਿਖੇ ਪੰਨਾ ੭੦੧ ਤੋਂ ੧੧ ਤਕ ਇਕ ਲੇਖ ਪ੍ਰਕਾਸ਼ਿਤ ਹੋਇਆ ਸੀ ਜਿਸਦਾ ਸਿਰ ਲੇਖ ਹੈ "ਇਤਿਹਾਸ ਕਾ ਏਕ ਭੂਲਾ ਹੂਆ ਪੰਨਾ"। ਉਸ ਵਿਚ ਲਿਖਿਆ ਹੈ:-

"ਅੰਮ੍ਰਿਤਸਰ ਕੇ ਅੰਦਰ ਜਿਸ ਜਗ੍ਹਾ ਆਜ ਕਲ ਘੰਟਾਘਰ ਬਨਾ ਹੂਆ ਹੈ, ਵਹਾਂ ਉਸ ਜ਼ਮਾਨੇ ਮੇਂ ਖੁਲ੍ਹਾ ਮੈਦਾਨ ਥਾ। ਨਈ ਸਰਕਾਰ ਨੇ ਵਹਾਂ ਏਕ ਬੁੱਚੜਖ਼ਾਨਾ ਖੁਲਵਾਇਆ। ਲੋਗੋਂ ਨੇ ਇਤ੍ਰਾਜ਼ ਕੀਤਾ। ਕੋਈ ਸੁਨਾਈ ਨਾ ਹੁਈ। ਇਸ ਪਰ ਕੁਛ ਨਾਮਧਾਰੀ ਸਿਖੋਂ ਨੇ ਕੁਛ ਕਸਾਈਓਂ ਕੋ ਮਾਰ ਕਰ ਉਨਸੇ ਜ਼ਬਰਦਸਤੀ ਗਊਓਂ ਕੋ ਛੁੜਾ ਲੀਆ ਔਰ ਖ਼ੁਦ ਸ਼ਹਿਰ ਸੇ ਭਾਗ ਗਏ। ਸ਼ਹਿਰ ਸੇ ਕੁਛ ਦੂਸਰੇ ਹਿੰਦੂ ਸਿਖ ਪਕੜ ਲੀਏ ਗਏ। ਪੋਲੀਸ ਨੇ ਉਨ੍ਹੋਂ ਤਕਲੀਫੇਂ ਦੇ ਦੇ ਕਰ ਉਨਸੇ ਜ਼ਬਰਦਸਤੀ ਜੁਰਮ ਕਬੂਲ ਕਰਵਾ ਲੀਆ... ...ਜਬ ਗੁਰੂ ਰਾਮ ਸਿੰਘ ਕੋ ਮਾਲੂਮ ਹੂਆ, ਕਿ ਯਿਹ ਕਾਮ ਉਨਕੇ ਕੁਛ ਸਿਖੋਂ ਨੇ ਕੀਆ ਹੈ, ਤੋ ਉਨੋਂ ਨੇ ਉਨ ਕੋ ਬੁਲਾ ਕਰ ਹੁਕਮ ਦੀਆ, ਕਿ ਤੁਮ ਲੋਗ ਖ਼ੁਦ ਪੋਲੀਸ ਕੇ ਸਾਹਮਨੇ ਜਾਕਰ ਅਪਨਾ ਗੁਨਾਹ ਕਬੂਲ ਕਰ ਲੋ ਔਰ ਬੇਗੁਨਾਹੋਂ ਕੋ ਛੁੜਵਾਓ। ਉਨੋਂ ਨੇ ਐਸਾ ਹੀ ਕੀਆ। ਯਹ ਲੋਗ ਫਾਂਸੀ ਪਰ ਲਟਕਾ ਦੀਏ ਔਰ ਦੂਸਰੇ ਬੇਗੁਨਾਹੋਂ ਕੋ ਛੋੜ ਦੀਆ ਗਿਆ।" (ਪੰਨਾ ੭੦੪ ਜੂਨ ੧੯੪੨)

(੪) "ਥੀਸਿਜ਼ ਆਨ ਦੀ ਨਾਮਧਾਰੀ ਮੂਵਮੈਂਟ" ਅੰਗ੍ਰੇਜ਼ੀ ਵਿਚ ਲਿਖਿਆ ਹੈ ਕਿ:-

'ਕੁਛ ਗੁਪਤ ਵਿਚਾਰ ਪਿੱਛੋਂ ਉਨ੍ਹਾਂ ਨੇ ਇਰਾਦਾ ਕੀਤਾ, ਕਿ ਇਸ ਪਵਿਤ੍ਰ ਸ਼ਹਿਰ ਨੂੰ ਇਸ ਬੜੀ ਭਾਰੀ ਬੁਰਾਈ ਤੋਂ ਆਪਣੀਆਂ ਜਾਨਾਂ ਕੁਰਬਾਨ ਕਰਕੇ ਵੀ ਸਾਫ਼ ਕਰਨਾ ਚਾਹੀਦਾ ਹੈ।... ... ...੧੪ ਜੂਨ ਦੀ ਰਾਤ ਨੂੰ ਉਨ੍ਹਾਂ ਨੇ ਬੁੱਚੜਖਾਨਿਆਂ ਤੇ ਹਮਲਾ ਕੀਤਾ। ਮਾਮਲਾ ਬੜਾ ਨਾਜ਼ਕ ਵਾ ਜ਼ਰੂਰੀ ਸਮਝਿਆ ਗਿਆ। ਸਰਕਾਰੀ ਅਫ਼ਸਰਾਂ ਨੇ ਪੂਰੀ ਤਾਕਤ ਨਾਲ ਪੁਣ ਛਾਣ ਕਰਕੇ ਖੋਜ ਕੱਢਣ ਦੀ ਕੋਸ਼ਸ਼ ਕੀਤੀ। ਦੋਸ਼ੀਆਂ ਦੀ ਗ੍ਰਿਫਤਾਰੀ ਵਿਚ ਸਹੈਤਾ ਦੇਣ ਵਾਲਿਆਂ ਯਾ ਉਨਾਂ ਸਬੰਧੀ ਪੁਲਸ ਨੂੰ ਪਤਾ ਦੇਣ ਵਾਲਿਆਂ ਲਈ ਇਕ ਹਜ਼ਾਰ ਰੁਪਯਾ ਇਨਾਮ ਦਾ ਐਲਾਨ ਕੀਤਾ ਗਿਆ।* ਸਭ ਤੋਂ ਚੰਗਾ ਅਫ਼ਸਰ ਮਿਸਟਰ ਕ੍ਰਿਸਟੀ, ਬੜਾ ਤਜਰਬਾਕਾਰ ਅਤੇ ਯੋਗ, ਅਰ ਜਿਸਨੂੰ ਦੋਸ਼ੀਆਂ ਦੀ ਖੋਜ ਪੜਤਾਲ ਦਾ ਮੁਦੱਈ ਹੋਣ ਦੇ ਕਾਰਨ ਬੜੀ ਭਾਰੀ ਸ਼ੋਹਰਤ ਪ੍ਰਾਪਤ ਸੀ ਇਸ ਮੁਕੱਦਮੇ ਦੀ ਤਫ਼ਤੀਸ਼ ਵਾਸਤੇ ਨੀਯਤ ਕੀਤਾ ਗਿਆ... ... ...

ਪੁਲੀਸ ਤਫਤੀਸ਼ ਦੀ ਤਵਾਰੀਖ ਸ਼ੈਤ ਉਸ ਕਾਰਵਾਈ ਦੀ ਸਹੀ ਤਸਵੀਰ ਹੈ, ਜੋ ਇਨਾਂ ਅਮਨ ਦੇ ਰਾਖਿਆਂ ਵਲੋਂ ਕਦੇ ਕਦਾਈਂ ਤਰੱਕੀ (Promotion) ਲੈਣ ਬਦਲੇ ਕੀਤੀ ਜਾਂਦੀ ਹੈ. ੨੯ ਜੁਲਾਈ ਤੋਂ ਪਹਿਲਾਂ ਗ੍ਰਿਫਤਾਰ ਹੋ ਚੁਕੇ ਬਹੁਤ ਸਾਰੇ ਆਦਮੀਆਂ ਤੋਂ ਬਿਨਾਂ ੧੩ ਨਿਹੰਗ (ਯਾ) ਅਕਾਲੀਆਂ ਨੂੰ ਜਿਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਸੀ, ਜੁਰਮ ਮਨਾਣ ਵਾਸਤੇ ਤਕਲੀਫਾਂ ਦੇ ਦੇ ਕੇ ਬਹੁਤ ਤੰਗ ਕੀਤਾ ਗਿਆ।* ਉਨ੍ਹਾਂ ਵਿਚੋਂ ਤਿੰਨਾਂ ਨੂੰ ਕਲਪਿਤ ਗੋਂਦ (Supposed conspiracy) ਨੂੰ ਪ੍ਰਗਟ ਕਰਨ ਕਰਕੇ ਵਾਦਾ ਮਾਫ਼ੀ ਦਿਤੀ ਗਈ, ਜਦੋਂ ਕਿ ਬਾਕੀ ਦਸਾਂ ਦਾ ਮੁਕੱਦਮਾ ਮੇਜਰ ਡੇਵਿਸ (ਕਮਿਸ਼ਨਰ-ਤੇ ਸਿਸ਼ਨ ਜਜ) ਦੇ ਪੇਸ਼ ਕੀਤਾ ਗਿਆ. ਇਸ ਮੁਕੱਦਮੇ ਵਿਚ ਪੈਦਾ ਕੀਤੀ ਗਈ ਸ਼ਹਾਦਤ ਉਕਾ ਹੀ ਝੂਠੀ ਸੀ। ਪੁਲੀਸ ਵਲੋਂ ਏਨੀ ਤਕਲੀਫ਼ ਦਿਤੀ ਗਈ ਕਿ, ਇਨ੍ਹਾਂ ਆਦਮੀਆਂ ਨੇ ਖੁਲ੍ਹੇ ਤੌਰ ਤੇ ਮੰਨ ਲਿਆ ਕਿ ਅਸਲ ਦੋਸ਼ੀ ਓਹੀ ਹਨ।** ... ...ਸਿਸ਼ਨ ਜਜ ਨੇ ਉਨਾਂ ਨਿਹੰਗਾਂ (ਅਕਾਲੀਆਂ) ਨੂੰ ਮੌਤ ਦੀਆਂ ਸਜ਼ਾਵਾਂ ਦਿਤੀਆਂ, ਜਿਨਾਂ ਨੇ ਪੁਲਸ ਦੇ ਦਬਾ ਹੇਠ ਆ ਕੇ ਆਪਣੀ ਰਜ਼ਾਮੰਦੀ ਨਾਲ ਜੁਰਮ ਦਾ ਇਕਬਾਲ ਕਰ ਲਿਆ ਸੀ,

---

* 'ਮਜਮਾਉਲ ਬਹਿਰੀਨ' ਉਰਦੂ ਹਫ਼ਤਾਵਾਰ ੨੨-੭-੧੯੭੧ ਪੰਨਾ ੧੨)

** ਪੰਨਾ ੫੦ ਤੋਂ ੫੩ ਤਕ

Sri Satguru Jagjit Singh Ji Elibrary NamdhariElibrary@gmail.com

ਪ੍ਰੰਤੂ ਮੁਕੱਦਮੇ ਦਾ ਅਸਲੀ ਖੋਜ ਉਸ ਵੇਲੇ ਤੋਂ ਪਹਿਲੋਂ ਨਾ ਲੱਗ ਸਕਿਆ, ਜਦ ਤਕ ਕਿ ਬਾਬਾ ਰਾਮ ਸਿੰਘ ਦੇ ਧਮਕਾਣ ਤੋਂ ਪਿਛੋਂ ਅਸਲੀ ਦੋਸ਼ੀਆਂ ਨੇ ਅਪਣੇ ਆਪਨੂੰ ਜਜ ਦੇ ਸਾਹਮਣੇ ਪੇਸ਼ ਨਾ ਕਰ ਦਿਤਾ। ਸੱਚੇ ਵਾਕਿਆਤ ਦੇ ਪਤਾ ਲੱਗ ਜਾਣ ਨਾਲ ਮੁਕੱਦਮੇ ਤੇ ਨਜ਼ਰਸਾਨੀ ਕੀਤੀ ਗਈ। ਜਿਨ੍ਹਾਂ ਬੇਗੁਨਾਹਾਂ ਨੂੰ ਗ਼ਲਤ ਤੌਰ ਤੇ ਸਜ਼ਾ ਦਿਤੀ ਗਈ ਸੀ, ਉਹ ਛਡ ਦਿਤੇ ਗਏ, ਅਤੇ ਅਸਲੀ ਦੋਸ਼ੀਆਂ ਵਿਚੋਂ ਚਾਰ ਨੂੰ ਮੌਤ ਅਤੇ ਤਿੰਨਾਂ ਨੂੰ ਕਾਲੇ ਪਾਣੀਂ ਦੀ ਸਜ਼ਾ ਦਿਤੀ ਗਈ।*

... ...ਉਨਾਂ ਸ਼ਹੀਦਾਂ ਨੇ ਆਪਣੇ ਅੰਤਮ ਸਮੇਂ ਜੇਹੜੀ ਦਲੇਰੀ ਭਰੀ ਸਪਿਰਿਟ ਵਖਾਈ ਉਸਨੇ ਉਨ੍ਹਾਂ ਦੇ ਸਾਥੀਆਂ (ਕੂਕੇ ਸਿਖਾਂ) ਦੇ ਧਾਰਮਿਕ ਮਾਨ ਵਿਚ ਹੋਰ ਵਾਧਾ ਕਰ ਦਿਤਾ।" ਅੰਮ੍ਰਿਤਸਰ ਵਿਖੇ ਬੁਚੜ ਮਾਰੂ ਘਟਨਾਵਾਂ ਦੀ ਜ਼ੁੰਮੇਵਾਰੀ ਬਾਬਤ ਸਰਕਾਰ ਹਿੰਦ ਦੀ ਕੂਕਾ ਫਾਇਲ ਵਿਚੋਂ ਮੇਜਰ ਬਿਰਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਚਿਠੀ ਨੰ: ੪੨੩ ਤ੍ਰੀਕ ੧-੭-੧੮੭੧ ਬਨਾਮ ਕਮਿਸ਼ਨਰ ਅੰਮ੍ਰਿਤਸਰ ਡਵੀਜਨ ਪੜ੍ਹਨ ਯੋਗ ਹੈ। ਬਿਰਚ ਸਾਹਿਬ ਲਿਖਦਾ ਹੈ ਕਿ:—**

"ਮੈਂ ਉਨ੍ਹਾਂ ਕੁਛ ਘਟਨਾਵਾਂ ਨੂੰ ਦਰਜ ਕਰਨਾ ਆਪਣਾ ਕਰਤਵ ਸਮਝਦਾ ਹਾਂ ਜਿਨ੍ਹਾਂ ਨੇ ਸਿਧੇ ਤੌਰ ਤੇ ਇਸ ਅਪ੍ਰਾਧ ਨੂੰ ਜਨਮ ਦਿਤਾ।

(੧) ਅਰੰਭ ਵਿਚ ਬੁੱਚੜਖ਼ਾਨੇ ਨੂੰ ਨਿਹੰਗਾਂ ਵਲੋਂ ਧਮਕੀ ਦਿਤੀ ਗਈ ਸੀ, ਜਿਸਦੀ ਰਪੋਟ ਮੈਂ ੮ ਮਈ ਵਾਲੀ ਚਿੱਠੀ ਵਿੱਚ ਕੀਤੀ ਸੀ, ੫ ਮਈ ਨੂੰ ਬੁੱਚੜਖ਼ਾਨੇ ਦੀ ਰਾਖੀ ਲਈ ਇਕ ਪੁਲਸ ਗਾਰਦ ਨੀਯਤ ਕੀਤੀ ਗਈ, ਜੋ ੩੧ ਮਈ ਨੂੰ ਹਟਾ ਲਈ ਗਈ, ਮੇਰੀ ਰਾਏ ਵਿਚ ਇਹ ਸਾਡੀ ਭੁੱਲ ਸੀ।

(੨) ੨ ਜੂਨ ਨੂੰ ਇਕ ਅਪੀਲ ਵਿਚ ਬੁਚੜਾਂ ਨੂੰ ਰਿਹਾਈ ਦਾ ਹੁਕਮ ਸੁਣਾਇਆ ਗਿਆ, ਜਿਸਨੇ ਹਿੰਦੂਆਂ ਨੂੰ ਅਪ੍ਰਾਧ ਕਰਨ ਵਿਚ ਮੁਨਾਸਬ ਵਜੂਹਾਂ ਪੈਦਾ ਕਰ ਦਿਤੀਆਂ। ਨਿਸਚੇ ਹੀ, ਇਸ ਗੱਲ ਨੇ ਉਨ੍ਹਾਂ ਨੂੰ ਨਰਾਜ਼ ਕਰ ਦਿੱਤਾ, ਕਿਉਂਕਿ ਉਨ੍ਹਾਂ ਦੀਆਂ ਕਨੂੰਨ ਅਨੁਸਾਰ ਫ਼ਰਯਾਦ ਕਰਨ ਦੀਆਂ ਆਸਾਂ ਤੇ ਪਾਣੀ ਫਿਰ ਗਿਆ।

(੩) ਕਈ ਕਾਰਨਾਂ ਕਰਕੇ ਪਿਛਲੇ ਸਾਲਾਂ ਨਾਲੋਂ ਇਸ ਸਾਲ ਗਊ

* ਗਵਰਨਮੈਂਟ ਦਾ ਐਲਾਨ ਨੰਬਰ ੧੦੬੦ ਤ੍ਰੀਕ ੧੦-੯-੧੮੭੧

** ਕੂਕਾ ਫ਼ਾਈਲ ਕੇਂਦਰੀ ਪੰਨਾ ੧੬ ਤੋਂ ੧੮ ਤਕ

Sri Satguru Jagjit Singh Ji Elibrary NamdhariElibrary@gmail.com

ਘਾਤ ਵਧੀਕ ਹੋਇਆ, ਇਸ ਗੱਲ ਨੇ ਨਿਰਸੰਦੇਹ ਬਹੁਤ ਸਾਰੇ ਪਤਵੰਤੇ ਹਿੰਦੂਆਂ ਨੂੰ ਦੁਖੀ ਕੀਤਾ, ਅਰ ਉਨ੍ਹਾਂ ਦੇ ਜਜ਼ਬਾਤ ਵਲੋਂ ਉਨ੍ਹਾਂ ਪਾਰਟੀਆਂ ਨੇ ਉੱਕਾ ਹੀ ਲਾਪ੍ਰਵਾਹੀ ਕੀਤੀ, ਜਿਨ੍ਹਾਂ ਨੂੰ ਮਾਸ ਵੇਚਣ ਵਿਚ ਨਫ਼ਾ ਸੀ। ਮੈਂ ਪਹਿਲੋਂ ਏਸੇ ਖ਼ਿਆਲ ਨੂੰ ਸਾਹਮਣੇ ਰਖਿਆ ਸੀ, ਜਿਸਨੇ ਵਿਅਕਤਿਕ ਰੂਪ ਵਿਚ ਬੁੱਚੜਾਂ ਨੂੰ ਸਜ਼ਾ ਦੇਣ ਵਿਚ ਮੇਰੀ ਅਗਵਾਈ ਕੀਤੀ ਸੀ।

(੪) ਸ੍ਰਕਾਰੀ ਕਾਰਵਾਈਆਂ ਦਾ ਆਮ ਨਤੀਜਾ ਹਿੰਦੂਆਂ ਦੇ ਵਿਰੁੱਧ ਸੀ। ਹਿੰਦੂ ਜੰਤਾ ਨੇ ਇਸ ਵਿਸ਼ਜ ਵਿਚ ਆਪਣੇ ਆਪਨੂੰ ਅਸਫਲ ਸਮਝਿਆ, ਜਿਸ ਦੇ ਅਧਾਰ ਤੇ ਉਨ੍ਹਾਂ ਨੇ ਅਪਣੇ ਜਜ਼ਬੇ ਨੂੰ ਸੰਤੁਸ਼ਟ ਕਰਨ ਦੇ ਪ੍ਰਜੋਜਨ ਨਾਲ ਬਦਲਾ ਲੈਣ ਦਾ ਫ਼ੈਸਲਾ ਕੀਤਾ।

ਕਿਰਚ ਸਾਹਿਬ ਨੇ ਆਪਣੀ ਇਸ ਚਿਠੀ ਵਿਚ ਜਿਸ ਸਾਫ਼ਗੋਈ ਤੋਂ ਕੰਮ ਲਿਆ ਹੈ ਉਸ ਲਈ ਉਹ ਪ੍ਰਸੰਸਾ ਦਾ ਅਧਿਕਾਰੀ ਹੈ, ਪ੍ਰੰਤੂ ਜਿਥੇ ਉਸਨੇ ਆਪਣੀ ਭੁਲ ਮੰਨੀ ਹੈ, ਓਥੇ ਨਾਲ ਹੀ ਉਸਨੇ ਬੁੱਚੜਾਂ ਨੂੰ ਦੋਸ਼ੀ ਸਿੱਧ ਕਰਨ ਦਾ ਯਤਨ ਵੀ ਕੀਤਾ ਹੈ,ਪ੍ਰੰਤੂ ਏਸ ਗੱਲ ਵਲੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ, ਕਿ ਇਸ ਜੁਰਮ ਦੀ ਜਨਮ ਦਾਤਾ ਸ੍ਰਕਾਰ ਖ਼ੁਦ ਹੈ। ਕਿਉਂਕਿ ਬੁੱਚੜਖ਼ਾਨੇ ਖੁਲ੍ਹਣ ਅਤੇ ਗਊ ਮਾਸ ਵੇਚਣ ਦੇ ਸ੍ਰਕਾਰੀ ਐਲਾਨ ਤੋਂ ਪਿਛੋਂ ਹੀ ਇਹ ਸਾਰੇ ਝਗੜੇ ਪੈਦਾ ਹੋਏ। ਬੁੱਚੜਖ਼ਾਨਿਆਂ ਅਤੇ ਗਊ ਮਾਸ ਦੀ ਫ਼ਰੋਖ਼ਤ ਨੂੰ ਬੰਦ ਕਰਨ ਬਾਬਤ ਹਿੰਦੂ ਅਤੇ ਸਿਖਾਂ ਦੀ ਜ਼ੋਰਦਾਰ ਐਜੀਟੇਸ਼ਨ ਦੀ ਕੱਖ ਜਿਨੀ ਪ੍ਰਵਾਹ ਨਾ ਕਰਦਿਆਂ ਹੋਇਆਂ ਕਮਿਸ਼ਨਰ ਸਾਹਿਬ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਬੁੱਚੜਖ਼ਾਨਾ ਜਾਰੀ ਰੱਖਿਆ ਜਾਵੇ। ੨੨ ਮਈ ੧੯੭੧ ਨੂੰ ਮਯੂਨਸਪਲ ਕਮੇਟੀ ਨੇ ਬੁਚੜਖ਼ਾਨਾ ਜਾਰੀ ਰਖਣ ਦੇ ਹੱਕ ਵਿਚ ਮਤਾ ਪਾਸ ਕਰਕੇ ਬਲਦੀ ਤੇ ਤੇਲ ਦਾ ਕੰਮ ਕੀਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਤਹਿ ਤਕ ਪੁਜਣ ਨਾਲ ਇਹ ਸਪਸ਼ਟ ਹੋ ਜਾਂਦਾ ਹੈ, ਕਿ ਨਾਮਧਾਰੀ ਬੀਰਾਂ ਨੇ ਬੁੱਚੜਾਂ ਤੇ ਹਮਲਾ ਕਰਨ ਦਾ ਫੈਸਲਾ ਓਦੋਂ ਕੀਤਾ ਜਦ ਉਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਉਸਦੇ ਬੰਦ ਕਰਨ ਦੇ ਕਨੂੰਨੀ ਅਤੇ ਸ਼ਾਂਤਮਈ ਤ੍ਰੀਕੇ ਖ਼ਤਮ ਹੋ ਚੁਕੇ ਸਨ। ਇਸ ਲਈ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਮਹਾਂਵਾਕ ਤੇ ਅਮਲ ਕਰਨ ਦਾ ਯਤਨ ਕੀਤਾ ਕਿ ਜਦ ਸਾਰੇ ਸਾਧਨ ਅਸਫਲ ਹੋ ਜਾਣ ਤਾਂ ਹਥ ਵਿਚ ਤਲਵਾਰ ਉਠਾਣਾ ਯੋਗ ਹੈ। (ਚੂੰ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। ਜ਼ਫਰਨਾਮਹ) ਸੋ ਉਨ੍ਹਾਂ ਬਹਾਦਰਾਂ ਨੇ ਸ੍ਰਕਾਰ ਅਤੇ ਉਸਦੇ ਅਫ਼ਸਰਾਂ

ਵਲੋਂ ਧਰਮ ਵਿਚ ਬਰਾਹਿ ਰਾਸਤ ਦਖ਼ਲ ਸਮਝ ਕੇ ਅਤੇ ਗਊ ਘਾਤ ਜਾਰੀ ਹੋਣ ਦੇ ਕਾਰਨ ਦੇਸ਼ ਦੀ ਅਗੋਂ ਵਾਲੀ ਦੁਰਦਸ਼ਾ ਨੂੰ ਸਉਂਹੇ ਤੱਕ ਕੇ ਐਸਾ ਪ੍ਰੋਗਰਾਮ ਬਣਾਇਆ, ਜਿਸ ਵਿਚ ਜੇ ਸਫ਼ਲਤਾ ਨਸੀਬ ਹੁੰਦੀ, ਤਾਂ ਪੰਜਾਬ ਹੀ ਨਹੀਂ ਸਗੋਂ ਸਾਰਾ ਹਿੰਦੁਸਤਾਨ ਇਸ ਪਾਪਮਈ ਕਲੰਕ ਤੋਂ ਮੁਕਤ ਹੋ ਸਕਦਾ।

ਸੋ ਜਿਥੋਂ ਤਕ ਜ਼ਿਮੇਂਵਾਰੀ ਦਾ ਸਬੰਧ ਹੈ, ਸਰਕਾਰ ਆਪ ਹੀ ਇਸਦੀ ਜ਼ਿਮੇਵਾਰ ਸੀ, ਕਿਉਂਕਿ ਉਹ ਸਾਰੇ ਹਾਲਾਤ ਉਸਦੀ ਉਸ ਕੁਟਿਲ ਨੀਤੀ ਨੇ ਪੈਦਾ ਕੀਤੇ ਸਨ, ਜਿਸ ਰਾਹੀਂ ਉਸ ਨੇ ਐਲਾਨ ਕਰਕੇ ਪੰਜਾਬ ਨੂੰ ਗਊ ਘਾਤ ਅਤੇ ਗਊ ਮਾਸ ਦੀ ਮੰਡੀ ਬਣਾਣ ਦਾ ਜਤਨ ਕੀਤਾ।

## ਕੀ ਸਿੰਘਾਂ ਨੂੰ ਗੁਰੂ ਰਾਮ ਸਿੰਘ ਨੇ ਸ਼ਹੀਦ ਹੋਣ ਲਈ ਨਹੀਂ ਘੱਲਿਆ ਸੀ?

ਉਪ੍ਰੋਕਤ ਮੁਕੱਦਮੇ ਵਿਚ ਕਾਤਲਾਂ ਦੀ ਖੋਜ ਬਾਬਤ ਸਰਕਾਰੀ ਰਿਕਾਰਡ ਵਿਚ ਇਕ ਅਚਰਜ ਕਥਾ ਬਿਆਨ ਕੀਤੀ ਗਈ ਹੈ। ਜਿਸਨੂੰ ਨਾਮਧਾਰੀਆਂ ਦੇ ਵਿਰੋਧੀ ਫ਼ਰੀਕ ਵਲੋਂ ਹੁਣੇ ਜੇਹੇ ਹੀ ਪ੍ਰਗਟ ਕੀਤਾ ਗਿਆ ਹੈ। ਕਹਾਣੀ ਇਹ ਹੈ, ਕਿ "ਰਾਇਕੋਟ ਬੁੱਚੜ ਬਧ ਵਿਚ ਜੋ ਕਿ ਅੰਮ੍ਰਿਤਸਰੀ ਘਟਨਾ ਤੋਂ ਪੂਰਾ ਇਕ ਮਹੀਨਾ ਪਿਛੋਂ ਵਾਕਿਆ ਹੋਇਆ, ਜਦ ਨਾਮਧਾਰੀ ਬੀਰਾਂ ਨੂੰ ਮੌਤ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ, ਜਿਨ੍ਹਾਂ ਦੀ ਚੀਫ਼ ਕੋਰਟ ਵਲੋਂ ਤਸਦੀਕ ਵੀ ਹੋ ਚੁਕੀ ਸੀ, ਤਾਂ ਸਜਾਯਾਬਾਂ ਵਿਚੋਂ ਗੁਲਾਬ ਸਿੰਘ ਨਾਮ ਦੇ ਆਦਮੀ ਨੇ ਜਜ ਨੂੰ ਕਿਹਾ ਕਿ ਜੇ ਉਸਦੀ ਜਾਨ ਬਖ਼ਸ਼ੀ ਕੀਤੀ ਜਾਵੇ, ਤਾਂ ਉਹ ਅੰਮ੍ਰਿਤਸਰ ਕੇਸ ਦੇ ਹਾਲਾਤ ਦੱਸਣ ਨੂੰ ਤਿਆਰ ਹੈ, ਕਿਉਂਕਿ ਉਹ ਉਸ ਵਿਚ ਵੀ ਕਾਤਲਾਂ ਦੇ ਨਾਲ ਸ਼ਾਮਿਲ ਸੀ। ਇਸ ਲਈ ਉਸਨੂੰ ਅੰਮ੍ਰਿਤਸਰ ਵਿਖੇ ਲਿਆਂਦਾ ਗਿਆ, ਜਿਥੇ ਕਿ ਉਸਨੇ ਸਾਰੇ ਵਾਕਿਆਤ ਦੀ ਤਫ਼ਸੀਲ ਬਿਆਨ ਕਰ ਦਿਤੀ, ਜਿਸਤੋਂ ਉਨ੍ਹਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਕਹਾਣੀ ਸਚਾਈ ਦੇ ਉਕਾ ਹੀ ਵਿਰੁੱਧ ਹੈ, ਜੋ ਕੇਵਲ ਇਸ ਨੁਕਤਾ ਨਿਗਾਹ ਨਾਲ ਘੜੀ ਗਈ ਪ੍ਰਤੀਤ ਹੁੰਦੀ ਹੈ, ਕਿ ਸ਼ਹੀਦਾਂ ਦੀ ਉਸ ਸਪਿਰਿਟ ਤੇ ਪਰਦਾ ਪਾਇਆ ਜਾਵੇ, ਜੋ ਉਨ੍ਹਾਂ ਨੇ ਆਪਣੇ ਸਤਿਗੁਰੂ ਜੀ ਦੀ ਆਗਯਾ ਅਨੁਸਾਰ ਆਪਣੇ ਦੋਸ਼ ਮੰਨ ਕੇ ਜਾਲਾਂ ਵਿਚ ਫਾਂਸੀ ਦੇ ਰੱਸੇ ਪਾਣ ਦੇ ਰੂਪ ਵਿਚ ਪ੍ਰਗਟ ਕੀਤੀ। ਅਤੇ ਉਨ੍ਹਾਂ ਬਿਦੋਸ਼ਿਆਂ ਨੂੰ ਛੁਡਾ ਕੇ ਪ੍ਰਾਣ ਦਾਨ

ਦਿਤਾ ਜਿਨਾਂ ਨੂੰ ਅਦਾਲਤ ਨੇ ਅਸਲ ਦੋਸ਼ੀ ਸਮਝ ਕੇ ਮੌਤ ਦੀ ਸਜ਼ਾ ਸੁਣਾ ਦਿਤੀ ਸੀ, ਇਸ ਤੋਂ ਬਿਨਾਂ ਇਸ ਕਹਾਣੀ ਦੇ ਘੜਨ ਦਾ ਪ੍ਰਯੋਜਨ ਇਹ ਵੀ ਸਿੱਧ ਹੁੰਦਾ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਸੋਭਾ (ਕਰੈਡਿਟ) ਤੋਂ ਮਹਿਰੂਮ ਕੀਤਾ ਜਾਵੇ, ਜਿਸਦਾ ਉਨ੍ਹਾਂ ਨੂੰ ਇਸ ਸਬੰਧ ਵਿਚ ਜੰਤਾ ਵਲੋਂ ਪ੍ਰਾਪਤ ਹੋਣਾ ਕੁਦਰਤੀ ਸੀ। ਅਜਿਹੇ ਪ੍ਰਯੋਜਨਾਂ ਨੂੰ ਮੁੱਖ ਰੱਖ ਕੇ ਪੁਲਸ ਵਾਲਿਆਂ ਦਾ ਮਨਘੜਤ ਕਹਾਣੀਆਂ ਨੂੰ ਘੜ ਕੇ ਆਮ ਲੋਕਾਂ ਵਿਚ ਪ੍ਰਸਿੱਧ ਕਰ ਦੇਣਾ ਅਚਰਜ ਦੀ ਗੱਲ ਨਹੀਂ ਹੈ। ਇਸ ਦਾ ਸਬੂਤ ਏਸੇ ਹੀ ਮੁਕੱਦਮੇ ਦੀ ਮਿਸਲ ਵਿਚੋਂ ਮਿਲ ਚੁਕਾ ਹੈ। ਪਿੱਛੇ ਦਸਿਆ ਜਾ ਚੁਕਾ ਹੈ, ਕਿ ਮਿਸਟਰ ਕਰਿਸਟੀ ਸੁਪਰਡੰਟ ਪੁਲੀਸ ਜੈਸੇ ਜ਼ਿਮੇਵਾਰ ਪੁਲਸ ਅਫ਼ਸਰ ਦੀ ਅਗਵਾਈ ਵਿਚ ਤਫਤੀਸ਼ ਕਰਨ ਵਾਲਿਆਂ ਨੇ ੧੩ ਨਿਹੰਗਾਂ ਅਤੇ ਕੁਛ ਹੋਰ ਹਿੰਦੂਆਂ ਦੇ ਵਿਰੁਧ ਸਰਾਸਰ ਝੂਠੀਆਂ ਸ਼ਹਾਦਤਾਂ ਦੇ ਅਧਾਰ ਤੇ ਮੁਕੱਦਮਾ ਚਲਾ ਕੇ ਅਦਾਲਤ ਵਿਚ ਪੇਸ਼ ਕਰ ਦਿਤਾ ਅਤੇ ਬੇਗੁਨਾਹ ਆਦਮੀਆਂ ਨੂੰ ਸਹੀ ਦਸ਼ੀ ਠਹਿਰਾ ਕੇ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾ ਦਿਤੀ। ਇਸ ਲਈ ਸੁਕਾਰੀ ਲਿਖਤਾਂ ਤੇ ਇਸਤਗ਼ਾਸਿਆਂ ਦੀਆਂ ਕਹਾਣੀਆਂ ਵਿਚ ਸੱਚੇ ਵਾਕਿਆਤ ਨੂੰ ਜਾਣ ਬੁੱਝ ਕੇ ਲੁਕਾਂਦਿਆਂ ਹੋਇਆਂ ਅਣ-ਹੋਈਆਂ ਗੱਲਾਂ ਦਰਜ ਕਰਨ ਸਬੰਧੀ ਬਹੁਤੀ ਤਸ਼ਰੀਹ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਅਤੇ ਨਾ ਹੀ ਸਾਨੂੰ ਸੁਕਾਰ ਦੇ ਕੂਕਾ ਰੀਕਾਰਡ ਵਿਚ ਅਜੇਹੀਆਂ ਚੀਜ਼ਾਂ ਵੇਖ ਕੇ ਹੈਰਾਨੀ ਹੁੰਦੀ ਹੈ। ਇਸ ਵਿਸ਼ਜ ਵਿਚ ਪਿਛੇ ਦੱਸਿਆ ਜਾ ਚੁਕਾ ਹੈ, ਕਿ ਇਕ ਨਹੀਂ ਸਗੋਂ ਕਈ ਇਤਿਹਾਸਕਾਰਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੂਕੇ ਸ਼ਹੀਦਾਂ ਦਾ ਅੰਮ੍ਰਿਤਸਰ ਭਿਜਵਾ ਕੇ ਜੁਰਮ ਦਾ ਇਕਬਾਲ ਕਰਾਣਾ ਮੰਨਿਆ ਹੈ। ਏਥੇ ਕੇਵਲ ੨ ਹਵਾਲੇ ਪੇਸ਼ ਕਰਕੇ ਇਸ ਬਹਿਸ ਨੂੰ ਸਮਾਪਤ ਕੀਤਾ ਜਾਂਦਾ ਹੈ।

ਪ੍ਰੋਫੈਸਰ ਤੇਜਾ ਸਿੰਘ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ, ਜੋ ਅੱਜ ਕਲ੍ਹ ਬੰਬਈ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਹਨ, ਆਪਣੀ ਇਕ ਨਵੀਂ ਕਿਤਾਬ- -ਐਸੇਜ਼ ਇਨ ਸਿੱਖਇਜ਼ਮ ਵਿਚ ਲਿਖਦੇ ਹਨ ਕਿ:—

"ਇਕ ਕਾਤਿਲ ਜੋ ਇਸਤਗ਼ਾਸੇ ਦੀ ਮਾਰ ਤੋਂ ਬਚ ਗਿਆ ਸੀ, ਭਾਵ ਅਦਾਲਤ ਨੇ ਉਸਨੂੰ ਬਰੀ ਕਰ ਦਿਤਾ ਸੀ ਬਾਬਾ ਰਾਮ ਸਿੰਘ ਜੀ ਦੇ ਅਸਰ ਵਿਚ ਆ ਗਿਆ। ਉਹ ਝਟ ਪਟ ਮਿਸ਼ਨ ਜੱਜ ਕੋਲ ਗਿਆ। ਅਪਣਾ ਦੋਸ਼ ਮੰਨਿਆ ਤੇ ਪ੍ਰਸੰਨਤਾ ਪੂਰਵਕ ਸਜ਼ਾ ਨੂੰ ਪ੍ਰਵਾਨ ਕਰ ਲਿਆ। ੧੮੭੧ ਦੀ ਵਰਖਾ ਰੁਤ ਵਿਚ ਕੁਛ ਨਾਮਧਾਰੀ ਅੰਮ੍ਰਿਤਸਰ ਦੇ ਲਾਹੌਰੀ ਦਰਵਾਜ਼ੇ ਵਿਚੋਂ

ਦੀ ਲੰਘ ਰਹੇ ਸਨ, ਜਿਥੇ ਜਾਨ ਲਾਰੰਸ ਦੇ ੧੮੪੭ ਵਿਚ ਪਾਸ ਕੀਤੇ ਹੁਕਮ ਤੇ ਪ੍ਰਾਚੀਨ ਰਵੈਤਾਂ ਦੇ ਵਿਰੁੱਧ ਇਕ ਬੁੱਚੜਖਾਨਾ ਖੋਹਲਿਆ ਗਿਆ ਸੀ। ਸ਼ਹਿਰ ਵਿਚ ਇਹ ਵੀ ਅਫ਼ਵਾਹ ਸੀ ਕਿ ਪਵਿਤ੍ਰ ਸ਼ਹਿਰ ਵਿਚ ਬੁੱਚੜਾਂ ਦੀਆਂ ਚਾਰ ਦੁਕਾਨਾਂ ਹੋਰ ਖੁਲ੍ਹਣ ਵਾਲੀਆਂ ਹਨ। ਹਿੰਦੂਆਂ ਅਤੇ ਸਿੱਖਾਂ ਵਿਚ ਬੜੀ ਭਾਰੀ ਨਰਾਜ਼ਗੀ ਫੈਲੀ ਹਈ ਸੀ. ਨਾਮਧਾਰੀ ਜੋ ਕਿ ਗਊ ਹੱਤਯਾ ਤੋਂ ਬੜੀ ਨਫ਼ਰਤ ਕਰਦੇ ਹਨ, ਕੁਛ ਸੋਚਣ ਉਪ੍ਰੰਤ ਸ਼ਹਿਰ ਵਿਚ ਆਏ. ਬੁਚੜਾਂ ਤੇ ਹਮਲਾ ਕੀਤਾ ਅਤੇ ਕੁਛ ਆਦਮੀਆਂ ਨੂੰ ਮਾਰ ਕੇ ਨੱਸ ਗਏ। ਬਾਬਾ ਰਾਮ ਸਿੰਘ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ:— **"ਕਤਲ ਤੁਸਾਂ ਕੀਤੇ ਹਨ, ਅਤੇ ਬੇਗੁਨਾਹ ਨਿਹੰਗ ਫੜੇ ਹੋਏ ਹਨ। ਕਚਹਿਰੀ ਨੂੰ ਜਾਓ। ਆਪਣਾ ਦੋਸ਼ ਮੰਨੋ ਤਾ ਕਿ ਬੇ-ਦੋਸ਼ੇ ਬਚ ਜਾਣ।"** ਉਹ ਗਏ ਹਾਕਮਾਂ ਦੇ ਸਉਹੇਂ ਮੁਕੱਦਮਾ ਸਾਫ਼ ਕਰ ਦਿਤਾ ਅਤੇ ਸ਼ਾਂਤੀ ਨਾਲ ਆਪਣੇ ਆਪ ਨੂੰ ਆਪਣੀ ਕਿਸਮਤ ਤੇ ਛਡ ਦਿਤਾ।"*

(੨) ਥੀਸਿਜ਼ ਆਨ ਦੀ ਨਾਮਧਾਰੀ ਮੂਵਮੈਂਟ ਦੇ ਕਰਤਾ ਸ੍ਰਦਾਰ ਤਾਰਾ ਸਿੰਘ ਜੀ ਲਿਖਦੇ ਹਨ ਕਿ:—"ਅੰਮ੍ਰਿਤਸਰ ਕੇਸ ਦੇ ਦੋਸ਼ੀਆਂ ਬਾਬਤ ਇਹ ਫਰਜ਼ ਕਰ ਲਿਆ ਗਿਆ ਹੈ ਕਿ ਉਨ੍ਹਾਂ ਦਾ ਖੋਜ ਰਾਏਕੋਟ ਦੇ ਮੁਕੱਦਮੇ ਵਿਚੋਂ ਮਿਲਿਆ, ਪ੍ਰੰਤੂ ਏਸ ਸਚਾਈ ਤੋਂ ਨਾਂਹ ਨਹੀਂ ਹੋ ਸਕਦੀ, ਕਿ ਜਦ ਤਕ ਅਸਲੀ ਕਾਤਲਾਂ ਨੇ ਅਪਣੇ ਆਪਨੂੰ ਸ੍ਰਕਾਰੀ ਹਾਕਮਾਂ ਦੇ ਰੂਬਰੂ ਅਪਣੀ ਰਜ਼ਾਮੰਦੀ ਅਤੇ ਖੁਸ਼ੀ ਨਾਲ ਪੇਸ਼ ਨਹੀਂ ਕਰ ਦਿਤਾ, ਉਸ ਵੇਲੇ ਤਕ ਕਿਸੇ ਨੂੰ ਇਸ ਗੱਲ ਤੇ ਸੰਦੇਹ ਤਕ ਨਹੀਂ ਸੀ, ਕਿ ਉਹ ਨਿਹੰਗ ਯਾ ਅਕਾਲੀ, ਜਿਨ੍ਹਾਂ ਦੇ ਵਿਰੁਧ ਮੌਤ ਦਾ ਹੁਕਮ ਸਾਦਰ ਹੋ ਚੁਕਾ ਸੀ, ਉਕੇ ਹੀ ਨਿਰਦੋਸ਼ ਹਨ।"**

---

* ਪੰਨਾ ੧੨੨-੧੨੩

** ਪੰਨਾ ੫੯

Sri Satguru Jagjit Singh Ji Elibrary NamdhariElibrary@gmail.com

# ਰਾਇਕੋਟ ਦਾ ਕੇਸ

ਰਾਏਕੋਟ ਜ਼ਿਲਾ ਲੁਧਿਆਣਾ ਵਿਖੇ ਇਕ ਪ੍ਰਸਿੱਧ ਕਸਬਾ ਹੈ। ਇਹ ਲੁਧਿਆਣੇ ਤੋਂ ਸੜਕ ਦੇ ਰਸਤੇ ੨੫ ਮੀਲਾਂ ਦੀ ਵਿੱਥ ਤੇ ਹੈ, ਇਸ ਨਗਰ ਦਾ ਸਿੱਖ ਇਤਿਹਾਸ ਨਾਲ ਖ਼ਾਸ ਸਬੰਧ ਹੈ। ਮਾਛੀਵਾੜੇ ਤੋਂ ਲੱਖੀ ਜੰਗਲ ਨੂੰ ਜਾਂਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਥੇ ਠਹਿਰੇ ਸਨ। ਇਸੇ ਪਿੰਡ ਦੇ ਮਾਲਿਕ ਰਾਏ ਕੱਲੇ ਨੇ ਗੁਰੂ ਜੀ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ। ਸਤਿਗੁਰੂ ਜੀ ਦੀ ਆਗਯਾ ਅਨੁਸਾਰ ਉਸਨੇ ਅਪਣੇ ਮਾਹੀ ਨਾਮੀਂ ਹਰਕਾਰੇ ਨੂੰ ਸਿਰਹੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਦੀ ਖਬਰ ਮੰਗਵਾਈ ਸੀ। ਰਾਏ ਸਾਹਿਬ ਦੀ ਸੇਵਾ ਪੁਰ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਇਕ ਤਲਵਾਰ ਤੇ ਇਕ ਗੜਵਾ ਬਖਸ਼ਿਆ ਸੀ। ਗੜਵਾ ਬੜਾ ਅਦਿਭੁਤ ਅਤੇ ਗੰਗਾ ਸਾਗਰ ਦੀ ਕਿਸਮ ਦਾ ਸੀ। ਉਸ ਵਿਚ ਇਹ ਵਿਸ਼ੇਸ਼ਤਾ ਸੀ, ਕਿ ਉਸਦੇ ਨਿਕੇ ਨਿਕੇ ਬੇਮਲੂਮੇ ਛੇਕਾਂ ਥਾਣੀ ਰੇਤ ਦੇ ਕਿਣਕੇ ਤਾਂ ਵਗ ਜਾਂਦੇ ਸਨ, ਪਰ ਜਲ ਨਹੀਂ ਸੀ ਸਿੰਮਦਾ। ਇਸ ਯਾਦ ਵਿਚ ਓਥੇ ਸਿੱਖਾਂ ਦਾ ਇਕ ਗੁਰਦਵਾਰਾ ਹੈ।

ਅੰਮ੍ਰਿਤਸਰ ਦੀ ਬੁੱਚੜ ਮਾਰੂ ਘਟਨਾ ਤੋਂ ੨੦-੨੫ ਦਿਨਾਂ ਪਿਛੋਂ ਕੂਕੇ ਸਿੰਘਾਂ ਦਾ ਇਕ ਜਥਾ ਭੈਣੀ ਸਾਹਿਬ ਨੂੰ ਜਾਂਦਾ ਹੋਇਆ ਇਸ ਗੁਰਦਵਾਰੇ ਥਾਣੀ ਲੰਘਿਆ। ਉਨ੍ਹਾਂ ਨੇ ਗੁਰਦਵਾਰੇ ਦੇ ਆਸ ਪਾਸ ਕੁਛ ਹੱਡੀਆਂ ਤੇ ਮਾਸ ਦੀਆਂ ਬੋਟੀਆਂ ਪਈਆਂ ਵੇਖ ਕੇ ਪੁਜਾਰੀਆਂ ਨੂੰ ਪੁਛਿਆ ਤਾਂ ਉਨ੍ਹਾਂ ਨੇ ਬੜੇ ਦਰਦ ਭਰੇ ਸ਼ਬਦਾਂ ਵਿਚ ਦੱਸਿਆ ਕਿ ਔਹ ਤੱਕੋ! ਗੁਰਦੁਵਾਰਾ ਸਾਹਿਬ ਤੋਂ ਥੋੜ੍ਹੇ ਫਾਸਲੇ ਤੇ ਹੀ ਬੁੱਚੜਾਂ ਦੀਆਂ ਝੁੱਗੀਆਂ ਹਨ, ਜਿਥੇ ਹਰ ਰੋਜ ਦਿਨ ਦੀਵੀਂ ਗਊਆਂ ਦਾ ਘਾਤ ਹੁੰਦਾ ਹੈ, ਜਿਸਨੂੰ ਵੇਖ ਕੇ ਸਾਡੇ ਦਿਲ ਬਹੁਤ ਦੁਖੀ ਹੁੰਦੇ ਹਨ। ਇੱਲਾਂ ਤੇ ਗਿਰਝਾਂ ਗਊ ਮਾਸ ਦੀਆਂ ਬੋਟੀਆਂ ਲਿਆਕੇ ਗੁਰਦਵਾਰੇ ਦੇ ਲਾਗੇ ਸੁਟ ਜਾਂਦੀਆਂ ਹਨ, ਜਿਨ੍ਹਾਂ ਦੇ ਕਾਰਨ ਗੁਰੂਧਾਮ ਦੀ ਡਾਢੀ ਬਿਅਦਬੀ ਹੋ ਰਹੀ ਹੈ। ਸਾਡੇ ਖ਼ਿਆਲ ਵਿਚ ਇਹ ਸਾਡੇ ਮੰਦ ਕਰਮਾਂ



Sri Satguru Jagjit Singh Ji Elibrary NamdhariElibrary@gmail.com

ਦਾ ਫਲ ਹੈ। ਭਾਈ ਸਾਹਿਬ! ਸਚ ਪੁਛੋ, ਤਾਂ ਸਾਡੇ ਜੀਉਣ ਦਾ ਹੁਣ ਕੋਈ ਹੱਜ ਨਹੀਂ ਹੈ।

ਪੁਜਾਰੀ ਸਿੰਘਾਂ ਦੀ ਵਿਥਿਆ ਸੁਣ ਕੇ ਕੂਕੇ ਬੀਰਾਂ ਦੀਆਂ ਅੱਖਾਂ ਵਿਚ ਲਹੂ ਦੇ ਅੱਥਰੂ ਭਰ ਆਏ। ਉਸ ਵੇਲੇ ਉਨ੍ਹਾਂ ਨੇ ਕੇਵਲ ਏਨਾਂ ਹੀ ਕਿਹਾ ਕਿ--"ਅੱਛਾ! ਗੁਰੂ ਭਲੀ ਕਰੇਗਾ।" ਏਦੂੰ ਪਿਛੋਂ ਉਹ ਏਥੋਂ ਚੱਲ ਕੇ ਤਾਜਪੁਰ ਨਾਮੀ ਇਕ ਨੇੜੇ ਦੇ ਪਿੰਡ ਜਾ ਰਹੇ। ਰਾਤ ਓਥੇ ਕੱਟੀ ਅਤੇ ਆਪਸ ਵਿਚ ਫ਼ੈਸਲਾ ਕਰ ਲਿਆ, ਕਿ ਗਊਆਂ ਦੀ ਰੱਖਿਆ ਅਤੇ ਗੁਰਦਵਾਰੇ ਦੀ ਪਵਿੱਤ੍ਰਤਾ ਨੂੰ ਮੁੜ ਸਥਿਰ ਕਰਨ ਦੇ ਪ੍ਰਯੋਜਨ ਨਾਲ ਬੁੱਚੜਾਂ ਦਾ ਸਫ਼ਾਇਆ ਕੀਤਾ ਜਾਵੇ। ਸੋ ਇਸ ਮਤੇ ਅਨੁਸਾਰ ਪਿੱਥੋ ਰਿਆਸਤ ਨਾਭਾ ਦੇ ਕੇਵਲ ਤਿੰਨ ਸਿਖ ਸੰਤ ਮੰਗਲ ਸਿੰਘ, ਸੰਤ ਗੁਰਮੁਖ ਸਿੰਘ ਅਤੇ ਸੰਤ ਮਸਤਾਨ ਸਿੰਘ ਨੇ ਅਰਦਾਸ ਕਰਕੇ ੧੫ ਜੁਲਾਈ ੧੮੭੧ ਦੀ ਰਾਤ ਨੂੰ ਲਗ ਭਗ ੧੧ ਬਜੇ ਰਾਏਕੋਟ ਦੇ ਬੁੱਚੜਾਂ ਤੇ ਧਾਵਾ ਕੀਤਾ, ਅਤੇ ਕੁਛ ਬੁੱਚੜਾਂ ਨੂੰ ਕਤਲ ਕਰਕੇ ਦੌੜ ਗਏ।

ਇਹ ਘਟਨਾ ਅੰਮ੍ਰਿਤਸਰ ਦੀ ਘਟਨਾ ਤੋਂ ਇਕ ਮਹੀਨਾ ਪਿਛੋਂ ਹੋਈ। ਦੋਸ਼ੀਆਂ ਦਾ ਖੋਜ ਕੱਢਣ ਲਈ ਗਵਰਮੈਂਟ ਵਲੋਂ ੧੦੦੦) ਰੁਪੈ ਇਨਾਮ ਦਾ ਐਲਾਨ ਕੀਤਾ ਗਿਆ ਜਿਸਦੇ ਲਾਲਚ ਵਿਚ ਆ ਕੇ ਛੀਨੀਵਾਲ ਦੇ ਦੱਲੂ ਅਤੇ ਮੜ੍ਹਾਣੇ ਦੇ ਗੁਲਾਬੂ ਨੇ ਪੁਲੀਸ ਪਾਸ ਮੁਖ਼ਬਰੀ ਕਰਕੇ ਅਸਲ ਦੋਸ਼ੀਆਂ ਅਤੇ ਉਨ੍ਹਾਂ ਦੇ ਨਾਲ ਹੀ ਦੋ ਨਿਰਦੋਸ਼ ਸੰਤਾਂ ਸੂਬਾ ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਜੀ ਨਾਈਵਾਲੀਏ ਨੂੰ ਵੀ ਗ੍ਰਿਫ਼ਤਾਰ ਕਰਵਾ ਦਿਤਾ। ਪਹਿਲੇ ਤਿੰਨਾਂ ਸਿੰਘਾਂ ਨੇ ਆਪਣੇ ਦੋਸ਼ ਨੂੰ ਸਾਫ਼ ਸਾਫ਼ ਮੰਨਦਿਆਂ ਹੋਇਆਂ ਕਿਹਾ, ਕਿ ਸੂਬਾ ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਜੀ ਉਨ੍ਹਾਂ ਦੇ ਨਾਲ ਸ਼ਾਮਿਲ ਨਹੀਂ ਸਨ। ਪੁਲੀਸ ਨੇ ਦੁਹਾਂ ਮੁਖ਼ਬਰਾਂ ਨੂੰ ਵਾਦਾ ਮਾਫ਼ ਗਵਾਹ ਬਣਾ ਕੇ ਏਨ੍ਹਾਂ ਪੰਜਾਂ ਕੂਕਿਆਂ ਦਾ ਚਲਾਨ ਕਰ ਦਿਤਾ, ਵਾਦਾ ਮੁਆਫ਼ ਗਵਾਹਾਂ ਤੋਂ ਅਜੇਹੇ ਬਿਆਨ ਦਿਵਾਏ ਗਏ, ਜਿਨ੍ਹਾਂ ਨਾਲ ਉਨ੍ਹਾਂ ਸਮੇਤ ਪੰਜੇ ਕੂਕੇ ਕਾਤਿਲ ਸਿੱਧ ਹੋ ਸਕਣ।

ਮੁੱਢਲੀ ਅਦਾਲਤ ਵਿਚ ਸਰਸਰੀ ਕਾਰਵਾਈ ਭੁਗਤਣ ਦੇ ਬਾਦ ਮੁਕੱਦਮਾ ਜੇ ਡਬਲਯੂ ਮੈਕਨਬ, ਕਮਿਸ਼ਨਰ ਅਤੇ ਸੈਸ਼ਨ ਜਜ ਅੰਬਾਲਾ ਦੀ ਕਚਹਿਰੀ ਵਿਚ ਪੇਸ਼ ਹੋਇਆ ਜਿਥੋਂ ਹਿੰਦ ਡੰਡਾਵਲੀ ਦੀ ਦਫ਼ਾ ੩੦੨ ਦੇ ਅਧਾਰ ਤੇ ਸੰਤ ਮਸਤਾਨ ਸਿੰਘ, ਮੰਗਲ ਸਿੰਘ ਅਤੇ ਗੁਰਮੁਖ ਸਿੰਘ ਨੂੰ ੨੭-੭-੧੮੭੧ ਦੇ ਦਿਨ ਫਾਂਸੀ ਦੀ ਸਜ਼ਾ ਸੁਣਾਈ ਗਈ, ਦੱਲੂ ਅਤੇ ਗੁਲਾਬੂ ਨੂੰ ਜੋ ਨਾਮਧਾਰੀ ਲਿਬਾਸ ਵਿਚ ਪੇਸ਼ ਕੀਤੇ ਗਏ ਸਨ, ਮਾਫ਼ ਕਰ ਦਿਤਾ

Sri Satguru Jagjit Singh Ji Elibrary NamdhariElibrary@gmail.com

ਗਿਆ। ਉਪ੍ਰੰਤ ਸਜ਼ਾ ਦੀ ਤਸਦੀਕ ਵਾਸਤੇ ਕਾਗ਼ਜ਼ ਚੀਫ਼ ਕੋਰਟ ਲਾਹੌਰ ਨੂੰ ਭੇਜੇ ਗਏ ਜਿਸਤੇ ਜਸਟਿਸ ਬੋਲੋਨੁਇਸ ਅਤੇ ਜੇ ਐਸ ਕੈਂਮਪਬਲ ਨੇ ੧ ਅਗਸਤ ੧੮੭੧ ਨੂੰ ਸਜ਼ਾਵਾਂ ਦੀ ਤਸਦੀਕ ਕਰ ਦਿਤੀ ਜਿਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਇਹ ਲਾਡਲੇ ਸਿਖ ੫ ਅਗਸਤ ੧੮੭੧ ਨੂੰ ਬਸੀਆਂ ਦੀ ਕੋਠੀ ਕੋਲ ਇਕ ਦਰਖ਼ਤ ਨਾਲ ਫਾਹੇ ਦਿਤੇ ਗਏ।

ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਨਾਈਵਾਲੇ ਨੂੰ ਦਫਾ ੧੦੯-੩੦੨ (ਇਰਾਦਤਨ ਕਤਲ ਦੇ ਜੁਰਮ ਵਿਚ) ੨੬-੧੦-੧੮੭੧ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ ਜਿਨ੍ਹਾਂ ਦੀਆਂ ਸਜ਼ਾਵਾਂ ਦੀ ਚੀਫ਼ ਕੋਰਟ ਵਲੋਂ ਤਸਦੀਕ ਹੋਣ ਉਪ੍ਰੰਤ ਉਨ੍ਹਾਂ ਨੂੰ ਲੁਧਿਆਣੇ ਦੀ ਡਿਸਟਰਿਕਟ ਜੇਲ ਵਿਚ ੨੬-੧੧-੧੮੭੧ ਨੂੰ ਫਾਂਸੀ ਚਾਹੜ ਕੇ ਸ਼ਹੀਦ ਕਰ ਦਿਤਾ ਗਿਆ।

## ਮੈਕਨਬ ਦੀ ਰਪੋਟ

ਜੇ. ਡਬਲਜ਼ੂ. ਮੈਕਨਬ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਅੰਬਾਲਾ ਨੂੰ ਸੁਕਾਰ ਵਲੋਂ ਹੁਕਮ ਹੋਇਆ, ਕਿ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਉਨਾਂ ਦੀ ਕੂਕਾ ਲਹਿਰ ਸਬੰਧੀ ਪੜਤਾਲ ਕਰਕੇ ਰਪੋਟ ਕਰੇ, ਅਤੇ ਦੱਸੇ ਕਿ ਕੂਕਾ ਲਹਿਰ ਦਾ ਅਸਲੀ ਨਿਸ਼ਾਨਾ ਕੀ ਹੈ? ਮੈਕਨਬ ਨੇ ੪ ਨਵੰਬਰ ੧੮੭੧ ਨੂੰ ਇਕ ਲੰਮੀ ਹਪੋਟ ਕੀਤੀ, ਜਿਸ ਦਾ ਸਾਰ ਏਥੇ ਅੰਕਿਤ ਕੀਤਾ ਜਾਂਦਾ ਹੈ। ਮੈਕਨਬ ਲਿਖਦਾ ਹੈ ਕਿ:—

"ਸਤੰਬਰ ੧੮੬੭ ਅਤੇ ੬੮ ਸਬੰਧੀ ਪੁਲਸ ਦੇ ਕੇਂਦਰੀ ਦਫ਼ਤਰ ਵਲੋਂ ਰਪੋਟਾਂ ਪ੍ਰਕਾਸ਼ਿਤ ਹੋਣ ਦੇ ਕਾਰਨ, ਇਸ ਪੰਥ ਦੇ ਮੁੱਢ ਬੱਝਣ ਬਾਬਤ ਕੁਛ ਬਿਆਨ ਕਰਨ ਦੀ ਲੋੜ ਨਹੀਂ ਭਾਸਦੀ। ਪੁਲਸ ਦੇ ਕੇਂਦਰੀ ਦਫਤਰ ਅਤੇ ਜਨਰਲ ਟੇਲਰ ਵਿਚਕਾਰ ਜੋ ਚਿਠੀ ਪੱਤ੍ਰ ਦਾ ਸਿਲਸਿਲਾ ਜਾਰੀ ਰਿਹਾ, ਉਸ ਤੋਂ ਕੂਕਾ ਪੰਥ ਸਬੰਧੀ ਜਨਰਲ ਟੇਲਰ ਅਤੇ ਗਵਰਮੈਂਟ ਦਾ ਨੁਕਤਾ ਨਿਗਾਹ ਪ੍ਰਗਟ ਹੁੰਦਾ ਹੈ। ਉਸ ਚਿਠੀ ਪੱਤ੍ਰ ਵਿਚਲੀਆਂ ਦਲੀਲਾਂ ਨੇ ਮੈਨੂੰ ਇਸ ਖ਼ਿਆਲ ਤੇ ਪੱਕਿਆਂ ਕਰ ਦਿੱਤਾ ਹੈ ਕਿ ਇਸ ਪੰਥ ਦੇ ਆਗੂ ਦੇ ਇਰਾਦੇ ਅਰੰਭ ਵਿਚ ਭਾਵੇਂ ਕੁਛ ਹੋਣ, ਪਰ ਹੁਣ ਉਸਦਾ ਨਿਸ਼ਾਨਾ ਰਾਜਨੀਤਕ ਹੈ। ਪੁਰਾਣੇ ਕਾਗਜ਼ਾਂ ਤੋਂ ਮੈਨੂੰ ਪਤਾ ਲੱਗਾ ਸੀ, ਕਿ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ (ਜੀ) ਦਾ ਜਾਨਸ਼ੀਨ ਯਾ ਅਵਤਾਰ ਸਮਝਿਆ ਜਾਂਦਾ ਸੀ, ਪਰ ਹੁਣ ਉਸਨੂੰ ਯੋਧੇ ਗੁਰੂ ਗੋਬਿੰਦ ਸਿੰਘ ਦਾ ਰੂਪ ਮੰਨਿਆ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਉਪ੍ਰੋਕਤ ਰਿਪੋਟਾਂ ਵਿਖੇ ਕੂਕਾ ਲਹਿਰ ਵਿਚ ਸ੍ਰਦਾਰ ਮੰਗਲ ਸਿੰਘ ਬਿਸ਼ਨਪੁਰਾ (ਪਟਿਆਲਾ) ਤੋਂ ਬਿਨਾਂ ਹੋਰ ਕਿਸੇ ਦੇ ਸ਼ਾਮਿਲ ਹੋਣ ਦਾ ਜ਼ਿਕਰ ਨਹੀਂ ਸੀ, ਪਰ ਹੁਣ ਇਸੇ ਪੁਜੀਸ਼ਨ ਦੇ ਬਹੁਤ ਸਾਰੇ ਸ੍ਰਦਾਰ ਇਸ ਪੰਥ ਵਿਚ ਸ਼ਾਮਿਲ ਹੋ ਰਹੇ ਹਨ। ਮਿਸਾਲ ਦੇ ਤੌਰ ਤੇ ਪਟਿਆਲਾ ਰਿਆਸਤ ਵਿਚ ਖੁਮਾਣੋਂ ਦੇ ਸ੍ਰਦਾਰ, ਜੋ ਭੈਣੀ (ਸਾਹਿਬ) ਤੋਂ ਦੂਰ ਨਹੀਂ ਹਨ, (ਪਟਿਆਲਾ ਰਿਆਸਤ ਦੇ) ਸ੍ਰਦਾਰ ਗੁਰਦਿਤ ਸਿੰਘ ਨਾਈਵਾਲਾ, ਦਿਆਲਗੜ੍ਹ ਦਾ ਸ੍ਰ: ਬੀਰ ਸਿੰਘ ਅਤੇ ਆਪਣੇ ਤਿੰਨਾਂ ਭਤੀਜਿਆਂ ਸਮੇਤ, ਮੁਸਤਫਾਬਾਦ ਦਾ ਸ੍ਰਦਾਰ ਗੁਰਸਰਨ ਸਿੰਘ, ਸਢੌਰੇ ਦਾ ਜਾਗੀਰਦਾਰ ਹੀਰਾ ਸਿੰਘ, ਜੋ ਜੰਮੂ ਰਿਆਸਤ ਵਿਚ ਕਮਾਨ ਅਫਸਰ ਦੀ ਹਸਜੌਤ ਵਿਚ ਸੌ ਆਦਮੀ ਨਾਲ ਲੈ ਕੇ ਕੂਕਾ ਪਲਟਣ ਬਣਾਨ ਹਿਤ ਗਿਆ ਸੀ, ਆਨਰੇਰੀ ਮਜਿਸਟਰੇਟ ਸੁਹਾਣਾਂ ਦਾ ਚਾਚੇ ਦਾ ਪੁਤ ਭਾਈ ਬੇਦਾ ਸਿੰਘ, ਸ੍ਰ: ਜੈਮਲ ਸਿੰਘ, ਤੇ ਕਲਸੀਆਂ ਦਾ ਸ੍ਰਦਾਰ ਦਲੀਪ ਸਿੰਘ।

ਅੰਬਾਲਾ ਜਿਲਾ ਸਿੱਖਾਂ ਦੇ ਉਚ ਘਰਾਣਿਆਂ ਨਾਲ ਭਰਿਆ ਪਿਆ ਹੈ। ਘੁੜ ਸਵਾਰਾਂ ਦੇ ਬਹੁਤ ਥੋੜ੍ਹੇ ਘਰਾਣੇ ਜਂ ਜਾਗਿਰਦਾਰ, ਪਰ ਉਪਜੀਵਕਾ ਦੇ ਪ੍ਰਤੱਖ ਸਾਧਨਾਂ ਤੋਂ ਰਹਿਤ ਹਨ, ਅਰ ਭਾਵੇਂ ਉਹ ਮਾਝੇ ਦੇ ਸਿੱਖਾਂ ਵਾਂਗ ਲੜਾਕੇ ਨਹੀਂ, ਪਰ ਖ਼ਾਲਸਾ ਰਾਜ ਨੂੰ ਮੁੜ ਲਿਔਣ ਲਈ, ਜੰਤਾ ਨੂੰ ਉਤਸ਼ਾਹ ਦੇ ਰਹੇ ਹਨ, ਉਨ੍ਹਾਂ ਵਿਚ ਇਸ ਚੀਜ਼ (ਭਾਵ ਕੂਕਾਇਜ਼ਮ) ਦੇ ਉਤਪੰਨ ਹੋਣ ਦੀ ਸੰਭਾਵਨਾ ਹੈ।

ਪਿਛਲੇ ਸਾਲ ਤੋਂ ਇਕ ਸਾਲ ਪਹਿਲਾਂ ਕਿਹਾ ਗਿਆ ਹੈ, ਕਿ ਰਾਮ ਸਿੰਘ ਮਹਾਰਾਜਾ ਕਸ਼ਮੀਰ ਵਾਸਤੇ ਇਕ ਕੂਕਾ ਪਲਟਨ ਖੜ੍ਹੀ ਕਰਨ ਲਈ ਭਰਤੀ ਕਰ ਰਿਹਾ ਹੈ। ਬਹਰਹਾਲ ਇਹ ਕੀਤਾ ਗਿਆ, ਅਤੇ ੩੦੦ ਆਦਮੀ ਦੇ ਲਗ ਭਗ ਹੀਰਾ ਸਿੰਘ ਦੀ ਕਮਾਨ ਹੇਠ ਜੰਮੂ ਵਿਚ ਇਕੱਤ੍ਰ ਕੀਤੇ ਗਏ। ਇਹ ਪਲਟਣ ਪਿੱਛੋਂ ਤੋੜ ਦਿਤੀ ਗਈ ਸੀ।

## ਰਾਣਾ ਨੇਪਾਲ ਨਾਲ ਸੰਧੀ ਦਾ ਜ਼ਿਕਰ

ਪਿਛਲੇ ਵਰ੍ਹੇ ਸੂਬਾ ਬੀਰ ਸਿੰਘ ਅਤੇ ਮਾਨ ਸਿੰਘ* ਨੇਪਾਲ ਦੇ ਯੁਵਰਾਜ ਨੂੰ ਤੋਹਫੇ ਦੇਣ ਦੇ ਉਦੇਸ਼ ਨਾਲ ਨੇਪਾਲ ਗਏ ਸਨ।

---

* ਮੈਕਨਬ ਦੀ ਇਹ ਲਿਖਤ, ਕਿ ਸੂਬਾ ਬੀਰ ਸਿੰਘ ਤੇ ਮਾਨ ਸਿੰਘ ਨੇਪਾਲ ਭੇਜੇ ਗਏ ਸਨ ਗ਼ਲਤ ਹੈ, ਕਿਉਂਕਿ ਸਤਿਗੁਰੂ ਜੀ ਨੇ ਸੂਬਾ ਕਾਹਨ ਸਿੰਘ ਜੀ ਅਤੇ ਸੂਬਾ ਸਾਹਿਬ ਸਿੰਘ ਨੂੰ ਜੀ ਨੂੰ ਭੇਜਿਆ ਸੀ।

## ਦ੍ਰਿੜ ਜਥੇਬੰਦੀ

ਇਸ ਫ਼ਿਰਕੇ ਨੂੰ ਇਸਦੇ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਤੋਂ ਰੋਕਣ ਲਈ ਕਿਸੇ ਤਕੜੀ ਰੋਕ ਪਾਊ ਕਾਰਵਾਈ ਦੀ ਲੋੜ ਹੈ। ਇਹ ਫਿਰਕਾ ਜੋ ਆਪਣੇ ਆਪ ਨੂੰ ਜ਼ਿਲ੍ਹਿਆਂ ਵਿਚ ਜਥੇਬੰਦ ਕਰਦਾ ਹੈ, ਹਰ ਇਕ ਜ਼ਿਲ੍ਹੇ ਵਿਚ ਅਪਣੇ ਹਾਕਮ ਤੇ ਪ੍ਰਤੀਨਿਧ ਨੀਯਤ ਕਰਦਾ ਹੈ, ਲਖਨਊ, ਹੈਦਰਾਬਾਦ ਯਾ ਜਿਥੇ ਵੀ ਸਿੱਖਾਂ ਦਾ ਪਤਾ ਲੱਗੇ ਅਪਣੇ ਦੂਤ (ਸਫ਼ੀਰ) ਭੇਜ ਕੇ ਬੜੀ ਹੁਸ਼ਿਆਰੀ ਨਾਲ ਅਪਣੇ ਅਸੂਲਾਂ ਦੇ ਪ੍ਰਚਾਰਨ ਦਾ ਪ੍ਰਬੰਧ ਕਰਦਾ, ਅਤੇ ਸਿਖ ਧਰਮ ਦੇ ਵਿਰੁੱਧ ਹਰ ਇਕ ਸ਼ੈ ਦਾ ਕਰੜਾਈ ਨਾਲ ਤਿਆਗ ਕਰਦਾ ਹੈ, ਇਸ ਬਾਬਤ। ਹਰ ਇਕ ਸ਼ੈ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ।

## ਸਤਿਗੁਰੂ ਜੀ ਬਾਦਸ਼ਾਹ ਦੇ ਰੂਪ ਵਿਚ

ਰਾਮ ਸਿੰਘ ਸੰਤਾਂ ਤੇ ਫ਼ਕੀਰਾਂ ਦੀ ਹੈਸੀਜਤ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਕੁ ਦਰਜਨ ਘੁੜ ਸਵਾਰਾਂ ਸਮੇਤ ਮਿਲਦਾ ਹੈ। ਵੀਹਾਂ ਹੀ ਪੈਦਲ ਆਦਮੀਂ ਉਸਦੇ ਨਾਲ ਹੁੰਦੇ ਹਨ। ਉਹ ਦਰਬਾਰੀ ਆਦਮੀਆਂ ਦੇ ਘੇਰੇ ਵਿਚ-ਘਿਰਿਆ ਹੋਇਆ ਤੁਹਾਡੇ ਕਮਰੇ ਵਿਚ ਇਕ ਬਾਦਸ਼ਾਹ ਦੀ ਸ਼ਾਨ ਨਾਲ ਦਾਖ਼ਲ ਹੁੰਦਾ ਹੈ। ਉਹ ਤੇ ਉਸਦੇ ਸਾਥੀ ਬੜੇ ਸੋਹਣੇ ਚਿਟੇ ਬਸਤ੍ਰ ਪਹਿਨਦੇ ਹਨ।

## ਵਿਭਚਾਰ ਦਾ ਵਿਰੋਧ

ਉਨ੍ਹਾਂ ਵਿਚ ਵਿਭਚਾਰ ਤੇ ਵੇਸਵਾ ਗਮਨ ਦੀ ਕਰੜੀ ਮਨਾਹੀ ਹੈ, ਉਸਦੇ ਮੁਢਲੇ ਅਸੂਲਾਂ ਵਿਚੋਂ ਇਹ ਇਕ ਵਡਾ ਅਸੂਲ ਹੈ।*

## ਗਿਆਨੀ ਸਿੰਘ ਸੂਬਾ ਮੈਜਿਸਟਰੇਟ ਅਤੇ ਆਗੂ ਹੈ

ਸੂਬਾ ਗਿਆਨੀ ਸਿੰਘ ਜਦ ਇਕ ਪਿੰਡ ਤੋਂ ਦੂਜੇ ਪਿੰਡ ਜਾਂਦਾ ਹੈ, ਅਤੇ ਜਾਣ ਬਾਬਤ ਗੱਲਾਂ ਕਰਦਾ ਹੈ, ਤਾਂ ਉਹ ਕਹਿੰਦਾ ਹੈ, ਕਿ ਉਹ ਕੁਝ ਕੂਕਿਆਂ ਦਾ ਝਗੜਾ ਨਿਬੇੜਨ ਗਿਆ ਸੀ, ਅਸਲ ਵਿਚ ਉਹ ਇਕ ਮੈਜਿਸਟਰੇਟ ਅਤੇ ਨੇਤਾ ਹੈ, ਨਾ ਕਿ ਧਾਰਮਕ ਆਗੂ।

---

* ਰਪੋਟ ਮਿ: ਜੇ ਮੈਕਨਬ, ਕੂਕਾ ਕਾਰਵਾਰ

## ਕੂਕਾ ਲਹਿਰ ਪੋਲਿਟੀਕਲ ਹੈ

ਮੈਂ ਦੇਖਿਆ ਹੈ ਕਿ ਸੂਬੇ ਨੌਜਵਾਨ ਹਨ, ਜੋ ਬੜੇ ਨਿਡਰ ਪ੍ਰਤੀਤ ਹੁੰਦੇ ਹਨ। ਜੋ ਕੂਕੇ ਮੈਂ ਦੇਖੇ ਹਨ, ਕੂਫ਼ਕ ਤੋਂ ਬਿਨਾਂ, ਜੈਸਾ ਕਿ ਮਿਸਟਰ ਸੀ. ਪੀ. ਐਲੀਅਟ ਦਾ ਵਿਚਾਰ ਹੈ, ਮੈਂ ਸਮਝਦਾ ਹਾਂ ਕਿ ਆਪਣੀਆਂ ਨਰੋਈਆਂ ਸ਼ਕਲਾਂ ਕਰਕੇ ਪ੍ਰਸਿਧ ਹਨ। ਉਤਲੀਆਂ ਗੱਲਾਂ ਦਾ ਕੁਦਰਤੀ ਨਤੀਜਾ ਮੈਨੂੰ ਇਹ ਜਾਪਦਾ ਹੈ, ਕਿ ਇਹ ਲਹਿਰ ਭਾਵੇਂ ਅਰੰਭ ਵਿਚ ਕਿਹੋ ਜੇਹੀ ਸੀ, ਪਰ ਹੁਣ ਰਾਜਨੀਤਕ ਹੋ ਗਈ ਹੈ, ਅਤੇ ਇਹ ਖ਼ਾਲਿਸ ਧਾਰਮਿਕ ਨਹੀਂ ਰਹੀ।

## ਸਤਿਗੁਰੂ ਜੀ ਦੇ ਆਚਰਨ ਦੀ ਅਡੋਲਤਾ ਬਾਬਤ

ਹੁਣ ਅੱਗੇ ਇਹ ਦੱਸਣਾ ਹੈ, ਕਿ ਰਾਮ ਸਿੰਘ (ਜੇਹਾ ਕਿ ਕਿਹਾ ਜਾਂਦਾ ਹੈ) ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੈ, ਉਸਦੇ ਸੁਭਾਉ ਅਰ ਠਾਠ ਬਾਠ ਬਾਬਤ ਮੈਂ ਦਸ ਚੁਕਾ ਹਾਂ। ਜਿਸ ਕਿਸੇ ਨੇ ਵੀ ਰਾਮ ਸਿੰਘ ਨੂੰ ਦੇਖਿਆ, ਯਾ ਉਸ ਨਾਲ ਗੱਲਾਂ ਕੀਤੀਆਂ ਹਨ, ਉਸ ਨੇ ਉਸਦੀ ਅਕਲ, ਦ੍ਰਿੜਤਾ ਅਤੇ ਆਚਰਣ ਦੀ ਅਡੋਲਤਾ ਨੂੰ ਵੇਖਣ ਵਿਚ ਉਕਾਈ ਨਹੀਂ ਕੀਤੀ ਹੋਵੇਗੀ। ਆਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਧਾਰਨ ਅਤੇ ਨਿਰੋਲ ਧਾਰਮਿਕ ਆਗੂ ਵਿਚ ਨਹੀਂ ਹੋ ਸਕਦੇ। ... ... ਉਹ ਇਕ ਵੇਲੇ ਕੇਵਲ ਇਕੋ ਨਾਲ ਹੀ ਗੱਲਬਾਤ ਕਰਨ ਵਿਚ ਬੜਾ ਸੁਚੇਤ ਹੈ। ਲੋਕ ਸੂਬਿਆਂ ਤੇ ਨਹੀਂ ਪਰ ਉਸਤੇ ਪੂਰਾ ਭਰੋਸਾ ਰਖਦੇ ਹਨ।

## ਕੂਕਾ ਸਾਹਿਤ ਅਤੇ ਦੀਵਾਨ ਬੂਟਾ ਸਿੰਘ ਲਾਹੌਰ ਬਾਬਤ

ਹਰ ਕੂਕਾ ਜੋ ਪੜ੍ਹ ਸਕਦਾ ਹੈ, ਉਸ ਕੋਲ ਲਾਹੌਰ ਦੇ ਬਾਗ਼ੀ ਸੁਭਾਉ ਦੀਵਾਨ ਬੂਟਾ ਸਿੰਘ ਦੀ ਛਪੀ ਹੋਈ ਇਕ ਪੋਥੀ ਹੁੰਦੀ ਹੈ, ਜੋ ਗ੍ਰੰਥ ਦੇ ਉਨ੍ਹਾਂ ਸਾਰੇ ਹਵਾਲਿਆਂ ਨਾਲ ਭਰਪੂਰ ਹੈ, ਜੋ ਲੜਾਈ ਵਾਸਤੇ ਜੋਸ਼ ਉਤਪੰਨ ਕਰਨ ਵਾਲੇ ਹਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ ਵਿਚੋਂ ਚੰਡੀ ਤੇ ਉਗ੍ਰਦੰਤੀ ਦਾ ਪਾਠ ਹੈ। ਉਨ੍ਹਾਂ ਕੋਲ ਤਿੰਨ ਪੁਸਤਕਾਂ ਹੋਰ ਵੀ ਹਨ। ਸੌ ਸਾਖੀ, ਜੋ ਇਕ ਪੁਰਾਣੀ ਪੋਥੀ ਵਾਂਗ ਹੈ, ਜਿਸ ਵਿਚ ਰਾਮ ਸਿੰਘ ਅਤੇ ਉਸਦੇ ਪਿਤਾ ਦੇ ਨਾਉਂ ਦਿਤੇ ਹੋਏ ਹਨ, ਪਰ ਅਸਲ ਵਿਚ ਇਹ ਨਵੀਂ ਹੈ, ਦੂਜੀ ਪੋਥੀ ਅਜਿਤੇ ਰੰਧਾਵੇ ਦੀ ਗੋਸ਼ਟ ਹੈ। ਇਹ ਪਹਿਲੀ ਜੇਹੀ ਹੀ ਹੈ। ਤੀਜਾ ਪੁਸਤਕ 'ਕਰਨੀ ਨਾਵਾਂ' ਹੈ, ਜਿਸ ਵਿਚ, ਅਗੋਂ ਨੂੰ ਹੋਣ ਵਾਲੀ ਭਵਿਖਤ ਬਾਣੀ ਹੈ, ਜਿਸ ਵਿਚ ਲਿਖਿਆ ਹੈ, ਕਿ 'ਖਾਲਸਾ ਕਿਵੇਂ ਅੰਗ੍ਰੇਜ਼ਾਂ ਨੂੰ ਕੱਢ ਕੇ ਦਿੱਲੀ ਮਾਰੇਗਾ...

Sri Satguru Jagjit Singh Ji Elibrary NamdhariElibrary@gmail.com

..ਇਨਸਪੈਕਟਰ ਅਹਿਮਦ ਅਲੀ ਕਹਿੰਦਾ ਹੈ, ਕਿ ਉਸਨੇ ਇਹ ਤਿੰਨੇ ਪੋਥੀਆਂ ਅੰਮ੍ਰਿਤਸਰ ਦੇ ਕਾਤਿਲ (ਸ਼ਹੀਦ) ਬੀਹਲਾ ਸਿੰਘ (ਨਾਰਲੀ) ਦੇ ਘਰੋਂ ਬਰਾਮਦ ਕਰਕੇ ਮਿਸਟਰ ਟਰਟਨ ਸਮਿਥ ਨੂੰ ਦਿੱਤੀਆਂ ਸਨ, ਜਿਸ ਨੇ ਇਨ੍ਹਾਂ ਦਾ ਉਲਥਾ ਕੀਤਾ।

## ਕੂਕਾ ਬਾਗ਼ਜਾਨਾ ਪੁਸਤਕਾਂ

ਉਪ੍ਰੋਕਤ ਤਿੰਨੇ ਪੁਸਤਕਾਂ, ਜੋ ਕੂਕਿਆਂ ਕੋਲ ਹਨ, ਉੱਕਾ ਹੀ ਬਾਗ਼ਜਾਨਾਂ ਹਨ। ਸੌ ਸਾਖੀ, ਅਜਿਤੇ ਦੀ ਗੋਸ਼ਟ ਅਤੇ ਕਹਨੀ ਨਾਵਾਂ, ਪਿਛਲੀਆਂ (ਚੰਡੀ ਤੇ ਉਗ੍ਰਦੰਤੀ) ਸਮੇਤ। ਇਨ੍ਹਾਂ ਵਿਚੋਂ ਉਹ ਤਿੰਨੇ ਜੋ ਬੀਹਲਾ ਸਿੰਘ ਦੇ ਘਰੋਂ ਨਿਕਲੀਆਂ ਹੱਥਾਂ ਦੀਆਂ ਲਿਖੀਆਂ ਹੋਈਆਂ ਹਨ।

## ਕੂਕਾ ਬ੍ਰਤਾਨੀਆ ਦਾ ਦੁਸ਼ਮਨ ਹੈ

ਰਾਮ ਸਿੰਘ ਦੇ ਵਿਰੁੱਧ ਰਾਜਸੀ ਮੁਕੱਦਮਾ ਇਉਂ ਹੈ, ਕਿ ਉਹ ਇਕ ਅਜੇਹੇ ਪੰਥ ਦਾ ਅਸਲੀ ਅਤੇ ਅਦੁਤੀ ਆਗੂ ਹੈ, ਜੋ ਅਪਣੀ ਆਦਤ ਅਨੁਸਾਰ ਖ਼ਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਧੁਨ ਵਿਚ ਬ੍ਰਤਾਨਵੀ ਤਾਕਤ ਦਾ ਦੁਸ਼ਮਨ ਹੈ ਉਹ ਇਸ ਪੰਥ ਦਾ ਅਦੁਤੀ ਹਾਕਮ ਹੈ, ਜਿਸਨੇ ਪੰਜਾਬ ਦੇ ਸਾਰੇ ਬੁੱਚੜਾਂ ਨੂੰ ਕਤਲ ਕਰਨ ਦੀ ਤਜਵੀਜ਼ ਕਰ ਰੱਖੀ ਹੈ... ... ਮੈਂ ਸਮਝਦਾ ਹਾਂ ਕਿ ਬੁੱਚੜਾਂ ਦਾ ਕਤਲ, ਜੋ ਕਿ ਅੰਗ੍ਰੇਜ਼ੀ ਸਰਕਾਰ ਦੀ ਆਗਜਾ ਅਨੁਸਾਰ ਆਪਣਾ ਵਿਪਾਰ ਕਰ ਰਹੇ ਸਨ, ਬ੍ਰਤਾਨਵੀ ਰਾਜ ਦਾ ਸਿੱਧਾ ਟਾਕਰਾ ਹੈ। ਇਸ ਖ਼ਿਆਲ ਨਾਲ ਦੇਸ ਦੇ ਅੰਦਰੂਨੀ ਅਮਨ ਨੂੰ ਬਹਾਲ ਰੱਖਣ ਵਾਸਤੇ ਰਾਮ ਸਿੰਘ ਨੂੰ ਕਿਸੀ ਐਸੀ ਜਗ੍ਹਾ ਤੇ ਜਲਾਵਤਨ ਕਰਨਾ ਚਾਹੀਦਾ ਹੈ, ਜਿੱਥੇ ਉਸਦੇ ਸਿੱਖ ਉਸਦਾ ਦਰਸ਼ਨ ਨਾ ਕਰ ਸਕਣ। ਉਸਦੇ ਸੂਬਿਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਨਜ਼ਰਬੰਦ ਕਰਕੇ, ਉਨ੍ਹਾਂ ਦੇ ਦਿਵਾਨ ਬੰਦ ਕਰ ਦੇਣੇ ਚਾਹੀਦੇ ਹਨ।

ਮੇਰੀ ਪੱਕੀ ਰਾਏ ਹੈ, ਕਿ ਰਾਮ ਸਿੰਘ ਨੂੰ ਉਮਰ ਭਰ ਲਈ ਕਾਲੇ ਪਾਣੀ ਭੇਜ ਦਿਤਾ ਜਾਵੇ। ਜੇ ਅਦਾਲਤ ਵਿਚ ਉਸਦੇ ਵਿਰੁੱਧ ਮੁਕੱਦਮਾ ਨਾ ਚਲ ਸਕੇ ਤਾ ੧੮੧੮ ਈ: ਦੇ ਐਕਟ ੩ ਦੇ ਅਧੀਨ ਕਾਰਵਾਈ ਹੋਣੀ ਉਚਿਤ ਹੈ, ਅਤੇ ਇਹ ਕਾਰਵਾਈ ਫੌਜਾਂ ਦੇ ਦਿੱਲੀ ਰਵਾਨਾ ਹੋਣ ਤੋਂ ਪਹਿਲੋਂ ਕਰਨੀ ਚਾਹੀਦੀ ਹੈ। ਮੇਰਾ ਖ਼ਿਆਲ ਹੈ, ਕਿ ਉਹ ਲੜਾਈ ਕਰਨ ਦਾ ਖ਼ਿਆਲ ਨਹੀਂ ਕਰੇਗਾ, ਅਤੇ ਸਧਾਰਣ ਸੰਮਨ ਭੇਜਣ ਨਾਲ ਹਾਜ਼ਰ ਹੋ ਜਾਏਗਾ, ਪਰ ਫੇਰ

ਵੀ ਲੁਧਿਆਣਾ ਵਿਖੇ ਪੁਲਸ ਦਾ ਪ੍ਰਬੰਧ ਤਕੜਾ ਕਰ ਲੈਣਾ ਚਾਹੀਦਾ ਅਤੇ ਜਲੰਧਰ ਵਿਖੇ ਫ਼ੌਜ ਤਿਆਰ ਰੱਖਣੀ ਚਾਹੀਦੀ ਹੈ। ਚੂੰਕੇ ਲਾਹੌਰ ਦੇ ਛਾਪੇਖ਼ਾਨਿਆਂ ਵਿਚ ਦੀਵਾਨ ਬੂਟਾ ਸਿੰਘ ਦਾ ਬੜਾ ਰਸੂਖ਼ ਹੈ, ਇਸ ਲਈ ਇਸ ਚਿਠੀ ਪਤਰ ਨੂੰ ਛਪਵਾਣਾ ਠੀਕ ਨਹੀਂ ਹੋਵੇਗਾ।"

## ਰਪੋਟ ਦਾ ਭਾਵ

ਮੈਕਨਬ ਦੀ ਰਪੋਟ ਵਾਚਣ ਤੋਂ ਪਤਾ ਲਗਦਾ ਹੈ ਕਿ ਕੂਕਾ ਲਹਿਰ ਇਸ ਵੇਲੇ ਪੂਰੇ ਜੋਬਨ ਤੇ ਸੀ. ਅਤੇ ਇਸਦੇ ਨੇਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਵਿਚ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਕਲਗੀਧਰ ਦਸਮ ਪਾਤਸ਼ਾਹ ਦਾ ਅਵਤਾਰ ਮੰਨਿਆ ਜਾਂਦਾ ਸੀ। ਜਥੇਬੰਦੀ ਰਾਜਸੀ ਤ੍ਰੀਕੇ ਦੀ ਅਤੇ ਬੜੀ ਦ੍ਰਿੜ੍ਹ ਸੀ। ਪੰਜਾਬ ਵਿਚ ਹੀ ਨਹੀਂ ਸਗੋਂ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿਚ ਵੀ ਸਿਖਾਂ ਨੂੰ ਜਥੇਬੰਦ ਕਰਕੇ ਕੂਕਾ ਅਸੂਲਾਂ ਦਾ ਪ੍ਰਚਾਰ ਜਾਰੀ ਕੀਤਾ ਗਿਆ ਸੀ। ਕੂਕਾ ਜਥੇਬੰਦੀ ਵਿਚ ਪੰਜਾਬ ਦੇ ਬੜੇ ਬੜੇ ਜਾਗੀਰਦਾਰ, ਰਈਸ ਅਤੇ ਸ੍ਰਦਾਰ ਸ਼ਾਮਿਲ ਹੋ ਚੁਕੇ ਸਨ। ਦੂਜੇ ਬੰਨੇ ਇਸ ਜਥੇਬੰਦੀ ਦਾ ਸਬੰਧ ਹਿੰਦੁਸਤਾਨੀ ਰਿਆਸਤਾਂ ਦੇ ਵਾਲੀਆਂ ਨਾਲ ਕਾਇਮ ਹੋ ਚੁਕਾ ਸੀ। ਕਸ਼ਮੀਰ ਵਿਚ ਇਕ ਨਰੋਲ ਕੂਕਾ ਪਲਟਣ ਖੜੀ ਹੋ ਚੁਕੀ ਸੀ, ਅਤੇ ਨੇਪਾਲ ਦਾ ਮਹਾਰਾਣਾ ਕੂਕਾ ਰਜਮੈਂਟ ਬੰਨ੍ਹਣ ਦਾ ਇਰਾਦਾ ਰੱਖਦਾ ਸੀ।

ਉਨ੍ਹਾਂ ਦੇ ਸੂਬੇ ਨੌਜਵਾਨ ਨਿਡਰ ਅਤੇ ਕੂਕਾ ਅਸੂਲਾਂ ਦੇ ਪੱਕੇ ਧਾਰਨੀ ਸਨ। ਸਤਿਗੁਰੂ ਰਾਮ ਸਿੰਘ ਜੀ ਕੋਈ ਸਧਾਰਣ ਫਕੀਰਾਂ ਵਾਂਗ ਨਹੀਂ ਸਨ, ਸਗੋਂ ਉਨ੍ਹਾਂ ਦਾ ਠਾਠ ਸ਼ਾਹਾਨਾ ਸੀ, ਅਤੇ ਉਹ ਅੰਗ੍ਰੇਜ਼ ਅਫਸਰਾਂ ਨਾਲ ਮੁਲਾਕਾਤ ਕਰਨ ਵੇਲੇ ਇਉਂ ਜਾਪਦੇ ਸਨ, ਜਿਸ ਤਰ੍ਹਾਂ ਇਕ ਬਾਦਸ਼ਾਹ ਆਪਣੇ ਦਰਬਾਰੀਆਂ ਸਮੇਤ ਉਨ੍ਹਾਂ ਦੇ ਕੈਂਪ ਵਿਚ ਮਿਲਣ ਵਾਸਤੇ ਜਾਂਦਾ ਹੈ। ਉਨ੍ਹਾਂ ਦਾ ਜੀਵਨ ਉਦੇਸ਼ ਪੰਜਾਬ ਨੂੰ ਅੰਗ੍ਰੇਜ਼ ਦੀ ਅਧੀਨਤਾ ਤੋਂ ਸੁਤੰਤ੍ਰ ਕਰਨਾ ਸੀ, ਇਸ ਲਈ ਕੂਕਾ ਪੰਥ ਬ੍ਰਤਾਨਵੀ ਰਾਜ ਦਾ ਦੁਸ਼ਮਨ ਸੀ। ਮੈਕਨਬ ਦੀ ਰਾਏ ਵਿਚ ਅੰਮ੍ਰਿਤਸਰ ਅਤੇ ਰਾਏਕੋਟ ਆਦਿਕ ਘਟਨਾਵਾਂ ਨ ਕੇਵਲ ਉਨ੍ਹਾਂ ਦੇ ਇਲਮ ਵਿਚ ਸਗੋਂ ਉਨ੍ਹਾਂ ਦੀ ਕਿਸੇ ਗੁਪਤ ਸਕੀਮ ਦੇ ਮੁਤਾਬਕ ਹੋਈਆਂ ਸਨ। ਉਹ ਸਤਿਗੁਰੂ ਜੀ ਨੂੰ ਚਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਮੰਨਦਾ ਅਤੇ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ, ਕਿ ਜਿਸਨੇ ਵੀ ਇਕ ਵਾਰ ਉਨ੍ਹਾਂ ਨਾਲ ਗੱਲਬਾਤ ਕੀਤੀ, ਉਹ ਉਨ੍ਹਾਂ ਦੀ ਅਕਲ, ਉੱਚ ਆਚਰਣ, ਦ੍ਰਿੜ੍ਹਤਾ ਅਤੇ ਆਪਣੇ ਆਪ ਉਤੇ ਕਾਬੂ ਪਾਣ ਦੇ ਗੁਣਾਂ

ਦਾ ਕਾਇਲ ਹੋ ਗਿਆ। ਮੈਕਨਬ ਕਹਿੰਦਾ ਹੈ, ਕਿ ਉਤਲੀਆਂ ਖ਼ੂਬੀਆਂ ਕਿਸੇ ਨਿਰੋਲ ਧਾਰਮਿਕ ਅਤੇ ਸਧਾਰਣ ਨੇਤਾ ਵਿਚ ਨਹੀਂ ਹੋ ਸਕਦੀਆਂ, ਇਸ ਸ਼ਕਲ ਵਿਚ ਇਹ ਅੰਗ੍ਰੇਜ਼ ਅਫਸਰ ਉਨ੍ਹਾਂ ਨੂੰ ਗੈਰਮਾਮੂਲੀ (ਅਸਾਧਾਰਣ) ਸ਼ਕਤੀ ਅਤੇ ਗੁਣਾਂ ਦੇ ਮਾਲਿਕ ਮੰਨਦਾ ਹੋਇਆ ਇਹ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਤੋਂ ਅੰਗ੍ਰੇਜ਼ੀ ਰਾਜ ਨੂੰ ਬਹੁਤ ਭਾਰੀ ਖ਼ਤ੍ਰਾ ਹੈ। ਉਸਦੀ ਕੂਕਾ ਲਹਿਰ ਬ੍ਰਤਾਨਵੀ ਤਾਕਤ ਦੀਆਂ ਜੜਾਂ ਪੁੱਟਣ ਦੀ ਸ਼ਕਤੀ ਰਖਦੀ ਹੈ। ਇਸ ਲਈ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੀ ਕੂਕਾ ਲਹਿਰ ਤੋਂ ਅਪਣੇ ਰਾਜ ਨੂੰ ਸੁਰੱਖਿਅਤ ਰੱਖਣ ਲਈ ਤਜਵੀਜ਼ ਪੇਸ਼ ਕਰਦਾ ਹੈ, ਕਿ ਉਨ੍ਹਾਂ ਤੇ ਅਦਾਲਤ ਵਿਚ ਮੁਕੱਦਮਾ ਚਲਾ ਕੇ ਉਮਰ ਭਰ ਲਈ ਕਾਲੇ ਪਾਣੀ ਭੇਜ ਦਿਤਾ ਜਾਵੇ। ਸੂਬਿਆਂ ਨੂੰ ਘਰਾਂ ਵਿਚ ਨਜ਼ਰਬੰਦ ਕਰਕੇ ਕੂਕਾ ਦਿਵਾਨ ਬੰਦ ਕਰ ਦਿਤੇ ਜਾਣ। ਜੇ ਸਤਿਗੁਰੂ ਜੀ ਤੇ ਮੁਕੱਦਮਾ ਨਾ ਚਲਾਇਆ ਜਾ ਸਕੇ ਤਾਂ ਉਨ੍ਹਾਂ ਨੂੰ ੧੮੧੮ ਈ: ਦੇ ਐਕਟ ੩ ਅਨੁਸਾਰ ਨਜ਼ਰਬੰਦ ਕਰ ਦਿਤਾ ਜਾਵੇ। ਮੈਕਨਬ ਦੀ ਰਾਏ ਵਿਚ ਏਸ ਤ੍ਰਾਂ ਕਰਨ ਨਾਲ ਅੰਗ੍ਰੇਜ਼ੀ ਰਾਜ ਬਚ ਸਕਦਾ ਹੈ, ਵਰਨਾ ਨਹੀਂ।

*

# ਮਲੇਰਕੋਟਲੇ ਦਾ ਸ਼ਹੀਦੀ ਕਾਂਡ

ਮਲੇਰਕੋਟਲੇ ਦਾ ਸਾਕਾ ਕੂਕਾ ਇਤਿਹਾਸ ਦਾ ਉਹ ਪੱਤ੍ਰਾ ਹੈ, ਜੋ ਦੇਸ਼ ਦੀ ਸੁਤੰਤ੍ਰਤਾ ਅਤੇ ਗਊ ਗਰੀਬ ਦੀ ਰੱਖਯਾ ਦੇ ਉਦੇਸ਼ ਨੂੰ ਮੁਖ ਰਖ ਕੇ ਸ਼ਹੀਦ ਹੋਣ ਵਾਲੇ ਕੂਕੇ ਸ਼ਹੀਦਾਂ ਦੇ ਲਹੂ ਨਾਲ ਲਿਖਿਆ ਗਿਆ ਹੈ। ਇਹ ਸਾਕਾ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਜਾਨ ਬਾਜ਼ ਸਿੱਖਾਂ ਦੀਆਂ ਮਹਾਨ ਮੁਸੀਬਤਾਂ ਤੇ ਔਕੜਾਂ ਦਾ ਮੁੱਢ ਹੈ! ਅਸਲ ਵਿਚ ਇਹ ਸਾਕਾ ਕੂਕਾ ਇਤਿਹਾਸ ਦੀ ਰੀੜ੍ਹ ਦੀ ਹੱਡੀ ਹੈ ਅਜੇਹੇ ਸਾਕੇ ਹੀ (ਜੇ ਉਨ੍ਹਾਂ ਵਿਚ ਸਫਲਤਾ ਹੋ ਜਾਵੇ) ਕੌਮਾਂ ਦੀਆਂ ਤਕਦੀਰਾਂ ਪਲਟਣ ਦਾ ਕਾਰਨ ਹੋਇਆ ਕਰਦੇ ਹਨ। ਏਸ ਸਚਾਈ ਤੋਂ ਕੋਈ ਨਿਰਪੱਖ ਸੱਜਨ ਨਾਂਹ ਨਹੀਂ ਕਰ ਸਕਦਾ ਕਿ ਦੇਸ਼ ਅਤੇ ਕੌਮ ਦੀ ਸੁਤੰਤ੍ਰਤਾ ਬਦਲੇ ਖੇਲੇ ਗਏ ਇਸ ਖੂਨੀ ਡਰਾਮੇ ਵਿਚ ਜੇ ਸਿਖਾਂ ਦਾ ਅਮੀਰ ਤਬਕਾ (ਅਰ ਉਸਦੇ ਨਾਲ ਹੀ ਗੁਰਦੁਆਰਿਆਂ ਦਾ ਪੁਜਾਰੀ ਅਤੇ ਡੇਰਿਆਂ ਦਾ ਮਹੰਤ ਸਮਾਜ) ਅੰਗ੍ਰੇਜ਼ ਦੇ ਪੱਖ ਵਿਚ ਕੂਕਿਆਂ ਦੇ ਵਿਰੁਧ ਨਾਚ ਨਾ ਨੱਚਦਾ ਤਾਂ ਅੱਵਲ ਤਾਂ ਸਾਰੇ ਹਿੰਦੁਸਤਾਨ ਨਹੀਂ ਤਾਂ ਘਟ ਤੋਂ ਘਟ ਪੰਜਾਬ ਦਾ ਮਾਨ ਚਿਤ੍ਰ (ਨਕਸ਼ਾ) ਤਾਂ ਗੁਲਾਮੀ ਦੇ ਲਾਲ ਰੰਗ ਦੀ ਉਲੀਕ ਤੋਂ ਜਰੂਰ ਰਹਿਤ ਹੁੰਦਾ. ਅਤੇ ਅਜ ਤੋਂ ਲਗ ਭਗ ਅੱਧੀ ਸਦੀ ਪਹਿਲੋਂ ਹੀ ਲਾਹੌਰ ਦੇ ਸ਼ਾਹੀ ਕਿਲੇ ਤੇ ਆਜ਼ਾਦੀ ਦਾ ਝੰਡਾ ਝੁਲਾਇਆ ਜਾਂਦਾ।

ਮਲੇਰਕੋਟਲੇ ਦੀ ਹਿਰਦਾ ਵੇਧਕ ਫ਼ਿਲਮ ਅੰਦਰ ਅੱਗ ਨਾਲ ਹੋਲੀ ਖੇਡਣ ਵਾਲੇ ਕੂਕੇ ਬੀਰਾਂ ਦੇ ਸ਼ਹੀਦੀ ਚਿੱਤ੍ਰ ਤਕ ਕੇ ਪਤਾ ਲਗ ਸਕਦਾ ਹੈ, ਕਿ ਜਿਮ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਪੰਥ ਦੇ ਪ੍ਰਾਣ ਰਹਿਤ ਸਰੀਰ ਅੰਦਰ ਨਵਜੀਵਨ ਦਾ ਸੰਚਾਰ ਕੀਤਾ ਸੀ, ਉਸ ਨੇ ਦੇਸ਼ ਨੂੰ ਵਿਦੇਸੀ ਰਾਜ ਦੀ ਅਧੀਨਤਾ ਦੇ ਵਿਰੁੱਧ ਸੁਤੰਤ੍ਰਤਾ ਦੀ ਲੜਾਈ ਲੜਨ ਵਾਲੇ ਕਿਸ ਤਰ੍ਹਾਂ ਦੇ ਸਿਰ ਲੱਥ ਯੋਧੇ ਪੈਦਾ ਕੀਤੇ ਸਨ?

## ਘਟਨਾ ਦਾ ਮੁੱਢ

... ... ... ... ਇਸ ਦਿਲ ਦੁਖਾਊ ਸਾਕੇ ਦਾ ਵਰਣਨ ਕਰਨ ਤੋਂ ਪਹਿਲਾਂ



Sri Satguru Jagjit Singh Ji Elibrary NamdhariElibrary@gmail.com

ਉਸਦੇ ਕਾਰਨਾਂ ਵਲ ਧਿਆਨ ਦੇਣਾਂ ਲੁੜੀਂਦੀ ਗਲ ਜਾਪਦੀ ਹੈ। ਸੋ ਭਾਵੇਂ ਹੋਰ ਕੋਈ ਕਾਰਨ ਵੀ ਹੋਵੇ, ਪ੍ਰੰਤੂ ਪ੍ਰਗਟ ਰੂਪ ਵਿਚ ਇਹ ੬ ਕਾਰਨ ਭਾਸਦੇ ਹਨ:-

(੧) ਅੰਮ੍ਰਿਤਸਰ ਅਤੇ ਰਾਏਕੋਟ ਦੇ ਸਾਕਿਆਂ ਬਾਬਤ ਕੂਕਿਆਂ ਨੂੰ ਮੌਤ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ।

(੨) ਮੁਰੰਡਾ ਗਊ ਵਧ ਰੋਕਣ ਦੇ ਦੋਸ਼ ਵਿਚ ਨਾਮਧਾਰੀਆਂ ਦੀਆਂ ਸਖ਼ਤ ਸਜ਼ਾਵਾਂ।

(੩) ਨਿਰਦੋਸ਼ ਸੂਬਾ ਗਿਆਨੀ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਨਾਈਵਾਲ ਦਾ ੨੬-੧੧-੧੮੭੧ ਨੂੰ ਲੁਧਿਆਣਾ ਜੇਲ ਵਿਚ ਫਾਂਸੀ ਦਿੱਤਾ ਜਾਣਾ।

(੪) ਮਲੇਰਕੋਟਲੇ ਦੇ ਜੰਗਲ ਵਿਚ ਚਰਨ ਵਾਲੀਆਂ ਰਾਮ ਗਊਆਂ ਦੀ ਹੱਤਿਆ,

(੫) ਮਲੇਰਕੋਟਲੇ ਦੇ ਹਿੰਦੂਆਂ ਵਲੋਂ ਗਊਆਂ ਦੀ ਰੱਖਿਆ ਕਰਨ ਵਾਸਤੇ ਸਰਦਾਰ ਹੀਰਾ ਸਿੰਘ ਜੀ ਸਕ੍ਰੌਦੀ ਪਾਸ ਹਿਰਦਾ ਵਿੰਨ੍ਹ ਪੁਕਾਰ।

(੬) ਰਿਆਸਤ ਮਲੇਰਕੋਟਲਾ ਦੇ ਪਿੰਡ ਫਰਵਾਹੀ ਦੇ ਨੰਬਰਦਾਰ ਸੰਤ ਗੁਰਮੁਖ ਸਿੰਘ ਦੇ ਸਾਹਮਣੇ ਕੋਟਲੇ ਦੀ ਕੁਤਵਾਲੀ ਵਿਚ ਇਕ ਬਲਦ ਦਾ ਕਤਲ ਕੀਤਾ ਜਾਣਾ, ਅਤੇ ਗੁਰਮੁਖ ਸਿੰਘ ਦਾ ਅਨਾਦਰ।

ਉਤੇ ਲਿਖਿਆਂ ਕਾਰਨਾਂ ਵਿਚੋਂ ਕੇਵਲ ਛੇਵਾਂ ਹੀ ਵਿਆਖਯਾ ਦਾ ਮੁਥਾਜ ਹੈ, ਜਿਸ ਨੇ ਪਹਿਲੇ ਪੰਜਾਂ ਕਾਰਨਾਂ ਦੀਆਂ ਦੱਬੀਆਂ ਹੋਈਆਂ ਚੰਗਿਆੜੀਆਂ ਨੂੰ ਫੂਕ ਮਾਰ ਕੇ ਪ੍ਰਚੰਡ ਕੀਤਾ। ਵਿੱਥਿਆ ਇਉਂ ਹੈ, ਕਿ ਫਰਵਾਹੀ ਪਿੰਡ ਰਿਆਸਤ ਮਲੇਰਕੋਟਲੇ ਦਾ ਇਕ ਗੁਰਮੁਖ ਸਿੰਘ ਨੰਬਰਦਾਰ (ਜੋ ਕੂਕਾ ਸੀ) ਮਾਮਲਾ ਤਾਰਨ ਲਈ ਕੋਟਲੇ ਨੂੰ ਜਾ ਰਿਹਾ ਸੀ। ਮਲੇਰਕੋਟਲੇ ਦੇ ਬਜ਼ਾਰ ਵਿਚ ਦੀ ਲੰਘਦਿਆਂ ਹੋਇਆਂ ਉਸ ਨੇ ਇਕ ਕਰੂੰਜੜੇ ਨੂੰ ਦੇਖਿਆ ਜੋ ਇਕ ਬਲਦ ਉਤੇ ਮੂਲੀਆਂ ਲੱਦ ਕੇ ਆਪ ਵੀ ਉਸ ਤੇ ਚੜ੍ਹਿਆ ਜਾ ਰਿਹਾ ਸੀ, ਗੁਰਮੁਖ ਸਿੰਘ ਨੇ ਪਿਆਰ ਨਾਲ ਉਸ ਕਰੂੰਜੜੇ ਨੂੰ ਬਲਦ ਉਤੇ ਤਰਸ ਕਰਨ ਬਾਬਤ ਬੇਨਤੀ ਕੀਤੀ, ਪ੍ਰੰਤੂ ਉਸ ਨੇ ਸਿੰਘ ਨੂੰ ਉਲਟਾ ਗਾਲਾਂ ਕਢਣੀਆਂ ਸ਼ੁਰੂ ਕਰ ਦਿਤੀਆਂ, ਰੌਲਾ ਸੁਣ ਕੇ ਕਰੂੰਜੜੇ

ਦੇ ਕੁਛ ਹੋਰ ਹਮੈਤੀ ਇਕੱਠੇ ਹੋ ਗਏ, ਜਿਨਾਂ ਨੇ ਨੰਬਰਦਾਰ ਨੂੰ ਧੌਲ ਧੱਫਾ ਵੀ ਕੀਤਾ, ਤੇ ਉਸ ਨੂੰ ਫੜ ਕੇ ਕੁਤਵਾਲੀ ਲੈ ਗਏ। ਕੁਤਵਾਲ ਨੇ ਇਹ ਨਿਆਂ ਕੀਤਾ, ਕਿ ਉਹ ਬੈਲ ਉਸ ਸਿਖ ਦੇ ਸਾਹਮਣੇ ਮਰਵਾ ਕੇ ਉਸਦਾ ਦਿਲ ਦੁਖੀ ਕੀਤਾ। ਗੁਰਮੁਖ ਸਿੰਘ ਨੂੰ ਕੁਛ ਮਾਰ ਕੁਟਾਈ ਕਰਕੇ ਧੱਕੇ ਮਾਰ ਕੁਤਵਾਲੀਓਂ ਬਾਹਰ ਕਢ ਦਿਤਾ ਗਿਆ। ਉਹ ਵਿਚਾਰਾ ਗੁੱਸੇ ਭਰੇ ਦਿਲ ਨਾਲ ਭਰਿਆ ਪੀਤਾ ਮਾਮਲਾ ਤਾਰਨ ਤੋਂ ਬਿਨਾਂ ਹੀ ਸਿੱਧਾ ਭੈਣੀ ਸਾਹਿਬ ਪੁਜਾ।

## ਮਾਤਾ ਜੱਸਾਂ ਜੀ ਦਾ ਮੇਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨਵੰਬਰ ੧੮੭੧ ਵਿਚ ਚੜ੍ਹਾਈ ਕਰ ਚੁਕੇ ਸਨ। ਉਨ੍ਹਾਂ ਦੇ ਨਿਮਿਤ ੧੦੧ ਪਾਠਾਂ ਦੇ ਭੋਗ ਪਾਣ ਦੇ ਉਦੇਸ਼ ਨਾਲ ਸ੍ਰੀ ਭੈਣੀ ਸਾਹਿਬ ਵਿਖੇ ੨੯ ਪੋਹ—੧ ਮਾਘ ਸੰਮਤ ੧੯੨੮ ਮੁਤਾਬਕ ੧੧-੧੨ ਜਨਵਰੀ ੧੮੭੨ ਈ: ਨੂੰ ਮੇਲਾ ਮਿਥਿਆ ਹੋਇਆ ਸੀ। ਮੁਰੰਡੇ, ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਘਟਨਾਵਾਂ ਦੇ ਅਪ੍ਰਾਧ ਵਿਚ ਸਿੰਘਾਂ ਦੀਆਂ ਸ਼ਹੀਦੀਆਂ ਦੇ ਕਾਰਨ ਸੰਗਤਾਂ ਵਿਚ ਕਾਫ਼ੀ ਜੋਸ਼ ਸੀ। ਖਾਸ ਕਰਕੇ ਸੂਬਾ ਗਿਆਨੀ ਸਿੰਘ ਅਤੇ ਰਤਨ ਸਿੰਘ ਨਾਈਵਾਲੇ ਦੇ ਬਿਨਾਂ ਦੋਸ਼ ਫਾਂਸੀ ਦਿਤੇ ਜਾਣ ਬਾਬਤ ਤਾਂ ਬੜਾ ਭਾਰੀ ਖੇਦ ਪ੍ਰਗਟ ਕੀਤਾ ਜਾ ਰਿਹਾ ਸੀ। ੧੧ ਜਨਵਰੀ ਨੂੰ ਲੋਹੜੀ, ਤੇ ੧੨ ਨੂੰ ਮਾਘੀ ਸੀ। ਮਾਘੀ ਵਾਲੇ ਦਿਨ ਮੇਲੇ ਦਾ ਭੋਗ ਪੈਣ ਪਿਛੋਂ ਸੰਗਤਾਂ ਅਪਣੇ ਅਪਣੇ ਨਗਰਾਂ ਤੇ ਸ਼ਹਿਰਾਂ ਨੂੰ ਤੁਰੀਆਂ ਜਾ ਰਹੀਆਂ ਸਨ।

## ਅਕਾਲ ਬੁੰਗੇ ਸਿੰਘਾਂ ਦਾ ਕੱਠ

ਸ੍ਰੀ ਅਕਾਲ ਬੁੰਗਾ ਭੈਣੀ ਸਾਹਿਬ ਦੇ ਡੇਰੇ ਤੋਂ ਬਾਹਰ ਦੱਖਣ ਵੱਲ ਨੂੰ ਲਗ ਭਗ ੧੦੦ ਕਰਮਾਂ ਦੇ ਫਾਸਲੇ ਤੇ ਇਕ ਸਥਾਨ ਹੈ, ਜਿਥੇ ਸਤਿਗੁਰੂ ਰਾਮ ਸਿੰਘ ਜੀ ਇਕਾਂਤ ਵਿਚ ਭਜਨ ਕੀਤਾ ਕਰਦੇ ਸਨ। ਏਥੇ ਸ੍ਰਦਾਰ ਹੀਰਾ ਸਿੰਘ ਅਤੇ ਸ੍ਰ: ਲਹਿਣਾ ਸਿੰਘ ਸਕਰੌਦੀ ਰਿਆਸਤ-ਪਟਿਆਲਾ ਵਾਲਿਆਂ ਦੀ ਅਗਵਾਈ ਵਿਚ ਕੁਛ ਸਿੰਘ ਮਲੇਰਕੋਟਲੇ ਵਿਖੇ ਹੋ ਰਹੇ ਗਊ ਘਾਤ ਅਤੇ ਸਰਕਾਰ ਵੱਲੋਂ ਕੂਕਾ ਆਗੂਆਂ-ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਜੀ ਦੇ ਬਿਨਾਂ ਕਸੂਰੋਂ ਫਾਹੇ ਦਿਤੇ ਜਾਣ ਬਾਬਤ ਵਿਚਾਰ ਕਰ ਰਹੇ ਸਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਗਊਆਂ ਨੂੰ ਬਚਾਣ ਅਤੇ ਗੁਰਮੁਖ ਸਿੰਘ ਦੀ ਹੱਤ

Sri Satguru Jagjit Singh Ji Elibrary NamdhariElibrary@gmail.com

ਰਸੀ ਕਰਨ ਵਾਸਤੇ ਮਲੇਰਕੋਟਲੇ ਤੇ ਧਾਈ ਕੀਤੀ ਜਾਵੇ, ਅਰ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਮਲੌਂਦ ਦੇ ਸਰਦਾਰ ਕੋਲੋਂ ਹਥਿਆਰ ਪ੍ਰਾਪਤ ਕੀਤੇ ਜਾਣ। ਹੰਡਿਆਇਆ ਤੇ ਦਿੱੜ੍ਹ ਪੁਰਾ ਰਿਆਸਤ ਮਾਲੇਰ ਕੋਟਲਾ ਦੀਆਂ ਮਾਈਆਂ ਇੰਦ ਕੌਰ ਤੇ ਖੇਮ ਕੌਰ ਅਪਣੇ ਹੱਥਾਂ ਵਿਚ ਸ਼ਹੀਦੀ ਝੰਡੇ ਲੈ ਕੇ ਲਲਕਾਰ—ਰਹੀਆਂ ਸਨ, ਕਿ—"ਜਿਨ੍ਹਾਂ ਸਿੰਘਾਂ ਧਰਮ ਵਾਸਤੇ ਸੀਸ ਵਾਰਨੇ ਨੇ ਕਮਰਕੱਸੇ ਕਰ ਲੈਣ"। ਰੀਠਿਆਂ ਦੀਆਂ ਛਿੱਲਾਂ ਰਗੜ ਕੇ ਸਰਦਾਈ ਤਿਆਰ ਕੀਤੀ ਗਈ। ਜੇਹੜਾ ਸਿੰਘ ਸ਼ਹੀਦੀ ਦਲ ਵਾਸਤੇ ਅਪਣਾ ਨਾਉਂ ਪੇਸ਼ ਕਰਦਾ ਉਸਨੂੰ ਰੀਠਿਆਂ ਦਾ ਬਾਟਾ ਛਕਾ ਕੇ ਇਕ ਬੰਨੇ ਬਿਠਾ ਦਿਤਾ ਜਾਂਦਾ।

## ਥਾਣੇਦਾਰ ਵਲੋਂ ਬੇਨਤੀ

੧੩ ਜਨਵਰੀ (੨ ਮਾਘ) ਨੂੰ ਸਵੇਰੇ ਹੀ ਡਿਪਟੀ ਇਨਸਪੈਕਟਰ ਪੋਲੀਸ ਸਰਫ਼ਰਾਜ਼ ਖ਼ਾਨ ਭੈਣੀ ਸਾਹਿਬ ਪੁਜ ਚੁਕਾ ਸੀ। ਉਸ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਉਨ੍ਹਾਂ ਸਿਖਾਂ ਨੂੰ ਘਰੋ ਘਰੀ ਜਾਣ ਦੀ ਹਦੈਤ ਕਰਨ ਲਈ ਬੇਨਤੀ ਕੀਤੀ। ਸਤਿਗੁਰਾਂ ਨੇ ਇਸ ਕੰਮ ਲਈ ਸੂਬਾ ਸਾਹਿਬ ਸਿੰਘ ਜੀ ਨੂੰ ਅਕਾਲ ਬੁੰਗੇ ਭੇਜਿਆ, ਪਰ ਮਸਤਾਨੇ ਆਖੇ ਨਾ ਲੱਗੇ। ਉਪ੍ਰੰਤ ਸੱਚੇ ਪਾਤਸ਼ਾਹ ਨੇ ਆਪ ਜਾਕੇ ਪ੍ਰੇਰਨਾ ਕੀਤੀ, ਕਿ ਸਭ ਨੂੰ ਆਪੋ ਆਪਣੇ ਘਰੀਂ ਟੁਰ ਜਾਣਾ ਚਾਹੀਦਾ ਹੈ। ਪਰ ਸੂ: ਹੀਰਾ ਸਿੰਘ ਨੇ ਅਰਜ ਕੀਤੀ ਕਿ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦਰਸ਼ਨ ਦੇ ਕੇ ਆਗਯਾ ਕੀਤੀ ਹੈ, ਕਿ ਮਲੇਰਕੋਟਲੇ ਜਾਕੇ ਗਊਆਂ ਵਾਸਤੇ ਅਪਣੇ ਸੀਸ ਬਲੀਦਾਨ ਕਰੋ। ਸਤਿਗੁਰੂ ਜੀ ਨੇ ਕਿਹਾ, ਕਿ ਜੇ ਇਕ ਵਰ੍ਹਾ ਹੋਰ ਸ਼ਾਂਤੀ ਕਰਦੇ ਤਾਂ ਜੇਹੜਾ ਕੰਮ ਉਹ ਤਲਵਾਰ ਨਾਲ ਕਰਨਾ ਚਾਹੁੰਦੇ ਹਨ, ਘਰ ਬੈਠਿਆਂ ਮਾਲਾ ਨਾਲ ਹੀ ਹੋ ਜਾਣਾ ਸੀ। ਪਨੀਰੀ ਵੀ ਅਜੇ ਛੋਟੀ ਹੈ, ਪਰ—"ਗੁਰੂ ਤੇਗ ਬਹਾਦਰ ਜੀ ਦੇ ਹੁਕਮ ਨੂੰ ਮੈਂ ਵੀ ਨਹੀਂ ਮੋੜ ਸਕਦਾ।"

ਹੁਣ ਸੂ: ਹੀਰਾ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ — ਗਰੀਬ-ਨਿਵਾਜ! ਪਤਾ ਨਹੀਂ ਸਾਡੇ ਵਿਚੋਂ ਮੁੜ ਕਿਸੇ ਨੇ ਭੈਣੀ ਸਾਹਿਬ ਦੇ ਦਰਸ਼ਨ ਕਰਨੇ ਹਨ ਕਿ ਨਹੀਂ ਇਸ ਕਰਕੇ ਅੱਜ ਆਪ ਜੀ ਦੇ ਪਾਵਨ ਹਸਤ ਕਮਲਾਂ ਤੋਂ ਲੰਗਰ ਛਕਣ ਨੂੰ ਚਿਤ ਲੋਚਦਾ ਹੈ। ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਜੀ ਨੂੰ ਲੰਗਰ ਤਿਆਰ ਕਰਵਾਣ ਦਾ ਹੁਕਮ ਕੀਤਾ। ਲੰਗਰ ਤਿਆਰ ਕੀਤਾ ਗਿਆ, ਤੇ ਸੱਚੇ ਪਾਤਸ਼ਾਹ ਜੀ ਨੇ ਅਪਣੇ ਪਵਿਤ੍ਰ

Sri Satguru Jagjit Singh Ji Elibrary NamdhariElibrary@gmail.com

ਹੱਥਾਂ ਨਾਲ ਆਪਣੇ ਲਾਡਲੇ ਮਸਤਾਨਿਆਂ ਨੂੰ ਪ੍ਰਸ਼ਾਦ ਛਕਾਇਆ। ਇਸ ਵੇਲੇ ਸਤਿਗੁਰੂ ਜੀ ਵਾਤਸੱਲਜ ਪ੍ਰੇਮ ਦੀ ਮੂਰਤੀ ਬਣੇ ਹੋਏ ਸਨ। ਮਸਤਾਨੇ ਪ੍ਰਸ਼ਾਦ ਛਕਣ ਉਪ੍ਰੰਤ ਅਕਾਲ ਬੁੰਗੇ ਪਹੁੰਚ ਗਏ। ਇਸ ਵੇਲੇ ਤਕ ਉਨ੍ਹਾਂ ਦੀ ਗਿਣਤੀ ਢਾਈ ਸੌ ਤਕ ਪੁਜ ਚੁਕੀ ਸੀ।

## ਸੂ: ਹੀਰਾ ਸਿੰਘ ਨੇ ਕ੍ਰਿਪਾਨ ਨਾਲ ਲਕੀਰ ਖਿਚ ਕੇ ਕਿਹਾ ਜਿਸਨੇ ਸੀਸ ਦੇਣਾ ਹੈ ਉਹ ਲੀਕ ਤੋਂ ਪਾਰ ਹੋ ਜਾਏ

ਸੂ: ਹੀਰਾ ਸਿੰਘ ਜੀ ਨੇ ਅਕਾਲ ਬੁੰਗੇ ਦੇ ਦਰਵੱਜੇ ਤੋਂ ਬਾਹਰ ਨਿਕਲਕੇ ਕ੍ਰਿਪਾਨ ਨਾਲ ਧਰਤੀ ਤੇ ਲਕੀਰ ਖਿੱਚੀ ਅਤੇ ਗਰਜਵੀਂ ਅਵਾਜ ਨਾਲ ਕਿਹਾ ਕਿ "ਜਿਸਨੇ ਸੀਸ ਦੇਣਾ ਹੈ, ਉਹ ਲੀਕ ਤੋਂ ਪਾਰ ਹੋ ਜਾਏ।" ਓਧਰ ਕੁਛ ਸਿੰਘਾਂ ਨੇ ਕੋਠੇ ਚੜ੍ਹਕੇ ਅਵਾਜ ਦਿਤੀ ਕਿ "ਧਰਮ ਜਹਾਜ਼-ਤਿਆਰ ਹੈ ਆਓ, ਜੋ ਜਿਸੇ ਨੇ ਚੜ੍ਹਨਾ ਹੈ ਤਾਂ ਚੜ੍ਹ ਜਾਓ।" ੨੫੦ ਵਿਚੋਂ ੧੪੦ ਸਿੰਘਾਂ ਲੀਕ ਟੱਪੀ। ਏਨ੍ਹਾਂ ਵਿਚ ਦੋ ਸਿੰਘ ਉਤਮ ਸਿੰਘ ਤੇ ਚੜ੍ਹਤ ਸਿੰਘ ਰੁੜਕਾ ਜ਼ਿਲਾ ਲੁਧਿਆਨਾ ਦੇ ਸਨ ਜੋ ਧਰਮ ਜਹਾਜ਼ ਦੀ ਤਿਆਰੀ ਦਾ ਬੋਲਾ ਸੁਣਕੇ ਲੰਗਰ ਵਿਚੋਂ ਆਟਾ ਗੁੰਨ੍ਹਦੇ ਗੁੰਨ੍ਹਦੇ ਦੌੜ ਆਏ ਸਨ।

## ਧਰਮ ਯੁੱਧ ਲਈ ਅਰਦਾਸਾ

ਹੁਣ ਸੂ: ਹੀਰਾ ਸਿੰਘ ਜੀ ਨੇ ਧਰਮ ਯੁੱਧ ਲਈ ਕਮਰਕੱਸੇ ਲੈਂਣ ਦਾ ਅਰਦਾਸਾ ਕੀਤਾ, ਅਤੇ ਵਿਦਾ ਹੋਣ ਲੱਗਿਆਂ ਸਤਿਗੁਰੂ ਜੀ ਤੋਂ ਪੁੱਛਿਆ 'ਪਾਤਸ਼ਾਹ! ਪਹਿਲਾ ਪੜਾਅ ਕਿਥੇ ਕੀਤਾ ਜਾਵੇ?' ਸਤਿਗੁਰੂ ਜੀ ਨੇ ਕਿਹਾ ਕਿ-'ਰੱਬ ਹੀ ਰੱਬ।' ਇਸਦਾ ਅਰਥ ਮਸਤਾਨਿਆਂ ਨੇ ਰੱਬੋਂ.. ..ਪਿੰਡ ਸਮਝਿਆ।

੨ ਮਾਘ (੧੩ ਜਨਵਰੀ ੧੮੭੨) ਨੂੰ ਦਿਨ ਦੇ ੨ ਬਜੇ ਮਸਤਾਨਿਆਂ ਨੇ ਮਲੇਰਕੋਟਲੇ ਨੂੰ ਚਾਲੇ ਪਾਏ। ਉਹ ਰਾਤ ਦੇ ੧੦ ਬਜੇ ਰੱਬੋਂ ਪਹੁੰਚੇ। ਏਥੇ ਪਿੰਡੋਂ ਬਾਹਰਵਾਰ ਇਕ ਖੂਹ ਤੇ ਡੇਰਾ ਲਾਇਆ। ੧੩ ਜਨਵਰੀ ਦੀ ਰਾਤ ਤੇ ੧੪ ਦੀ ਦੁਪਹਿਰ ਤਕ ਏਥੇ ਹੀ ਟਿਕੇ ਰਹੇ। ਸ੍ਰਕਾਰੀ ਬਿਆਨਾਂ ਅਨੁਸਾਰ ਇਸ ਵੇਲੇ ਤਕ ਉਨ੍ਹਾਂ ਦੀ ਗਿਣਤੀ ਵਧ ਤੋਂ ਵਧ ੧੨੫ ਸੀ।

## ਸੂਬਾ ਲੱਖਾ ਸਿੰਘ ਜੀ ਦੀ ਗ੍ਰਿਫ਼ਤਾਰੀ

ਭਾਵੇਂ ਸਿੰਘਾਂ ਦੀ ਰਵਾਨਗੀ ਦੇ ਸਮੇਂ ਡਿਪਟੀ ਇਨਸਪੈਕਟਰ ਸਰਫ਼ਰਾਜ਼ ਖਾਨ ਓਥੇ ਹੀ ਸੀ ਅਤੇ ਉਸਨੇ ਸਾਰੇ ਹਾਲ ਆਪਣੀ ਅੱਖੀਂ ਵੇਖੇ

ਸਨ ਅਤੇ ਸਤਿਗੁਰਾਂ ਨੇ ਵੀ ਉਸਨੂੰ ਕਹਿ ਦਿੱਤਾ ਸੀ ਕਿ ਮਸਤਾਨੇ ਉਨ੍ਹਾਂ ਤੋਂ ਬਾਹਰੇ ਹੋ ਗਏ ਹਨ। ਪਰ ਫੇਰ ਵੀ ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਨੂੰ ਆਗਜਾ ਕੀਤੀ, ਕਿ ਉਹ ਲੁਧਿਆਣਾ ਜਾ ਕੇ ਡਿਪਟੀ ਕਮਿਸ਼ਨਰ ਨੂੰ ਆਖ ਦੇਵੇ, ਕਿ ਮਸਤਾਨੇ ਉਨ੍ਹਾਂ ਤੋਂ ਬਿਵਸੇ ਹੋਕੇ ਮਲੇਰਕੋਟਲੇ ਵਲ ਨੂੰ ਤੁਰ ਗਏ ਹਨ। ਥਾਣੇਦਾਰ ਨੂੰ ਉਨ੍ਹਾਂ ਵਲੋਂ ਮੌਕਿਆ ਤੇ ਇਤਲਾਹ ਦਿਤੀ ਗਈ ਪਰ ਉਸ ਨੇ ਉਨ੍ਹਾਂ ਦੇ ਰੋਕਣ ਦਾ ਕੋਈ ਪ੍ਰਬੰਧ ਨਾ ਕੀਤਾ। ਇਸ ਲਈ ਹੁਣ ਫੇਰ ਇਤਲਾਹ ਦਿਤੀ ਜਾਂਦੀ ਹੈ, ਕਿ ਸੁਕਾਰ ਉਨ੍ਹਾਂ ਨੂੰ ਚਾਹੁੰਦੀ ਹੈ ਤਾਂ ਰੋਕ ਲਵੇ। ਬਾਬਾ ਲੱਖਾ ਸਿੰਘ ਜੀ ਨੇ ਆਗਜਾ ਅਨੁਸਾਰ ਲੁਧਿਆਣੇ ਪੁਜਕੇ ਡਿਪਟੀ ਕਮਿਸ਼ਨਰ ਨਾਲ ਸਾਰੀ ਗੱਲ ਕੀਤੀ, ਜਿਸਦਾ ਨਤੀਜਾ ਸਗੋਂ ਇਹ ਹੋਇਆ ਕਿ ਬਾਬਾ ਲੱਖਾ ਸਿੰਘ ਜੀ ਨੂੰ ਓਸੇ ਵੇਲੇ ਗਿਫ਼ਤਾਰ ਕਰਕੇ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ:।

ਸਰਫ਼ਰਾਜ਼ ਖਾਂ ਥਾਣੇਦਾਰ ਨੇ ੧੩ ਜਨਵਰੀ ਨੂੰ ਰਾਤ ਦੇ ੮ ਬਜੇ ਡਿਪਟੀ ਕਮਿਸ਼ਨੰਰ ਲੁਧਿਆਨਾ ਪਾਸ ਪੱਜ ਕੇ ਆਪਣੀ ਲਿਖਤੀ ਰਪੋਟ ਪੇਸ਼ ਕਰ ਦਿਤੀ ਤੇ ਜਬਾਨੀ ਵੀ ਸਾਰੇ ਹਾਲ ਦੱਸੇ। ਡਿਪਟੀ ਕਮਿਸ਼ਨਰ ਨੇ ਮਸਤਾਨਿਆਂ ਨੂੰ ਰੋਕਣ ਦਾ ਪ੍ਰਬੰਧ ਕਰਨ ਦੀ ਥਾਂ ਨਾਭਾ, ਪਟਿਆਲਾ ਜੀਂਦ ਤੇ ਮਲੇਰਕੋਟਲੇ ਦੇ ਵਕੀਲਾਂ ਨੂੰ ਬੁਲਾਕੇ (ਜੋ ਲੁਧਿਆਨਾ ਵਿਚ ਹੀ ਸਨ) ਰਿਆਸਤਾਂ ਨੂੰ ਖਬਰ ਕਰ ਦਿਤੀ ਕਿ ਉਹ ਤਕੜੇ ਹੋ ਜਾਣ ਕਿਉਂਕਿ ਕੂਕੇ ਉਨ੍ਹਾਂ ਤੇ ਹਮਲਾ ਕਰਨ ਵਾਲੇ ਹਨ।

## ਮਸਤਾਨਿਆਂ ਦੀ ਮਲੌਦ ਨੂੰ ਰਵਾਨਗੀ

ਇਕ ਵਾਰ ਮਲੌਦ ਦੇ ਸੁਦਾਰ ਬਦਨ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿਚ ਭੈਣੀ ਸਾਹਿਬ ਪੁਜ ਕੇ ਅਰਜ ਕੀਤੀ ਸੀ, ਕਿ —"ਮੈਨੂੰ ਕੋਈ ਸੇਵਾ ਦੱਸੋ" ਕੋਲ ਬੈਠੇ ਸੂ: ਹੀਰਾ ਸਿੰਘ ਨੇ ਉੱਤ੍ਰ ਦਿੱਤਾ ਸੀ, ਕਿ "ਚੰਗਾ ਜਦ ਲੋੜ ਪਈ, ਆਪਨੂੰ ਸੇਵਾ ਦੱਸੀ ਜਾਏਗੀ"। ਇਹ ਬਚਨ ਸ: ਹੀਰਾ ਸਿੰਘ ਨੂੰ ਯਾਦ ਸੀ। ਉਨ੍ਹਾਂ ਨੇ ਖ਼ਿਆਲ ਕੀਤਾ ਕਿ ਮਲੇਰਕੋਟਲੇ ਤੇ ਚੜ੍ਹਾਈ ਕਰਨ ਤੋਂ ਪਹਿਲੋਂ ਉਨ੍ਹਾਂ ਨੂੰ ਘੋੜਿਆਂ ਤੇ ਸ਼ਸਤ੍ਰਾਂ ਦੀ ਲੋੜ ਹੈ, ਜੋ ਮਲੌਦੀਏ ਸੁਦਾਰ ਕੋਲੋਂ ਪ੍ਰਾਪਤ ਕਰਨੇ ਚਾਹੀਦੇ ਹਨ। ਇਹ ਤਜਵੀਜ਼ ਸਾਰਿਆਂ ਨੇ ਪਸੰਦ ਕੀਤੀ ਅਤੇ ਦੁਪਹਿਰ ਤੋਂ ਪਿਛੋਂ ਉਹਨਾਂ ਨੇ ੧੪ ਤ੍ਰੀਕ ਵਾਲੇ ਦਿਨ ਮਲੌਦ ਵਲ ਮੂੰਹ ਕੀਤਾ। ਉਹ ਪਿਛਲੇ ਪਹਿਰ ਮਲੌਦ ਦੇ ਕਿਲੇ ਵਿਚ ਪੁਜੇ ਤੇ ਸੁਦਾਰ ਨੂੰ ਉਸਦਾ ਇਕਰਾਰ ਯਾਦ ਕਰਵਾਂਦਿਆਂ ਹੋਇਆਂ ਆਪਣਾ ਪ੍ਰਜੋਜਨ ਦੱਸਿਆ।

ਸੂਦਾਰ ਕੁਛ ਘਬਰਾ ਗਿਆ, ਅਤੇ ਘੋੜੇ ਅਰ ਸ਼ਸਤ੍ਰ ਦੇਣ ਤੋਂ ਨਾਂਹ ਕਰ ਦਿਤੀ। ਸ੍ਰ: ਹੀਰਾ ਸਿੰਘ ਹੁਰਾਂ ਨੇ ਕਿਹਾ ਕਿ 'ਭਾਵੇਂ ਹੁਣ ਤੂੰ ਮੰਨ ਤੇ ਭਾਵੇਂ ਨਾ ਮੰਨ ਅਸੀਂ ਤਾਂ ਖ਼ਾਲੀ ਨਹੀਂ ਜਾਵਾਂਗੇ।' ਉਨ੍ਹਾਂ ਨੇ ਆਪਣੀ ਮਰਜੀ ਨਾਲ ਕੁਛ ਘੋੜੇ ਤੇ ਸ਼ਸਤ੍ਰ ਪ੍ਰਾਪਤ ਕਰ ਲਏ। ਇਹ ਵੇਖ ਕੇ ਸੂਦਾਰ ਦੇ ਨੌਕਰਾਂ ਨੇ ਰੌਲਾ ਪਾ ਦਿਤਾ, ਜਿਸਨੂੰ ਸੁਣ ਕੇ ਨਗਰ ਦੇ ਬਹੁਤ ਸਾਰੇ ਲੋਕ ਸਿੰਘਾਂ ਨੂੰ ਡਾਕੂ ਸਮਝ ਕੇ ਮੁਕਾਬਲੇ ਵਾਸਤੇ ਚੜ੍ਹ ਆਏ। ਕਿਲੇ ਦੇ ਦਰਵਾਜੇ ਅੱਗੇ ਸਿੰਘਾਂ ਤੇ ਨਗਰ ਨਿਵਾਸੀਆਂ ਦਾ ਟਾਕਰਾ ਹੋ ਗਿਆ। ਸਿੰਘ ਪਿੰਡ-ਵਾਲਿਆਂ ਨੂੰ ਮਾਰਨਾ ਨਹੀਂ ਚਾਹੁੰਦੇ ਸਨ, ਪਰ ਆਪਣਾ ਬਚਾਉ ਕਰਦਿਆਂ ਹੋਇਆਂ ਉਨ੍ਹਾਂ ਦੇ ਹੱਥੋਂ ਦੋ ਮਾਰੇ ਗਏ ਤੇ ੨ ਡਾਢੇ ਫੱਟੜ ਹੋਏ। ਉਨ੍ਹਾਂ ਦੇ ਆਪਣੇ ੨ ਮਾਰੇ ਗਏ ਤੇ ੪ ਬਹੁਤੇ ਫੱਟੜ ਹੋਣ ਦੇ ਕਾਰਨ ਸਾਥੀਆਂ ਨਾਲ ਨਾ ਜਾ ਸਕੇ ਅਤੇ ਓਥੇ ਹੀ ਫੜ੍ਹੇ ਗਏ।

## ਮਲੇਰਕੋਟਲੇ ਤੇ ਹਮਲਾ

ਮਲੌਂਦ ਤੋਂ ਮਲੇਰ ਕੋਟਲਾ ਕੇਵਲ ੯ ਮੀਲਾਂ ਦੇ ਫ਼ਾਸਲੇ ਤੇ ਹੈ, ਰਿਆਸਤ ਦੇ ਜ਼ਿੰਮੇਵਾਰ ਅਫਸਰਾਂ ਨੂੰ ੧੪ ਜਨਵਰੀ (੩ ਮਾਘ) ਦੀ ਰਾਤ ਨੂੰ ਹੀ ਖਬਰ ਪੁੱਜ ਚੁਕੀ ਸੀ ਜਿਸ ਕਰਕੇ ਉਨਾਂ ਨੇ ਮੁਕਾਬਲੇ ਵਾਸਤੇ ਪ੍ਰਬੰਧ ਕਰ ਰਖਿਆ ਸੀ, ਇਸਦੇ ਨਾਲ ਹੀ ਉਨਾਂ ਨੂੰ ਗਵਾਂਢੀ ਰਿਆਸਤਾਂ ਵਲੋਂ ਵੀ ਪੁਲਸ ਔਰ ਫੌਜ ਦੀ ਮਦਤ ਪ੍ਰਾਪਤ ਹੋ ਚੁਕੀ ਸੀ, ਕੂਕੇ ਸਿੰਘਾਂ ਨੇ ੪ ਮਾਘ (੧੫ ਜਨਵਰੀ) ਨੂੰ ਸਵੇਰ ਦੇ ੭ ਵਜੇ ਹੀ ਮਲੇਰ ਕੋਟਲੇ ਦੇ ਮਹੱਲਾ ਚਿੜੀਮਾਰਾਂ ਤੇ ਹਮਲਾ ਕਰ ਦਿਤਾ। ਇਹ ਓਹੀ ਮਹੱਲਾ ਸੀ, ਜਿਸ ਵਿਚ ਗਊ ਘਾਤਕਾਂ ਦੀ ਖਾਸੀ ਗਿਣਤੀ ਅਬਾਦ ਸੀ। ਹਮਲੇ ਦਾ ਪਤਾ ਲਗਣ ਸਾਰ ਪੁਲੀਸ ਫ਼ੌਜ, ਅਤੇ ਹੋਰ ਬਹੁਤ ਸਾਰੇ ਲੋਕ ਸਿੰਘਾਂ ਦੇ ਮੁਕਾਬਲੇ ਤੇ ਜਾ ਟੱਕਰੇ। ਸਿੰਘਾਂ ਦੇ ਟਾਕਰੇ ਤੇ ੯-੧੦ ਗੁਣਾਂ ਵਧੇਰੇ ਤਾਕਤ ਸੀ, ਜਿਸਦੇ ਪਾਸ ਤਲਵਾਰਾਂ ਤੇ ਬੰਦੂਕਾਂ ਆਦਿਕ ਸ਼ਸਤ੍ਰਾਂ ਦੀ ਕਮੀਂ ਨਹੀਂ ਸੀ, ਪਰ ਇਹ ਗਾਂਦਵੀਂ ਧਾੜ ਸੀ,ਤੇ ਕੂਕੇ ਬੀਰ ਘਰੋਂ ਹੀ ਸਿਰਾਂ ਤੇ ਖੱਫਣ ਬੰਨ੍ਹ ਕੇ ਸ਼ਹੀਦ ਹੋਣ ਵਾਸਤੇ ਤੁਰੇ ਸਨ। ਡਾਢੇ ਘਸਮਾਣ ਦੀ ਲੜਾਈ ਹੋਈ ਸਿੰਘਾਂ ਨੇ ਬੀਰਤਾ ਦੇ ਉਹ ਹੱਥ ਵਿਖਾਏ, ਕਿ ਸਫਾ ਜੰਗਾਂ ਅਤੇ ਲਾਠੀਆਂ ਨਾਲ ਹੀ ਵਿਰੋਧੀ ਦਲ ਨੂੰ ਭਾਜ ਪਾ ਦਿਤੀ। ਜਦ ਸਿੰਘ ਵੇਹਲੇ ਹੋ ਕੇ ਆਪਣੇ ਫੱਟੜਾਂ ਨੂੰ ਸਾਂਭਣ ਲਗੇ ਤਾਂ ਰਿਆਸਤੀ ਦਲ ਵਲੋਂ ਫੇਰ ਹਮਲਾ ਕਰ ਦਿਤਾ ਗਿਆ, ਸਿੰਘਾਂ ਨੇ ਫੇਰ ਹੱਲਾ ਬੋਲ ਕੇ ਉਨ੍ਹਾਂ ਨੂੰ ਘਰੀਂ ਵਾੜ ਦਿਤਾ, ਪਰ ਜਦ ਉਹ

Sri Satguru Jagjit Singh Ji Elibrary NamdhariElibrary@gmail.com

ਤੀਜੀ ਵਾਰ ਚੜ੍ਹਾਈ ਕਰਕੇ ਆਏ ਤਾਂ ਸਿੰਘਾਂ ਨੇ ਐਸੇ ਦੰਦ ਖੱਟੇ ਕੀਤੇ ਕਿ ਉਹ ਇਸ ਵਾਰ ਨੱਸ ਕੇ ਮੁੜ ਹਮਲਾ ਕਰਨ ਦੀ ਦਲੇਰੀ ਨਾ ਕਰ ਸਕੇ। ਏਥੇ ਦੋਹਾਂ ਧਿਰਾਂ ਦਾ ਹੇਠ ਲਿਖੇ ਅਨੁਸਾਰ ਨੁਕਸਾਨ ਹੋਇਆ:-

ਸਿੰਘ ੭ ਸ਼ਹੀਦ ਤੇ ੨ ਫੱਟੜ ਹੋਏ।

ਵਿਰੋਧੀ ੮ ਮਾਰੇ ਗਏ, ਵਧੀਕ ਫੱਟੜ ੪ ਤੇ ਮਾਮਲੀ ਜ਼ਖ਼ਮੀ ੯* ਇਨ੍ਹਾਂ ਵਿਚ ਉਹ ਕੁਤਵਾਲ ਵੀ ਮਾਰਿਆ ਗਿਆ, ਜਿਸ ਨੇ ਗੁਰਮੁਖ ਸਿੰਘ ਦੇ ਸਾਹਮਣੇ ਬੈਲ ਕਤਲ ਕਰਾਇਆ ਸੀ।

ਹੁਣ ਜਦ ਸਿੰਘਾਂ ਨੇ ਦੇਖਿਆ, ਕਿ ਕੋਈ ਮੁਕਾਬਲੇ ਤੇ ਨਹੀਂ ਰਹਿ ਗਿਆ, ਤਾਂ ਉਨਾਂ ਨੇ ਬੜੇ ਧੀਰਜ ਨਾਲ ਅਪਣੇ ਫੱਟੜ ਸਾਥੀਆਂ ਨੂੰ ਉਠਾਇਆ ਤੇ ਕੋਟਲੇ ਤੋਂ ਬਾਹਰ ਨੂੰ ਤੁਰ ਪਏ।

## ਸੂ: ਹੀਰਾ ਸਿੰਘ ਤੇ ਸਮੁੰਦ ਖਾਂ ਪਠਾਣ ਦਾ ਦ੍ਵੰਦ ਯੁੱਧ

ਮਲੇਰਕੋਟਲੇ ਦਾ ਸਮੁੰਦ ਖ਼ਾਂ ਪਠਾਣ ਜੋ ਬੜਾ ਸੂਰਬੀਰ ਤੇ ਮੰਨਿਆ ਪ੍ਰਮੰਨਿਆ ਯੋਧਾ ਸੀ, ਉਪ੍ਰੋਕਤ ਲੜਾਈ ਦੇ ਵੇਲੇ ਕੋਟਲੇ ਵਿਚ ਮੌਜੂਦ ਨਹੀ ਸੀ। ਕੁਛ ਚਿਰ ਪਿਛੋਂ ਜਦ ਉਸਨੇ ਆਕੇ ਸੁਣਿਆ ਤਾਂ ਬੜੇ ਜੋਸ਼ ਵਿਚ ਆਕੇ ਅਪਣੇ ਕੁਛ ਸਾਥੀਆਂ ਨੂੰ ਕਹਿਣ ਲਗਾ, ਚਲੋ ਖਾਂ ਭਲਾ ਕੂਕਿਆਂ ਦੀ ਬਹਾਦਰੀ ਤਾਂ ਵੇਖੀਏ। ਉਹ ਕੁਛ ਪਠਾਣ ਸਾਥੀਆਂ ਨੂੰ ਨਾਲ ਲੈ ਕੇ ਸਿੰਘਾਂ ਦੇ ਪਿਛੇ ਨੱਸਿਆ। ਕੋਟਲੇ ਤੋਂ ੩-੪ ਕੋਹਾਂ ਦੇ ਫ਼ਾਸਲੇ ਤੇ ਝੂਤਨ ਵਾਲੇ ਥੇਹ ਕੋਲ ਸਿੰਘ ਚਲੇ ਜਾ ਰਹੇ ਸਨ। ਸਮੁੰਦ ਖ਼ਾਨ ਘੋੜੇ ਤੇ ਚੜ੍ਹਿਆ ਹੋਇਆ ਸੀ। ਉਸ ਨੇ ਪਿਛੋਂ ਲਲਕਾਰ ਕੇ ਕਿਹਾ—"ਸਿੰਘੋ ਖੜੇ ਹੋ ਜਾਓ! ਕਿੱਧਰ ਜਾ ਰਹੇ ਹੋ। ਹੀਰਾ ਸਿੰਘ ਕਿਥੇ ਹੈ, ਮੇਰੇ ਸਾਹਮਣੇ ਤੇ ਆਵੇ।" ਸੂ: ਹੀਰਾ ਸਿੰਘ ਵੀ ਘੋੜੇ ਤੇ ਸਵਾਰ ਸੀ। ਘੋੜਾ ਛੇੜਿਆ ਤੇ ਲਲਕਾਰ ਮਾਰ ਕੇ ਸਮੁੰਦ ਖਾਂ ਦੇ ਸਾਹਮਣੇ ਆ ਗਿਆ। ਪਠਾਣ ਨੂੰ ਕਿਹਾ "ਪਠਾਣਾ! ਆਖੀਂ ਨਾਂ ਖਬਰ ਨਹੀਂ ਹੋਈ, ਤਕੜਾ ਹੋ ਤੇ ਪਹਿਲਾਂ ਵਾਰ ਕਰ ਲੈ।"-

ਸੁਣਦਿਆਂ ਸਾਰ ਪਠਾਣ ਨੇ ਫੁਰਤੀ ਨਾਲ ਸੂਦਾਰ ਦੇ ਸਿਰ ਤੇ ਤਲਵਾਰ ਦਾ ਵਾਰ ਕੀਤਾ। ਸੂਦਾਰ ਕੋਲ ਢਾਲ ਨਹੀਂ ਸੀ ਪਰ ਉਸਨੇ ਬੜੀ

---

* ਇਹ ਗਿਣਤੀ ਡਾਕਟਰ ਜੈਨੀਇਨਸਨ ਐਮ. ਡੀ. ਸਿਵਲ ਸਰਜਨ ਲੁਧਿਆਣਾ ਦੀ ਰਪੋਟ ੧੫ ਜਨਵਰੀ ੧੮੭੨ ਅਨੁਸਾਰ ਹੈ। ਬੁਰੇ ਫੱਟੜਾਂ ਵਿਚੋਂ ੭ ਉਨ੍ਹਾਂ ਦੀ ਗਿਣਤੀ ਹੈ, ਜੋ ਰਣ ਭੂਮੀ ਵਿਚ ਹੀ ਰਹਿ ਗਏ, ਅਤੇ ੨੯ ਫੱਟੜਾਂ ਨੂੰ ਸਿੰਘ ਉਠਾ ਕੇ ਲੈ ਗਏ ਸਨ।

ਤੇਜੀ ਨਾਲ ਖੱਬੀ ਬਾਂਹ ਅਗੇ ਕਰਕੇ ਵਾਰ ਰੋਕ ਲਿਆ, ਜਿਸ ਕਰਕੇ ਸਿਰ ਤਾਂ ਬਚ ਗਿਆ ਪਰ ਗੁੱਟ ਕੱਟਿਆ ਗਿਆ। ਗੁੱਟ ਕਟਦਿਆਂ ਸਾਰ ਹੀ ਸ੍ਰਦਾਰ ਜੀ ਨੇ ਸਮੁੰਦ ਖਾਂ ਤੇ ਤਲਵਾਰ ਦਾ ਅਜੇਹਾ ਵਾਰ ਕੀਤਾ ਕਿ ਸਿਰ ਧੜ ਤੋਂ ਜੁਦਾ ਹੋਕੇ ਖੇਨੂੰ ਵਾਂਗ ਧਰਤੀ ਤੇ ਜਾ ਡਿੱਗਾ। ਪਠਾਣ ਦਾ ਕੰਮ ਹੁੰਦਿਆਂ ਹੀ ਨਾਲ ਦੇ ਸਾਥੀ ਤੋਬਾ ਤੋਬਾ ਕਰਕੇ ਵਾਪਸ ਦੌੜੇ-ਤੇ ਪਿਛਾਂਹ ਵਲ ਤੱਕਿਆ ਵੀ ਨਾ।

## ਸਿੰਘਾਂ ਦਾ ਰੜ ਵਿਚ ਡੇਰਾ ਤੇ ਧੋਖੇ ਨਾਲ ਗ੍ਰਿਫਤਾਰੀਆਂ

ਸਾਰੇ ਸਿੰਘ ਸ੍ਰ. ਹੀਰਾ ਸਿੰਘ ਜੀ ਦੀ ਅਗਵਾਈ ਵਿਚ ਰੜ ਪਿੰਡ ਰਿਆਸਤ ਪਟਿਆਲਾ ਦੀ ਜੂਹ ਵਿਚ ਪੁਜੇ ਜਿਥੇ ਉਨ੍ਹਾਂ ਨੇ ਡੇਰਾ ਲਾ ਦਿਤਾ। ਕੜਾਹੀ ਵਿਚ ਤੇਲ ਤਾ ਕੇ ਸ੍ਰ: ਹੀਰਾ ਸਿੰਘ ਜੀ ਨੇ ਆਪਣਾ ਟੁੰਡ ਤਲਿਆ, ਜਿਸ ਕਰਕੇ ਖ਼ੂਨ ਵਗਣੋਂ ਬੰਦ ਹੋ ਗਿਆ। ਹੁਣ ਸ੍ਰਦਾਰ ਜੀ ਨੇ ਸਾਰਿਆਂ ਨੂੰ ਕਿਹਾ, ਕਿ ਜਿੰਨਾ ਕੰਮ ਕਰਨ ਦਾ ਉਨ੍ਹਾਂ ਨੂੰ ਹੁਕਮ ਸੀ, ਉਹ ਹੋ ਚੁਕਾ ਹੈ। ਹੁਣ ਉਹ ਕੁਛ ਹੋਰ ਨਹੀਂ ਕਰਨਾ ਚਾਹੁੰਦੇ, ਹਾਂ ਉਹ ਇਸ ਗੱਲ ਦੇ ਉਡੀਕਵਾਨ ਜਰੂਰ ਹਨ, ਕਿ ਇਸ ਕੰਮ ਦਾ ਨਤੀਜਾ ਛੇਤੀ ਤੋਂ ਛੇਤੀ ਭੁਗਤਿਆ ਜਾਏ ਤਾਕਿ ਉਨਾਂ ਦੀ ਥਾਂ ਬੇ-ਗੁਨਾਹ ਲੋਕ ਨਾ ਮਾਰੇ ਜਾਣ। ਇਸ ਲਈ ਜੇਹੜੇ ਜਾਣਾ ਚਾਹੁੰਦੇ ਹਨ, ਉਹ ਪ੍ਰਸੰਨਤਾ ਨਾਲ ਜਾ ਸਕਦੇ ਹਨ, ਤੇ ਜਿਨ੍ਹਾਂ ਦੀ ਇੱਛਾ ਸ਼ਹੀਦ ਹੋਣ ਦੀ ਹੈ, ਉਹ ਟਿਕੇ ਰਹਿਣ। ਇਹ ਸੁਣ ਕੇ ਕੁਛ ਤਾਂ ਚਲੇ ਗਏ, ਪਰ ਬਹੁਤਿਆਂ ਨੇ ਸ਼ਹੀਦ ਹੋਣ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਦੀ ਗਿਣਤੀ ੬੮ ਸੀ।

ਕੁਛ ਚਿਰ ਪਿਛੋਂ ਸ਼ੇਰ ਪੁਰ ਦਾ ਥਾਣੇਦਾਰ ਉਤਮ ਸਿੰਘ ਨਾਮਧਾਰੀ ਲਿਬਾਸ ਵਿਚ ਉਨ੍ਹਾਂ ਕੋਲ ਆਇਆ ਤੇ ਬੜੀ ਅਧੀਨਗੀ ਨਾਲ ਲੰਗਰ ਵਾਸਤੇ ਅਰਜ ਕੀਤੀ। ਸ੍ਰਦਾਰ ਹੀਰਾ ਸਿੰਘ ਜੀ ਉਸਦੇ ਕਪਟ ਨੂੰ ਤਾੜ ਤਾਂ ਗਏ ਪਰ ਆਪਣਾ ਪੰਧ ਛੇਤੀ ਨਿਬੇੜਨ ਦੇ ਵਿਚਾਰ ਨਾਲ ਉਨ੍ਹਾਂ ਨੇ ਬੇਨਤੀ ਪ੍ਰਵਾਨ ਕਰ ਲਈ। ਥਾਣੇਦਾਰ ਉਨ੍ਹਾਂ ਨੂੰ ਘਰ ਲੈ ਗਿਆ ਤੇ ਸਭ ਨੂੰ ਗ੍ਰਿਫਤਾਰ ਕਰਵਾ ਦਿਤਾ। ਅਮਰਗੜ੍ਹ ਰਿਆਸਤ ਪਟਿਆਲਾ ਦੇ ਨਾਇਬ ਨਾਜ਼ਮ ਨਿਆਜ਼ ਅਲੀ ਨੇ ਇਨ੍ਹਾਂ ੬੮ ਸਿੰਘਾ ਨੂੰ ਸ਼ੇਰਪੁਰ ਦੇ ਕਿਲੇ ਵਿਚ ਬੰਦ ਕਰ ਦਿਤਾ। ਸ੍ਰਕਾਰੀ ਰਪੋਟ ਅਨੁਸਾਰ ਏਨ੍ਹਾਂ ਵਿਚ ੨੯ ਫੱਟੜ ਸਨ।

## ਰਿਆਸਤਾਂ ਵਲੋਂ ਕੂਕਿਆਂ ਵਿਰੁੱਧ ਸਰਕਾਰ ਦੀ ਸਹੈਤਾ

੧੭ ਜਨਵਰੀ (੬ ਮਾਘ) ਤਕ ਨਾਭੇ ਪਟਿਆਲੇ ਅਤੇ ਜੀਂਦ ਦੀਆਂ ਸਿਖ ਰਿਆਸਤਾਂ ਵਲੋਂ ਰਸਾਲੇ ਤੇ ਤੋਪਾਂ ਮਲੇਰਕੋਟਲੇ ਵਿਚ ਪਹੁੰਚ ਗਈਆਂ ਸਨ। ਇਸਦੀ ਪੁਸ਼ਟੀ ਡਿਪਟੀ ਕਮਿਸ਼ਨਰ ਕਾਵਨ ਦੀ ਉਸ ਤਾਰ ਤੋਂ ਹੁੰਦੀ ਹੈ, ਜੋ ਉਸ ਨੇ ੧੭ ਜਨਵਰੀ ਨੂੰ ਹੀ ਹੋਮ ਸਕੱਤ੍ਰ ਕਲਕੱਤਾ ਦੇ ਨਾਉਂ ਭੇਜੀ ਸੀ। ਤਾਰ ਵਿਚ ਲਿਖਿਆ ਹੈ:—"ਸ਼ਾਂਤੀ ਸਥਿਰ ਹੋ ਗਈ ਹੈ। ੧੦੦ ਕੂਕੇ ਮਾਰੇ ਗਏ, ਤੇ ਫੱਟੜ ਹੋਏ ਹਨ। ਪਟਿਆਲਾ ਨਾਭਾ ਤੇ ਜੀਂਦ ਤਕੜੀ ਮਦਤ ਦੇ ਰਹੇ ਹਨ।"*

## ਕੂਕਿਆਂ ਦੇ ਮੁਕਾਬਲੇ ਤੇ ਤੋਪਖ਼ਾਨੇ ਤੇ ਰਸਾਲੇ

ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ੧੬ ਜਨਵਰੀ (੫ ਮਾਘ) ਨੂੰ ਕੋਟਲੇ ਪਹੁੰਚ ਚੁਕਾ ਸੀ। ਉਸਨੇ ੧੫ ਤ੍ਰੀਕ ਨੂੰ ਹੀ ਕਮਿਸ਼ਨਰ ਅੰਬਾਲਾ ਨੂੰ ਤਾਰ ਦੇ ਦਿਤੀ ਸੀ ਕਿ ੫੦੦ ਕੂਕਿਆਂ ਨੇ ਮਲੇਰ ਕੋਟਲੇ ਤੇ ਹਮਲਾ ਕਰ ਦਿਤਾ ਹੈ, ਇਸ ਲਈ ਬਹੁਤ ਛੇਤੀ ਫੌਜਾਂ ਦਾ ਪ੍ਰਬੰਧ ਕਰੇ।**

ਪੰਜਾਬ ਲਾਟ ਦੇ ਹੁਕਮ ਨਾਲ ਕਮਾਂਡਰ-ਇਨ-ਚੀਫ਼ ਨੇ ਹੇਠ ਲਿਖੇ ਅਨੁਸਾਰ ਫੌਜਾਂ ਰਸਾਲੇ ਤੇ ਤੋਪਖ਼ਾਨੇ ਜਨਰਲ ਟਿਟਲਰ ਦੀ ਕਮਾਨ ਹੇਠ ਭੇਜ ਦਿਤੇ:-

## ਗੋਰਖਾ ਪਲਟਣ--ਫਸਟ

ਇਕ ਹਿਸਾ ਰਜਮੇਂਟ ਨੰ: ੭੨ ਦਾ ਅਤੇ ਇਕ ਖੱਚਰ-ਪਾਤੀ ਤੋਪਖ਼ਾਨਾਂ ਦਿਲੀ ਤੇ ਅੰਬਾਲੇ ਤੋਂ ੧੨ ਬੈਂਗਾਲ ਕੈਵੇਲਰੀ ਇਹ ਸਭ ਮਲੇਰਕੋਟਲੇ ਲਈ। ਚੂੰਕੇ ਡਰ ਹੋ ਗਿਆ ਸੀ, ਕਿ ਮਤਾਂ ਕੂਕੇ ਲੁਧਿਆਣੇ ਦੇ ਕਿਲੇ ਤੇ ਕਬਜਾ ਕਰਨ ਦੀ ਕੋਸ਼ਸ਼ ਕਰਨ, ਇਸ ਲਈ ਉਸਦੀ ਰਾਖੀ ਵਾਸਤੇ ੫੪ ਨੰਬਰ ਪੈਦਲ ਦੀਆਂ ੩ ਕੰਪਨੀਆਂ ਅਤੇ ਸ਼ਾਹੀ ਤੋਪਖ਼ਾਨੇ ਦੀ ਅੱਧੀ ਬੈਟਰੀ ਜਲੰਧਰ ਤੋਂ ਭੇਜੀ ਗਈ।***

---

* ਕੂਕਾ ਆਊਟ ਬ੍ਰੇਕ ਪੰਨਾ ੭

** ਕੂਕਾ ਆਊਟ ਬ੍ਰੇਕ ਪੰਨਾ ੭

*** ਕੂਕਾ ਆਊਟ ਬ੍ਰੇਕ ਪੰਨਾ ੮

Sri Satguru Jagjit Singh Ji Elibrary NamdhariElibrary@gmail.com

## ਮਹਾਰਾਜਾ ਪਟਿਆਲਾ ਵਲੋਂ ਉਚੇਚੀ ਸਹੈਤਾ

ਮਹਾਰਾਜਾ ਮਹਿੰਦਰ ਸਿੰਘ ਪਟਿਆਲੀਆ ਨਾਮਧਾਰੀ ਸਿੱਖਾਂ ਦੇ ਏਨਾਂ ਵਿਰੁੱਧ ਸੀ ਕਿ ਉਹ ਹਰ ਸਮੇਂ ਇਸ ਮਾਮਲੇ ਵਿਚ ਸੂਕਾਰ ਦੀ ਮਦਦ ਕਰਨ ਲਈ ਉਤਸ਼ਾਹੀ ਰਹਿੰਦਾ ਸੀ। ਇਹ ਗੱਲ ਉਸਦੀ ਉਸ ਤਾਰ ਤੋਂ ਪ੍ਰਗਟ ਹੁੰਦੀ ਹੈ ਜੋ ਉਸ ਨੇ ੧੭-੧-੧੮੭੨ ਨੂੰ ਪੰਜਾਬ ਗਵਰਮੈਂਟ ਦੇ ਸਕੱਤ੍ਰ ਨੂੰ ਦਿੱਲੀ ਵਿਖੇ ਭੇਜੀ ਸੀ। ਤਾਰ ਦਾ ਉਲਥਾ ਇਉਂ ਹੈ—"੨੦੦ ਊਠ ਤੇ ੨੦ ਹਾਥੀ ਜੋ ਇਸ ਸਮੇਂ ਮੇਰੀ ਰਾਜਧਾਨੀ ਵਿਚ ਮੌਜੂਦ ਹਨ, ਉਨ੍ਹਾਂ ਬਾਬਤ ਮੈਂ ਹੁਕਮ ਦਿੰਦਾ ਹਾਂ, ਕਿ ਇਕ ਦਮ ਖੰਨੇ ਨੂੰ ਭੇਜ ਦਿਤੇ ਜਾਣ। ਨਾਇਬ ਨਾਜ਼ਮ ਬਸੀ ਨੂੰ ਹੁਕਮ ਦਿਤਾ ਗਿਆ ਹੈ ਕਿ ਹਰ ਜਿੰਨੇ ਊਠਾਂ ਤੇ ਗੱਡੀਆਂ ਦੀ ਲੋੜ ਪਵੇ, ਬਿਨਾਂ ਢਿੱਲ ਤੋਂ ਭੇਜ ਦੇਵੇ। ਨਾਭੇ ਦੇ ਰਾਜੇ ਨੂੰ ਸਾਰੇ ਮਾਮਲੇ ਬਾਬਤ ਖਵਰ ਭੇਜ ਦਿਤੀ ਹੈ।"*

## ਸਿੰਘਾਂ ਨੂੰ ਮਲੇਰ ਕੋਟਲੇ ਵਿਖੇ ਲਿਆਉਣਾ

੧੭ ਜਨਵਰੀ (੬ ਮਾਘ) ਨੂੰ ਹੀ ਨਾਇਬ ਨਾਜ਼ਿਮ ਨਿਆਜ਼ ਅਲੀ ਗ੍ਰਿਫਤਾਰ ਕੀਤੇ ਗਏ ਕੂਕੇ ਬੀਰਾਂ ਨੂੰ ਲੈ ਕੇ ਕੋਟਲੇ ਪੁਜ ਗਿਆ, ਰਿਆਸਤਾਂ ਦੀ ਮਦਤ ਫ਼ੌਜਾਂ, ਰਸਾਲਿਆਂ, ਤੇ ਤੋਪਖ਼ਾਨਿਆਂ ਦੇ ਰੂਪ ਵਿਚ ਮੌਜੂਦ ਸੀ, ਜਲੰਧਰੋਂ, ਦਿੱਲੀ ਤੇ ਅੰਬਾਲੇ ਤੋਂ ਵੀ ਫੌਜਾਂ ਦੇ ਪੁੱਜਣ ਦੀ ਉਡੀਕ ਸੀ।

## ਸਿੰਘਾਂ ਨੂੰ ਤੋਪਾਂ ਨਾਲ ਉਡਾਣਾ

ਅੱਜ ੧੭ ਜਨਵਰੀ ਨੂੰ ਹੀ ਏਨ੍ਹਾਂ ਕੂਕੇ ਬੀਰਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਸਤੇ ਇਨ੍ਹਾਂ ਨੂੰ ਮਲੇਰ ਕੋਟਲੇ ਦੇ ਬਾਹਰ ਜਮਾਲ ਪੁਰ ਪਿੰਡ ਕੋਲ ਉਸ ਰੱਕੜ ਵਿਚ ਲਿਜਾਇਆ ਗਿਆ ਜੋ ਓਦੋਂ ਤੋਂ ਲੈ ਕੇ ਅਜ ਤਕ "ਕੂਕਿਆਂ ਦਾ ਰੱਕੜ" ਕਹਿ ਕੇ ਪੁਕਾਰਿਆ ਜਾਂਦਾ ਹੈ, ਇਕ ਬੰਨੇ ਕੂਕੇ ਕਤਾਰ ਵਿਚ ਖੜ੍ਹੇ ਸਨ ਤਾਂ ਦੂਜੇ ਬੰਨੇ ਨਾਲ ਹੀ ਰਸਾਲਿਆਂ ਤੇ ਫੌਜਾਂ ਦੇ ਸੁਦਾਰ ਅਫ਼ਸਰ ਤੇ ਸਿਪਾਹੀ ਵਰਦੀਆਂ ਤੇ ਹਥਿਆਰਾਂ ਨਾਲ ਤਿਆਰ ਬਰ ਤਿਆਰ ਫਾਲਨ ਹੋਏ ਹੋਏ ਸਨ। **ਇਕ ਬੰਨੇ ਕਾਵਨ ਦੇ ਹੁਕਮ ਨਾਲ ੭ ਤੋਪਾਂ ਵੱਖੋ

---

* ਕੂਕਾ ਆਊਟ ਬ੍ਰੇਕ ਪੰਨਾ ੯

** ਸੂਕਾਰ ਦੀ ਕੇਂਦਰੀ ਫ਼ਾਈਲ ਵਿਖੇ ਅੰਕਿਤ ਇਕ ਰਪੋਟ ਵਿਚ ਲਿਖਿਆ ਹੈ ਕਿ ਮਹਾਰਾਜਾ ਪਟਿਆਲਾ, ਨਾਭਾ ਤੇ ਜੀਂਦ ਵਲੋਂ ਕੂਕੇ ਸਿਖਾਂ ਨੂੰ ਉਡਾਣ ਲਈ ੯ ਤੋਪਾਂ ਭੇਜੀਆਂ ਗਈਆਂ ਸਨ – ਕੂਕਾ ਫਾਈਲ ਕੇਂਦਰੀ

Sri Satguru Jagjit Singh Ji Elibrary NamdhariElibrary@gmail.com

ਵੱਖ ਬੀੜੀਆਂ ਗਈਆਂ। ਕਾਵਨ ਨੇ ਕਿਸੇ ਤਰ੍ਹਾਂ ਦਾ ਮੁਕੱਦਮਾ ਚਲਾਣ ਅਤੇ ਸਿੰਘਾਂ ਨੂੰ ਸਫ਼ਾਈ ਦੇਣ ਦਾ ਮੌਕਾ ਦੇਣ ਤੋਂ ਬਿਨਾਂ, ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਫੈਸਲਾ ਕੀਤਾ। ਭਾਵੇਂ ਅਜੇਹਾ ਕਰਨਾ ਉਸਦੇ ਅਧਿਕਾਰਾਂ ਦੇ ਉਕਾ ਹੀ ਉਲਟ ਸੀ, ਅਤੇ ਉਸਦੇ ਅਫਸਰ ਕਮਿਸ਼ਨਰ ਅੰਬਾਲਾ ਨੇ ਵੀ ਉਸਨੂੰ ਅਪਣੀ ਇਕ ਚਿਠੀ ਰਾਹੀਂ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਤੋਂ ਰੋਕਦਿਆਂ ਹੋਇਆਂ ਲਿਖਿਆ ਸੀ, ਕਿ ਉਹ ਮੌਕੇ ਤੇ ਪੁਜ ਰਿਹਾ ਹੈ, ਇਸ ਲਈ ਉਸਦੇ ਔਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦੇਣੀ। ਪਰ ਕਾਵਨ ਨੇ ਇਸ ਗੱਲ ਦੀ ਰਤਾ ਪ੍ਰਵਾਹ ਨਾ ਕੀਤੀ ਤੇ ਸਿੰਘਾਂ ਨੂੰ ਤੋਪਾਂ ਅਗੇ ਉਡਾਣ ਲਈ ਤਿਆਰ ਹੋ ਗਿਆ। ਏਧਰ ਆਸ਼ਕ ਵੀ ਤੋਪਾਂ ਨੂੰ ਵੇਖ ਵੇਖ ਮੁਸਕਰਾ ਰਹੇ ਸਨ, ਦਰਸ਼ਕ ਹਜ਼ਾਰਾਂ ਦੀ ਗਿਣਤੀ ਵਿਚ ਇਹ ਨਜ਼ਾਰਾ ਤੱਕਣ ਲਈ ਖੜ੍ਹੇ ਸਨ, ਕਿ ਕੂਕੇ ਕਿਸ ਤਰ੍ਹਾਂ ਮੌਤ ਨੂੰ ਟਿਚਕਰਾਂ ਕਰਨ ਦੇ ਆਦੀ ਹਨ। ਕਾਵਨ ਤੇ ਉਸਦੀ ਮੇਮ ਕੁਰਸੀਆਂ ਡਾਹੀ ਬੈਠੇ ਸਨ। ਸਰਕਾਰੀ ਕਾਗਤਾਂ ਵਿਚ ਲਿਖਿਆ ਹੈ ਕਿ ਕੂਕਿਆਂ ਨੂੰ ਤੋਪਾਂ ਦੇ ਮੂੰਹਾਂ ਨਾਲ ਬੰਨ੍ਹ ਕੇ ਉਡਾਇਆ ਜਾਂਦਾ ਸੀ, ਪਰ ਇਹ ਉਕਾ ਹੀ ਝੂਠ ਹੈ। ਕਿਉਂਕਿ ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਜੋ ਹਮਲੇ ਅਤੇ ਗ੍ਰਿਫਤਾਰੀ ਦੇ ਸਮੇਂ ਵੀ ਨਾਲ ਸਨ ਅਤੇ ਉਨ੍ਹਾਂ ਨੂੰ ਕਾਵਨ ਨੇ ਬਦੋ ਬਦੀ ਛਡ ਦਿਤਾ ਸੀ। ਪਰ ਉਨ੍ਹਾਂ ਨੇ ਸਿੰਘਾਂ ਦੀਆਂ ਸ਼ਹੀਦੀਆਂ ਅਪਣੇ ਨੇਤ੍ਰਾਂ ਸਉਂਹੇ ਤੱਕੀਆਂ ਸਨ। ਉਨ੍ਹਾਂ ਦਾ ਬਿਆਨ ਹੈ, ਕਿ ਸਿੰਘਾਂ ਨੇ ਬੱਝਣ ਤੋਂ ਨਾਂਹ ਕਰ ਦਿਤੀ ਸੀ, ਅਤੇ ਉਹ ਛਾਲਾਂ ਮਾਰ ਮਾਰ ਕੇ ਇਕ ਦੂਜੇ ਤੋਂ ਮੂਹਰੇ ਸ਼ਹੀਦ ਹੋਣ ਲਈ ਤੋਪਾਂ ਅਗੇ ਜਾ ਖਲੋਂਦੇ ਸਨ। ਹੁਕਮ ਸੀ ਕਿ ਤੋਪ ਵਲ ਪਿਠ ਕਰਕੇ ਖਲੋਤਾ ਜਾਏ, ਪ੍ਰੰਤੂ ਉਹਨਾਂ ਨੇ ਇਹ ਕਹਿਕੇ ਇਸ ਹੁਕਮ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਸੀ, ਕਿ ਸੂਰਬੀਰ ਸਿਖ ਪਿੱਠ ਵਿਚ ਨਹੀਂ, ਛਾਤੀ ਵਿਚ ਗੋਲਾ ਖਾ ਕੇ ਖੁਸ਼ ਹੁੰਦੇ ਹਨ। ਮੌਤ ਵੱਲ ਕੰਡ ਕਰਨਾ ਕਾਇਰਾਂ ਦਾ ਕੰਮ ਹੈ।

ਉਸ ਵੇਲੇ ਦੇ ਦ੍ਰਿਸ਼ਜ ਤੋਂ ਐਉਂ ਜਾਪਦਾ ਸੀ ਕਿ ਮਾਤ ਭੂਮੀ ਦੇ ਸਿਤਾਰੇ ਕੂਕੇ ਬੀਰ, ਗਊ ਗ੍ਰੀਬ ਦੇ ਗਲ ਤੋਂ ਛੁਰੀ ਲਾਹੁਣ ਅਤੇ ਮਾਤ ਭੂਮੀ ਦਿਆਂ ਚਰਨਾਂ ਵਿਚੋਂ ਅੰਗ੍ਰੇਜ਼ ਅਧੀਨਤਾ ਦੀਆਂ ਬੇੜੀਆਂ ਕੱਟਣ ਦੇ ਮਨੋਰਥ ਨਾਲ ਸ਼ਹੀਦੀ ਦੇ ਲਬਾ ਲਬ ਜਾਮ ਪਾਨ ਕਰਨ ਲਈ ਉਤਾਵਲੇ ਹੋ ਰਹੇ ਸਨ।

## ਫ਼ਾਇਰ ਦਾ ਹੁਕਮ

ਕਾਵਨ ਨੇ ੭ ਮਸਤਾਨਿਆਂ ਨੂੰ ਤੋਪ ਅਗੇ ਖੜ੍ਹੇ ਹੋਣ ਦਾ ਹੁਕਮ

ਦਿਤਾ। ਇਸ ਪਹਿਲੇ ਗਰੁਪ ਵਿਚ ਸ੍ਰ: ਹੀਰਾ ਸਿੰਘ ਜੀ ਅਤੇ ਸ੍ਰ: ਲਹਿਣਾ ਸਿੰਘ ਜੀ ਵੀ ਸਨ। ਤੋਪਚੀ ਨੇ ੩ ਵਾਰ ਪਲੀਤਾ ਦਾਗਿਆ, ਪਰ ਮਿਸ ਹੋ ਜਾਂਦਾ ਰਿਹਾ। ਸ੍ਰ: ਹੀਰਾ ਸਿੰਘ ਜੀ ਨੇ ਮੁਸਕ੍ਰਾਂਦਿਆ ਹੋਇਆਂ ਕਿਹਾ—ਕਾਵਨ! ਤਹਾਡਾ ਕਾਨੂੰਨ ਵੇਖਣਾ ਸੀ। ਹੁਣ ਮੇਰੇ ਸਤਿਗੁਰੂ ਜੀ ਦਾ ਹੁਕਮ ਹੋ ਗਿਆ ਹੈ। ਚਲਾਓ ਤੋਪ। ਤੋਪਚੀ ਨੇ ਫੈਰ ਕੀਤਾ। ਬਸ ਫੇਰ ਕੀ ਸੀ, ਮਸਤਾਨੇ ਸਿੰਘਾਂ ਦਾ ਪੰਜ ਭੁਤਕ ਸ੍ਰੀਰ ਛਿਨ ਮਾਤ੍ਰ ਵਿਚ ਫੀਤੀ ਫੀਤੀ ਹੋ ਕੇ, ਅਕਾਸ਼ ਵਿਚ ਉਡ ਰਹੇ ਪ੍ਰਮਾਣੂਆਂ ਵਿਚ ਲੀਨ ਹੋ ਗਏ। ਮਾਈਆਂ ਦੇ ਲਾਲ ਵਾਰੀ ਵਾਰੀ ਤੋਪਾਂ ਅਗੇ ਜਾਂਦੇ ਹੋਏ ਗੱਜਕੇ ਜੈਕਾਰਾ ਗਜਾਂਦੇ ਤੇ ਇਹ ਗੀਤ ਗਾਉਂਦੇ ਸਨ—

"ਬਿੱਲਿਆ ਡੇਰ ਨਾ ਲਾ ਓਏ ਮੇਰਾ ਸਾਥ ਜਾਂਦਾ ਹੈ।"

੪੯ ਸਿੰਘ ਸ਼ਹੀਦ ਹੋ ਚੁਕੇ ਸਨ। ਮਾਈ ਖੇਮ ਕੌਰ (ਰੜ) ਦੇ ਇਕਲੌਤੇ ਲਾਲ ਬਿਸ਼ਨ ਸਿੰਘ ਦੀ ਵਾਰੀ ਆਈ। ਇਸਦੀ ਉਮਰ ਕੇਵਲ ੧੨ ਸਾਲ ਸੀ।

## ਅਦੁੱਤੀ ਸ਼ਹੀਦੀ

ਇਸ ਦੀ ਭੋਲੀ ਭਾਲੀ ਸੂਰਤ ਤੇ ਬਚਪਨ ਦੀ ਉਮਰ ਵੇਖ ਕੇ ਕਾਵਨ ਦੀ ਮੇਮ ਨੇ ਕਿਹਾ, ਕਿ ਮਾਈ ਡੀਅਰ! ਇਸੇ ਮਾਫ਼ ਕੀਆ ਜਾਵੇ' ਕਾਵਨ ਨੇ ਕਿਹਾ ਕਿ ਐਸਾ ਹੋ ਸਕਦਾ ਹੈ, ਪਰ ਜੇ ਉਹ ਕਹਿ ਦਵੇ ਕਿ 'ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ' ਇਹ ਗੱਲ ਕਾਵਨ ਦੇ ਮੂੰਹੋਂ ਨਿਕਲਣ ਦੀ ਦੇਰ ਸੀ, ਕਿ ਉਹ ਬੱਚਾ ਜੋਸ਼ ਵਿਚ ਆਇਆ ਤੇ ਇਕ ਛਾਲ ਮਾਰ ਕੇ ਕਾਵਨ ਤੇ ਝਪਟਿਆ। ਉਸਨੂੰ ਦਾੜ੍ਹੀ ਤੋਂ ਫੜ ਲਿਆ* ਤੇ ਧਰਤੀ ਤੇ ਸਿੱਟਦਿਆਂ ਹੋਇਆਂ ਕਿਹਾ:—ਬਿੱਲਿਆ! ਫੇਰ ਕਹੇਂਗਾ ਕਿ ਬਿਸ਼ਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਨਹੀਂ? ਬੀਰ ਬਿਸ਼ਨ ਸਿੰਘ ਨੇ ਤਦ ਤਕ ਕਾਵਨ ਦੀ ਦਾੜ੍ਹੀ ਨਾ ਛੱਡੀ ਜਦ ਤਕ ਕੋਲ ਖੜ੍ਹੇ ਅਹਿਲਕਾਰਾਂ ਨੇ ਤਲਵਾਰਾਂ ਨਾਲ ਟੋਟੇ ਕਰਕੇ ਉਸਨੂੰ ਸ਼ਹੀਦ ਨਾ ਕਰ ਦਿਤਾ। ਮਾਈ ਖੇਮ ਕੌਰ ਤੇ ਇੰਦ ਕੌਰ ਨੇ ਭਾਵੇਂ ਬੜੇ ਤਰਲੇ ਕੀਤੇ, ਕਿ ਉਨ੍ਹਾਂ ਨੂੰ ਵੀ ਤੋਪਾਂ ਅਗੇ ਉਡਾ ਕੇ ਸ਼ਹੀਦ ਬੀਰਾਂ ਦੀ ਫ਼ਹਿਰਸਤ ਵਿਚ ਸ਼ਾਮਿਲ ਕੀਤਾ ਜਾਵੇ, ਪਰ ਕਾਵਨ ਨੇ ਉਨ੍ਹਾਂ ਨੂੰ ਪਟਿਆਲਾ ਫੌਜਾਂ ਦੇ ਕਮਾਨ ਅਫਸਰ ਦੇ ਸਪੁਰਦ

* ਕਾਵਨ ਪਾਦਰੀ ਸੀ, ਇਸ ਕਰਕੇ ਉਹ ਦਾੜ੍ਹੀ ਰਖਦਾ ਸੀ

ਕਰ ਦਿਤਾ, ਜਿਨ੍ਹਾਂ ਨੂੰ ਪਟਿਆਲਾ ਰਿਆਸਤ ਦੀ ਹੱਦ ਵਿਚ ਲੈ ਜਾਕੇ ਛਡ ਦਿਤਾ ਗਿਆ।

ਕਾਵਨ ਆਪਣੀ ਇਕ ਚਿਠੀ ਵਿਚ ਜੋ ਉਸਨੇ ੧੭ ਜਨਵਰੀ ਨੂੰ ਕਮਿਸ਼ਨਰ ਅੰਬਾਲਾ ਵਲ ਲਿਖੀ-ਲਿਖਦਾ ਹੈ, ਕਿ—"ਦੋ ਇਸਤ੍ਰੀਆਂ ਪਟਿਆਲਾ ਰਿਆਸਤ ਦੀਆਂ ਵਸਨੀਕ ਸਨ। ਮੈਂ ਉਨ੍ਹਾਂ ਨੂੰ ਪਟਿਆਲੇ ਜਾਣ ਲਈ ਪਟਿਆਲਾ ਫੌਜ ਦੇ ਕਮਾਨ ਅਫਸਰ ਦੇ ਸਪੁਰਦ ਕਰ ਦਿਤਾ। ਬਾਗ਼ੀਆਂ ਵਿਚੋਂ ਮੈਂ ੪੯ ਆਦਮੀ ਅੱਜ ਦੁਪਹਿਰੇ, ਕੋਟਲੇ ਦੀ ਪਰੇਡ ਗਰਾਊਂਡ ਵਿਚ ਪਟਿਆਲਾ, ਨਾਭਾ, ਜੀਂਦ ਅਤੇ ਕੋਟਲਾ ਰਿਆਸਤ ਦੀਆਂ ਫ਼ੌਜਾਂ ਦੀ ਮੌਜਦਗੀ ਵਿਚ ਤੋਪਾਂ ਨਾਲ ਉੜਾ ਦਿਤੇ। ਮੇਰਾ ਇਰਾਦਾ ੫੦ ਆਦਮੀਆਂ ਨੂੰ ਉਡਾਣ ਦਾ ਅਤੇ ਬਾਕੀ ੧੬ ਨੂੰ ਅਗਲੇ ਦਿਨ ਫਾਂਸੀ ਦੇਣ ਲਈ ਮਲੌਦ ਭੇਜਣ ਦਾ ਸੀ। ਪਰ ਇਕ ਆਦਮੀ ਨੇ ਗਾਰਦ ਕੋਲੋਂ ਬਚ ਕੇ ਮੇਰੇ ਉਤੇ ਇਕ ਭਿਆਨਕ ਹਮਲਾ ਕਰ ਦਿਤਾ ਅਤੇ ਮੈਨੂੰ ਦਾੜ੍ਹੀ ਤੋਂ ਫੜ ਕੇ ਉਸਨੇ ਮੇਰਾ ਸਾਹ ਘੁੱਟਣ ਦੀ ਕੋਸ਼ਸ਼ ਕੀਤੀ। ਜਿਵੇਂ ਕੋਈ ਬੜੀ ਤਾਕਤ ਵਾਲਾ ਆਦਮੀ ਹੁੰਦਾ ਹੈ, ਮੈਂ ਆਪਣੇ ਆਪਨੂੰ ਉਸ ਤੋਂ ਬੜੀ ਮਸ਼ਕਲ ਨਾਲ ਛਡਾਇਆ। ਫੇਰ ਉਸ ਨੇ ਮੇਰੇ ਕੋਲ ਖਲੋਤੇ ਦੇਸੀ ਰਿਆਸਤਾਂ ਦੇ ਅਫਸਰਾਂ ਤੇ ਇਕ ਗ਼ਜ਼ਬ ਦਾ ਹਮਲਾ ਕੀਤਾ, ਜਿਸਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਅਫਸਰਾਂ ਨੇ ਆਪਣੀਆਂ ਤਲਵਾਰਾਂ ਖਿਚੀਆਂ ਤੇ ਉਸਨੂੰ ਕਤਲ ਕਰ ਦਿਤਾ।"*

## ਫਾਰਸਿਥ ਵਲੋਂ ਕਾਵਨ ਨੂੰ ਚਿਠੀ

ਇਥੇ ਇਹ ਗੱਲ ਯਾਦ ਰੱਖਣ ਯੋਗ ਹੈ, ਕਿ ਜਿਸ ਵੇਲੇ ਕਾਵਨ ਸਿੰਘਾਂ ਨੂੰ ਤੋਪਾਂ ਨਾਲ ਉਡਾ ਰਿਹਾ ਸੀ, ਤੇ ਸੱਤਾਂ ਆਦਮੀਆਂ ਦਾ ਛੇਕੜਲਾ ਜਥਾ ਤੁਪਾਂ ਅਗੇ ਖੜ੍ਹਾ ਕੀਤਾ ਜਾ ਚੁਕਾ ਸੀ ਉਸ ਨੂੰ ਕਮਿਸ਼ਨਰ ਫਾਰਸਿਥ ਵਲੋਂ ਇਕ ਚਿਠੀ ਮਿਲੀ, ਜਿਸ ਵਿਚ ਲਿਖਿਆ ਹੋਇਆ ਸੀ, ਕਿ—"ਮੈਂ ਖ਼ੁਦ ਮੌਕਿਆ ਤੇ ਆ ਰਿਹਾ ਹਾਂ। ਮੇਰੇ ਪੁਜਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦੇਣੀ, ਤੇ ਬਾਗ਼ੀਆਂ ਦਾ ਮੁਕਦਮਾ ਸੁਣਨਾ।" ਕਾਵਨ ਨੇ ਚਿਠੀ ਪੜ੍ਹਕੇ ਖੀਸੇ ਵਿਚ ਪਾ ਲਈ ਤੇ ਅਪਣੇ ਵਡੇ ਅਫਸਰ ਦੇ ਹੁਕਮ ਦੀ ਕਈ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣੀ ਕਾਰਵਾਈ

* ਕੂਕਾ ਆਊਟ ਬ੍ਰੇਕ ਪੰਨਾ ੨੯

Sri Satguru Jagjit Singh Ji Elibrary NamdhariElibrary@gmail.com

ਜਾਰੀ ਰਖੀ।* ਅਤੇ ੭ ਆਦਮੀਆਂ ਦੇ ਉਸ ਅੰਤਲੇ ਜਥੇ ਨੂੰ ਸ਼ਹੀਦ ਕਰ ਦਿਤਾ. ਜੋ ਸੁਕਾਰੀ ਬਿਆਨਾਂ ਅਨੁਸਾਰ ਕਮਿਸ਼ਨਰ ਦੇ ਹੁਕਮ ਮੰਨਣ ਨਾਲ ਬਚ ਸਕਦਾ ਸੀ**

## ਅਫਸਰਾਨਾਂ ਤੋਂ ਬਾਜ਼ੀ

ਜਦ ਫਾਰਸਿਥ ਨੂੰ ਇਸ ਗਲ ਦਾ ਪਤਾ ਲਗਾ ਕਿ ਕਾਵਨ ਨੇ ਉਸਦੇ ਹੁਕਮ ਦੀ ਕੱਖ ਜਿੰਨੀ ਵੀ ਪ੍ਰਵਾਹ ਨਾ ਕਰਦਿਆਂ ਹੋਇਆਂ ਸਿਖਾਂ ਨੂੰ ਤੋਪਾਂ ਨਾਲ ਉਡਾ ਦੇਣ ਦੀ ਕਾਰਵਾਈ ਕੀਤੀ ਹੈ. ਤਾਂ ਉਸਨੇ ਇਸ ਅਯੋਗ. ਕਨੂੰਨ ਵਿਰੁਧ ਅਤੇ ਵਹਿਸ਼ੀਆਨਾ ਕਾਰਵਾਈ ਦੀ ਕੇਵਲ ਇਸ ਨੁਕਤਾ ਨਿਗਾਹ ਨਾਲ ਤਸਦੀਕ ਕਰ ਦਿਤੀ ਕਿ ਅਫਸਰਾਨਾ ਮਤ ਭੇਦ ਤੋਂ ਦੇਸੀ ਲੋਕ ਲਾਭ ਨਾ ਉਠਾ ਸਕਣ। ਇਸ ਬਾਬਤ ਫ਼ਾਰਸਿਥ ਅਪਣੀ ਕਲਮ ਨਾਲ ਲਿਖਦਾ ਹੈ ਕਿ—"ਮੈਂ ਉਸਨੂੰ ਲੁਧਿਆਣੇ ਤੋਂ ਲਿਖਤੀ ਹੁਕਮ ਭੇਜਿਆ ਕਿ ਜਦ ਤਕ ਮੈਂ ਉਸ ਨਾਲ ਸ਼ਾਮਿਲ ਨਾ ਹੋ ਜਾਵਾਂ ਤਦ ਤਕ ਉਹ ਬਾਗੀਆਂ ਦਾ ਮੁਕੱਦਮਾ ਕਰੇ. ਅਤੇ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਾ ਦਵੇ. ਪ੍ਰੰਤੂ ਕਾਵਨ ਨੇ ਕਾਨੂੰਨ ਅਪਨੇ ਹੱਥਾਂ ਵਿਚ ਲੈ ਲਿਆ. ਅਤੇ ਮੇਰੀ ਚਿਠੀ ਨੂੰ ਅਪਣੇ ਬੋਝੇ ਵਿਚ ਪਾ ਕੇ ਉਸਤੇ ਅਮਲ ਕਰਨ ਤੋਂ ਇਨਕਾਰ ਕਰਦਿਆਂ ਹੋਇਆਂ ਆਦਮੀਆਂ ਨੂੰ ਮੌਤ ਦੇ ਘਾਟ ਪਾਰ ਉਤਾਰ ਦਿਤਾ*** ਜਦ ਮੈਂ ਇਹ ਸੁਣਿਆ. ਤਾਂ ਮੈਂ ਅਪਣੇ ਆਪ ਨੂੰ ਪ੍ਰੇਸ਼ਾਨੀ ਅਤੇ ਨਾਜ਼ੁਕ ਹਾਲਤ ਵਿਚ ਦੇਖਿਆ। ਮੈਂ ਸਮਝਿਆ ਕਿ ਇਹ ਸਮਾਂ ਬੜਾ ਜ਼ਰੂਰੀ ਤੇ ਨਾਜ਼ੁਕ ਸੀ। ਜੇ ਮੈਂ ਉਸਦੇ ਕੰਮ ਨੂੰ ਰੱਦ ਕਰਦਿਆਂ ਹੋਇਆਂ ਇਹ ਪ੍ਰਗਟ ਕੀਤਾ, ਕਿ ਸੁਕਾਰੀ ਹਾਕਮਾਂ ਵਿਚਕਾਰ ਫੁਟ ਹੈ, ਤਾਂ ਦੇਸੀ ਲੋਕ ਇਸ ਤੋਂ ਲਾਭ ਉਠਾਣਗੇ... ...ਇਸ ਲਈ ਮੈਂ ਫੈਸਲਾ ਕੀਤਾ. ਕਿ ਕਾਵਨ ਦੀ ਕਾਰਵਾਈ ਦਾ ਭਾਰ ਅਪਨੇ ਸਿਰ ਤੇ ਲੈ ਲਵਾਂ। ਮੈਂ ਉਸਨੂੰ ਚਿਠੀ ਭੇਜੀ. ਜਿਸ ਵਿਚ ਹਾਲਾਤ ਦੇ ਅਧੀਨ ਉਸਦੀ ਕਾਰਵਾਈ ਦੀ ਤਸਦੀਕ ਕਰ ਦਿਤੀ।****

---

* ਕੂਕਾ ਆਊਟ ਬ੍ਰੇਕ ਪੰਨਾ ੨੯

** ਇਹ ਵੀ ਹੋ ਸਕਦਾ ਹੈ, ਕਿ ਚਿਠੀ ਤਾਂ ਪਹਿਲੋਂ ਹੀ ਮਿਲ ਗਈ ਹੋਵੇ ਪਰ ਕਾਵਨ ਨੇ ਆਪਣੇ ਆਪਨੂੰ ਬਹੁਤ ਸਾਰੇ ਭਾਰ ਦੀ ਜ਼ਿੰਮੇਵਾਰੀ ਤੋਂ ਬਚਾਣ ਲਈ ਇਹ ਲਿਖ ਦਿਤਾ ਹੋਵੇ, ਕਿ ਚਿਠੀ ਉਸਨੂੰ ਉਸ ਵਕਤ ਮਿਲੀ ਜਦ ਕਿ ਅਖੀਰਲਾ ਜਥਾ ਹੀ ਉਡਾਣ ਵਾਲਾ ਬਾਕੀ ਸੀ।

*** ਫਾਰਸਿਥ ਦਾ ਅਪਣੇ ਹੱਥੀਂ ਲਿਖਿਆ ਜੀਵਨ ਅਧਆਯ ੩।

**** ਇਸ ਲਿਖਤ ਤੋਂ ਵੀ ਇਹ ਸਿਧ ਹੁੰਦਾ ਹੈ, ਕਿ ਕਾਵਨ ਨੇ ਫ਼ਾਰਸਿਥ ਦੀ ਚਿਠੀ ਪੁੱਜਣ ਤੋਂ ਪਹਿਲੋਂ ਕਿਸੇ ਨੂੰ ਵੀ ਤੋਪ ਨਾਲ ਨਹੀਂ ਉਡਾਇਆ ਸੀ।

Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਜੀ ਦੀ ਜਲਾਵਤਨੀ

ਕਮਿਸ਼ਨਰ ਦੇ ਹੁਕਮ ਨਾਲ ਕਰਨਲ ਬੇਲੀ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਲੁਧਿਆਣੇ ਤੋਂ ਰਵਾਨਾ ਹੋਇਆ, ਪਰ ਸਾਹਨੇਵਾਲ ਤੋਂ ਉਸਨੂੰ ਪਤਾ ਲੱਗਾ ਕਿ ਡਿਪਟੀ ਇਨਸਪੈਕਟਰ ਗੁਲਾਬ ਸਿੰਘ ਇਕ ਸਰਕਾਰੀ ਹੁਕਮ ਅਨੁਸਾਰ ਪਹਿਲਾਂ ਹੀ ਅਪਣੇ ਅਮਲੇ ਫੈਲੇ ਸਮੇਤ ਭੈਣੀ ਸਾਹਿਬ ਨੂੰ ਜਾ ਚੁੱਕਾ ਹੈ। ਇਸ ਲਈ ਉਸਦੀ ਉਡੀਕ ਵਿਚ ਬੇਲੀ ਸਾਹਨੇਵਾਲ ਹੀ ਅਟਕ ਗਿਆ। ਡਿਪਟੀ ਇਨਸਪੈਕਟਰ ਗੁਲਾਬ ਸਿੰਘ ਨੇ ਜੋ ਭੈਣੀ ਸਾਹਿਬ ਗਿਆ ਸੀ ਬਾਹਰੋਂ ਹੀ ਸਤਿਗੁਰਾਂ ਦੀ ਸੇਵਾ ਵਿਚ ਕਹਿ ਭੇਜਿਆ ਕਿ ਉਨ੍ਹਾਂ ਨੂੰ ਸਰਕਾਰ ਨੇ ਲੁਧਜਾਨੇ ਬੁਲਾਇਆ ਹੈ। ਸੁਣਦਿਆਂ ਸਾਰ ਸਤਿਗੁਰੂ ਜੀ ਨੇ ਕਿਹਾ ਕਿ—"ਜਿਸ ਸਮੇਂ ਨੂੰ ਉਡੀਕਦੇ ਸਾਂ ਉਹ ਆ ਗਿਆ ਹੈ"। ਹਜ਼ੂਰ ਨੇ ਉਸ ਕਾਲੀ ਕੰਬਲੀ ਦੀ ਗਾਤੀ ਮਾਰ ਲਈ ਜੋ ਕੁਝ ਦਿਨ ਪਹਿਲੋਂ ਮਾਈ ਕਰਮੋਂ ਨੇ ਭੇਟ ਕੀਤੀ ਤੇ ਆਪ ਨੇ ਕਿਹਾ ਸੀ 'ਕਰਮੋਂ! ਲੈ ਆਈ ਹੈਂ ਦੇਸ ਨਿਕਾਲੇ ਦਾ ਸਮਿਆਨ"? ਸੀਸ ਤੇ ਵੀ ਕਾਲੀ ਭੂਰੀ ਸਜਾ ਲਈ। ਸਿੰਘਾਂ ਨੇ ਬੇਨਤੀ ਕੀਤੀ ਕਿ—"ਪਾਤਸ਼ਾਹ! ਚੀਨੀ, ਸੁਰਖੀ ਯਾ ਚੰਬੀ ਵਿਚੋਂ ਕੇਹੜੀ ਘੋੜੀ ਤਿਆਰ ਕੀਤੀ ਜਾਵੇ?" ਹੁਕਮ ਹੋਇਆ" ਇਹਨਾਂ ਨੂੰ ਹੁਣ ਬੱਧੀਆਂ ਰਹਿਣ ਦਿਓ ਤਬੇਲੇ ਵਿਚ ਅਜ ਮੇਰੇ ਲਈ ਗੱਡਾ ਤਿਆਰ ਕਰੋ।"

## ਪਿਤਾ ਜੀ ਦਾ ਵਾਤਸੱਲਜ

ਸ੍ਰੀ ਭੈਣੀ ਸਾਹਿਬ ਗੁਰਦਵਾਰੇ ਤੋਂ ਬਾਹਰ ਵਾਰ ਸੜਕ ਉਤੇ ਗੱਡਾ ਤਿਆਰ ਖੜ੍ਹਾ ਹੈ। ਕਾਲੀ ਕੰਬਲੀ ਧਾਰਨ ਕਰਨ ਵਾਲੇ ਪ੍ਰੀਤਮ ਜੀ ਸਵਾਰ ਹੋ ਰਹੇ ਹਨ। ਉਹ ਕੇਹੀ ਮਨਹੂਸ ਘੜੀ ਹੋਵੇਗੀ ਜਦ ਖਾਲਸਾ ਪੰਥ ਨੂੰ ਨਵੇਂ ਸਿਰੇ ਜੀਵਨ ਪ੍ਰਦਾਨ ਕਰਨ ਵਾਲੇ ਸਤਿਗੁਰੂ ਅਰ ਨ ਸਿਰਫ ਪੰਜਾਬ ਸਗੋਂ ਸਾਰੇ ਹਿੰਦੁਸਤਾਨ ਨੂੰ ਸਭ ਤੋਂ ਪਹਿਲਾਂ ਸੁਤੰਤ੍ਰਤਾ ਦਾ ਪਾਠ ਪੜ੍ਹਾਣ ਵਾਲੇ ਪ੍ਰੀਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾਲੇ ਭੂਰੇ ਦੇ ਲਿਬਾਸ ਵਿਚ ਅਪਣੀ



Sri Satguru Jagjit Singh Ji Elibrary NamdhariElibrary@gmail.com

ਪਿਆਰੀ ਮਾਤ ਭੂਮੀ ਤੋਂ ਜੁਦਾ ਹੋਣ ਲਈ ਤਿਆਰ ਖੜ੍ਹੇ ਹਨਗੇ! ਭਾਵੇਂ ਉਨ੍ਹਾਂ ਨੂੰ ਪਹਿਲੋਂ ਤੋਂ ਹੀ ਪਤਾ ਸੀ ਕਿ ਉਨ੍ਹਾਂ ਦੇ ਇਸ ਮਹਾਨ ਕੰਮ ਦਾ ਫਲ ਕੋਈ ਸਧਾਰਨ ਨਹੀਂ ਹੋ ਸਕਦਾ, ਪਰ ਉਹ ਇਹ ਵੀ ਜਾਣਦੇ ਸਨ, ਕਿ ਭਾਵੇਂ ਉਨ੍ਹਾਂ ਨੂੰ ਇਸ ਪਰਸ਼ਾਰਥ ਬਦਲੇ ਕੜੀ ਤੋਂ ਕੜੀ ਕੀਮਤ ਅਦਾ ਕਰਨੀ ਪਵੇਗੀ ਪਰ ਇਸ ਨਾਲ ਨ ਕੇਵਲ ਸਿਖ ਪੰਥ ਹੀ ਨਵੇਂ ਸਿਰੇ ਸੁਰਜੀਤ ਹੋ ਜਾਵੇਗਾ, ਸਗੋਂ ਸਾਰੇ ਹਿੰਦੋਸਤਾਨ ਵਿਚ ਆਜ਼ਾਦੀ ਦੀ ਇਕ ਲਹਿਰ ਜਾਰੀ ਹੋ ਜਾਵੇਗੀ। ਪਾਤਸ਼ਾਹ ਗੱਡੇ ਤੇ ਸਵਾਰ ਹਨ। ਸੰਗਤਾਂ ਵੀ ਇਹ ਨਿਰਾਲਾ ਦ੍ਰਿਸ਼ਯ ਤੱਕ ਕੇ ਘਬਰਾ ਰਹੀਆਂ ਹਨ। ਉਸ ਸਮੇਂ ਨੂੰ ਜੇ ਤ੍ਰੇਤਾ ਯੁਗ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਅਯੁਧਯਾ ਤੋਂ ਬਨਬਾਸ ਲਈ ਤੁਰਨ ਦੇ ਸਮੇਂ ਨਾਲ ਤੁਲਨਾ ਦਿਤੀ ਜਾਵੇ, ਤਾਂ ਬਿਲਕੁਲ ਹੀ ਠੀਕ ਹੈ। ਹਾਂ ਏਨਾ ਫਰਕ ਜਰੂਰ ਹੈ, ਕਿ ਤ੍ਰੇਤਾ ਦੇ ਰਾਮ ਜੀ ਦਾ ਬਨਬਾਸ ਕਾਲ ਤਾਂ ੧੪ ਸਾਲਾਂ ਤਕ ਨੀਯਤ ਸੀ, ਪਰ ਕਲਜੁਗ ਵਿਚ ਸਤਿਜੁਗ ਲਾਣ ਵਾਲੇ ਇਸ ਇਨਕਲਾਬੀ ਰਾਮ ਜੀ ਦੇ ਵਿਦੇਸ਼ ਵਿਚਰਣ ਦਾ ਸਮਾਂ ਅਨਿਸਚਿਤ ਸੀ।

ਸਭ ਦਰਸ਼ਕਾਂ ਦੇ ਨੇਤ੍ਰਾਂ ਵਿਚੋਂ ਪ੍ਰੇਮ ਅੱਥਰੂਆਂ ਦੀਆਂ ਬੂੰਦਾਂ ਕਿਰ ਰਹੀਆਂ ਸਨ। ਪਿਤਾ ਸ੍ਰੀ ਬਾਬਾ ਜੱਸਾ ਸਿੰਘ ਜੀ ਦੀ ਦਸ਼ਾ ਕਰੁਣਾ ਰਸ ਪੂਰਿਤ ਸੀ। ਆਪਨੇ ਗੱਡੇ ਵਲ ਨੂੰ ਵਿਹੰਦਿਆਂ ਹੋਇਆਂ ਹਿਰਦੇ ਵੇਧਕ ਸ਼ਬਦਾਂ ਵਿਚ ਕਿਹਾ—"ਮਹਾਰਾਜ! ਆਪ ਨੇ ਤ੍ਰੇਤੇ ਯੁਗ ਵਿਚ ਵੀ ਮੇਰੇ ਨਾਲ ਏਹੋ ਖੇਡ ਖੇਡੀ ਸੀ ਜੋ ਹੁਣ ਖੇਡ ਰਹੇ ਹੋ।" ਇਹ ਕਹਿੰਦਿਆਂ ਹੋਇਆਂ ਬਾਬਾ ਜੀ ਦਾ ਕੰਠ ਰੁਕ ਗਿਆ ਤੇ ਨੈਣਾਂ ਵਿਚੋਂ ਸਾਵਣ ਦੀ ਝੜੀ ਲਗ ਗਈ।

## ਸਤਿਗੁਰੂ ਹਰੀ ਸਿੰਘ ਜੀ ਨੂੰ ਉਪਦੇਸ਼

ਆਪ ਜੀ ਦੇ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੀ ਸਨ, ਜੋ ਪਿਛੋਂ ਹਜ਼ੂਰ ਦੀ ਆਗਯਾ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਦੇ ਨਾਉਂ ਨਾਲ ਪ੍ਰਸਿੱਧ ਹੋਏ। ਉਨ੍ਹਾਂ ਦਾ ਚੀਨੀ ਵਾਲੇ ਪ੍ਰੀਤਮ ਦੇ ਚਰਨ ਕਮਲਾਂ ਨਾਲ ਅਗਾਧ ਪ੍ਰੇਮ ਸੀ। ਉਹ ਆਪ ਦਾ ਹੁਕਮ ਮੰਨ ਕੇ ਬਹੁਤ ਪ੍ਰਸੰਨ ਰਹਿੰਦੇ ਸਨ। ਹੁਣ "ਗੱਡੇ ਵਾਲੇ ਪ੍ਰੀਤਮ" ਜੀ ਉਨਾਂ ਵਲ ਤੱਕ ਕੇ ਬੋਲੇ:-

> **"ਭਾਈ ਬੁਧ ਸਿੰਘ ਜੀ! ਘਬਰਾਓ ਨਹੀਂ! ਅਕਾਲ ਪੁਰਖ ਜੀ ਦੀ ਆਗਯਾ ਐਸੀ ਹੀ ਹੈ, ਹਰ ਇਕ ਚੀਜ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਹੁਣ ਅਸੀਂ ਉਸ ਸ਼ੈ ਦਾ ਮੁੱਲ ਅਦਾ ਕਰਨ ਲਈ ਤਿਆਰ ਹੋਏ ਹਾਂ ਜਿਸ ਤੋਂ ਬਿਨਾਂ ਭਾਰਤ ਵਰਸ਼**

**ਅਤੇ ਮੇਰਾ ਪਿਆਰਾ ਪੰਜਾਬ ਦਾਸਤਾ ਦੇ ਬੰਧਨਾਂ ਵਿਚ ਬੇਵਸ ਹੋਕੇ ਜਕੜੇ ਪਏ ਹਨ, ਇਨ੍ਹਾਂ ਬੰਧਨਾਂ ਨੂੰ ਤੋੜਨ ਵਾਲੀ ਸੁਤੰਤ੍ਰਤਾ ਦੀ ਰੂਹ ਹੁਣ ਦੇਸ਼ ਵਾਸੀਆਂ ਅੰਦਰ ਫੂਕੀ ਜਾ ਚੁਕੀ ਹੈ। ਮੈਂ ਅਜੇਹੀ ਮਸਾਲ ਬਾਲ ਦਿਤੀ ਹੈ ਜੋ ਹੁਣ ਫੂਕਾਂ ਮਾਰਿਆਂ ਨਹੀਂ ਬੁਝ ਸਕਦੀ। ਦੇਸ਼ ਦੀ ਸੇਵਾ ਬਦਲੇ ਮੈਂ ਹਰ ਕਸ਼ਟ ਦਾ ਦਿਲੋਂ ਵਜੋਂ ਸੁਆਗਤ ਕਰਾਂਗਾ। ਤੁਹਾਡੇ ਸਾਹਮਣੇ ਸਿੰਘ ਤੋਪਾਂ ਅਗੇ ਉਡੇ ਤੇ ਫਾਂਸੀਆਂ ਤੇ ਲਟਕ ਚੁਕੇ ਹਨ। ਅੱਗੋਂ ਨੂੰ ਪਤਾ ਨਹੀਂ ਕੀ ਹੋਣਾ ਹੈ। ਮੈਂ ਚੱਲਿਆ ਹਾਂ। ਹੋ ਸਕਦਾ ਹੈ ਮੇਰੇ ਤੁਰ ਜਾਣ ਪਿਛੋਂ ਪੰਥ ਤੇ ਮੁਸੀਬਤਾਂ ਦੇ ਝੱਖੜ ਝੁਲਣ, ਪਰ ਤੁਸਾਂ ਦ੍ਰਿੜ੍ਹ ਚਿਤ ਰਹਿਣਾਂ ਸੰਗਤਾਂ ਨੂੰ ਧੀਰਜ ਦੇ ਕੇ ਪੰਥ ਅਤੇ ਦੇਸ਼ ਦੀ ਸੇਵਾ ਵਿਚ ਲਾਈ ਰੱਖਣਾ।"**

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਡਡੋਲਿੱਕਿਆਂ ਹੋ ਕੇ ਅਧੀਨਗੀ ਨਾਲ ਬੇਨਤੀ ਕੀਤੀ—"ਪਾਤਸ਼ਾਹ! ਆਪ ਏਥੇ ਰਹੋ ਤੇ ਦਾਸ ਨੂੰ ਹੁਕਮ ਦੇਵੋ ਏਨ੍ਹਾਂ ਦੇ ਨਾਲ ਜਾਣ ਦਾ।" ਬਚਨ ਹੋਇਆ—"ਬੁੱਧ ਸਿੰਘ ਜੀ! ਇਹ ਕੰਮ ਸਾਡੇ ਜਾਣ ਦਾ ਹੀ ਹੈ।" ਇਹ ਬਚਨ ਸੁਣ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਅਪਣਾ ਸੀਸ ਹਜ਼ੂਰ ਦੀ ਰਜ਼ਾ ਅਗੇ ਬੜੇ ਅਦਬ ਨਾਲ ਝੁਕਾਂਦਿਆਂ ਹੋਇਆਂ ਕਿਹਾ ਕਿ—"ਪਾਤਸ਼ਾਹ! ਅਪਣਾ ਹੱਥ ਸਦਾ ਹੀ ਦਾਸ ਦੇ ਸਿਰ ਤੇ ਰੱਖਣਾ, ਤੇ ਓਹ ਕਾਰ ਕਰਵਾਣ ਦੀ ਕ੍ਰਿਪਾਲਤਾ ਕਰਨੀ ਜੋ ਆਪਨੂੰ ਭਾਂਵਦੀ ਹੋਵੇ।"

ਹੁਣ ਸਤਿਗੁਰੂ ਜੀ ਨੇ ਆਪਣੀ ਲੰਮੀ ਭੁਜਾ ਖੜੀ ਕਰਕੇ ਸਮਹ ਸੰਗਤਾਂ ਨੂੰ ਜੋ ਇਸ ਦ੍ਰਿਸ਼ਜ ਨੂੰ ਤਕ ਤਕ ਬੇਹਾਲ ਹੋ ਰਹੀਆਂ ਤੇ ਧਰਤੀ ਤੇ ਲੇਟਕੇ ਪੁਕਾਰ ਰਹੀਆਂ ਸਨ-'ਪ੍ਰੀਤਮ ਜੀ! ਨਾ ਜਾਓ! ਸਾਡੇ ਵਲ ਤੱਕੋ। ਅਸੀਂ ਕੀ ਕਰਾਂਗੇ।' ਦਿਲਾਸਾ ਦੇਂਦਿਆਂ ਹੋਇਆਂ ਜੈਕਾਰਾ ਬੁਲਾ ਦਿਤਾ— "ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ"।

## ਭੈਣੀ ਸਾਹਿਬ ਤੋਂ ਰਵਾਨਗੀ

ਭਾਈ ਗੁਰਦਿੱਤ ਸਿੰਘ ਗਾਡੀ ਨੂੰ ਗੱਡਾ ਤੋਰਨ ਦੀ ਆਗਜਾ ਹੋਈ। ਗੱਡਾ ਹੱਕਿਆ ਗਿਆ। ਬਲਦ ਚੂੰਗੀਆਂ ਮਾਰ ਮਾਰ ਕੇ ਦੌੜਦੇ ਹਨ। ਕਮਲਿਆਂ ਨੂੰ ਕੀ ਪਤਾ ਸੀ ਕਿ ਜਿਸ ਮਨਮੋਹਨ ਦਾ ਕਰ ਕਮਲ ਹਰ ਰੋਜ਼ ਉਨ੍ਹਾਂ ਦੀ ਕੰਡ ਤੇ ਫਿਰਿਆ ਕਰਦਾ ਸੀ, ਉਹ ਅਜ ਇਸ ਗੱਡੇ ਦੀ ਆਖਰੀ ਸਵਾਰੀ ਕਰ ਰਿਹਾ ਹੈ। ਉਸਦੇ ਲੰਮੇ ਸਫ਼ਰ ਦਾ ਕੀ ਪਤਾ ਹੈ ਕਿ ਉਸਨੇ

ਸ੍ਰੀ ਰਾਮਚੰਦ੍ਰ ਜੀ ਦੇ ਕਿੰਨੇ ਬਨਬਾਸ ਕਾਲ ਵਿਤੀਤ ਕਰਕੇ ਵਿਤੀਤਣਾ ਹੈ। ਲਾਟੋਂ* ਦੇ ਪਾਸ ਸੜਕ ਤੇ ਬਹੁਤ ਸਾਰੀ ਪੁਲੀਸ ਤੇ ਗੋਰਖਾ ਫ਼ੌਜ ਖੜ੍ਹੀ ਸੀ। ਪਾਤਸ਼ਾਹ ਇਸ ਲਸ਼ਕਰ ਨਾਲ ਢਲੀ ਰਾਤੇ ਲੁਧਜਾਨੇ ਪੁਜੇ।

## ਗ੍ਰਿਫ਼ਤਾਰੀ ਬਾਬਤ ਫ਼ਾਰਸਿਥ ਦਾ ਆਪਣਾ ਬਿਆਨ

ਕਮਿਸ਼ਨਰ ਫ਼ਾਰਸਿਥ, ਜਿਸ ਨੇ ਦਿੱਲੀ ਤੋਂ ਲੁਧਿਆਣੇ ਨੂੰ ਤੁਰਨ ਸਮੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਇਰਾਦਾ ਕੀਤਾ ਹੋਇਆ ਸੀ, ਆਪਣੀ ਹਸਤ ਲਿਖਤ ਜੀਵਨੀ ਵਿਚ ਲਿਖਦਾ ਹੈ:—"ਮੈਂ (ਕੂਕਿਆਂ ਦੇ) ਆਗੂ (ਸਤਿਗੁਰੂ) ਰਾਮ ਸਿੰਘ (ਜੀ) ਨੂੰ ਗ੍ਰਿਫ਼ਤਾਰ ਕਰਨ ਲਈ (ਲਾਟ ਸਾਹਿਬ ਤੋਂ) ਸਾਫ਼ ਹੁਕਮ ਮੰਗਿਆ, ਪਰ ਸਫਲਤਾ ਨਾ ਹੋਈ। ਇਸ ਲਈ ਉਸਦੇ ਬਿਨਾਂ ਹੀ ਤੁਰਨ ਲਈ ਮਜਬੂਰ ਹੋ ਗਿਆ। ਮੈਨੂੰ ਅਪਣੇ ਫੈਸਲੇ ਸ਼ਬਦ ਚੰਗੀ ਤਰਾਂ ਯਾਦ ਹਨ? ਜੋ ਇਹ ਸਨ:—"ਤਾਂ ਮੈਂ ਆਪਣੇ ਫ਼ੈਸਲੇ ਅਨੁਸਾਰ ਕਾਰਵਾਈ ਕਰਾਂਗਾ। ਅਤੇ ਆਪ ਨੂੰ ਮੇਰੀ ਪੁਸ਼ਟੀ ਕਰਨੀ ਪਵੇਗੀ"।** ਇਸ ਤੋਂ ਪਿਛੋਂ ਮਲੌਦ ਤੇ ਮਲੇਰਕੋਟਲੇ ਸਬਧੀ ਵਹਿਸ਼ਜਾਨਾ ਕਾਰਵਾਈ ਦਾ ਜ਼ਿਕਰ ਕਰਦਾ ਹੋਇਆ ਫਾਰਸਿਥ ਲਿਖਦਾ ਹੈ:-

"ਮੇਰਾ ਦੂਸਰਾ ਕਦਮ (ਸਤਿਗੁਰੂ) ਰਾਮ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਸੀ। ਇਹ ਕੰਮ ਬਹੁਤ ਹੁਸ਼ਿਆਰੀ ਨਾਲ ਕਰਨ ਵਾਲਾ ਸੀ। ਮੈਂ ਉਸਨੂੰ ਰਾਤ ਦੇ ਸਮੇਂ ਅਪਣੇ ਪਾਸ ਸੱਦ ਭੇਜਿਆ, ਅਤੇ ਹੁਕਮ ਕਰ ਛਡਿਆ ਕਿ ਇਕ ਸਪੈਸ਼ਲ ਗੱਡੀ ਬਿਲਕੁਲ ਤਿਆਰ ਰਖੀ ਜਾਏ। ਮੈਂ ਬਾਹਰਵਾਰ ਇਕ ਗਾਰਦ ਵੀ ਲਕਾ ਕੇ ਰੱਖੀ ਹੋਈ ਸੀ। ਮੈਂ (ਸਤਿਗੁਰੂ) ਰਾਮ ਸਿੰਘ (ਜੀ) ਨੂੰ (ਲੁਧਜਾਨੇ) ਪੁਜਦਿਆਂ ਸਾਰ ਉਸ (ਗਾਰਦ) ਦੇ ਹਵਾਲੇ ਕੀਤਾ ਅਤੇ ਉਸਨੂੰ ਰੇਲ ਵਿਚ ਬਿਠਾ ਕੇ ਦਿੱਲੀ ਵਲ ਰਵਾਨਾ ਕਰ ਦਿਤਾ। ਮੈਂ ਜੋ ਕੁਝ ਕੀਤਾ ਉਹ ਲਾਟ ਸਾਹਿਬ ਨੂੰ ਤਾਰ ਰਾਹੀਂ ਦੱਸ ਦਿਤਾ। ਉਸਨੇ ਮੇਰੇ ਕੰਮ ਦੀ ਤਸਦੀਕ ਕਰ ਦਿਤੀ"।***

---

* ਇਕ ਨਿੱਕਾ ਜਿਹਾ ਪਿੰਡ ਜੋ ਭੈਣੀ ਸਾਹਿਬ ਤੋਂ ੧ ਮੀਲ ਦੀ ਵਿੱਥ ਤੇ ਲੁਧਜਾਨਾ ਸਮਰਾਲਾ ਰੋਡ ਤੇ ਅਬਾਦ ਹੈ।

** ਆਟੋਗ੍ਰਾਫੀ ਸਰ ਡਗਲਿਸ ਫਾਰਸਿਥ ਅਧਯਾ ੩

*** ਆਟੋਗ੍ਰਾਫੀ ਸਰ ਡਗਲਿਸ ਅਧਯਾ ੩

## ਪ੍ਰਯਾਗ ਦੇ ਕਿਲੇ ਵਿਚ

੭ ਮਾਘ ਸੰ: ੧੯੨੮ (੧੮ ਜਨਵਰੀ ੧੮੭੨ ਈ:) ਨੂੰ ਤੜਕੇ ਹੀ ੪ ਬਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਨਿਜੀ ਸੇਵਕ ਨਾਨੂੰ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਸਾਹਿਬ ਸਿੰਘ ਅਤੇ ਸੂਬਾ ਜਵਾਹਰ ਸਿੰਘ ਜੀ ਸਮੇਤ ੧੨ ਨੰਬਰ ਗੋਰਖਾ ਦੀ ਇਕ ਗਾਰਦ ਅਤੇ ਮਿਸਟਰ ਜੈਕਸਨ ਦੀ ਨਿਗਰਾਨੀ ਹੇਠ ਸਪੈਸ਼ਲ ਟਰੇਨ ਤੇ ਚੜ੍ਹਾ ਕੇ ਇਲਾਹਾਬਾਦ ਪਚਾ ਦਿਤਾ ਗਿਆ, ਜਿਥੇ ਉਨ੍ਹਾਂ ਨੂੰ ਪ੍ਰਯਾਗ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਜੀ ਦੇ ਇਲਾਹਾਬਾਦ ਨੂੰ ਰਵਾਨਾ ਕਰ ਦੇਣ ਤੋਂ ਪਿਛੋਂ ਫਾਰਸਿਥ ਨੇ ਕਰਨਲ ਬੇਲੀ ਨੂੰ ਭੈਣੀ ਸਾਹਿਬ ਜਾਣ ਦਾ ਹੁਕਮ ਦਿਤਾ। ਬੇਲੀ ੧੮ ਜਨਵਰੀ (੭ ਮਾਘ) ਨੂੰ ਸਵੇਰੇ ਹੀ ੪੦ ਗੋਰਖਾ ਸਵਾਰਾਂ ਸਮੇਤ ਭੈਣੀ ਸਾਹਿਬ ਪੁਜਾ। ਕਾਹਨ ਸਿੰਘ, ਬ੍ਰਹਮਾ ਸਿੰਘ ਪਹਾੜਾ ਸਿੰਘ, ਹੁਕਮਾ ਸਿੰਘ ਸੁਜਾਨ ਸਿੰਘ ਅਤੇ ਗੁਪਾਲ ਸਿੰਘ—ਏਨ੍ਹਾਂ ਛੇਆਂ ਸਥਿਆਂ ਨੂੰ ਗ੍ਰਿਫਤਾਰ ਕਰਕੇ ਲੁਧਿਆਣੇ ਭੇਜਿਆ ਗਿਆ। ਜਿਨ੍ਹਾਂ ਵਿਚੋਂ ਪਹਿਲੇ ਚਹੁੰ ਨੂੰ ਦੂਜੀ ਸਪੈਸ਼ਲ ਟਰੇਨ ਤੇ ਚਾੜ੍ਹ ਕੇ ਇਲਾਹਾਬਾਦ ਨੂੰ ਭੇਜ ਦਿਤਾ ਗਿਆ। ਬੇਲੀ ਦੀ ਰਪੋਟ ਅਨੁਸਾਰ "ਭੈਣੀ ਸਾਹਿਬ ਵਿਖੇ ਦੇਸ਼ ਦੇ ਸਾਰੇ ਹਿੱਸਿਆਂ ਤੋਂ ਇਕੱਠੇ ਹੋਏ ਹੋਏ ਲਗ ਪਗ ੧੫੦ ਕੂਕੇ ਸਿਖ ਸਨ। ਉਨ੍ਹਾਂ ਵਿਚ ਬਿਹੰਗਮਾਂ ਦੀ ਇਕ ਖਾਸੀ ਗਿਣਤੀ ਸੀ। ਬਿਹੰਗਮ ਉਨ੍ਹਾਂ ਸਿੱਖਾਂ ਨੂੰ ਆਖੀਦਾ ਹੈ ਜਿਨ੍ਹਾਂ ਦੀ ਰਿਹੈਸ਼ ਦਾ ਕੋਈ ਖਾਸ ਸਥਾਨ ਨਿਸਚਿਤ ਨਾ ਹੋਵੇ ਪਰ ਉਹ ਪੂਰੀ ਤਰ੍ਹਾਂ ਅਪਣੇ ਗੁਰੂ ਨਾਲ ਸਬੰਧਿਤ ਹੋਣ। ਉਨ੍ਹਾਂ ਵਿਚ ਕਈ ਇਸਤ੍ਰੀਆਂ ਸਨ, ਜੋ ਚਰਖੇ ਕਤਦੀਆਂ ਤੇ ਗੁਰੂ ਘਰ ਦੀ ਸੇਵਾ ਕਰਦੀਆਂ ਸਨ।" ਬੇਲੀ ਖ਼ੁਦ ਲਿਖਦਾ ਹੈ, ਕਿ—"ਅਸਾਂ ਉਨ੍ਹਾਂ ਨੂੰ ਬਾਹਰ ਵਾਰ ਸੜਕ ਤੇ ਇਕੱਠਿਆਂ ਹੋਣ ਲਈ ਮਜਬੂਰ ਕੀਤਾ। ਅਤੇ ਇਹ ਸੋਚਦਿਆਂ ਹੋਇਆਂ ਕਿ ਉਨ੍ਹਾਂ ਦਾ ਭੈਣੀ ਸਾਹਿਬ ਦੇ ਨੇੜੇ ਰਹਿਣਾ ਨਾਮੁਨਾਸਬ ਹੈ, ਸਭ ਨੂੰ ਲੁਧਿਆਣੇ ਵਲ ਤੋਰ ਦਿਤਾ, ਤਾਕਿ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਲ ਭੇਜ ਦਿਤਾ ਜਾਵੇ।"*

## ਡੇਰੇ ਦੀ ਤਲਾਸ਼ੀ

ਕਰਨਲ ਬੇਲੀ ਅਪਣੀ ਰਪੋਟ ੨੦-੧-੧੮੭੨ ਵਿਚ ਲਿਖਦਾ ਹੈ

---

* ਕੂਕਾ ਆਊਟ ਬ੍ਰੇਕ ਰਪੋਟ ਕਰਨਲ ਬੇਲੀ ੨੦-੧-੧੮੭੨

Sri Satguru Jagjit Singh Ji Elibrary NamdhariElibrary@gmail.com

ਕਿ—"ਮੈਂ ਫਿਰ (ਸਤਿਗੁਰੂ) ਰਾਮ ਸਿੰਘ ਦੇ ਘਰਾਂ ਦੀ ਤਲਾਸ਼ੀ ਸ਼ੁਰੂ ਕੀਤੀ। ਤਾਕਿ ਹਥਿਆਰਾਂ ਤੇ ਕਾਗਜ਼ਾਂ ਦਾ ਪਤਾ ਕੀਤਾ ਜਾ ਸਕੇ। ਤਲਾਸ਼ੀ ਵੇਲੇ ਇਰਦ ਗਿਰਦ ਦੇ ਪਿੰਡਾਂ ਦੇ ਨੰਬਰਦਾਰ ਹਾਜ਼ਰ ਸਨ। ੩੬ ਕੁਹਾੜੀਆਂ, ਕਈ ਹੱਕਰ, ੬ ਗੰਡਾਸੇ, ਬਹੁਤ ਸਾਰੀਆਂ ਲਾਠੀਆਂ ਤੇ ਦੋ ਖੰਘਰੀਆਂ ਬ੍ਰਾਮਦ ਹੋਈਆਂ। ਨਾਂ ਕੋਈ ਜ਼ਰੂਰੀ ਕਾਗਜ਼ ਮਿਲਿਆ ਤੇ ਨਾਂ ਹਿਸਾਬ ਦੀ ਕੋਈ ਕਿਤਾਬ। ਤਲਾਸ਼ੀ ਦੋ ਦਿਨ ਹੁੰਦੀ ਰਹੀ। ਭਿੰਨ ਭਿੰਨ ਥਾਵਾਂ ਤੋਂ ੧੫ ਸੌ ਰੁਪੈ ਨਕਦ ਅਰ ਸੋਨੇ ਚਾਂਦੀ ਦੇ ਬਹੁਤ ਕੀਮਤੀ ਜ਼ੇਵਰ ਪ੍ਰਾਪਤ ਹੋਏ। ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਕੱਠੀਆਂ ਕਰਕੇ ਮਜ਼ਬੂਤ ਸੰਦੂਕ ਵਿਚ ਬੰਦ ਕਰਨਾ ਯੋਗ ਸਮਝਿਆ। ਉਤਲੀਆਂ ਸ਼ੈਆਂ ਦੇ ਨਾਲ ਹੀ ਬਹੁਤ ਕੀਮਤੀ ਦੁਸ਼ਾਲੇ, ਅਰ ਕਿਨਾਰੀਦਾਰ ਬੇਲ ਬੂਟਿਆਂ ਨਾਲ ਕੱਢੇ ਹੋਏ ਚੋਗੇ ਬੰਦ ਕਰਕੇ ਖਜ਼ਾਨੇ ਵਿਚ ਜਮਾਂ ਕਰਨ ਲਈ ਭੇਜ ਦਿਤੇ।

## ਘਰਾਂ ਨੂੰ ਜੰਦਰੇ

ਮੈਂ ਫੇਰ ਘਰਾਂ ਨੂੰ ਜੰਦਰੇ ਮਾਰ ਦਿੱਤੇ ਅਤੇ ਓਥੇ ਡਿਪਟੀ ਇਨਸਪੈਕਟਰ ਉਮਰਾਓ ਅਲੀ ਦੇ ਅਧੀਨ ੨੦ ਸਿਪਾਹੀਆਂ ਦੀ ਇਕ ਗਾਰਦ ਬਿਠਾ ਦਿਤੀ। ਗੁਰੂ ਘਰ ਦੇ ਆਸਰੇ ਤੇ ਰਹਿਣ ਵਾਲੇ ਸਤ ਆਦਮੀਆਂ ਨੂੰ ਮੈਂ ਓਥੋਂ ਕਢ ਦੇਣਾ ਮੁਨਾਸਬ ਸਮਝਿਆ। ਕੁਛ ਆਦਮੀ ਜੀਊਂਦੇ ਮਾਲ-ਡੰਗਰ ਦੀ ਰਾਖੀ ਲਈ ਰਹਿਣ ਦਿਤੇ। ਜੀਊਂਦੇ ਸਟਾਕ ਵਿਚ ਸਿੰਗਾਂ ਵਾਲੇ ਪਸ਼ੂਆਂ, ਘੋੜਿਆਂ ਤੇ ਊਠਾਂ ਸਮੇਤ ੨੨ ਜਾਨਵਰ ਸਨ। ਮੈਂ ਬਾਬਾ ਜੱਸਾ ਸਿੰਘ (ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਉਮਰ ੯੦ ਸਾਲ (੨) (ਮਹਾਰਾਜ ਬਾਬਾ) ਬੁਧ ਸਿੰਘ ਜੀ (ਸਤਿਗੁਰਾਂ ਦੇ ਭਾਈ) ਉਮਰ ੫੦ ਸਾਲ, ਅਤੇ (੩) (ਬੀਬੀ) ਨੰਦਾਂ (ਸਤਿਗੁਰੂ ਜੀ ਦੀ ਪੁਤ੍ਰੀ) ਤਿੰਨਾਂ ਬੱਚਿਆਂ ਸਮੇਤ—ਦੀ ਸੇਵਾ ਵਾਸਤੇ ੩ ਮਰਦਾਂ ਤੇ ੨ ਇਸਤ੍ਰੀਆਂ ਨੂੰ ਭੈਣੀ (ਸਾਹਿਬ) ਵਿਖੇ ਰਹਿਣ ਦਾ ਹੁਕਮ ਦਿਤਾ। ਮੈਂ (ਸਤਿਗੁਰੂ) ਰਾਮ ਸਿੰਘ (ਜੀ) ਦੀ ਦੁਕਾਨ ਦੇ ਮੈਨੇਜਰ ਵਰਜਾਮ ਸਿੰਘ ਨੂੰ ਵੀ ਰਹਿਣ ਦਿਤਾ ਅਤੇ ਨਾਲ ਹੀ (ਸਤਿਗੁਰੂ) ਰਾਮ ਸਿੰਘ (ਜੀ) ਦੇ ਨਿਜੀ, ਸੇਵਕ ਮੱਖਣ ਸਿੰਘ ਨੂੰ"।

## ਦੋ ਲਖ ਰੁਪਜਾ ਅਤੇ ਹਥਜਾਰਾਂ ਸਬੰਧੀ ਰਪੋਟ

ਅਪਣੀ ਰਪਟ ਦੇ ਆਖਰੀ ਪੈਰੇ ਵਿਚ ਕਰਨਲ ਬੇਲੀ ਲਿਖਦਾ ਹੈ, ਕਿ—"ਨੰਬਰਦਾਰਾਂ ਨੇ ਮੈਨੂੰ ਸੂਚਨਾ ਦਿਤੀ, ਕਿ ਘਟ ਤੋਂ ਘੱਟ ਦੋ ਲਖ ਰੁਪੈ

ਅਤੇ ਬਹੁਤ ਸਾਰੇ ਹਥਿਆਰ ਕਿਤੇ ਦੱਬੇ ਹੋਏ ਹਨ। (ਪਰ) ਏਨ੍ਹਾਂ ਚੀਜਾਂ ਦੀ ਤਲਾਸ਼ ਓਨਾ ਚਿਰ ਨਹੀਂ ਹੋ ਸਕਦੀ. ਸੀ, ਜਦ ਤਕ ਅਨਾਜ ਅਤੇ ਤੂੜੀ ਦਾ ਬੜਾ ਭਾਰੀ ਸਟੋਰ ਸਾਫ਼ ਨਾ ਕੀਤਾ ਜਾਂਦਾ। ਏਸ ਲਈ ਮੈਂ ਇਹ ਕੰਮ ਨਹੀਂ ਕੀਤਾ"।*

## ਮੰਦਰਾਂ ਦੀ ਦੋਬਾਰਾ ਤਲਾਸ਼ੀ

ਪਿਛੇ ਦੱਸਿਆ ਜਾ ਚੁਕਾ ਹੈ, ਜਦ ਕਰਨਲ ਬੇਲੀ ਨੇ ਭੈਣੀ ਸਾਹਿਬ ਦਾ ਸਾਰਾ ਸਾਮਾਨ ਲੁਟ ਪੁਟ ਕੇ ਲੁਧਿਆਨੇ ਭੇਜ ਦਿਤਾ ਸੀ, ਤਾਂ ਉਸਨੂੰ ਕਿਹਾ ਗਿਆ ਸੀ ਕਿ ੨ ਲਖ ਰੁਪਏ ਤੇ ਬਹੁਤ ਸਾਰੇ ਹਥਿਆਰ ਕਿਤੇ ਨੱਪੇ ਹੋਏ ਹਨ। ਬੇਲੀ ਨੇ ਇਸ ਦੀ ਖੋਜ ਨਹੀਂ ਸੀ ਕੀਤੀ, ਅਪਣੀ ਰਪੋਟ ਵਿਚ ਇਸਦਾ ਜ਼ਿਕਰ ਕਰ ਦਿਤਾ ਸੀ। ਸ੍ਰਕਾਰ ਭਲਾ ਇਸ ਗੱਲ ਨੂੰ ਨਜ਼ਰੋਂ ਓਹਲੇ ਕਿਵੇਂ ਕਰ ਸਕਦੀ ਸੀ? ਉਸਨੇ ਕਾਵਨ ਨੂੰ ਝਟ ਤਾਰ ਰਾਹੀਂ ਹੁਕਮ ਦਿਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਘਰਾਂ ਦੀ ਝਟ ਪਟ ਤੇ ਪੂਰੀ ਤਲਾਸ਼ੀ ਕੀਤੀ ਜਾਵੇ। ਅਤੇ ਉਹ ਖ਼ਜ਼ਾਨਾ ਤੇ ਹਥਿਆਰ ਬ੍ਰਾਮਦ ਕਰਨ ਦਾ ਯਤਨ ਕੀਤਾ ਜਾਵੇ, ਜਿਨ੍ਹਾਂ ਬਾਬਤ ਕਰਨਲ ਬੇਲੀ ਡੀ. ਆਈ. ਜੀ. ਲਾਹੌਰ ਸਰਕਲ ਨੇ ਲਾ-ਪ੍ਰਵਾਹੀ ਕੀਤੀ। ਏਥੇ ਉਸ ਤਾਰ ਦਾ ਉਲਥਾ ਪੇਸ਼ ਕੀਤਾ ਜਾਂਦਾ ਹੈ:-

"ਦਿੱਲੀ ੨੨ ਜਨਵਰੀ ੧੮੭੨—

ਵੱਲੋਂ, ਸਕੱਤਰ ਪੰਜਾਬ ਗਵਰਮੈਂਟ

ਵੱਲ—ਡਿਪਟੀ ਕਮਿਸ਼ਨਰ ਲੁਧਿਆਨਾ

"ਜਿਸ ਖ਼ਜ਼ਾਨੇ ਅਰ ਹਥਿਆਰਾਂ ਬਾਬਤ ਲੋਕਾਂ ਨੇ ਦੱਸਿਆ ਸੀ, ਕਿ ਕਿਤੇ ਦੱਬੇ ਹੋਏ ਹਨ, ਅਰ ਕਰਨਲ ਬੇਲੀ ਨੇ ਉਨ੍ਹਾਂ ਦੀ ਖੋਜ ਨਹੀਂ ਸੀ ਕੀਤੀ ਉਨ੍ਹਾਂ ਨੂੰ ਪ੍ਰਾਪਤ ਕਰਨ ਅਰਥ ਰਾਮ ਸਿੰਘ ਦੇ ਘਰਾਂ ਦੀ ਫ਼ੌਰਨ ਅਤੇ ਮੁਕੰਮਲ ਤਲਾਸ਼ੀ ਕੀਤੀ ਜਾਣੀ ਚਾਹੀਦੀ ਹੈ"।**

ਕਾਵਨ ਨੇ ਪੰਜਾਬ ਗਵਰਮੈਂਟ ਦੇ ਇਸ ਹੁਕਮ ਦੀ ਤਾਮੀਲ ਵਾਸਤੇ, ਮਿਸਟਰ ਜੈਕਸਨ-ਐਸਿਸਟੈਂਟ ਸੁਪਰੰਟੈਂਡੈਂਟ ਪੋਲੀਸ ਨੂੰ ਨੀਜਤ ਕੀਤਾ, ਜਿਸਨੇ ਭੈਣੀ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਦੇ ਸਮੂੰਹ ਮਕਾਨਾਂ ਨੂੰ ਪਾਣੀ ਹਾਂਡੇ ਤਕ ਪੁਟਾ ਕੇ ਬਰਬਾਦ ਕਰ ਦਿਤਾ। ਪਰ ਪ੍ਰਾਪਤ ਕੁਛ ਵੀ ਨਾ

* ਕੂਕਾ ਪੇਪਰਜ਼ ਪੰਨਾ ੧੮੫ ਤੋਂ ੧੮੬ ਤਕ

** ਕੂਕਾ ਪੇਪਰਜ਼ ਪੰਨਾ ੧੮੮

ਹੋਇਆ* ਦੇਖੋ ਕਾਵਨ ਦਾ ਨੋਟ:—

"—ਤਾਰ ਪ੍ਰਾਪਤ ਹੋਣ ਪਿਛੋਂ ਮੈਂ ਮਿਸਟਰ ਜੈਕਸਨ ਏ. ਐਸ. ਪੀ. ਨੂੰ ਨੀਯਤ ਕੀਤਾ, ਕਿ ਉਹ ਭੈਣੀ (ਸਾਹਿਬ) ਜਾ ਕੇ (ਸਤਿਗੁਰੂ) ਰਾਮ ਸਿੰਘ ਦੇ ਘਰਾਂ ਦੀ ਮੁਕੰਮਲ ਤਲਾਸ਼ੀ ਕਰੇ।

੨. ਮਿਸਟਰ ਜੈਕਸਨ ਨੇ ਵਾਪਸ ਆ ਕੇ ਰਪੋਟ ਕੀਤੀ ਹੈ, ਕਿ ਉਸ ਨੇ ਪੂਰੀ ਤਰ੍ਹਾਂ ਤਲਾਸ਼ੀ ਕੀਤੀ ਹੈ, ਜਿਸ ਥਾਂ ਤੇ ਵੀ ਉਸਨੇ ਸਮਝਿਆ ਕਿ ਰੁਪਏ ਤੇ ਹਥਿਆਰ ਦੱਬੇ ਹੋਣਗੇ, ਉਸਨੂੰ ਬਹੁਤ ਵਧੀਕ ਡੂੰਘਾਈ ਤਕ ਪੁਟਿਆ ਗਿਆ, ਪਰ ਦੋਹਾਂ ਚੀਜ਼ਾਂ (ਖ਼ਜ਼ਾਨੇ ਤੇ ਹਥਿਆਰਾਂ) ਦਾ ਕਾਈ ਪਤਾ ਨਹੀਂ ਲਗ ਸਕਿਆ।"

## ਸਤਿਗੁਰੂ ਜੀ ਦੇ ਸਾਮਾਨ ਬਾਬਤ ਸਰਕਾਰ ਦਾ ਹੁਕਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ਾਰਾਂ ਰੁਪਜਾਂ ਦੇ ਉਸ ਕੀਮਤੀ ਸਾਮਾਨ ਬਾਬਤ ਜੋ ਕਰਨਲ ਬੇਲੀ ਨੇ ਭੈਣੀ ਸਾਹਿਬ ਤੋਂ ਲੁੱਟ ਕੇ ਲੁਧਜਾਨੇ ਭੇਜਿਆ ਸੀ ਕਾਵਨ ਨੇ ਇਕ ਚਿਠੀ ਰਾਹੀਂ ਮੈਜਿਸਟਰੇਟ ਇਲਾਹਾਬਾਦ ਤੋਂ ਪੁਛਿਆ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਪੁਛਿਆ ਜਾਵੇ, ਕਿ ਉਨ੍ਹਾਂ ਦੇ ਰੁਪੈ ਤੇ ਗਹਿਣੇ ਕਿਸ ਦੇ ਹਵਾਲੇ ਕੀਤੇ ਜਾਣ।" ਇਸ ਦੇ ਉਤ੍ਰ ਵਿਚ ਸਕੱਤ੍ਰ ਪੰਜਾਬ ਗਵਰਮੈਂਟ ਨੇ ਹੁਕਮ ਦਿਤਾ ਕਿ—"ਉਹ ਗਵਰਮੈਂਟ ਦੀ ਆਗਜ਼ਾ ਤੋਂ ਬਿਨਾਂ ਕਿਸੇ ਨੂੰ ਨਾ ਦਿਤੇ ਜਾਣ।**

## ਬਾਕੀ ੧੬ ਵੀ ਤੋਪਾਂ ਨਾਲ

ਬ੍ਰਤਾਨਵੀ ਅਫਸਰਾਂ ਦੀ ਪੱਤੇਬਾਜ਼ੀ ਦਾ ਇਹ ਕੈਸਾ ਲੱਜਾ ਪੂਰਤ ਪ੍ਰਮਾਣ ਹੈ ਕਿ ਜਿਸ ਅਫ਼ਸਰ ਨੇ ਕਾਵਨ ਨੂੰ ਇਹ ਹੁਕਮ ਭੇਜਿਆ ਸੀ ਕਿ ਉਸਦੇ ਔਣ ਤੋਂ ਪਹਿਲੋਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦਿਤੀ ਜਾਵੇ ਉਸ ਨੇ ਆਪ ਦੂਜੇ ਦਿਨ ਕੋਟਲੇ ਪੁੱਜ ਕੇ ਕਾਵਨ ਤੋਂ ਬਚੇ ਹੋਏ ੧੬ ਆਦਮੀਆਂ ਨੂੰ ਮੌਤ ਦੇ ਘਾਟ ਪਾਰ ਉਤਾਰ ਦਿਤਾ। ਫ਼ਾਰਸਿਥ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਪ੍ਰਜਾਗ ਵਲ ਤੋਰਨ ਤੋਂ ਪਿਛੋਂ ੭ ਮਾਘ ੧੯੨੮ ਮੁਤਾਬਕ ੧੮

---

* ਡਿਪਟੀ ਕਮਿਸ਼ਨਰ ਕਾਵਨ ਦਾ ਆਫ਼ਿਸ ਨੋਟ ਨੰ: ੨੬ ਤ੍ਰੀਕ ੨੯ ਜਨਵਰੀ ੧੮੭੨। ਇਹ ਨੋਟ ਕਾਵਨ ਨੇ ਅਪਣੀ ਰਪੋਟ ਸਮੇਤ ਕਮਿਸ਼ਨਰ ਅੰਬਾਲਾ ਨੂੰ ਘੱਲਿਆ ਸੀ।

** ਕੂਕਾ ਕਾਗਜ਼ਾਤ

ਜਨਵਰੀ ੧੮੭੨ ਨੂੰ ਸਵੇਰੇ ਹੀ ਕਰਨਲ ਗੜ੍ਹ ਅਤੇ ਉਸਦੇ ਰਸਾਲੇ ਦੇ ਇਕ ਦਸਤੇ ਨਾਲ ਕੋਟਲੇ ਪੁਜਾ। ਮਿਸਟਰ ਕਾਵਨ ਨੇ ਮਲੇਰਕੋਟਲੇ ਦੇ ਨਾਜ਼ਮ ਅਤੇ ਤਸੀਲਦਾਰ ਦੀ ਹਾਜਰੀ ਵਿਚ ੧੬ ਕੂਕਿਆਂ ਦਾ ਮੁਕੱਦਮਾ ਤਿਆਰ ਕਰਕੇ ਉਨ੍ਹਾਂ ਲਈ ਮੌਤ ਦੀ ਸਜ਼ਾ ਤਜਵੀਜ਼ ਕੀਤੀ ਹੋਈ ਸੀ। ਫਾਰਸਿਥ ਨੇ ਮਲੇਰਕੋਟਲੇ ਪੁਜਦਿਆਂ ਹੀ ਉਸਦੀ ਤਸਦੀਕ ਕਰ ਦਿਤੀ, ਅਤੇ ਉਨ੍ਹਾਂ ੧੬ ਬੀਰਾਂ ਨੂੰ ਵੀ ਰਿਆਸਤੀ ਯੂਰਪੀਨ ਹਾਕਮਾਂ ਦੇ ਸਾਹਮਣੇ ਤੋਪ ਨਾਲ ਉਡਾ ਦਿਤਾ।*

## ਫਾਰਸਿਥ ਵਲੋਂ ਇਨਾਮ ਤਕਸੀਮ ਕੀਤੇ ਗਏ

ਸਿੰਘਾਂ ਨੂੰ ਤੋਪਾਂ ਨਾਲ ਉਡਾਣ ਤੋਂ ਪਿਛੋਂ ਫਾਰਸਿਥ ਨੇ ਇਕ ਦਰਬਾਰ ਕੀਤਾ, ਜਿਸ ਵਿਚ ਕਾਵਨ ਦੀ ਸਿਫ਼ਾਰਸ਼ ਨਾਲ ਉਨ੍ਹਾਂ ਆਦਮੀਆਂ ਨੂੰ ਇਨਾਮ ਦਿਤੇ ਗਏ, ਜਿਨ੍ਹਾਂ ਨੇ ੧੦੦ ਦੇ ਕਰੀਬ ਇਨਾਂ ਦੇਸ਼ ਭਗਤਾਂ ਦੇ ਵਿਰੁੱਧ ਖ਼ੂਨੀ ਡਰਾਮੇ ਵਿਚ ਉਸਦੀ ਸਹੈਤਾ ਕੀਤੀ ਸੀ। ਇਨਾਮ ਰਿਆਸਤ ਕੋਟਲਾ ਦੇ ਖਜ਼ਾਨੇ ਵਿਚੋਂ ਵੰਡੇ ਗਏ ਜਿਨਾਂ ਦਾ ਵੇਰਵਾ ਇਸ ਪ੍ਰਕਾਰ ਹੈ:--

---

* ਇਨ੍ਹਾਂ ੧੬ ਸ਼ਹੀਦਾਂ ਸਬੰਧੀ ਆਮ ਤੌਰ ਤੇ ਪ੍ਰਸਿਧ ਹੈ, ਕਿ ਫਾਂਸੀ ਦਿਤੇ ਗਏ ਸਨ, ਪਰ ਸਰਕਾਰੀ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਉਨਾਂ ਨੂੰ ਵੀ ਤੋਪ ਨਾਲ ਹੀ ਉਡਾਇਆ ਗਿਆ ਸੀ। ਇਸਦੀ ਪੁਸ਼ਟੀ ਇਉਂ ਹੁੰਦੀ ਹੈ ਕਿ ਪੰਜਾਬ ਸਰਕਾਰ ਦੇ ਸਕੱਤਰ ਸੀ. ਐਮ. ਰਿਵਾਜ ਨੇ ਆਪਣੀ ਚਿਠੀ ਨੰਬਰ ੭੭ ਸੀ, ੧੪ ਫਰਵਰੀ ੧੮੭੨ ਰਾਹੀਂ ਫਾਰਸਿਥ ਨੂੰ ਪੁਛਿਆ ਸੀ ਕਿ ਜਿਨ੍ਹਾਂ ੧੬ ਆਦਮੀਆਂ ਨੂੰ ਮੌਤ ਦੀ ਸਜ਼ਾ ਦਿਤੀ ਗਈ, ਉਹ ਫਾਂਸੀ ਚਾੜ੍ਹੇ ਗਏ ਸਨ ਯਾ ਤੋਪਾਂ ਨਾਲ ਉਡਾਏ ਗਏ"? ਉਤ੍ਰ ਵਿਚ ਲਿਖਿਆ ਗਿਆ ਕਿ "ਜਿਨ੍ਹਾਂ ਆਦਮੀਆਂ ਬਾਬਤ ਪੁਛਿਆ ਗਿਆ ਹੈ, ਉਹ ਤੋਪਾਂ ਨਾਲ ਉਡਾਏ ਗਏ ਸਨ।" (ਕੂਕਾ ਪੇਪਰਜ਼ ਪੰਨਾ ੩੩੨) ਇਸਦੀ ਪੁਸ਼ਟੀ ਸੰਤ ਵਰਯਾਮ ਸਿੰਘ ਮਰ੍ਹਾਜ ਦੀ ਸ਼ਹੀਦੀ ਤੋਂ ਵੀ ਹੁੰਦੀ ਹੈ। ਇਹ ਮਹਾਰਾਜਾ ਪਟਿਆਲਾ ਦੇ ਕਰੀਬੀ ਰਿਸ਼ਤੇਦਾਰਾਂ ਵਿਚੋਂ ਸੀ, ਜੋ ਮਧਰੇ ਕੱਦ ਦਾ ਨੌਜਵਾਨ ਲੜਕਾ ਸੀ, ਇਸ ਵਾਸਤੇ ਸਿਫ਼ਾਰਸ਼ ਐਨ ਉਸ ਵੇਲੇ ਪੁਜੀ, ਜਦ ਇਸਨੂੰ ਤੋਪ ਅੱਗੇ ਖੜ੍ਹਾ ਕੀਤਾ ਗਿਆ। ਫ਼ੈਰ ਕਰਨ ਤੋਂ ਪਹਿਲੋਂ ਹੀ ਕਾਵਨ ਨੇ ਤੋਪਚੀ ਨੂੰ ਕਿਹਾ ਕਿ --"ਇਸ ਆਦਮੀ ਕੋ ਛੋੜ ਦੋ"। ਤੋਪਚੀ ਨੇ ਝੱਟ ਬਹਾਨਾ ਬਣਾ ਕੇ ਸਾਹਿਬ ਨੂੰ ਕਿਹਾ ਕਿ "ਜਨਾਬ ਇਸਦਾ ਕੱਦ ਛੋਟਾ ਹੋਣ ਕਰਕੇ ਇਸਦੀ ਛਾਤੀ ਤੋਪ ਦੀ ਮੂਹਰੀ ਅਗੇ ਫਿਟ ਨਹੀਂ ਔਂਦੀ।" ਵਰਯਾਮ ਸਿੰਘ ਨੇ ਇਹ ਸੁਣਦਿਆਂ ਹੀ ਕੋਲ ਪਈਆਂ ਤਿੰਨ ਚਾਰ ਢੇਮਾਂ ਦੀ ਥੜੀ ਬਣਾਈ; ਜਿਸਤੇ ਖੜਿਆਂ ਹੋ ਛਾਤੀ ਠੋਕ ਕੇ ਆਖਿਆ ਹੁਣ ਤਾਂ ਮੇਰੀ ਛਾਤੀ ਤੋਪ ਦੇ ਮੂੰਹ ਅਗੇ ਫਿਟ ਹੈ ਗੋਲਾ ਕਿਉਂ ਨਹੀਂ ਚਲੌਂਦੇ? ਕਾਵਨ ਜੋਸ਼ ਵਿਚ ਆ ਗਿਆ ਤੇ ਫ਼ੈਰ ਦਾ ਹੁਕਮ ਦੇ ਦਿਤਾ। ਬਸ ਫ਼ੈਰ ਹੁੰਦਿਆਂ ਸਾਰ ਵਰਯਾਮ ਸਿੰਘ ਵੀ ਆਪਣੇ ਸ਼ਹੀਦ ਸਾਥੀਆਂ ਦੇ ਮੰਡਲ ਵਿਚ ਪੁਜ ਗਿਆ। ਸੋ ਵਰਯਾਮ ਸਿੰਘ ਮਰ੍ਹਾਜ ਦਾ ਨਾਮ ੧੮ ਤ੍ਰੀਕ ਨੂੰ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਫ਼ਹਿਰਸਤ ਵਿਚ ਹੈ ਜਿਸਤੋਂ ਸਾਫ਼ ਹੋ ਜਾਂਦਾ ਹੈ ਕਿ ਏਨਾਂ ੧੬ ਨੂੰ ਵੀ ਤੋਪਾਂ ਨਾਲ ਹੀ ਉਡਾਇਆ ਗਿਆ ਸੀ।।

Sri Satguru Jagjit Singh Ji Elibrary NamdhariElibrary@gmail.com

| | |
|---|---|
| ਨਿਆਜ਼ ਅਲੀ ਨਾਇਬ ਨਾਜ਼ਮ | |
| ਪਟਿਆਲਾ | ੧੦੦੦) (ਇਕ ਹਜ਼ਾਰ ਰੁਪਯਾ) |
| ਪੰਜਾਬ ਸਿੰਘ ਇਕ ਦਰਬਾਰੀ | ੩੦੦) (ਤਿੰਨ ਸੌ ਰੁਪਯਾ) |
| ਜੈਮਲ ਸਿੰਘ ਮੁਖ਼ਬਰ | ੨੦੦) (ਦੋ ਸੌ ਰੁਪਯਾ) |
| ਮਸਤਾਨ ਅਲੀ | ੧੦੦) (ਇਕ ਸੌ ਰੁਪਯਾ) |

ਉੱਤਮ ਸਿੰਘ ਥਾਣੇਦਾਰ ਜਿਸਨੇ ਸਿੰਘਾਂ ਨੂੰ ਧੋਖੇ ਨਾਲ ਫੜਾਇਆ ੫੦) (ਪੰਜਾਹ ਰੁਪੈ ਤੇ ਕੁਛ ਜ਼ਮੀਨ ਰਿਆਸਤ ਪਟਿਆਲਾ ਵੱਲੋਂ)

| | |
|---|---|
| ਰਤਨ ਸਿੰਘ | ੫੦) ਪੰਜਾਹ ਰੁਪੈ |
| ਗੁਲਾਬ ਸਿੰਘ | ੫੦) ਪੰਜਾਹ ਰੁਪੈ |
| ਪ੍ਰਤਾਪ ਸਿੰਘ | ੫੦) ਪੰਜਾਹ ਰੁਪੈ |

## ਰਾਜਿਆਂ ਦਾ ਧੰਨਵਾਦ

ਇਸ ਤੋਂ ਪਿਛੋਂ ਫਾਰਸਿਥ ਵੱਲੋਂ ਪਟਿਆਲਾ, ਨਾਭਾ ਤੇ ਜੀਂਦ ਦੇ ਰਾਜਿਆਂ ਨੂੰ ਧੰਨਵਾਦ ਦੀਆਂ ਚਿੱਠੀਆਂ ਭੇਜੀਆਂ ਗਈਆਂ। ਇਹ ਚਿੱਠੀਆਂ ਉਪ੍ਰੋਕਤ ਰਾਜਿਆਂ ਦੇ ਵਕੀਲਾਂ ਦੀ ਹੱਥੀਂ ਭੇਜੀਆਂ ਗਈਆਂ ਜੋ ਕੋਟਲੇ ਦੀ ਇਸ ਦੁਸ਼ਟ ਸਭਾ ਵਿਚ ਬੈਠੇ ਹੋਏ ਸਨ। *

ਮਲੌਦ ਵਿਖੇ ਜੋ ੪ ਫਟੜ ਸਿੰਘ ਫੜੇ ਗਏ ਸਨ, ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਬਾਬਤ ਕਾਵਨ ਨੇ ਪੰਜਾਬ ਗਵਰਮੈਂਟ ਤੋਂ ਆਗਿਆ ਮੰਗੀ, ਪਰ ਸਰਕਾਰ ਨੇ ਨਾਂਹ ਕਰ ਦਿਤੀ ਸੀ। ਫਾਰਸਿਥ ੧੮ ਜਨਵਰੀ ਨੂੰ ਹੀ ਮਲੌਦ ਪੁਜਾ ਤੇ ਇਨ੍ਹਾਂ ਚਹੁੰ ਫੱਟੜਾਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾ ਦਿਤੀ। ਏਥੇ ਇਹ ਗੱਲ ਵਰਣਨਯੋਗ ਹੈ, ਕਿ ਫਾਰਸਿਥ ਨੂੰ ਪੰਜਾਬ ਗਵਰਮੈਂਟ ਵਲੋਂ ਇਕ ਤਾਰ ਮਿਲੀ ਸੀ, ਜਿਸ ਵਿਚ ਹਦੈਤ ਕੀਤੀ ਗਈ ਸੀ, ਕਿ ਲਾਟ ਸਾਹਿਬ ਦੀ ਸਾਫ਼ ਆਗਜ਼ਾ ਤੋਂ ਬਿਨਾਂ ਕਿਸੇ ਨੂੰ ਮੌਤ ਦੀ ਸਜ਼ਾ ਨ ਦਿਤੀ ਜਾਵੇ:-

> **ਪ੍ਰੰਤੂ ਫਾਰਸਿਥ ਅਪਨੀ ੨੦-੧-੧੮੭੨ ਦੀ ਰਪੋਟ ਵਿਚ ਲਿਖਦਾ ਹੈ ਕਿ:-"ਇਸ ਰਪੋਟ ਦੇ ਲਿਖਦਿਆਂ ਹੋਇਆਂ ਮੈਨੂੰ ਤਾਰ ਮਿਲੀ ਹੈ, ਜਿਸ ਵਿਚ ਮੈਨੂੰ ਹਦੈਤ ਕੀਤੀ ਗਈ ਹੈ, ਕਿ ਜਦ ਤਕ ਲਾਟ ਸਾਹਿਬ ਦੀ ਸਪਸ਼ਟ ਆਗਜ਼ਾ ਨਾਂ ਮਿਲੇ ਮੌਤ**

---

* ਕੂ: ਆ: ਬੁੱਕ ਪੰ: ੩੯-੪੦

Sri Satguru Jagjit Singh Ji Elibrary NamdhariElibrary@gmail.com

ਦੀਆਂ ਸਜ਼ਾਵਾਂ ਬੰਦ ਕਰ ਦਿਤੀਆਂ ਜਾਣ। ਜੋ ਕੁਛ ਮੈਂ ਪਹਿਲੋਂ ਕਰ ਚੁਕਾ ਹਾਂ, ਉਸਦਾ ਏਥੇ ਜ਼ਿਕਰ ਕਰਦਾ ਹਾਂ। ਮੇਰੇ ਕੋਟਲੇ ਪਹੁੰਚਣ ਤਕ ੩੦ ਆਦਮੀ ਸਨ, ਜਿਨ੍ਹਾਂ ਵਿਚੋਂ ੧੬ ਤੇ ਮੁਕੱਦਮਾ ਚਲਾਇਆ ਗਿਆ, ਅਤੇ ਕਮਿਸ਼ਨਰ ਦੇ ਅਧਿਕਾਰ ਅਨੁਸਾਰ ਮੈਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿਤੀ। ਬਾਕੀ ਦਿਆਂ ੧੪ ਵਿਚੋਂ ੪ ਨੂੰ ਹੁਣੇ ਹੀ ਉਮਰ ਕੈਦ ਦੀ ਸਜ਼ਾ ਦਿਤੀ ਗਈ ਹੈ, ਅਤੇ ਬਾਕੀ ਦਸਾਂ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ।"

*

Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਹੋਏ ਸਿੱਖਾਂ ਦੀ ਫ਼ਰਿਸਤ

(੧) ਸੁਦਾਰ ਹੀਰਾ ਸਿੰਘ ਜੀ (ਲੀਡਰ) — ਪਿੰਡ ਸਕਰੌਦੀ ਰਿਆਸਤ ਪਟਿਆਲਾ।

(੨) ਸੁਦਾਰ ਲਹਿਣਾ ਸਿੰਘ ਜੀ (ਲੀਡਰ) — ਪਿੰਡ ਸਕਰੌਦੀ ਰਿਆਸਤ ਪਟਿਆਲਾ।

(੩) ਸੁਦਾਰ ਮਿਤ ਸਿੰਘ ਜੀ — ਪਿੰਡ ਸਕਰੌਦੀ ਰਿਆਸਤ ਪਟਿਆਲਾ।

(੪) ਸੁਦਾਰ ਕਟਾਰ ਸਿੰਘ ਜੀ — ਪਿੰਡ ਧਨੌਲਾ ਰਿਆਸਤ ਪਟਿਆਲਾ।

(੫) ਸੁਦਾਰ ਪਰਸਾ ਸਿੰਘ ਜੀ — ਪਿੰਡ ਗੁਰੂ ਸਰ ਰਿਆਸਤ ਪਟਿਆਲਾ।

(੬) ਸੁਦਾਰ ਧਿਆਨ ਸਿੰਘ ਜੀ — ਪਿੰਡ ਭੱਦਲਥੂਹਾ ਰਿਆਸਤ ਪਟਿਆਲਾ

(੭) ਸੁਦਾਰ ਰਤਨ ਸਿੰਘ ਜੀ — ਪਿੰਡ ਭੱਦਲਥੂਹਾ ਰਿਆਸਤ ਪਟਿਆਲਾ

(੮) ਸੁਦਾਰ ਭੂਪ ਸਿੰਘ ਜੀ — ਪਿੰਡ ਦਿਆਲਗੜ੍ਹ ਰਿਆਸਤ ਪਟਿਆਲਾ

(੯) ਸੁਦਾਰ ਅਤਰ ਸਿੰਘ ਜੀ — ਪਿੰਡ ਦਿਆਲਗੜ੍ਹ ਰਿਆਸਤ ਪਟਿਆਲਾ

(੧੦) ਸੁ: ਹਰਨਾਮ ਸਿੰਘ ਜੀ — ਪਿੰਡ ਗਿੱਲ ਰਿਆਸਤ ਪਟਿਆਲਾ

(੧੧) ਸੁ: ਗੁਜ਼ਰ ਸਿੰਘ ਜੀ — ਪਿੰਡ ਹਰੀਪੁਰ ਰਿਆਸਤ ਪਟਿਆਲਾ



Sri Satguru Jagjit Singh Ji Elibrary NamdhariElibrary@gmail.com

| | |
|---|---|
| (੧੨) ਸ੍ਰ: ਨੰਦ ਸਿੰਘ ਜੀ | ਪਿੰਡ ਹੰਡਿਆਇਆ<br>ਰਿਆਸਤ ਪਟਿਆਲਾ |
| (੧੩) ਸ੍ਰ: ਸੱਦਾ ਸਿੰਘ ਜੀ | ਪਿੰਡ ਹੰਡਿਆਇਆ<br>ਰਿਆਸਤ ਪਟਿਆਲਾ |
| (੧੪) ਸ੍ਰ: ਕਾਲਾ ਸਿੰਘ ਜੀ | ਦਿਆਲਪੁਰ ਰਿ: ਕੋਟਲਾ |
| (੧੫) ਸ੍ਰ: ਵਰਜਾਮ ਸਿੰਘ ਜੀ ਮੌਮ | |
| (੧੬) ਸ੍ਰ: ਬੀਰ ਸਿੰਘ ਮੌਮ | |
| (੧੭) ਸ੍ਰ: ਨਰੈਣ ਸਿੰਘ ਜੀ | ਪਿੰਡ ਰੰਗੀਆਂ |
| (੧੮) ਸ੍ਰ: ਨੱਥਾ ਸਿੰਘ | ਪਿੰਡ ਬਰਨਾਲਾ<br>ਰਿਆਸਤ ਪਟਿਆਲਾ |
| (੧੯) ਸ੍ਰ: ਵਰਜਾਮ ਸਿੰਘ ਜੀ, | ਪਿੰਡ ਬਰਨਾਲਾ<br>ਰਿਆਸਤ ਪਟਿਆਲਾ |
| (੨੦) ਸ੍ਰ: ਰਤਨ ਸਿੰਘ ਜੀ | ਪਿੰਡ ਬਰਨਾਲਾ<br>ਰਿਆਸਤ ਪਟਿਆਲਾ |
| (੨੧) ਸ੍ਰ: ਹਰਨਾਮ ਸਿੰਘ ਜੀ | ਧਮੋਟ<br>ਰਿਆਸਤ ਪਟਿਆਲਾ |
| (੨੨) ਸ੍ਰ: ਸਦਾ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |
| (੨੩) ਸ੍ਰ: ਨਰੈਣ ਸਿੰਘ | ਪਿੰਡ ਰੜ<br>ਰਿਆਸਤ ਪਟਿਆਲਾ |
| (੨੪) ਸ੍ਰ: ਅਤਰ ਸਿੰਘ | ਪਿੰਡ ਰੜ<br>ਰਿਆਸਤ ਪਟਿਆਲਾ |
| (੨੫) ਸ੍ਰ: ਬਿਸ਼ਨ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |

Sri Satguru Jagjit Singh Ji Elibrary NamdhariElibrary@gmail.com

| | |
|---|---|
| (੨੬) ਸੂ: ਹੀਰਾ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |
| (੨੭) ਸੂ: ਹਰਨਾਮ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |
| (੨੮) ਸੂ: ਜੈਮਲ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |
| (੨੯) ਸੂ: ਗੁਰਦਿਤ ਸਿੰਘ ਜੀ | ਪਿੰਡ ਰੜ<br>ਰਿਆਸਤ ਪਟਿਆਲਾ |
| (੩੦) ਸੂ: ਸ਼ੇਰ ਸਿੰਘ ਜੀ | ਪਿੰਡ ਦੀਵਾ |
| (੩੧) ਨੰਬਰਦਾਰ ਗੁਰਮੁਖ ਸਿੰਘ | ਫਰਵਾਹੀ<br>ਰਿਆਸਤ ਮਲੇਰਕੋਟਲਾ |
| (੩੨) ਸੰਤ ਭੂਪ ਸਿੰਘ | ਪਿੰਡ ਫਰਵਾਹੀ<br>ਰਿਆਸਤ ਮਲੇਰਕੋਟਲਾ |
| (੩੩) ਸੰਤ ਖੜਗ ਸਿੰਘ | ਪਿੰਡ ਫਰਵਾਹੀ<br>ਰਿਆਸਤ ਮਲੇਰਕੋਟਲਾ |
| (੩੪) ਸੰਤ ਨਰੈਣ ਸਿੰਘ ਚੂੰਘ | ਪਿੰਡ ਫਰਵਾਹੀ<br>ਰਿਆਸਤ ਮਲੇਰਕੋਟਲਾ |
| (੩੫) ਸੰਤ ਧਿਆਨ ਸਿੰਘ | ਪਿੰਡ ਚੱਕ ਕੂਕਿਆਂ<br>ਰਿ: ਕੋਟਲਾ |
| (੩੬) ਸੰਤ ਅਤਰ ਸਿੰਘ | ਵਾਲੀਆਂ ਰਿ: ਸੰਗਰੂਰ |
| (੩੭) ਸੰਤ ਫਤਹ ਸਿੰਘ | ਵਾਲੀਆਂ ਰਿ: ਸੰਗਰੂਰ |
| (੩੮) ਸੰਤ ਫਤਹ ਸਿੰਘ | ਖੜਗਪੁਰ ਰਿ: ਸੰਗਰੂਰ |
| (੩੯) ਸੰਤ ਪ੍ਰੇਮ ਸਿੰਘ | ਖੜਗਪੁਰ ਰਿ: ਸੰਗਰੂਰ |
| (੪੦) ਸੰਤ ਹਰਨਾਮ ਸਿੰਘ ਮੰਡੀ | ਖੜਗਪੁਰ ਰਿ: ਸੰਗਰੂਰ |

Sri Satguru Jagjit Singh Ji Elibrary NamdhariElibrary@gmail.com

| | | |
|---|---|---|
| (੪੧) | ਸੰਤ ਮਾਘਾ ਸਿੰਘ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੨) | ਸੰਤ ਅਤਰ ਸਿੰਘ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੩) | ਸੰਤ ਜੋਧ ਸਿੰਘ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੪) | ਸੰਤ ਨਿਧਾਨ ਸਿੰਘ ਸਾਦਕ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੫) | ਸੰਤ ਹਰਨਾਮ ਸਿੰਘ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੬) | ਸੰਤ ਜਗਤ ਸਿੰਘ ਗੰਜੀ | ਪਿੰਡ ਮਰ੍ਹਾਜ ਜ਼ਿਲਾ ਫੀਰੋਜ਼ਪੁਰ |
| (੪੭) | ਸੰਤ ਉਤਮ ਸਿੰਘ | ਰੁੜਕਾ ਜ਼ਿ ਲੁਧਿਆਣਾ |
| (੪੮) | ਸੰਤ ਚੜ੍ਹਤ ਸਿੰਘ | ਰੁੜਕਾ ਜ਼ਿ ਲੁਧਿਆਣਾ |
| (੪੯) | ਸੰਤ ਸੁਹੇਲ ਸਿੰਘ | ਲਹਿਰਾ ਜ਼ਿ ਲੁਧਿਆਣਾ |
| (੫੦) | ਸੰਤ ਦੇਵਾ ਸਿੰਘ | ਲੋਹਗੜ੍ਹ |
| (੫੧) | ਸੰਤ ਮਹਾ ਸਿੰਘ ਚਾਓ | " " |
| (੫੨) | ਸੰਤ ਹਜ਼ਾਰਾ ਸਿੰਘ | " " " |
| (੫੩) | ਸੰਤ ਬੀਰ ਸਿੰਘ | " " " |
| (੫੪) | ਸੰਤ ਪ੍ਰੇਮ ਸਿੰਘ | ਪੀਰ ਦਾ ਕੋਟ |
| (੫੫) | ਸੰਤ ਕਾਹਨ ਸਿੰਘ | ਸੰਗੋਵਾਲ |
| (੫੬) | ਸੰਤ ਜੀਵਨ ਸਿੰਘ | ਬੱਲੋਂ |
| (੫੭) | ਸੰਤ ਮੀਹਾਂ ਸਿੰਘ | ਲਤਾਲਾ |
| (੫੮) | ਸੰਤ ਗੁਰਮੁਖ ਸਿੰਘ | ਲਤਾਲਾ |
| (੫੯) | ਸੰਤ ਨੱਥਾ ਸਿੰਘ | ਰੱਬੋਂ |
| (੬੦) | ਸੰਤ ਵਜ਼ੀਰ ਸਿੰਘ | " " |

## ੧੮ ਤ੍ਰੀਕ ਦੇ ਸ਼ਹੀਦ

| | | |
|---|---|---|
| (੧) | ਸੰਤ ਅਲਬੇਲ ਸਿੰਘ | ਪਿੰਡ ਵਾਲੀਆਂ ਰਿਆਸਤ ਪਟਿਆਲਾ |
| (੨) | ਸੰਤ ਰੂੜ ਸਿੰਘ | ਪਿੰਡ ਮਾਜਰਾ |

(੩) ਸੰਤ ਕੇਸਰ ਸਿੰਘ — ਪਿੰਡ ਗਿੱਲਾਂ ਰਿ: ਨਾਭਾ

(੪) ਸੰਤ ਸੇਢਾ ਸਿੰਘ — ਪਿੰਡ ਰੱਬੋਂ ਜਿ: ਲੁਧਯਾਨਾ

(੫) ਸੰਤ ਅਨੂਪ ਸਿੰਘ — ਪਿੰਡ ਸਕਰੌਦੀ ਰਿ: ਪਟਿਆਲਾ

(੬) ਸੰਤ ਸੋਭਾ ਸਿੰਘ — ਪਿੰਡ ਰੱਬੋਂ ਜ਼ਿ: ਲੁਧਜਾਨਾ

(੭) ਸੰਤ ਨਰੈਣ ਸਿੰਘ — ਪਿੰਡ ਛੰਨਾ ਬਹਾਦਰ ਸਿੰਘ ਜ਼ਿ ਲੁਧਜਾਨਾ

(੮) ਸੰਤ ਸ਼ਾਮ ਸਿੰਘ — ਪਿੰਡ ਜੋਗਾ ਰਿ: ਪਟਿਆਲਾ

(੯) ਸੰਤ ਹੀਰਾ ਸਿੰਘ — ਪਿੰਡ ਪਿਥੋਕੀ ਰਿ: ਨਾਭਾ

(੧੦) ਸੰਤ ਭਗਤ ਸਿੰਘ — ਪਿੰਡ ਕੰਜਲਾ ਰਿ: ਪਟਿਆਲਾ

(੧੧) ਸੰਤ ਹਾਕਮ ਸਿੰਘ — ਪਿੰਡ ਚੁਭਾਲ ਜ਼ਿ: ਅੰਮ੍ਰਿਤਸਰ

(੧੨) ਸੰਤ ਵਰਿਜਾਮ ਸਿੰਘ — ਪਿੰਡ ਮਰ੍ਹਾਜ ਜ਼ਿ ਫੀਰੋਜਪੁਰ

(੧੩) ਸੰਤ ਸੋਭਾ ਸਿੰਘ — ਪਿੰਡ ਬੱਦਲ ਰਿ: ਨਾਭਾ

(੧੪) ਸੰਤ ਸੁਜਾਨ ਸਿੰਘ — ਪਿੰਡ ਰੱਬੋਂ ਜ਼ਿ: ਲੁਧਜਾਨਾ

(੧੫) ਸੰਤ ਬੇਲਾ ਸਿੰਘ — ਪਿੰਡ ਰੱਬੋਂ ਜ਼ਿ: ਲੁਧਜਾਨਾ

(੧੬) ਸੰਤ ਜਵਾਹਰ ਸਿੰਘ — ਪਿੰਡ ਵਾਲੀਆਂ ਰਿ: ਪਟਿਆਲਾ

## ਅੱਸੀ ਸ਼ਹੀਦ

| | |
|---|---|
| ੧੪ ਜਨਵਰੀ ਨੂੰ ਮਲੌਦ ਵਿਖੇ ਸ਼ਹੀਦ | ੨ |
| ੧੫ ਜਨਵਰੀ ਨੂੰ ਕੋਟਲੇ ਜੰਗ ਵਿਚ ਸ਼ਹੀਦ ਹੋਏ | ੭ |
| ਕੋਟਲੇ ਜੰਗ ਵਿਚ ਮਰਨਾਊ ਸਿਖ ਜੋ ਪਿਛੋਂ ਹੁਕਮ ਸੱਤਿ ਹੋ ਗਿਆ | ੧ |
| ੧੭ ਜਨਵਰੀ ਨੂੰ ਮਲੇਰਕੋਟਲੇ ਤੋਪਾਂ ਨਾਲ ਉਡਾਏ | ੪੯ |
| ੧੭ ਜਨਵਰੀ ਨੂੰ ਤਲਵਾਰ ਨਾਲ ਸ਼ਹੀਦ | ੧ |

| | |
|---|---|
| ੧੮ ਜਨਵਰੀ ਨੂੰ ਤੋਪਾਂ ਨਾਲ ਸ਼ਹੀਦ ਹੋਏ | ੧੬ |
| ਮਲੌਦ ਦੇ ੪ ਫੱਟੜ ਕਾਲੇ ਪਾਣੀ | |
| ਗਏ ਵਾਪਸ ਨਹੀਂ ਪਰਤੇ | ੪ |
| ਕੁੱਲ ਜੋੜ | ੮੦ |

ਮਲੌਦ ਵਾਲੇ ਚਹੁੰ ਫੱਟੜ ਸਿੰਘਾਂ ਦੇ ਨਾਉਂ ਹੇਠਾਂ ਦਿਤੇ ਜਾਂਦੇ ਹਨ ਜਿਨ੍ਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ:

(੧) ਭਗਵਾਨ ਸਿੰਘ ਪੁੱਤ੍ਰ ਰਾਮ ਸਿੰਘ ਪਿੰਡ ਨੰਗਲ ਰਿਆਸਤ ਪਟਿਆਲਾ।

(੨) ਗਿਆਨ ਸਿੰਘ ਪੁੱਤਰ ਦੱਲਾ ਸਿੰਘ ਪਿੰਡ ਫੁਲੇਰੀ

(੩) ਥੰਮਨ ਸਿੰਘ ਪੁੱਤ੍ਰ ਅਲਬੇਲ ਸਿੰਘ ... ... ਇਹ ਨੰਬਰ (੨) ਦਾ ਚਾਚਾ ਸੀ।

(੪) ਮੇਹਰ ਸਿੰਘ ਪੁੱਤ੍ਰ ਗੁਲਾਬ ਸਿੰਘ ਕੂਕਾ ਪਿੰਡ ਅਲਾਵਲ ਪੁਰ ਜਿਲਾ ਜਲੰਧਰ। (ਕੂਕਾ ਆਊਟ ਬ੍ਰੇਕ ਪੰਨਾ ੬੬)

*

Sri Satguru Jagjit Singh Ji Elibrary NamdhariElibrary@gmail.com

# ਪਟਿਆਲਾ ਆਰਕਾਈਵਜ਼ ਤੋਂ ਪ੍ਰਾਪਤ ਮਲੇਰਕੋਟਲੇ ਹੋਏ ਨਾਮਧਾਰੀ ਸ਼ਹੀਦਾਂ ਦੀ ਸੂਚੀ

(ਪਟਿਆਲਾ ਆਰਕਾਈਵਜ਼ ਤੋਂ ਮਲੇਰਕੋਟਲੇ ਵਿਖੇ ਹੋਏ ਨਾਮਧਾਰੀ ਸ਼ਹੀਦਾਂ ਦੀ ਜੋ ਸੂਚੀ ਹਾਲ ਹੀ ਵਿੱਚ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਅਤੇ ਸੂਬਾ ਸੁਰਿੰਦਰ ਕੌਰ ਖਰਲ ਨੇ ਪ੍ਰਾਪਤ ਕੀਤੀ ਹੈ, ਉਹ ਇਥੇ ਦਿੱਤੀ ਜਾ ਰਹੀ ਹੈ।) -ਪ੍ਰਕਾਸ਼ਕ

| ਨਾਮ | ਪਿਤਾ ਦਾ ਨਾਮ | ਪਤਾ |
|---|---|---|
| ੧. ਸ. ਹੀਰਾ ਸਿੰਘ | ਸ. ਕਹਾਨ ਸਿੰਘ | ਸਕਰੌਦੀ (ਭਵਾਨੀਗੜ੍ਹ) |
| ੨. ਸ. ਲਹਿਣਾ ਸਿੰਘ | ਸ. ਮਹਿਤਾਬ ਸਿੰਘ | ਸਕਰੌਦੀ (ਭਵਾਨੀਗੜ੍ਹ) |
| ੩. ਸ. ਸਿਬੀ ? ਸਿੰਘ | ਸ. ਗੰਡਾ ਸਿੰਘ | ਭੱਦਲਥੂਹਾ, ਥਾਣਾ ਅਮਲੋਹ, ਇਲਾਕਾ ਸਰਕਾਰ ਨਾਭਾ। |
| ੪. ਸ. ਕਾਹਨ ਸਿੰਘ | ਸ. ਹੱਕਤ ? ਸਿੰਘ | ਲਹਿਰਾ, ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ |
| ੫. ਸ. ਦੇਵਾ ਸਿੰਘ | ਸ. ਹਕੂਮਤ ਸਿੰਘ | ਲੋਹਗੜ੍ਹ, ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੬. ਸ. ਨਾਰਾਇਣ ਸਿੰਘ | ਸ. ਮਹਿਤਾਬ ਸਿੰਘ | ਰੜ ਤਹਿਸੀਲ ਸ਼ੇਰਪੁਰ |
| ੭. ਸ. ਜੋਗਾ ਸਿੰਘ | ਸ. ਸਾਹਿਬ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ, (ਫਿਰੋਜ਼ਪੁਰ) |
| ੮. ਸ. ਵਰਿਆਮ ਸਿੰਘ | ਸ. ਅਮਰੀਕ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ, (ਫਿਰੋਜ਼ਪੁਰ) |
| ੯. ਸ. ਅਤਰ ਸਿੰਘ | ਸ. ਭਾਗ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ, (ਫਿਰੋਜ਼ਪੁਰ) |
| ੧੦. ਸ. ਗੁਰਮੁਖ ਸਿੰਘ | ਸ. ਖਜਾਨ ਸਿੰਘ | ਫਰਵਾਹੀ ਇਲਾਕਾ ਕੋਟਲਾ |



Sri Satguru Jagjit Singh Ji Elibrary NamdhariElibrary@gmail.com

| ਨਾਮ | ਪਿਤਾ ਦਾ ਨਾਮ | ਪਤਾ |
|---|---|---|
| ੧੧. ਸ. ਭੂਪ ਸਿੰਘ | ਸ. ਖਜਾਨ ਸਿੰਘ | ਫਰਵਾਹੀ ਇਲਾਕਾ ਕੋਟਲਾ |
| ੧੨. ਸ. ਖਜਾਨ ਸਿੰਘ | ਸ. ਵਜੀਰ ਸਿੰਘ | ਜਲੋਕੇ ਇਲਾਕਾ ਫਰੀਦਕੋਟ |
| ੧੩. ਸ. ਹਰਨਾਮ ਸਿੰਘ | ਸ. ਨਗਾਹੀਆ ਸਿੰਘ | ਥਾਣਾ ਭਦੌੜ ਤਹਿ. ਅਨਹਦਗੜ੍ਹ (ਬਰਨਾਲਾ) |
| ੧੪. ਸਰਦਾਰਨੀ ਇੰਦਾਂ | ਸੁਪਤਨੀ ਸ. ਨੰਦ ਸਿੰਘ | ਹੰਡਿਆਇਆ ਥਾਣਾ ਤਹਿਸੀਲ ਅਨਹਦਗੜ੍ਹ |
| ੧੫. ਸ. ਕਾਹਨ ਸਿੰਘ | ਸ. ਭੋਲਾ ਸਿੰਘ | ਲਹਿਰਾ ਥਾਣਾ ਸੁਨਾਮ |
| ੧੬. ਸ. ਨੱਥਾ ਸਿੰਘ | ਸ. ਬੁੱਧ ਸਿੰਘ | ਬਰਨਾਲਾ ਇਲਾਕਾ ਪਟਿਆਲਾ |
| ੧੭. ਸ. ਸੌਦਾ ਸਿੰਘ | ਸ. ਮਹਿਤਾਬ ਸਿੰਘ | ਰੜ, ਖਾਣਾ ਤਹਿਸੀਲ ਸ਼ੇਰਪੁਰ |
| ੧੮. ਸ. ਵਰਿਆਮ ਸਿੰਘ | ਸ. ਮੱਖਣ ਸਿੰਘ | ਬਰਨਾਲਾ ਤਹਿਸੀਲ ਅਨਹਦਗੜ੍ਹ |
| ੧੯. ਸ. ਸੁਜਾਨ ਸਿੰਘ | ਸ. ਸੂਜਾ ਸਿੰਘ | ਰੁੜਕੀ ? ਥਾਣਾ ਡੇਹਲੋ (ਲੁਧਿਆਣਾ) |
| ੨੦. ਸ. ਉਤਮ ਸਿੰਘ | ਸ. ਮਿਹਰ ਸਿੰਘ | ਰੁੜਕਾ ਥਾਣਾ ਡੇਹਲੋਂ (ਲੁਧਿਆਣਾ) |
| ੨੧. ਸ. ਅਤਰ ਸਿੰਘ | ਸ. ਦੇਸਾ ਸਿੰਘ | ਮਜਰਾਈ ਥਾਣਾ ਤਹਿਸੀਲ ਅਮਲੋਹ ਇਲਾਕਾ ਨਾਭਾ |
| ੨੨. ਸ. ਜਵਾਹਰ ਸਿੰਘ | ਸ. ਦੇਸਾ ਸਿੰਘ | ਮਜਰਾਈ ਥਾਣਾ ਤਹਿਸੀਲ ਅਮਲੋਹ ਇਲਾਕਾ ਨਾਭਾ |
| ੨੩. ਸ. ਬਸੰਤ ਸਿੰਘ | ਸ. ਸੁਜਾਨ ਸਿੰਘ | ਸੈਦ ਬਰਾਹਾਂ |
| ੨੪. ਸ. ਨਿਹਾਲ ਸਿੰਘ | ਸ. ਬੂਟਾ ਸਿੰਘ | ਲਹਿਰਾ ਥਾਣਾ ਡੇਹਲੋਂ ਇਲਾਕਾ ਲੁਧਿਆਣਾ |

| ਨਾਮ | ਪਿਤਾ ਦਾ ਨਾਮ | ਪਤਾ |
|---|---|---|
| ੨੫. ਸ. ਗੁਲਾਬ ਸਿੰਘ | ਸ. ਜਮੀਅਤ ਸਿੰਘ | ਮਿਸਰਾਂਵਾਲਾ ਜ਼ਿਲ੍ਹਾ ਅੰਮ੍ਰਿਤਸਰ |
| ੨੬. ਸ. ਧੇਲਾ ਸਿੰਘ | ਸ. ਰਾਮ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੨੭. ਸ. ਮਿਤ ਸਿੰਘ | ਸ. ਬੁੱਧ ਸਿੰਘ | ਸਕਰੌਦੀ ਥਾਣਾ ਤਹਿਸੀਲ ਭਵਾਨੀਗੜ੍ਹ |
| ੨੮. ਸ. ਜਵਾਹਰ ਸਿੰਘ | ਸ. ਊਧਮ ਸਿੰਘ | ਬਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| ੨੯. ਸ. ਖਜਾਨ ਸਿੰਘ | ਸ. ਭਗਵਾਨ ਸਿੰਘ | ਪੀਰ ਕੇ ਕੋਟ ਤਹਿਸੀਲ ਰਜੀਸਰ |
| ੩੦. ਸ. ਗੱਦਾ ਸਿੰਘ | ਸ. ਦਇਆ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੧. ਸ. [illegible] ਸਿੰਘ | ਸ. ਦਇਆ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੨. ਸ. ਵਜ਼ੀਰ ਸਿੰਘ | ਸ. ਬਾਰਾ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੩. ਸ. ਗੁਰਮੁਖ ਸਿੰਘ | ਸ. ਘਹਾਲੇ ? ਸਿੰਘ | ਲਤਾਲਾ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੪. ਸ. ਧੀਰ ਸਿੰਘ | ਸ. ਭਗਤ ਸਿੰਘ | ਥਾਣਾ ਤਹਿਸੀਲ ਭਵਾਨੀਗੜ੍ਹ |
| ੩੫. ਸ. ਰੂਪ ਸਿੰਘ | ਸ. ਕੇਸਰ ਸਿੰਘ | ਦਿਆਲਗੜ੍ਹ ਥਾਣਾ ਤਹਿਸੀਲ ਭਵਾਨੀਗੜ੍ਹ |
| ੩੬. ਸ. ਧਸਾਵਾ ਸਿੰਘ | ਸ. ਸੌਦਾ ਸਿੰਘ | ਦਿਆਲਗੜ੍ਹ ਥਾਣਾ ਤਹਿਸੀਲ ਭਵਾਨੀਗੜ੍ਹ |
| ੩੭. ਸ. ਹਰਨਾਮ ਸਿੰਘ | ਸ. ਲਹਿਣਾ ਸਿੰਘ | ਦਿਆਲਗੜ੍ਹ ਥਾਣਾ ਤਹਿਸੀਲ ਭਵਾਨੀਗੜ੍ਹ |
| ੩੮. ਸ. ਅਨੂਪ ਸਿੰਘ | ਸ. ਮਹਿਤਾਬ ਸਿੰਘ | ਸਕਰੌਦੀ ਥਾਣਾ ਤਹਿਸੀਲ ਭਵਾਨੀਗੜ੍ਹ |
| ੩੯. ਸ. ਰੂਪ ਸਿੰਘ | ਸ. ਨੂਰਾ ਸਿੰਘ | ਰੋਵਾ, ਥਾਣਾ, ਤਹਿਸੀਲ ਸਾਹਿਬਗੜ੍ਹ (ਪਾਇਲ) |

Sri Satguru Jagjit Singh Ji Elibrary NamdhariElibrary@gmail.com

| ਨਾਮ | ਪਿਤਾ ਦਾ ਨਾਮ | ਪਤਾ |
|---|---|---|
| ੪੦. ਸ. ਰਤਨ ਸਿੰਘ | ਸ. ਜੱਸਾ ਸਿੰਘ | ਕੁੰਮਟੀ ਥਾਣਾ ਤਹਿਸੀਲ ਸ਼ੇਰਪੁਰ |
| ੪੧. ਸ. ਗੁਰਦਿੱਤ ਸਿੰਘ | ਸ. ਰੱਬੀ ਸਿੰਘ | ਰਤ ਥਾਣਾ ਤਹਿਸੀਲ ਸ਼ੇਰਪੁਰ |
| ੪੨. ਸ. ਕਿਸ਼ਨ ਸਿੰਘ | ਸ. ਮਹਿਤਾਬ ਸਿੰਘ | ਰੱਤ ਥਾਣਾ ਤਹਿਸੀਲ ਸ਼ੇਰਪੁਰ |
| ੪੩. ਸ. ਦਸੌਂਧਾ ਸਿੰਘ | ਸ. ਬੀਰ ਸਿੰਘ | ਧਲਜੌਰ ਥਾਣਾ ਧਮਾਣੇ |
| ੪੪. ਸ. ਵਰਿਆਮ ਸਿੰਘ | ਸ. ਜੱਸਾ ਸਿੰਘ | ਖਨੌਰੀ ਤਹਿਸੀਲ ਸ਼ੇਰਪੁਰ |
| ੪੫. ਸ. ਵਰਿਆਮ ਸਿੰਘ | ਸ. ਬਾਹੀਆ ? ਸਿੰਘ | ਜ਼ਿਲਾ ਅੰਬਾਲਾ |
| ੪੬. ਸਰਦਾਰਨੀ ਖੇਮੋ | ਸ. ਗੁਰਦਿੱਤ ਸਿੰਘ | ? |
| ੪੭. ਸ. ਪ੍ਰੇਮ ਸਿੰਘ | ਸ. ਪਾਲ ਸਿੰਘ | ਰਾਗੜਪੁਰ ਥਾਣਾ ਤਹਿਸੀਲ ਸੰਗਰੂਰ ਇਲਾਕਾ ਜੀਂਦ |
| ੪੮. ਸ. ਕਾਹਨ ਸਿੰਘ | ਅਸਪਸ਼ਟ | ਥਾਣਾ ਤਹਿਸੀਲ ਮਹਿਧਗੜ੍ਹ |
| ੪੯. ਸ. ਹਰਨਾਮ ਸਿੰਘ | ਸ. ਦਲੀਪ ਸਿੰਘ | ਮੰਡੀ ਥਾਣਾ ਨਾਈਆਂਵਾਲਾ ? |
| ੫੦. ਸ. ਅਲਬੇਲ ਸਿੰਘ | ਸ. ਸੁਜਾਨ ਸਿੰਘ | ਘਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| ੫੧. ਸ. ਸੌਂਦਾ ਸਿੰਘ | ਸ. ਮਹਾਂ ਸਿੰਘ | ਰੜ ਥਾਣਾ ਸ਼ੇਰਪੁਰ |
| ੫੨. ਸ. ਹਰਨਾਮ ਸਿੰਘ | ਸ. ਚੜ੍ਹਤ ਸਿੰਘ | ਰੜ ਥਾਣਾ ਸ਼ੇਰਪੁਰ |
| ੫੩. ਸ. ਬਖਸ਼ਾ ਸਿੰਘ | ਅਸਪਸ਼ਟ | ਅਰੋੜਾ ਜ਼ਿਲਾ ਸਿਰਸਾ |
| ੫੪. ਸ. ਚੜ੍ਹਤ ਸਿੰਘ | ਸ. ਦਹਰੀਆ | ਖਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| ੫੫. ਸ. ਰੂੜ ਸਿੰਘ | ਸ. ਬੂਟਾ ਸਿੰਘ | ਮਲ੍ਹ ਮੁਜਾਰਿਆਂ ਥਾਣਾ ਸ਼ੇਰਪੁਰ |
| ੫੬. ਸ. ਕੇਸਰ ਸਿੰਘ | ਸ. ਧਿਆਨ ਸਿੰਘ | ਗਿਲਾਂ ਥਾਣਾ ? ਇਲਾਕਾ ਨਾਭਾ |

| ਨਾਮ | ਪਿਤਾ ਦਾ ਨਾਮ | ਪਤਾ |
|---|---|---|
| ੫੭. ਸ. ਚੜ੍ਹਤ ਸਿੰਘ | ਸ. ਮਾਘ ਸਿੰਘ | ਰੁੜਕਾ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੫੮. ਸ. ਭਗਤ ਸਿੰਘ | ਸ. ਦਿਆਲ ਸਿੰਘ | ਕਾਂਝਲਾ ਥਾਣਾ ਤਹਿਸੀਲ ਸ਼ੇਰਪੁਰ |
| ੫੯. ਸ. ਜੀਵਨ ਸਿੰਘ | ਸ. ਧੌਕਲ ? ਸਿੰਘ | ਫੂਲ ਥਾਣਾ ਸੁਨਾਮ |
| ੬੦. ਸ. ਸੋਭਾ ਸਿੰਘ | ਸ. ਖਜਾਨ ਸਿੰਘ | ਭੱਦਲਥੂਹਾ ਥਾਣਾ ਅਮਲੋਹ ਨਾਭਾ |
| ੬੧. ਸ. [illegible] ਸਿੰਘ | ਸ. ਮੋਹਰ ਸਿੰਘ | ਜੋਗਾ ਤਹਿਸੀਲ ਭੀਖੀ |
| ੬੨. ਸ. ਸੱਦਾ ਸਿੰਘ | ਸ. ਰੂਪਾ ਸਿੰਘ | ਜੋਗਾ ਤਹਿਸੀਲ ਭੀਖੀ |
| ੬੩. ਸ. ਮਹਾਂ ਸਿੰਘ | ਸ. ਮੰਗਲ ਸਿੰਘ | ਸਾਦਕ ਥਾਣਾ ਮਲੌਦ ਥਾਣਾ ਕੋਟ |
| ੬੪. ਸ. ਚੜ੍ਹਤ ਸਿੰਘ | ਸ. ਰਾਮ ਸਿੰਘ | ਬਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| ੬੫. ਸ. ਰੂੜ ਸਿੰਘ | ਸ. ਜੱਸਾ ਸਿੰਘ | ਬਿਸ਼ਨਪੁਰਾ ਥਾਣਾ ? ਇਲਾਕਾ ਨਾਭਾ |
| ੬੬. ਸ. ਸੱਦਾ ਸਿੰਘ | ਸ. ਬੀਰ ਸਿੰਘ | ਅਸਪਸ਼ਟ ਥਾਣਾ ਤਹਿਸੀਲ ਸ਼ੇਰਪੁਰ |
| ੬੭. ਸ. ਜਬਰ ਸਿੰਘ | ਸ. ਗੁਲਾਬ ਸਿੰਘ | ਗੁੰਮਟੀ ਥਾਣਾ ਤਹਿਸੀਲ ਸ਼ੇਰਪੁਰ |
| ੬੮. ਸ. ਕਟਾਰ ਸਿੰਘ | ਅਸਪਸ਼ਟ | ਧੌਲਾ ਇਲਾਕਾ ਨਾਭਾ |

✱

# ਮਹਾਰਾਜਾ ਪਟਿਆਲਾ ਵਲੋਂ ਨਾਮਧਾਰੀਆਂ ਨਾਲ ਸਲੂਕ

੧੮ ਜਨਵਰੀ ੧੮੭੨ ਦੇ ਤੜਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਪੈਸ਼ਲ ਟਰੇਨ ਤੇ ਚਾੜ੍ਹ ਕੇ ਅਲਾਹਾਬਾਦ ਨੂੰ ਰਵਾਨਾ ਕੀਤਾ ਗਿਆ। ੧੯ ਜਨਵਰੀ ਨੂੰ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੇ ਅਪਣੇ ਇਕ ਫ਼ਰਮਾਨ ਦੁਆਰਾ ਰਿਆਸਤ ਪਟਜਾਲਾ ਦੇ ਨਾਮਧਾਰੀਆਂ ਉੱਤੇ ਮੁਸੀਬਤਾਂ ਦੇ ਝੱਖੜ ਝੁਲਾਣ ਦਾ ਐਲਾਨ ਕਰ ਦਿਤਾ। ਏਥੇ ਫ਼ਰਮਾਨ ਦੇ ਉਸ ਅੰਗ੍ਰੇਜ਼ੀ ਉਲਥੇ ਦਾ ਪੰਜਾਬੀ ਉਲਥਾ ਅੰਕਿਤ ਕੀਤਾ ਜਾਂਦਾ ਹੈ, ਜੋ ਮਹਾਰਾਜਾ ਨੇ ੨੦-੧-੧੮੭੨ ਨੂੰ ਆਪਣੇ ਹੱਥਾਂ ਨਾਲ ਲਿਖ ਕੇ ਪੰਜਾਬ ਗਵਰਮੈਂਟ ਦੇ ਸਕੱਤਰ ਨੂੰ ਭੇਜਿਆ:—

## ਮਹਾਰਾਜਾ ਦਾ ਫ਼ਰਮਾਨ

* "ਪਤਾ ਹੋਵੇ, ਕਿ ਕੂਕਾ ਪੰਥ ਦੇ ੬੮ ਬਾਗ਼ੀ, ਜਿਨ੍ਹਾਂ ਮਲੌਦ ਤੇ ਮਲੇਰਕੋਟਲੇ ਦੇ ਸ਼ਹਿਰਾਂ ਤੇ ੧੪ ਜਨਵਰੀ ੧੮੭੨ ਨੂੰ ਹਮਲਾ ਕੀਤਾ ਉਹ ਅਮਰਗੜ੍ਹ ਦੇ ਨਾਇਬ ਨਾਜ਼ਮ ਸੱਯਦ ਨਜਾਫ਼ ਅਲੀ ਦੀ ਹਿੰਮਤ ਨਾਲ ਗ੍ਰਿਫ਼ਤਾਰ ਕੀਤੇ ਗਏ, ਅਰ ਡਿਪਟੀ ਕਮਿਸ਼ਨਰ ਲੁਧਜਾਨਾ ਦੇ ਹੁਕਮ ਨਾਲ ਕੋਟਲੇ ਵਿਖੇ ਤੋਪਾਂ ਅਗੇ ਖੜ੍ਹੇ ਕਰਕੇ ਉਡਾਏ ਗਏ ਸਨ। ਇਹ ਨਿਸਚਾ ਹੋ ਚੁਕਾ ਹੈ ਕਿ ਜਿਨ੍ਹਾਂ ਨੇ ਇਸ ਬਗ਼ਾਵਤ ਵਿਚ ਹਿੱਸਾ ਲਿਆ ਉਨ੍ਹਾਂ ਸਾਰਿਆਂ ਨੂੰ ਸਜ਼ਾ ਮਿਲ ਚੁਕੀ ਹੈ, ਪ੍ਰੰਤੂ ਮੁਨਾਸਬ ਅਤੇ ਲੋੜੀਂਦੀ ਪੇਸ਼ਬੰਦੀ ਦੇ ਖਿਆਲ ਨਾਲ ਕਿ ਪਟਿਆਲਾ ਸ੍ਰਕਾਰ ਦੀ ਪ੍ਰਜਾ ਦੇ ਉਹ ਸਾਰੇ ਬੰਦੇ ਜੇਹੜੇ ਇਸ ਬਗਾਵਤ ਤੋਂ ਪਹਿਲਾਂ ਲੋਹੜੀ ਦੇ ਮੇਲੇ ਉੱਤੇ (ਸਤਿਗੁਰੂ) ਰਾਮ ਸਿੰਘ ਪਾਸ ਭੈਣੀ (ਸਾਹਿਬ) ਗਏ ਸਨ, ਗ੍ਰਿਫ਼ਤਾਰ ਕਰਕੇ ਉਸ ਸਮੇਂ ਤਕ ਕੈਦ ਕਰ ਦੇਣੇ

* ਕੂਕਾ ਪੇਪਰਜ਼ ਪੰਨਾ ਭਪਰ



Sri Satguru Jagjit Singh Ji Elibrary NamdhariElibrary@gmail.com

ਚਾਹੀਦੇ ਹਨ, ਜਦ ਤਕ ਉਹ ਅਦਾਲਤ ਨੂੰ ਇਸ ਗਲ ਦਾ ਤਸੱਲੀਬਖਸ਼ ਸਬੂਤ ਨਾ ਦੇ ਸਕਣ, ਕਿ ਉਨ੍ਹਾਂ ਨੇ ਫਸਾਦਾਂ ਵਿਚ ਹਿੱਸਾ ਨਹੀਂ ਲਿਆ। ਏਸ ਗਲ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ, ਕਿ ਇਸ ਪੰਥ ਦੇ ਆਦਮੀਆਂ ਨੂੰ ਕਿਸੇ ਥਾਂ ਤੇ ਵੀ ਬੇ ਕਾਨੂੰਨੀ ਤ੍ਰੀਕੇ ਨਾਲ ਇਕੱਠ ਕਰਨ ਦੀ ਆਗਜਾ ਨਾ ਦਿਤੀ ਜਾਏ। ਇਸ ਲਈ ਹਜ਼ੂਰ (ਮਹਾਰਾਜਾ) ਦੇ ਇਰਾਦੇ ਅਨੁਸਾਰ ਸ੍ਰਦਾਰ ਦੇਵਾ ਸਿੰਘ ਚੀਫ਼ ਜੱਜ ਨੂੰ ਕਿਹਾ ਜਾਵੇ ਕਿ ਉਹ ਜ਼ਿਲਿਆਂ ਦੇ ਨਾਜ਼ਮਾਂ ਦੇ ਨਾਮ ਹੁਕਮ ਜਾਰੀ ਕਰਨ, ਕਿ ਜੇਹੜੇ ਨਾਮਧਾਰੀ ਇਸ ਰਿਆਸਤ ਵਿਚੋਂ ਭੈਣੀ (ਸਾਹਿਬ) ਵਿਖੇ ਲੋਹੜੀ ਦੇ ਮੇਲੇ ਸਮੇਂ (ਸਤਿਗੁਰੂ) ਰਾਮ ਸਿੰਘ ਦਾ ਦਰਸ਼ਨ ਕਰਨ ਗਏ ਸਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਤਦ ਤਕ ਹਵਾਲਾਤ ਵਿਚ ਬੰਦ ਰੱਖਿਆ ਜਾਵੇ, ਜਦ ਤਕ ਉਹ ਹਾਕਮਾਂ ਨੂੰ ਇਸ ਗੱਲ ਦੀ ਤਸੱਲੀ ਨਾ ਦਿਵਾਣ, ਕਿ ਉਨ੍ਹਾਂ ਨੇ ਫਸਾਦ ਵਿਚ ਹਿਸਾ ਨਹੀਂ ਲਿਆ। ਅਤੇ ਅਜੇਹੇ ਪਿੰਡਾਂ ਵਿਚ ਜਿਥੇ ਉਹ ਵਸਦੇ ਹਨ, ਦੂਜੇ ਹੁਕਮ ਤਕ ਉਨ੍ਹਾਂ ਨੂੰ ਨੰਬਰਦਾਰਾਂ ਦੇ ਅਧੀਨ ਨਜ਼ਰਬੰਦ ਰੱਖਿਆ ਜਾਵੇ। ਨੰਬਰਦਾਰ ਇਸ ਗਲ ਲਈ ਜਵਾਬ ਦਿਹ ਹੋਣਗੇ, ਜੋ ਉਹ ਆਪਣੇ ਪਿੰਡਾਂ ਵਿਚ ਰਹਿਣ ਵਾਲੇ ਕੂਕਿਆਂ ਨੂੰ ਪਿੰਡੋਂ ਬਾਹਰ ਜਾਣ ਦੀ ਆਗਜਾ ਦੇਣਗੇ। ਅਰ ਪੋਲੀਸ ਨੂੰ ਸਖਤ ਹਦਾਇਤ ਕੀਤੀ ਜਾਏ, ਕਿ ਉਹ ਕੂਕਿਆਂ ਨੂੰ ਕਿਸੇ ਥਾਂ ਤੇ ਇਕੱਠਿਆਂ ਹੋਣ ਦੀ ਆਗਜਾ ਨਾ ਦੇਵੇ। ਅਤੇ ਜੇ ਉਹ ਕਿਤੇ ਉਨ੍ਹਾਂ ਨੂੰ ਇਕੱਠਿਆਂ ਦੇਖ ਲਵੇ, ਤਾਂ ਉਨ੍ਹਾਂ ਨੂੰ ਝਟਪਟ ਗ੍ਰਿਫਤਾਰ ਕਰਕੇ ਕਨੂੰਨ ਅਨੁਸਾਰ ਸਜ਼ਾ ਦੇਣ ਲਈ ਅਦਾਲਤ ਵਿਚ ਭੇਜ ਦਿਤਾ ਜਾਵੇ, ਪਰ ਇਸ ਗਲ ਦਾ ਖਿਆਲ ਰਖਿਆ ਜਾਏ ਕਿ ਉਨ੍ਹਾਂ ਉਤੇ ਬੇਲੋੜੀ ਸਖ਼ਤੀ ਨਾ ਕੀਤੀ ਜਾਏ। ਸ੍ਰਕਾਰ ਦਾ ਇਰਾਦਾ ਚੰਗੇ ਚਲਨ ਵਾਲਿਆਂ ਨੂੰ ਤਕਲੀਫ ਦੇਣ ਦਾ ਨਹੀਂ ਹੈ। ਇਸ ਲਈ ਸਮੂਹ ਫੌਜਦਾਰੀ ਤੇ ਸਿਵਲ ਅਫਸਰਾਂ ਨੂੰ ਇਸ ਹੁਕਮ ਦਾ ਭਾਵ ਸਮਝ ਕੇ ਇਸਦੇ ਮੁਤਾਬਕ ਅਮਲ ਕਰਨਾ ਚਾਹੀਦਾ ਹੈ। ਨਾਜ਼ਮਾਂ ਨੂੰ ਇਹ ਹੁਕਮ ਵੀ ਦਿਤਾ ਜਾਂਦਾ ਹੈ, ਕਿ ਉਨ੍ਹਾਂ ਸਾਰਿਆਂ ਦੀਆਂ ਜਾਇਦਾਤਾਂ ਜ਼ਬਤ ਕਰ ਲੈਣ, ਜਿਨਾਂ ਨੇ ਮਲੌਦ ਤੇ ਮਲੇਰ ਕੋਟਲਾ ਉਤੇ ਹਮਲਾ ਕੀਤਾ ਸੀ। ਅਰ ਉਹ ਕੂਕਾ ਪੰਥ ਦੇ ਆਦਮੀਆਂ ਨੂੰ ਉਪ੍ਰੋਕਤ ਹੁਕਮਾਂ ਅਨੁਸਾਰ ਸ੍ਰਕਾਰ ਦੇ ਮਤੇ ਅਰ ਮਨਸ਼ਾ ਨੂੰ ਨਾਇਬ ਨਾਜ਼ਮਾਂ ਤੇ ਥਾਣੇਦਾਰਾਂ ਰਾਹੀਂ ਸਮਝਾ ਦੇਣ। ਅਤੇ ਜੇ ਉਹ ਮੁਨਾਸਬ ਸਮਝਣ ਤਾਂ ਆਪ ਵੀ ਸਮਝਾਣ ਦਾ ਯਤਨ ਕਰਨ। ਇਸ ਪੰਥ ਦੇ ਉਨਾਂ ਆਦਮੀਆਂ ਨੂੰ ਜਿਨ੍ਹਾਂ ਨੂੰ ਸੂਬੇ ਕਹਿ ਕੇ ਪੁਕਾਰਿਆ ਜਾਂਦਾ ਹੈ, ਅਤੇ ਜਿਨ੍ਹਾਂ ਦਾ ਸੇਵਕਾਂ ਤੇ ਕਿਸੇ ਕਿਸਮ ਦਾ ਵੀ ਅਸਰ ਹੈ, ਏਸੇ ਵੇਲੇ ਗ੍ਰਿਫਤਾਰ

ਕਰ ਲੈਣਾ ਚਾਹੀਦਾ ਹੈ। ਏਸ ਫਰਮਾਨ ਦੀ ਇਕ ਨਕਲ ਪੁਲਿਟੀਕਲ ਅਫਸਰਾਂ ਦੀ ਇਤਲਾਹ ਵਾਸਤੇ ਮੁਨਸ਼ੀਖਾਨੇ ਵਿਚ ਭੇਜਣੀ ਚਾਹੀਦੀ ਹੈ, ਅਰ ਇਕ ਅਖ਼ਬਾਰ ਵਿਚ ਪ੍ਰਕਾਸ਼ਿਤ ਕਰਨ ਹਿਤ ਪਟਿਆਲਾ ਅਖ਼ਬਾਰ ਦੇ ਦਫਤਰ ਵਿਚ"।

## ਪ੍ਰਯਾਗ ਦੇ ਕਿਲੇ ਵਿਚ ਨਜ਼ਰਬੰਦ ਸੂਬੇ

ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਿਜੀ ਸੇਵਕ ਨਾਨੂੰ ਸਿੰਘ ਦੇ ਨਾਲ ਹੇਠ ਲਿਖੇ ਸੂਬੇ ਇਲਾਹਾਬਾਦ ਦੇ ਕਿਲੇ ਵਿਚ ਨਜ਼ਰਬੰਦ ਕੀਤੇ ਗਏ ਸਨ।

(੧) ਸੂਬਾ ਸਾਹਿਬ ਸਿੰਘ (੨) ਰੂੜ ਸਿੰਘ (੩) ਸੂਬਾ ਲੱਖਾ ਸਿੰਘ (੪) ਸੂਬਾ ਕਾਹਨ ਸਿੰਘ (੫) ਸੂਬਾ ਜਵਾਹਰ ਸਿੰਘ (੬) ਸੂਬਾ ਬ੍ਰਹਮਾ ਸਿੰਘ (੭) ਸੂਬਾ ਮਲੂਕ ਸਿੰਘ, (੮) ਸੂਬਾ ਮਾਨ ਸਿੰਘ, (੯) ਸੂਬਾ ਹੁਕਮਾ ਸਿੰਘ, (੧੦) ਸੂਬਾ ਪਹਾੜਾ ਸਿੰਘ, (੧੧) ਸ੍ਰਦਾਰ ਮੰਗਲ ਸਿੰਘ* ਬਿਸ਼ਨ ਪੁਰਾ, (ਕੂਕਾ ਆਊਟ ਬ੍ਰੇਕ ਪੰਨਾ ੯)

## ਗ੍ਰਿਫਤਾਰੀਆਂ ਪਹਿਲੋਂ ਤੇ ਵਰੰਟ ਪਿਛੋਂ

ਸ੍ਰਕਾਰੀ ਰੀਕਾਰਡ ਵਿਚੋਂ ਇਹ ਦੇਖਕੇ ਸ੍ਰਕਾਰੀ ਕਾਨੂੰਨ ਦਾ ਦਿਵਾਲਾ ਨਿਕਲ ਗਿਆ ਸਿੱਧ ਹੁੰਦਾ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਗ੍ਰਿਫਤਾਰ ਕੀਤਾ ਗਿਆ ੧੭ ਤੋਂ ੨੦ ਜਨਵਰੀ ਤਕ ਅਤੇ ਵਾਰੰਟ ਜਾਰੀ ਕੀਤੇ ਗਏ ੨੨ ਫਰਵਰੀ ੧੮੭੨ ਨੂੰ। ਦੇਖੋ ਗਵਰਮੈਂਟ ਹਿੰਦ ਦੇ ਸਕੱਤ੍ਰ ਦੀ ਤਾਰ ਜੋ ਪੰਜਾਬ ਲਾਟ ਨੂੰ ੨੨ ਫਰਵਰੀ ਨੂੰ ਭੇਜੀ ਗਈ। ਲਿਖਿਆ ਹੈ ਕਿ:- "ਰਾਮ ਸਿੰਘ ਅਤੇ ਉਸ ਦੇ ਸੇਵਕਾਂ ਦੇ ਵਾਰੰਟ ਡਾਕ ਰਾਹੀਂ ਇਲਾਹਾਬਾਦ ਨੂੰ ਭੇਜੇ ਗਏ ਹਨ"।**

ਇਹ ਗੱਲ ਦੱਸੀ ਜਾ ਚੁਕੀ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ

---

* ਸ੍ਰਦਾਰ ਮੰਗਲ ਸਿੰਘ ਜੀ ਨੂੰ ਗਵਰਮੈਂਟ ਦੇ ਕਹਿਣ ਤੋਂ ਬਿਨਾਂ ਹੀ ਮਹਾਰਾਜਾ ਪਟਿਆਲਾ ਨੇ ਗ੍ਰਿਫਤਾਰ ਕਰਕੇ ਪਹਿਲਾਂ ਬਹਾਦਰਗੜ੍ਹ ਕਿਲੇ ਵਿਚ ਬੰਦ ਕੀਤਾ, ਤੇ ਪਿਛੋਂ ਪੰਜਾਬ ਗਵਰਮੈਂਟ ਦੇ ਹਵਾਲੇ ਕਰ ਦਿਤਾ। ਗਵਰਮੈਂਟ ਨੇ ਉਸਨੂੰ ਵੀ ਪ੍ਰਯਾਗ ਦੇ ਕਿਲੇ ਵਿਚ ਸਤਿਗੁਰੂ ਜੀ ਦੇ ਪਾਸ ਹੀ ਨਜ਼ਰ ਬੰਦ ਕਰ ਦਿਤਾ। (ਮਹਾਰਾਜਾ ਮਹੇਂਦਰ ਸਿੰਘ ਦੀ ਚਿਠੀ ਜੋ ਉਸਨੇ ਪੰਜਾਬ ਗਵਰਮੈਂਟ ਦੇ ਸਕੱਤਰ ਵਲ ੨੦-੧-੧੮੭੨ ਨੂੰ ਲਿਖੀ। ਕੂਕਾ ਪੇਪਰਜ਼ ਪੰਨਾ ੨੫੩

** ਕੂਕਾ ਆਊਟ ਬ੍ਰੇਕ ਪੰਨਾ ੧੧

ਉਨ੍ਹਾਂ ਦੇ ਸੂਬਿਆਂ ਨੂੰ ਬਿਲਾ ਵਾਰੰਟ ਗ੍ਰਿਫ਼ਤਾਰ ਕਰਕੇ ਪ੍ਰਯਾਗ (ਯੂ. ਪੀ.) ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਅਤੇ ੧ ਮਹੀਨਾ ਪਿਛੋਂ ਉਨ੍ਹਾਂ ਦੇ ਵਾਰੰਟ ਜਾਰੀ ਕੀਤੇ ਗਏ। ਜਿਥੋਂ ਤਕ ਕਾਨੂੰਨੀ ਕਾਰਵਾਈ ਦਾ ਸਬੰਧ ਹੈ, ਗਵਰਨਮੈਂਟ ਦਾ ਫ਼ਰਜ਼ ਸੀ ਕਿ ਉਨ੍ਹਾਂ ਤੇ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਦੋਸ਼ੀ ਸਿੱਧ ਕਰਦੀ, ਇਸ ਦਸ਼ਾ ਵਿਚ ਉਹ ਕਾਨੂੰਨ ਅਨੁਸਾਰ ਯੋਗ ਦੰਡ ਦੇਣ ਵਿਚ ਕੁਛ ਸੱਚੀ ਹੋ ਸਕਦੀ, ਪਰ ਉਸਨੇ ਅਜੇਹਾ ਨਾ ਕਰਦਿਆਂ ਹੋਇਆਂ ੧੮੧੮ ਦੇ ਬੰਗਾਲ ਰੈਗੂਲੇਸ਼ਨ ੩ ਦੀ ਓਟ ਲਈ। ਜਿਸਦਾ ਕਾਰਨ ਇਹ ਸੀ, ਕਿ ਉਨ੍ਹਾਂ ਦੇ ਵਿਰੁਧ ਅਦਾਲ਼ਤੀ ਕਾਰਵਾਈ ਕਰਨ ਵਾਸਤੇ ਤਸੱਲੀਬਖਸ਼ ਸਬੂਤ ਹੈ ਨਹੀਂ ਸੀ। ਇਸਦੀ ਪੁਸ਼ਟੀ ਵਾਸਤੇ ਹੇਠ ਲਿਖੀਆਂ ਸ਼ਹਾਦਤਾਂ ਵਾਚਣ ਯੋਗ ਹਨ:—

(੧) ਪੰਜਾਬ ਗਵਰਮੈਂਟ ਦਾ ਸਕੱਤ੍ਰ ਹਟ ਚਿੰਸਨ ਸਾਹਿਬ ੧੫ ਮਾਰਚ ੧੮੭੨ ਨੂੰ ਸ੍ਰਕਾਰ ਹਿੰਦ ਦੇ ਸਕੱਤ੍ਰ ਈ. ਸੀ. ਬੇਲੀ ਵੱਲ ਲਿਖਦਾ ਹੈ ਕਿ ਗੁਰੂ—"ਰਾਮ ਸਿੰਘ ਦੇ ਵਿਰੁੱਧ ਅਜੇਹੀ ਸ਼ਹਾਦਤ ਪੈਦਾ ਕਰਨੀ ਮੁਸ਼ਕਲ ਹੋਵੇਗੀ, ਜਿਸਦੇ ਅਧਾਰ ਤੇ ਉਨ੍ਹਾਂ ਨੂੰ ਅਦਾਲਤ ਵਿਚ ਸਜ਼ਾ ਦਿਤੀ ਜਾ ਸਕੇ... ...(ਗੁਰੂ) ਰਾਮ ਸਿੰਘ ਦਾ ਹਰਮਨ ਪਿਆਰਾ ਹੋਣਾ ਕੂਕਾ ਨੇਤਾ ਦੇ ਰੂਪ ਵਿਚ ਕੋਰਾ ਚੈਕ ਪ੍ਰਾਪਤ ਕਰ ਚੁਕਾ ਹੈ।

(੨) ਸਕੱਤਰ ਪੰਜਾਬ ਗਵਰਮੈਂਟ ਵਲੋਂ ਚਿਠੀ ਨੰਬਰ ੩੬੪ ਐਸ ੩੦ ਸਤੰਬਰ ੧੮੭੨ ਨੂੰ ਸ੍ਰਕਾਰ ਹਿੰਦ ਦੇ ਸਕੱਤਰ ਐਚ. ਆਈ. ਡੈਮਪੀਅਰ ਦੇ ਨਾਮ ਭੇਜੀ ਗਈ ਜਿਸ ਵਿਚ ਲਿਖਿਆ ਹੈ, ਕਿ ਪੰਜਾਬ ਦੇ ਲਾਟ ਨੇ ਸਿਆਲਕੋਟ, ਫੀਰੋਜ਼ਪੁਰ, ਗੁਜਰਾਂਵਾਲਾ ਅਤੇ ਲੁਧਿਆਨਾ ਦੇ ਡਿਪਟੀ ਕਮਿਸ਼ਨਰਾਂ ਤੋਂ ਇਸ ਗੱਲ ਬਾਬਤ ਰਾਏ ਪੁਛੀ ਕਿ ਕੂਕੇ ਆਗੂਆਂ ਤੇ ਜੋ ਇਲਾਹਾਬਾਦ ਦੇ ਕਿਲੇ ਵਿਚ ਨਜ਼ਰਬੰਦ ਹਨ, ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ ਕਿ ਨਹੀਂ? ਜਵਾਬ ਵਿਚ ਚਹੁੰ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਹੇਠ ਲਿਖੇ ਅਨੁਸਾਰ ਰਾਏ ਦਿਤੀ:—

ਸਿਆਲਕੋਟ ਦੇ ਡਿਪਟੀ ਕਮਿਸ਼ਨਰ ਆਰ. ਡਬਲਯੂ. ਟਰੈਫਰਡ ਨੇ ਲਿਖਿਆ ਕਿ:-"ਮੇਰੀ ਰਾਏ ਵਿਚ ਕੂਕਾ ਕੈਦੀਆਂ ਨੂੰ ਅਲਾਹਬਾਦ ਵਿਖੇ ਖੁਲੀ ਅਦਾਲਤ ਵਿਚ ਲਿਔਣਾ ਮੁਨਾਸਬ ਨਹੀਂ ਹੈ। ਜੇ ਉਨ੍ਹਾਂ ਨੂੰ ਵਰਤਮਾਨ ਦਸ਼ਾ ਵਿਚ ਰਹਿਣ ਦਿਤਾ ਜਾਵੇ ਅਤੇ ਸ਼ਾਂਤੀ ਨਾਲ ਰਹਿਣ ਵਾਲੇ ਕੂਕਿਆਂ ਤੇ ਹੁਸ਼ਿਆਰੀ ਨਾਲ ਨਿਗਰਾਨੀ ਰਖੀ ਜਾਏ ਤਾਂ ਮੈਂ ਸਮਝਦਾ ਹਾਂ ਕਿ ਇਹ

ਲਹਿਰ ਥੋੜ੍ਹੇ ਸਮੇਂ ਵਿਚ ਹੀ ਖ਼ਤਮ ਹੋ ਜਾਏਗੀ ਤੇ ਲੋਕ ਇਸਨੂੰ ਭੁਲ ਜਾਣਗੇ (੨੩ ਸਤੰਬਰ ੧੮੭੨)

(ਅ) ਫੀਰੋਜ਼ਪਰ ਦੇ ਡਿਪਟੀ ਕਮਿਸ਼ਨਰ ਮਿਸਟਰ ਬਰਨੇ ਨੇ ਰਾਏ ਦਿੱਤੀ ਕਿ—"ਐਸ ਵੇਲੇ ਕੂਕੇ ਮੈਨੂੰ ਬੜੇ ਘਬਰਾਏ ਹੋਏ ਜਾਪਦੇ ਹਨ, ਪਰ ਇਹ ਫ਼ਰਜ਼ ਕਰ ਲੈਣ ਨਾਲ ਕਿ ਕੈਦੀਆਂ ਦੇ ਵਿਰੁੱਧ ਇਲਾਹਾਬਾਦ ਵਿਚ ਤਸੱਲੀ ਬਖ਼ਸ਼ ਸ਼ਹਾਦਤਾਂ ਪੈਦਾ ਕੀਤੀਆਂ ਜਾ ਸਕਣਗੀਆਂ, ਤਾਂ ਮੈਂ ਸਮਝਦਾ ਹਾਂ ਕਿ ਇਹ ਮੁਨਾਸਬ ਹੋਵੇਗਾ, ਕਿ ਉਨ੍ਹਾਂ ਨੂੰ ਸਜ਼ਾ ਦੇਕੇ ਕੁਚਲ ਦਿਤਾ ਜਾਵੇ, ਤਾਕਿ ਇਸ ਪੰਥ ਦਾ ਨਿਸ਼ਾਨ ਸਦਾ ਲਈ ਮਿਟਾਇਆ ਜਾ ਸਕੇ।" ੨੩ ਸਤੰਬਰ ੧੮੭੨

(ੲ) ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮੇਜਰ ਐਫ਼ ਜੀ ਮਿਲਰ ਨੇ ਸੰਮਤੀ ਦਿਤੀ ਕਿ:-"ਮੈਨੂੰ ਬੜਾ ਸ਼ੱਕ ਹੈ, ਕਿ ਆਇਆ ੨੯-੩੦ ਅਪ੍ਰੈਲ ਅਤੇ ੨੨ ਮਈ ਨੂੰ ਮੇਰੇ ਵਲੋਂ ਕੂਕਾ ਸੂਬਿਆਂ ਦੇ ਚਲਨ ਸਬੰਧੀ ਲਏ ਗਏ ਬਿਆਨ ਖੁਲ੍ਹੀ ਅਦਾਲਤ ਵਿਚ ਕਾਇਮ ਰਹਿ ਸਕਣਗੇ।

੨. ਮੈਂ ਸਮਝਦਾ ਹਾਂ, ਕਿ ਅਲਾਹਾਬਾਦ ਵਿਚ ਕੂਕੇ ਕੈਦੀਆਂ ਨੂੰ ਖੁਲੀ ਅਦਾਲਤ ਵਿਚ ਪੇਸ਼ ਕਰਨਾ ਉਸ ਹਾਲਤ ਵਿਚ ਮੁਨਾਸਬ ਹੈ, ਜਿਸ ਵਿਚ ਸ੍ਰਕਾਰ ਨੂੰ ਨਿਸਚਾ ਹੋਵੇ ਕਿ ਇਸਦਾ ਨਤੀਜਾ ਚੰਗਾ ਨਿਕਲੇਗਾ। ਮੈਂ ਮਹਿਸੂਸ ਕਰਦਾ ਹਾਂ ਜੇ ਨਿਜਮ ਅਨੁਸਾਰ ਮੁਕੱਦਮੇ ਪਿਛੋਂ ਉਹ ਰਿਹਾ ਹੋ ਗਏ, ਤਾਂ ਉਨ੍ਹਾਂ ਦੀ ਰਿਹਾਈ ਪੱਖਪਾਤੀ ਅਸਰ ਪੈਦਾ ਕਰੇਗੀ। ਇਸ ਬਾਬਤ ਮੇਰੀ ਇਹ ਵੀ ਰਾਏ ਹੈ, ਕਿ ਸ੍ਰਕਾਰ ਵਲੋਂ ਕੂਕਿਆਂ ਦੀਆਂ ਕਾਰਵਾਈਆਂ ਦੀ ਨਿਖੇਧੀ ਹੁੰਦਿਆਂ ਹੋਇਆਂ ਵੀ ਪੁਰਾਣੇ ਸਿਖ ਅਜੇ ਤਕ ਉਨ੍ਹਾਂ ਨਾਲ ਹਮਦਰਦੀ ਤੇ ਸਹੈਤਾ ਦਾ ਖਿਆਲ ਰਖਦੇ ਹਨ"।

(ਸ) ਲੁਧਿਆਣਾ ਦੇ ਡਿਪਟੀ ਕਮਿਸ਼ਨਰ ਕੈਪਟਨ ਬੀਡਨ ਸੀ ਨੇ ਲਿਖਿਆ ਕਿ:-"ਮੈਂ ਜੋ ਬਿਆਨ ਲਦੇ ਹਨ, ਉਹ ਨਿਸਚੇ ਹੀ ਖੁਲ੍ਹੀ ਅਦਾਲਤ ਵਿਚ ਕਾਇਮ ਰਹਿਣਗੇ, (੨) ਜੋ ਕੂਕੇ ਸੂਬਿਆਂ ਦੇ ਵਿਰੁੱਧ ਸ਼ਹਾਦਤ ਤਸੱਲੀ ਬਖ਼ਸ਼ ਸਮਝੀ ਗਈ ਕਿ ਉਹ ਇਸਤਗ਼ਾਸੇ ਦੇ ਜੁਰਮ ਨੂੰ ਕਾਇਮ ਰਖ ਸਕੇਗੀ ਅਰ ਉਸ ਅਨੁਸਾਰ ਲੰਮੇ ਅਰਸੇ ਲਈ ਜਲਾਵਤਨੀ ਦਾ ਫ਼ੈਸਲਾ ਹੋ ਸਕੇਗਾ, ਤਾ ਮੇਰੀ ਰਾਇ ਵਿਚ ਉਨ੍ਹਾਂ ਨੂੰ ਖੁਲ੍ਹੀ ਅਦਾਲਤ ਵਿਚ ਲਿਔਣਾ ਮੁਨਾਸਬ ਹੋਵੇਗਾ। ਜੇ ਐਸਾ ਨਾ ਹੋ ਸਕੇ ਤਾਂ ਵੀ ਉਨ੍ਹਾਂ ਨੂੰ ਰਾਜਸੀ ਕਾਰਨਾਂ ਦੇ ਅਧਾਰ ਤੇ ਦੇਸ ਨਿਕਾਲਾ ਦੇ ਦੇਣਾ ਠੀਕ ਹੈ (ਸਤਿਗੁਰੂ) ਰਾਮ ਸਿੰਘ (ਜੀ) ਅਤੇ

ਕੂਕਾ ਸੂਬਿਆਂ ਨੂੰ ਜਦ ਦਾ ਨਜ਼ਰਬੰਦ ਕੀਤਾ ਹੈ ਅਸੀਂ ਸੁਖ ਦਾ ਸਾਹ ਲੈ ਰਹੇ ਹਾਂ, ਇਸ ਲਈ ਸਾਨੂੰ ਕਿਸੇ ਦਸ਼ਾ ਵਿਚ ਵੀ ਐਸੀ ਭੁੱਲ ਨਹੀਂ ਕਰਨੀ ਚਾਹੀਦੀ, ਕਿ ਲਟ ਲਟ ਬਲਣ ਵਾਲੀ ਲੱਕੜੀ ਦੇ ਸਮਾਨ ਇਨ੍ਹਾਂ ਸੂਬਿਆਂ ਨੂੰ ਹੋਰ ਵਧਣ ਦੀ ਆਗਯਾ ਦਿੱਤੀ ਜਾਵੇ। ਮੇਰੀ ਆਪਣੀ ਰਾਏ ਇਹ ਹੈ ਕਿ ਕੂਕਾ ਲਹਿਰ ਲੜੀਂਦੇ ਆਗੂ ਦੀ ਇੱਛਾ ਕਰਦੀ ਹੋਈ ਹੋਰ ਦਸਾਂ ਸਾਲਾਂ ਵਿਚ ਆਪਣੀ ਮੌਤੇ ਆਪੇ ਹੀ ਮਰ ਜਾਵੇਗੀ", ੨੨ ਸਤੰਬਰ ੧੮੭੨। (ਕੇਂਦਰੀ ਫਾਈਲ ਪੰਨਾ ੧੦੭)

## ਲਾਟ ਦੀ ਰਾਏ

ਇਸ ਸਿਲਸਿਲੇ ਵਿਚ ਮਿਸਟਰ ਜੇਮਸ ਮੈਕਨਬ ਦੀ ਪੜਤਾਲ ਦੇ ਅਧਾਰ ਤੇ ਪੰਜਾਬ ਦਾ ਲਾਟ ਸੂਕਾਰ ਹਿੰਦ ਦੇ ਸਕੱਤ੍ਰ ਨੂੰ ਲਿਖਦਾ ਹੈ ਕਿ:-

"ਬਹੁਤਿਆਂ ਮੁਕੱਦਮਿਆਂ ਵਿਚ ਪੁਲਸ ਅਫਸਰਾਂ ਪਿੰਡਾਂ ਦਿਆਂ ਮੁਖੀਆਂ ਅਤੇ ਉਨਾਂ ਲੋਕਾਂ ਦੀਆਂ ਗਵਾਹੀਆਂ ਜੋ ਕੂਕਾ ਪੰਥ ਨਾਲ ਸਬੰਧ ਨਹੀਂ ਰਖਦੇ ਕਚਹਿਰੀ ਵਿਚ ਜਾ ਕੇ ਕਾਇਮ ਰਹਿ ਸਕਣਗੀਆਂ, ਕਿਉਂਕਿ ਏਨ੍ਹਾਂ ਜਮਾਤਾਂ ਨੂੰ ਕੂਕਾ ਲਹਿਰ ਨਾਲ ਕੋਈ ਹਮਦਰਦੀ ਨਹੀਂ ਹੈ। ਪਰ ਇਕ ਮੁੱਕਦਮਾ ਜੋ ਦੂਰ ਥਾਂ ਤੇ ਚਲਾਇਆ ਜਾਏਗਾ, ਜਦ ਕਿ ਪਹਿਲੇ ਦਿਤੇ ਗਏ ਬਿਆਨਾਂ ਨੂੰ ਕਾਫੀ ਚਿਰ ਹੋ ਗਿਆ ਹੋਵੇਗਾ ਸ਼ਹਾਦਤਾਂ ਵਿਚ ਫ਼ਰਕ ਅਤੇ ਪਹਿਲੇ ਬਿਆਨਾਂ ਦੇ ਖੰਡਨ ਨੂੰ ਜਨਮ ਦੇਵੇਗਾ, ਜਿਸ ਕਾਰਨ ਦੋਸ਼ੀਆਂ ਨੂੰ ਜਿਰਹ ਵਿਚ ਕਾਫ਼ੀ ਲਾਭ ਪ੍ਰਾਪਤ ਹੋ ਸਕੇਗਾ।

ਕੂਕਾ ਲੀਡਰਾਂ ਨੂੰ ਖੁਲ੍ਹੀ ਅਦਾਲਤ ਵਿਚ ਲਿਔਣ ਦਾ ਅਸਰ ਲਾਟ ਸਾਹਿਬ ਦੀ ਰਾਏ ਵਿਚ ਬਹੁਤ ਬੇਚੈਨੀ ਵਾਲਾ ਹੋਵੇਗਾ। ਨਿਰਸੰਦੇਹ ਦੋਸ਼ੀਆਂ ਨੂੰ ਵਕੀਲਾਂ ਦੀਆਂ ਕੌਂਸਲਾਂ ਰਾਹੀਂ ਬਚਾਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਅਤੇ ਉਨ੍ਹਾਂ ਲਈ ਚੰਦਾ ਵੀ ਇਕੱਤ੍ਰ ਕੀਤਾ ਜਾਵੇਗਾ। ... ... ... ਇਸ ਲਈ ਲਾਟ ਸਾਹਿਬ ਦਾ ਖ਼ਿਆਲ ਹੈ ਕਿ ਕੂਕਾ ਲੀਡਰਾਂ ਦੇ ਵਿਰੁਧ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਣ ਨਾਲੋਂ ਏਹੀ ਚੰਗਾ ਹੋਵੇਗਾ ਕਿ ਉਨ੍ਹਾਂ ਦੇ ਵਿਰੁੱਧ ੧੮੧੮ ਦੇ ਐਕਟ ੩ ਦੇ ਅਧੀਨ ਕਾਰਵਾਈ ਕੀਤੀ ਜਾਏ।*

ਇਸ ਤੋਂ ਪਿਛੋਂ ਸ੍ਰ: ਮੰਗਲ ਸਿੰਘ ਤੋਂ ਬਿਨਾ ਸਾਰੇ ਨਜ਼ਰਬੰਦਾਂ ਨੂੰ ੧੮੧੮ ਦੇ ਐਕਟ ੩ ਦੇ ਅਧਾਰ ਤੇ ਜਲਾਵਤਨ ਕੀਤਾ ਗਿਆ।

* ਕੂਕਾ ਰੀਕਾਰਡ ਪੰਨਾ ੧੦੮-੧੦੯

## ਕਿੱਥੇ ਕਿੱਥੇ ਜਲਾਵਤਨ ਕੀਤੇ ਗਏ?

(੧) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਨਾਂ ਦੇ ਨਿਜ ਸੇਵਕ ਬਾਬਾ ਨਾਨੂੰ ਸਿੰਘ ਜੀ ਸਮੇਤ ਦੋ ਮਹੀਨਿਆਂ ਤੋਂ ਪਿਛੋਂ ਹੀ ਬਰਮਾ ਵਿਚ ਭੇਜ ਦਿਤਾ ਗਿਆ। ਸ੍ਰਕਾਰੀ ਰਿਕਾਰਡ ਤੋਂ ਪਤਾ ਲਗਦਾ ਹੈ ਕਿ ਆਪ ੧੬ ਮਾਰਚ ੧੮੭੨ ਨੂੰ ਰੰਗੂਨ ਦੀ ਬੰਦਰਗਾਹ ਤੇ ਜਹਾਜ਼ੋਂ ਉਤਰੇ ਅਤੇ ਪੰਜਾਂ ਮਹੀਨਿਆਂ ਤਕ ਆਪ ਸੈਂਟਰਲ ਜੇਹਲ ਰੰਗੂਨ ਦੇ ਇਕ ਚੁਬਾਰੇ ਵਿਚ ਨਜ਼ਰਬੰਦ ਰਹੇ। ਇਸ ਤੋਂ ਪਿਛੋਂ ਆਪ ਨੂੰ ਛਾਉਣੀ ਵਿਖੇ ਡਾਕਖ਼ਾਨੇ ਵਾਲੇ ਬੰਗਲੇ ਵਿਚ ਰੱਖਿਆ ਗਿਆ। ਇਸ ਤੋਂ ਪਿਛੋਂ ਸਤਿਗੁਰੂ ਜੀ ਨੂੰ ਬਾਬਾ ਨਾਨੂੰ ਸਿੰਘ ਸਮੇਤ ੧੮ ਸਤੰਬਰ ੧੮੮੦ ਨੂੰ ਅਨੰਦਾ ਨਾਮ ਕਿਸ਼ਤੀ ਤੇ ਸਵਾਰ ਕਰਕੇ ਮਰਗੋਈ ਪੁਚਾ ਦਿਤਾ ਗਿਆ। ਏਥੇ ਆਪ ੨੧ ਸਤੰਬਰ ੧੮੮੦ ਨੂੰ ਪੁਜੇ ਤੇ ਨਵੰਬਰ ੧੮੮੫ ਨੂੰ ਆਪਣੀ ਚਮਤਕਾਰਕ ਨੀਤੀ ਨਾਲ ਪਹਿਰੇਦਾਰਾਂ ਦੀ ਹਿਰਾਸਤ ਵਿਚੋਂ ਨਿਕਲ ਗਏ। ਗਵਰਮੈਂਟ ਨੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਐਲਾਨ ਕਰ ਦਿਤਾ ਕਿ ਆਪ ੨੯ ਨਵੰਬਰ ੧੮੮੫ ਨੂੰ ਮਰਗੋਈ ਜੇਲ੍ਹ ਵਿਖੇ ਜੋਤੀ ਜੋਤ ਸਮਾ ਗਏ ਹਨ, ਅਤੇ ੩੦-੧੧-੧੮੮੫ ਨੂੰ ਸਵੇਰੇ ੯ ਬਜੇ ਦੇ ਕਰੀਬ ਤਨਾਸਰਮ ਵਿਖੇ ਆਪ ਦਾ ਸਸਕਾਰ ਕੀਤਾ ਗਿਆ। ਇਸ ਸਬੰਧੀ ਅੰਗਲੇ ਪੱਤ੍ਰਿਆਂ ਵਿਚ ਖੁਲ੍ਹੀ ਵਿਚਾਰ ਕੀਤੀ ਗਈ ਹੈ ਕਿ ਸਤਿਗੁਰੂ ਜੀ ਗਵਰਮੈਂਟ ਦੇ ਐਲਾਨ ਮੁਤਾਬਕ ੨੯-੧੧-੧੮੮੫ ਨੂੰ ਜੋਤੀ ਜੋਤ ਸਮਾਏ ਸਨ ਕਿ ਨਹੀਂ?

(੨) ਬਾਬਾ ਰੁੜ ਸਿੰਘ, ਮਲੂਕ ਸਿੰਘ ਤੇ ਪਹਾੜਾ ਸਿੰਘ ਨੂੰ ਬੰਬਈ ਪ੍ਰੈਜ਼ੀਡੈਂਸੀ ਦੇ ਕਿਲਾ ਅਸੀਰਗੜ੍ਹ ਵਿਚ ਭੇਜਿਆ ਗਿਆ।

(੩) ਬਾਬਾ ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਜੀ ਮੌਲਮੀਨ ਲੋਇਰ ਬਰਮਾਂ ਵਿਖੇ ਭੇਜੇ ਗਏ।

(੪) ਬਾਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਜੀ ਚੁਨਾਰ (ਯੂ. ਪੀ.) ਦੇ ਕਿਲੇ ਵਿਖੇ ਬੰਦ ਕੀਤੇ ਗਏ।

(੫) ਬਾਬਾ ਸਾਹਿਬ ਸਿੰਘ ਤੇ ਕਾਹਨ ਸਿੰਘ ਜੀ ਨੂੰ ਅਦਨ ਭੇਜਿਆ ਗਿਆ।*

---

* ਕੇਂਦਰੀ ਰੀਕਾਰਡ ਪੰਨਾ ੧੦੮, ੧੦੯ ਤੇ ੧੧੯।

ਨੋਟ : ਸ੍ਰ: ਮੰਗਲ ਸਿੰਘ ਤੋਂ ਬਿਨਾਂ ਸਤਿਗੁਰੂ ਜੀ ਸਮੇਤ ਇਹ ਸਾਰੇ ਹੀ ੧੮੧੮ ਦੇ ਐਕਟ ੩ ਦੇ ਅਧੀਨ ਜਲਾਵਤਨ ਕੀਤੇ ਗਏ।

Sri Satguru Jagjit Singh Ji Elibrary NamdhariElibrary@gmail.com

## ਸ੍ਰਕਾਰੀ ਐਲਾਨ ਤੇ ਵਿਚਾਰ

ਸਤਿਗੁਰੂ ਜੀ ਦੇ ਜੋਤੀ ਜੋਤ ਸਮਾਣ ਸਬੰਧੀ ਗਵਰਮੈਂਟ ਦਾ ਇਹ ਐਲਾਨ ਕਿ ਆਪ ੨੯ ਨਵੰਬਰ ੧੮੮੫ ਨੂੰ ਮਰਗੋਈ ਵਿਖੇ ਚਲ ਬਸੇ ਹੇਠ ਲਿਖੀਆਂ ਗੱਲਾਂ ਦੇ ਅਧਾਰ ਤੇ ਝੂਠਾ ਸਾਬਿਤ ਹੁੰਦਾ ਹੈ:-

(੧) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਖ਼ਾਸ ਸੇਵਕਾਂ ਸਮੇਤ ਸੰਨ ੧੯੩੪ ਈ: ਨੂੰ ਸਿਆਮ ਪਧਾਰੇ ਸਨ। ਹਜ਼ੂਰ ਦੀ ਸੇਵਾ ਵਿਚ "ਚਕ੍ਰਵਰਤੀ" ਜੀ ਦੇ ਸਮੇਤ ਇਨ੍ਹਾਂ ਪੰਗਤੀਆਂ ਦਾ ਲੇਖਕ (ਨਿਧਾਨ ਸਿੰਘ "ਆਲਿਮ") ਵੀ ਮੌਜੂਦ ਸੀ। ਬੈਂਕੌਕ ਤੋਂ ਵਾਪਸ ਔਂਦੇ ਹੋਏ ਅਸੀਂ ਪੀਨਾਂਗ ਤੋਂ ਰੰਗੂਨ ਜਾਣ ਵਾਲੇ ਜਹਾਜ਼ ਤੇ ਚੜ੍ਹੇ ਸਾਂ: ਜਹਾਜ਼ ਰਸਤੇ ਵਿਚ ਮਰਗੋਈ ਬੰਦਰਗਾਹ ਤੇ ਅਟਕਿਆ ਸੀ, ਜਿਥੇ ਉਤਰ ਕੇ ਅਸਾਂ ਸਤਿਗੁਰਾਂ ਸਬੰਧੀ ਵਾਕਿਆਤ ਦੀ ਪੜਤਾਲ ਕਰਨ੍ਹ ਦਾ ਜਤਨ ਕੀਤਾ। ਬਾਹਰ ਬਸਤੀ ਵਿਚ ਰਹਿਣ ਵਾਲੇ ਇਕ ਭਾਈ ਵਸਾਵਾ ਸਿੰਘ ਨੇ ਸਾਨੂੰ ਹੇਠਾਂ ਲਿਖਿਆ ਬਿਆਨ ਦਿਤਾ:-

"ਮੇਰੀ ਉਮਰ ਐਸ ਵੇਲੇ ੭੦ ਦੇ ਕਰੀਬ ਹੈ। ਮੈਂ ਲਗਭਗ ੨੦ ਸਾਲਾਂ ਤੋਂ ਹੀ ਏਥੇ ਰਹਿੰਦਾ ਤੇ ਗਵਾਲਿਆਂ ਦਾ ਕੰਮ ਕਰਦਾ ਹਾਂ। ਮੈਂ ਇਕ ਸੌ ਸਾਲਾ ਪੌਂਗੀ (ਬ੍ਰਹਮੀ ਸਾਧੂ) ਤੋਂ ਜੋ ਇਤਫਾਕ ਨਾਲ ਅਜ ਏਥੇ ਨਹੀਂ ਹੈ ਸ੍ਰੀ ਬਾਬਾ ਰਾਮ ਸਿੰਘ ਜੀ ਬਾਬਤ ਪੁਛਿਆ ਸੀ। ਉਸਨੇ ਦਸਿਆ ਕਿ ਉਹ ਬੜੀ ਸ਼ਕਤੀ ਵਾਲੇ ਪੁਰਸ਼ ਸਨ, ਓਹਨਾਂ ਦਾ ਦਰਸ਼ਨ ਕਰਕੇ ਚਿਤ ਨੂੰ ਠੰਡ ਪੈਂਦੀ ਸੀ। ਪਹਿਲੋਂ ਉਨ੍ਹਾਂ ਨੂੰ ਜੇਲ੍ਹ ਵਿਚ ਰੱਖਿਆ ਸੀ ਪਰ ਪਿਛੋਂ ਸਮੁੰਦਰ ਦੇ ਕਿਨਾਰੇ ਇਕ ਬੰਗਲੇ ਵਿਚ ਠਹਿਰਾਇਆ ਗਿਆ। ਪਹਿਰਾ ਤਾਂ ਹੁੰਦਾ ਸੀ ਪਰ ਬਹੁਤੀ ਕਰੜਾਈ ਨਹੀਂ ਸੀ। ਇਕ ਦਿਨ ਮਹਾਰਾਜ ਜੀ ਪਹਿਰੇਦਾਰਾਂ ਦੀ ਨਜ਼ਰ ਤੋਂ ਬਚ ਕੇ ਕਿਤੇ ਗੈਬ ਹੋਏ। ਬੜਾ ਜਤਨ ਕਰਨ ਤੇ ਵੀ ਪਤਾ ਨਾ ਲਗ ਸਕਿਆ। ਇਤਫ਼ਾਕ ਨਾਲ ਜੇਲ ਵਿਚ ਇਕ ਡੋਗਰੇ ਕੈਦੀ ਦੀ ਅਚਾਨਕ ਮੌਤ ਹੋ ਗਈ। ਉਸਦਾ ਨਾਮ ਵੀ ਰਾਮ ਸਿੰਘ ਸੀ। ਸ੍ਰਕਾਰ ਨੇ ਉਸਦੀ ਮੌਤ ਤੋਂ ਫ਼ਾਇਦਾ ਉਠਾਇਆ ਤੇ ਉਸਨੂੰ ਕੂਕਿਆਂ ਦਾ ਗੁਰੂ ਪ੍ਰਸਿਧ ਕਰਕੇ ਤਨਾਸਰਮ ਵਿਖੇ ਸਸਕਾਰ ਦਿਤਾ। ਓਥੇ ਉਨ੍ਹਾਂ ਦੇ ਨਾਉਂ ਦੀ ਸਮਾਧ ਬਣਾ ਦਿਤੀ। ਅਸਲ ਵਿਚ ਇਹ ਸਾਰਾ ਰਾਜਸੀ ਫ਼ਰੇਬ ਸੀ।

ਸਹੀ—ਵਸਾਵਾ ਸਿੰਘ ਗਵਾਲਾ ਮਰਗੋਈ

(੨) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਕੱਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲੋਂ ਲੰਮਾ ਤੇ ਭਰਵਾਂ ਸੀ। ਪਰ ਸ੍ਰਕਾਰ ਨੇ ਅਪਣੇ ਐਲਾਨ ਤੋਂ ਪਿਛੋਂ

Sri Satguru Jagjit Singh Ji Elibrary NamdhariElibrary@gmail.com

ਜਿਹੜੇ ਬਸਤ੍ਰ ਸਤਿਗੁਰੂ ਹਰੀ ਸਿੰਘ ਜੀ ਨੂੰ ਲੁਧਿਆਣੇ ਬੁਲਾ ਕੇ ਦਿਤੇ ਗਏ ਉਹ ਏਨੇ ਤੰਗ ਸਨ ਕਿ ਉਹ ਸਤਿਗੁਰੂ ਹਰੀ ਸਿੰਘ ਜੀ ਦੇ ਮੇਚ ਵੀ ਨਹੀਂ ਆ ਸਕਦੇ ਸਨ ਇਸ ਲਈ ਆਪ ਨੇ ਉਸੇ ਵੇਲੇ ਕਹਿ ਦਿਤਾ ਸੀ ਕਿ—"ਇਹ ਬਸਤ੍ਰ ਮੇਰੇ ਚੀਨੀ ਵਾਲੇ ਪਾਤਸ਼ਾਹ ਦੇ ਨਹੀਂ ਹਨ।"*

(੩) ਸ੍ਰ: ਆਲਮ ਸਿਘ ਜੀ ਐਸ. ਡੀ. ਓ. ਡਸਕਾ (ਪੰਜਾਬ) ਨੇ ਸਤਿਗੁਰੂ ਜੀ ਦੇ ਦਿਹਾਂਤ ਸਬੰਧੀ ਸ੍ਰਕਾਰੀ ਐਲਾਨ ਦੇ ਖੰਡਨ ਵਿਚ "ਸਤਿਜੁਗ" ੧੫ ਪੋਹ ੧੯੭੯ ਬਿ: ਵਿਚ ਇਹ ਬਿਆਨ ਪ੍ਰਕਾਸ਼ਿਤ ਕਰਵਾਇਆ ਸੀ ਕਿ ਉਸਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਬਰਮਾਂ ਦੇ ਮੌਲਮੀਨ ਸ਼ਹਿਰ ਵਿਖੇ ਸੰਨ ੧੮੯੦ ਨੂੰ ਕੀਤੇ ਸਨ ਅਤੇ ਉਨ੍ਹਾਂ ਨੇ ਸ੍ਰਦਾਰ ਸਾਹਿਬ ਨੂੰ ਵੱਡੇ ਆਦਮੀ ਹੋਣ ਦਾ ਵਰ ਬਖਸ਼ਿਆ ਸੀ। ਸ੍ਰ: ਆਲਮ ਸਿੰਘ ਨੇ ਅਪਨੇ ਬਿਆਨ ਵਿਚ ਗੌਰਮੇਂਟ ਨੂੰ ਚੈਲੰਜ ਕੀਤਾ ਸੀ ਕਿ ਉਹ ਇਸ ਬਿਆਨ ਦੀ ਤ੍ਰਦੀਦ ਕਰੇ ਪਰ ਸ੍ਰਕਾਰ ਵਲੋਂ ਕੋਈ ਤ੍ਰਦੀਦ ਨਾ ਕੀਤੀ ਗਈ।

(੪) ਸ੍ਰਕਾਰ ਦੇ ਵਿਚਾਰ ਯੋਗ ਐਲਾਨ ਦਾ ਖੰਡਨ ਸ੍ਰਕਾਰੀ ਅਫ਼ਸਰਾਂ ਦੀਆਂ ਉਨ੍ਹਾਂ ਲਿਖਤਾਂ ਤੋਂ ਵੀ ਹੁੰਦਾ ਹੈ, ਜਿਨ੍ਹਾਂ ਵਿਚ ਬਹੁਤ ਸਾਰਾ ਮਤਭੇਦ ਮੌਜੂਦ ਹੈ। ਮਿਸਾਲ ਦੇ ਤੌਰ ਤੇ ਹੇਠਾਂ ਲਿਖੀਆਂ ਸਤਰਾਂ ਵਿਚਾਰ ਯੋਗ ਹਨ:-

(ੳ) ਮਿਸਟਰ ਈ. ਡੀ. ਮੈਕਲੇਗਨ ਹਿੰਦੁਸਤਾਨ ਦੀ ਆਦਮ ਗਿਣਤੀ ਦੀ ਰਪੋਟ ਸੰਨ ੧੮੯੧ ਦੀ ਜਿਲਦ ੨੧ ਪੰਨਾ ੧੭ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਅਤੇ ਮੌਤ ਬਾਬਤ ਲਿਖਦਾ ਹੈ: "ਉਹ ਇਕ ਦਮ ਜਲਾਵਤਨ ਕੀਤੇ ਗਏ ਅਤੇ ੧੮੮੭ ਯਾ ੧੮੮੮ ਨੂੰ ਰੰਗੂਨ ਵਿਚ ਚਲ ਬਸੇ":-

(ਅ) ਸੱਜਦ ਮੁਹੰਮਦ ਲਤੀਫ਼ ਐਕਸਟਰਾ ਐਸਿਸਟੰਟ ਕਮਿਸ਼ਨਰ (ਜੁਡੀਸ਼ਲ) ਵੀ ਇਕ ਬਹੁਤ ਵੱਡੇ ਜ਼ਿੰਮੇਵਾਰ ਸ੍ਰਕਾਰੀ ਅਫ਼ਸਰ ਤੇ ਅੰਗ੍ਰੇਜ਼ੀ ਕਿਤਾਬਾਂ ਦੇ ਮੁਸੱਨਫ਼ ਸਨ। ਉਹ ਆਪਣੀ 'ਤਵਾਰੀਖ ਪੰਜਾਬ' (ਅੰਗ੍ਰੇਜ਼ੀ) ਵਿਚ ਲਿਖਦੇ ਹਨ, ਕਿ "ਪੰਥ ਦੇ ਨੇਤਾ ਰਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਲਾਹਾਬਾਦ ਪੁਚਾਇਆ ਗਿਆ। ਓਥੋਂ ਉਹ ਬਰਮਾ ਵਿਚ ਭੇਜ ਦਿਤੇ ਗਏ

---

* ਇਸ ਵਿਸ਼ੇ ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ਇਹ ਵੀ ਕਿਹਾ ਸੀ ਕਿ ਜੇ ਤੁਸੀਂ ਸਾਨੂੰ ਸਤਿਗੁਰਾਂ ਦੇ ਨਿਤਨੇਮ ਦਾ ਗੁਟਕਾ ਤੇ ਗੜਵਾ ਲਿਆ ਦਿਓ ਤਾਂ ਅਸੀਂ ਮੰਨ ਲਵਾਂਗੇ ਕਿ ਉਹ ਚਲ ਬਸੇ ਹਨ, ਪਰ ਗਵਰਮੈਂਟ ਇਹ ਦੋਵੇਂ ਚੀਜ਼ਾਂ ਨਹੀਂ ਦੇ ਸਕੀ।

ਜਿਥੇ ਜਾ ਕੇ ਉਹ ਗੁਜਰ ਗਏ।"*

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਮਿਸਟਰ ਮੈਕਲੋਗਨ ਅਤੇ ਸੱਜਦ ਮੁਹੱਮਦ ਲਤੀਫ਼ ਦੀਆਂ ਲਿਖਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਜੋਤੀ ਜੋਤ ਸਮਾਣ ਸਬੰਧੀ ਨਾ ਤਾਂ ਆਪਸ ਵਿਚ ਹੀ ਮਿਲਦੀਆਂ ਹਨ ਅਤੇ ਨਾ ਹੀ ਸਰਕਾਰੀ ਐਲਾਨ ਦੀ ਪੁਸ਼ਟੀ ਕਰਦੀਆਂ ਹਨ। ਈ. ਡੀ. ਮੈਕਲੋਗਨ ਜੈਸੇ ਜ਼ਿੰਮੇਵਾਰ ਅੰਗ੍ਰੇਜ਼ ਅਫਸਰ ਦਾ ਸਤਿਗੁਰੂ ਰਾਮ ਸਿੰਘ ਜੀ ਜੈਸੀ ਸਟੇਟ ਸ਼ਖ਼ਸੀਜਤ ਬਾਬਤ ਏਨੇ ਸ਼ੱਕ ਵਿਚ ਹੋਣਾ ਕਿ ਉਹਨਾਂ ਨੇ ਅਪਣਾ ਸਰੀਰ ੧੮੮੭ ਵਿਚ ਤਿਆਗਿਆ ਹੈ. ਅਤੇ ਸਰਕਾਰੀ ਐਲਾਨ ਅਨੁਸਾਰ ਮਰਗੋਈ ਵਿਚ ਨਹੀਂ ਸਗੋਂ ਰੰਗੂਨ ਵਿਚ, ਇਸ ਗੱਲ ਦੀ ਅਕਟ ਯੁਕਤੀ ਹੈ ਕਿ ਸਰਕਾਰੀ ਐਲਾਨ ਵਿਚ ਜ਼ਰਾ ਜਿੰਨੀਂ ਵੀ ਸਚਾਈ ਨਹੀਂ।

ਜਿਥੋਂ ਤਕ ਸੱਜਦ ਮੁਹੰਮਦ ਲਤੀਫ਼ ਦਾ ਸਬੰਧ ਹੈ, ਉਸਨੂੰ ਇਸ ਗੱਲ ਦਾ ਪਤਾ ਹੀ ਨਹੀਂ ਕਿ ਸਤਿਗੁਰੂ ਜੀ ਦਾ ਦੇਹਾਂਤ ਕਿਸ ਸ਼ਹਿਰ ਵਿਚ ਕਿੱਥੇ ਤੇ ਕਦੋਂ ਹੋਇਆ? ਸੱਜਦ ਸਾਹਿਬ ਬਾਬਤ ਇਹ ਵੀ ਪ੍ਰਤੀਤ ਹੁੰਦਾ ਹੈ, ਕਿ ਉਨ੍ਹਾਂ ਨੂੰ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਣ ਬਾਬਤ ਸਰਕਾਰੀ ਐਲਾਨ ਤੇ ਉੱਕਾ ਹੀ ਵਿਸ਼ਵਾਸ ਨਹੀਂ ਹੋ ਸਕਿਆ ਨਹੀਂ ਤਾਂ ਉਹ ਅਪਣੀ ਤਵਾਰੀਖ ਵਿਚ ਉਨ੍ਹਾਂ ਦੇ ਚਲਾਣੇ ਸਬੰਧੀ ਠੀਕ ਠੀਕ (definite) ਲਿਖ ਦੇਂਦਾ ਕਿ ਸਰਕਾਰੀ ਐਲਾਨ ਅਨੁਸਾਰ ਆਪ ੨੯ ਨਵੰਬਰ ੧੮੮੫ ਨੂੰ ਮਰਗੋਈ ਵਿਖੇ ਜੋਤੀ ਜੋਤ ਸਮਾ ਗਏ।

ਤਾਂਤੇ ਪੂਰਵੋਕਤ ਸਰਕਾਰੀ ਤੇ ਗੈਰ ਸਰਕਾਰੀ ਲਿਖਤਾਂ ਦੇ ਚਾਨਣੇ ਵਿਚ ਸਪਸ਼ਟ ਹੋ ਜਾਂਦਾ ਹੈ, ਕਿ ਸ੍ਰੀ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਣ ਬਾਬਤ ਸਰਕਾਰੀ ਐਲਾਨ ਵਿਚ ਮਾਂਹ ਦੀ ਚਿਟਿਆਈ ਜਿਨੀ ਵੀ ਸਚਾਈ ਨਹੀਂ ਹੈ।

ਸਤਿਗੁਰੂ ਜੀ ਬਾਬਤ ਭਾਵੇਂ ਨਾਮਧਾਰੀ ਸਿਖਾਂ ਨੂੰ ਪਤਾ ਨਹੀਂ ਕਿ ਉਹ ਇਸ ਵੇਲੇ ਕਿਥੇ ਹਨ? ਪਰ ਉਹਨਾਂ ਦਾ ਪੱਕਾ ਵਿਸ਼ਵਾਸ ਹੈ ਕਿ ਸਤਿਗੁਰੂ ਜੀ ਅਜੇ ਜੀਵਿਤ ਹਨ ਅਤੇ ਇਕ ਵਾਰ ਪੰਜਾਬ ਵਿਚ ਜ਼ਰੂਰ ਦਰਸ਼ਨ ਦੇਣਗੇ।

---

* (ਹਿਸਟਰੀ ਆਫ਼ ਦੀ ਪੰਜਾਬ ਪੰਨਾ ੫੯੫)

Sri Satguru Jagjit Singh Ji Elibrary NamdhariElibrary@gmail.com

# ਅੰਗ੍ਰੇਜ਼ ਅਫ਼ਸਰਾਂ ਨੂੰ ਸਜ਼ਾਵਾਂ

ਮਿਸਟਰ ਕਾਵਨ ਡਿਪਟੀ ਕਮਿਸ਼ਨਰ ਲੁਧਿਆਨਾ ਨੂੰ ਗਵਰਨਰ ਜਰਨਲ ਇਨ ਕੌਂਸਲ ਦੀ ਆਗਜਾ ਅਨੁਸਾਰ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ, ਪਰ ਨਾਲ ਹੀ ਉਸ ਦੀ ੨੩ ਸਾਲਾ ਨੌਕਰੀ ਦੇ ਬਹਾਨੇ ਉਸਨੂੰ ੩੦੦) ਤਿੰਨ ਸੌ ਰੁਪੈ ਮਾਹਵਾਰ ਪਿਨਸ਼ਨ ਦਿਤੀ ਗਈ।

ਮਿਸਟਰ ਫ਼ਾਰਸਿਥ ਕਮਿਸ਼ਨਰ ਅੰਬਾਲਾ ਨੂੰ ਸਖ਼ਤ ਝਾੜ ਪਾਣ ਦੇ ਪਿਛੋਂ ਸੂਬਾ ਅਵਧ ਵਿਖੇ ਏਸੇ ਅਹੁਦੇ ਔਰ ਤਨਖ਼ਾਹ ਤੇ ਬਦਲ ਦਿਤਾ ਗਿਆ, ਜਿਥੇ ਉਹ ਪਿਛੋਂ ਸਰ ਡਗਲਸ ਫ਼ਾਰਸਿਥ ਬਣ ਗਿਆ।

## ਅੰਗ੍ਰੇਜ਼ੀ ਨਿਆਂ ਦਾ ਨਮੂਨਾ

ਜੇ ਗਵਰਮੈਂਟ ਪੁਲੀਟਿਕਲ ਗੜਬੜ ਦੇ ਅਧਾਰ ਤੇ ਨਾਮਧਾਰੀਆਂ ਉਤੇ ਸ਼ਸਤ੍ਰ ਬਧ ਬਗ਼ਾਵਤ ਦਾ ਦੋਸ਼ ਅਰੋਪ ਕੇ ਆਪਣੇ ਦੋਹਾਂ ਅਫਸਰਾਂ ਨੂੰ ਦੋਸ਼ੀ ਥਾਪਣ ਦੀ ਥਾਂ ਨ ਕੇਵਲ ਨਿਰਦੋਸ਼ ਕਹਿਕੇ ਛਡ ਦਿੰਦੀ ਸਗੋਂ ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਅਤੇ ਜਾਗੀਰਾਂ ਨਾਲ ਵੀ ਮਾਲਾ ਮਾਲ ਕਰ ਦਿੰਦੀ ਤਾਂ ਕੋਈ ਅਚੰਭੇ ਦੀ ਗੱਲ ਨਾ ਹੁੰਦੀ, ਪ੍ਰੰਤੂ ਉਸ ਵਲੋਂ ਏਨ੍ਹਾਂ ਦੁਹਾਂ ਅਫਸਰਾਂ ਨੂੰ ਕਾਨੂੰਨ ਵਿਰੁਧ ਤੇ ਵਹਿਸ਼ਜਾਨਾ ਕਾਰਵਾਈ ਦੇ ਦੋਸ਼ੀ ਮੰਨਦਿਆਂ ਹੋਇਆਂ ਵੀ ਜੋ ਸਜ਼ਾਵਾਂ ਦਿਤੀਆਂ ਗਈਆਂ ਉਹ ਅੰਗ੍ਰੇਜ਼ੀ ਨਿਆਂ ਦਾ ਬੜਾ ਭੈੜਾ ਅਤੇ ਸ਼ਰਮਨਾਕ ਨਮੂਨਾ ਪੇਸ਼ ਕਰਦੀਆਂ ਹਨ। ਇਸ ਵਿਸ਼ਜ ਵਿਚ ਗਵਰਨਰ ਜਨਰਲ ਅਤੇ ਉਨ੍ਹਾਂ ਦੀ ਕੌਂਸਲ ਦੇ ਬਹੁਤ ਲੰਮੇ ਫੈਸਲੇ ਵਿਚੋਂ ਹੇਠ ਲਿਖੇ ਹਵਾਲੇ ਪੇਸ਼ ਕੀਤੇ ਜਾਂਦੇ ਹਨ:—

ਪੈਰਾ ੨੦—"ਤੋਪਾਂ ਨਾਲ ਉਡਾਣ ਵਾਲੀ ਕਾਰਵਾਈ ਦੇ ਮੁੱਕਣ ਤੋਂ



Sri Satguru Jagjit Singh Ji Elibrary NamdhariElibrary@gmail.com

ਪਹਿਲੋਂ ਛੇ ਯਾ ੭ ਆਦਮੀ ਤੋਪਾਂ ਨਾਲ ਬੱਧੇ ਹੋਏ ਸਨ।*

ਮਿਸਟਰ ਕਾਵਨ ਨੂੰ ਇਕ ਅਫ਼ਸਰਾਨਾ ਚਿੱਠੀ ਮਿਲੀ ਜਿਸ ਵਿਚ ਫ਼ਾਰਸਿਥ ਨੇ ਸਾਫ਼ ਹੁਕਮ ਦਿਤਾ ਸੀ, ਕਿ ਕਾਰਵਾਈ ਕਾਨੂੰਨ-ਅਨੁਸਾਰ ਕੀਤੀ ਜਾਵੇ। ਉਸਦੇ ਸ਼ਬਦ ਇਹ ਸਨ:-"ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਦੇ ਵਿਰੁੱਧ ਝਟ ਪਟ ਮੁਕੱਦਮਾ ਤਿਆਰ ਕਰੋ, ਅਤੇ ਉਨ੍ਹਾਂ ਨੂੰ ਤਕੜੀਆਂ ਸਜ਼ਾਵਾਂ ਦੇਵੋ ਜਿਨ੍ਹਾਂ ਦੀ ਮੈਂ ਝਟ ਤਸਦੀਕ ਕਰ ਦੇਵਾਂਗਾ, ਪਰ ਤੁਹਾਡੀ ਕਾਹਲ ਕਰਨ ਦੀ ਇੱਛਾ ਪ੍ਰਗਟ ਕਰਨ ਦੇ ਉਤ੍ਰ ਵਿਚ ਮੈਂ ਕਹਿੰਦਾ ਹਾਂ ਕਿ ਇਸ ਮੁਕੱਦਮੇ ਵਿਚ ਕਾਰਵਾਈ ਦੇ ਉਸ ਬਹੁਤ ਸਾਦੇ ਤ੍ਰੀਕੇ ਨੂੰ ਤਿਆਗਣ ਦੀ ਲੋੜ ਨਹੀਂ ਹੈ, ਜੋ ਇਸ ਵੇਲੇ ਸਾਡੇ ਹੱਥਾਂ ਵਿਚ ਹੈ"। ਇਸ ਤੇ ਮਿਸਟਰ ਕਾਵਨ ਕਹਿੰਦਾ ਹੈ, ਕਿ—"ਮਿਸਟਰ ਫਾਰਸਿਥ ਦੀ ਚਿਠੀ ਪੜ੍ਹਨ ਪਿਛੋਂ ਮੈਂ ਉਹ ਕਰਨਲ ਪਰਕਨਜ਼ ਡੀ. ਐਸ. ਪੀ. ਨੂੰ ਫੜ੍ਹਾ ਦਿਤੀ ਅਤੇ ਆਖਿਆ ਕਿ ਪਹਿਲੋਂ ਤੋਂ ਤੋਪਾਂ ਨਾਲ ਬੱਧੇ ਹੋਏ ਆਦਮੀਆਂ ਦੀ ਕਾਰਵਾਈ ਨੂੰ ਰੋਕਣਾ ਅਸੰਭਵ ਹੈ। ਕਿਉਂਕਿ ਅਜੇਹੀ ਕਾਰਵਾਈ ਆਲੇ ਦੁਆਲੇ ਖੜ੍ਹੇ ਲੋਕਾਂ ਤੇ ਬਹੁਤ ਬੁਰਾ ਅਸਰ ਪਾਵੇਗੀ।"

ਪੈਰਾ ੨੧—"ਵਾਇਸਰਾਇ ਸਾਹਿਬ ਆਪਣੀ ਕੌਂਸਲ ਸਮੇਤ ਇਹ ਨਹੀਂ ਦੇਖਦੇ, ਕਿ ਓਥੇ ਕੋਲ ਖੜ੍ਹੇ ਲੋਕਾਂ ਦੀ ਖ਼ਾਤਿਰ ਕੋਈ ਦਲੀਲ ਦਿਤੇ ਤੋਂ ਬਿਨਾਂ ਕਾਰਵਾਈ ਦੇ ਰੋਕਣ ਵਿਚ ਕੋਈ ਉਖਿਆਈ ਹੁੰਦੀ। ਮਿਸਟਰ ਕਾਵਨ ਦੀ ਇਹ ਸਾਫ਼ ਡਿਊਟੀ ਸੀ, ਕਿ ਉਹ ਇਕ ਅਜੇਹੇ ਕੇਸ ਵਿਚ ਮਿਸਟਰ ਫਾਰਸਿਥ ਦਾ ਹੁਕਮ ਮੰਨਦਾ, ਜਦ ਕਿ ਛੇਆਂ ਯਾ ਸੱਤਾਂ ਆਦਮੀਆਂ ਦੀਆਂ ਜਾਨਾਂ ਖਤਰੇ ਵਿਚ ਸਨ, ਅਤੇ ਜਦੋਂ ਮਨ੍ਹੇ ਕੀਤਾ ਗਿਆ ਕੰਮ ਕਾਨੂੰਨ ਦੇ ਵਿਰੁੱਧ ਸੀ। ਵਾਇਸਰਾਏ ਕੌਂਸਲ ਸਮੇਤ ਬੜੇ ਦੁਖ ਨਾਲ ਇਹ ਕਹਿਣ ਦੀ ਲੋੜ ਅਨੁਭਵ ਕਰਦੇ ਹਨ, ਕਿ ਕਾਵਨ ਨੇ ਜੋ ਕਾਰਵਾਈ ਕੀਤੀ ਉਹ

---

* ਜਿਸਤ੍ਰਾਂ ਪਿਛੇ ਵੀ ਦਸਿਆ ਜਾ ਚੁਕਾ ਹੈ ਕਿ ਸਿੰਘਾਂ ਨੂੰ ਤੋਪਾਂ ਨਾਲ ਬੰਨ੍ਹਣ ਵਾਲੀ ਗੱਲ ਨਿਰਮੂਲ ਹੈ ਸਗੋਂ ਉਲਟ ਇਸਦੇ ਉਹ ਤੋਪਾਂ ਅਗੇ ਨੱਸ ਨੱਸ ਕੇ ਖੜ੍ਹੇ ਹੁੰਦੇ ਸਨ, ਅਤੇ ਕਿਸੇ ਖ਼ਾਸ ਉਤਸ਼ਾਹ ਦੇ ਅਸਰ ਹੇਠ ਸ਼ਹੀਦ ਹੋ ਜਾਂਦੇ ਸਨ। ਇਸ ਦੀ ਪੁਸ਼ਟੀ ਵਿਚ ਸ੍ਰੀ ਮਾਨ ਭਾਈ ਪਰਮਾਨੰਦ ਜੀ ਲੇਟ ਐਮ. ਐਲ. ਏ. (ਕੇਂਦਰੀ) ਆਪਣੀ ਤਾਰੀਖ਼ੇ ਪੰਜਾਬ ਉਰਦੂ ਦੇ ਪੰਨਾ ਪ੫੮ ਤੇ ਲਿਖਦੇ ਹਨ, ਕਿ -"ਵਹਾਂ ਪਰ ਸ੍ਰਕਾਰ ਅੰਗ੍ਰੇਜ਼ੀ ਕੀ ਫ਼ੌਜ ਔਰ ਪਟਿਆਲਾ ਕੀ ਇਮਦਾਦ ਮੌਜੂਦ ਥੀ ਵੁਹ ਸਭ ਪਕੜੇ ਗਏ ਔਰ ਉਨਮੇ ਸੇ ੪੯ ਨਾਮਧਾਰੀਓਂ ਕੋ ਬਗੈਰ ਕਿਸੀ ਮੁਕੱਦਮਾ ਚਲਾਨੇ ਕੇ ਤੋਪੋਂ ਕੇ ਸਾਮਨੇ ਰਖ ਕਰ ਉੜਾ ਦੀਆ ਗਿਆ। ਉਨਮੇ ਸੇ ਹਰ ਏਕ ਖ਼ੁਸ਼ੀ ਕੇ ਸਾਥ ਦੌੜਤਾ ਹੂਆ ਤੋਪ ਕੇ ਸਾਮਨੇ ਜਾਤਾ ਥਾ। ਏਕ ਅੰਗ੍ਰੇਜ਼ ਨੇ ਉਨਕੀ ਬਹਾਦਰੀ ਔਰ ਕੁਰਬਾਨੀ ਕੋ ਦੇਖ ਕਰ ਕਹਾ, ਕਿ ਉਸਨੇ ਉਸ ਦਿਨ ਕਈ ਮਸੀਹ ਕੁਰਬਾਨ ਹੋਤੇ ਹੂਏ ਦੇਖੇ ਹੈਂ"।

ਬੇਲੋੜੀ ਤੇ ਕਾਨੂੰਨ ਵਿਰੁੱਧ ਸੀ, ਕਿਉਂਕਿ ਉਹ ਪਬਲਿਕ ਦੀ ਕਿਸੇ ਲੋੜ ਨੂੰ ਘੱਟ ਕਰਨ ਵਾਲੀ ਨਹੀਂ ਸੀ-ਅਤੇ ਉਸਦੀਆਂ ਘਟਨਾਵਾਂ ਨੇ ਉਸਨੂੰ ਵਹਿਸ਼ਜਾਨਾ ਰੰਗ ਦੇ ਦਿਤਾ। ਅਤੇ ਉਹ ਕਾਰਵਾਈ ਉਨ੍ਹਾਂ ਹਦਾਇਤਾਂ ਦੀ ਸਪਿਰਿਟ ਦੇ ਵਿਰੁੱਧ ਸ਼ੁਰੂ ਕੀਤੀ ਗਈ ਜੇਹੜੀਆਂ ਵੱਡੇ ਹਾਕਮ ਵਲੋਂ ਪ੍ਰਾਪਤ ਹੋਈਆਂ ਸਨ।

(੨੩) ਇਨ੍ਹਾਂ ਸਾਰੇ ਵਾਕਿਆਤ ਦੇ ਅਧਾਰ ਤੇ ਵਾਇਸਰਾਏ ਸਾਹਿਬ ਕੌਂਸਲ ਸਮੇਤ ਇਸ ਗੱਲ ਲਈ ਮਜਬੂਰ ਹਨ, ਕਿ ਮਿਸਟਰ ਕਾਵਨ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦੇਣ।"

(੨੪) ਹੁਣ ਮਿਸਟਰ ਫ਼ਾਰਸਿਥ ਦੇ ਕੇਸ ਤੇ ਵਿਚਾਰ ਕਰਨਾ ਬਾਕੀ ਰਹਿ ਗਿਆ ਹੈ, ਜੋ ਉਸਨੇ ਮਿਸਟਰ ਕਾਵਨ ਦੀ ਕਾਰਵਾਈ ਦੀ ਤਸਦੀਕ ਕੀਤੀ, ਅਤੇ ਜੋ ਉਸਨੇ ਉਸ ਫੈਸਲੇ ਦੀ ਤਸਦੀਕ ਕੀਤੀ ਜੇਹੜਾ ਮਲੇਰ ਕੋਟਲੇ ਦੇ ਅਫਸਰਾਂ ਨੇ ਮਿਸਟਰ ਕਾਵਨ ਨਾਲ ਮਿਲਕੇ ਹੋਰ ੧੬ ਕੈਦੀਆਂ ਵਿਰੁੱਧ ਪਾਸ ਕੀਤਾ।

(੩੦) ਵਾਇਸਰਾਏ ਸਾਹਿਬ ਕੌਂਸਲ ਸਮੇਤ ਫੈਸਲਾ ਕਰਦੇ ਹਨ, ਕਿ ਫਾਰਸਿਥ ਨੂੰ ਅੰਬਾਲੇ ਦੀ ਕਮਿਸ਼ਨਰੀ ਤੋਂ ਹਟਾ ਕੇ ਕਿਸੇ ਦੂਜੇ ਸੂਬੇ ਵਿਚ ਬਦਲ ਕੇ ਇਕ ਅਜੇਹੇ ਅਹੁਦੇ ਤੇ ਲਾਇਆ ਜਾਵੇ, ਜਿਥੇ ਉਹ ਕਿਸੇ ਦੇਸੀ ਰਿਆਸਤ ਦੇ ਮਹਿਕਮਾਂ ਇਨਸਾਫ ਦਾ ਪ੍ਰਬੰਧਕ ਨਾ ਹੋ ਸਕੇ।

ਸ੍ਰਕਾਰ ਹਿੰਦ ਦੇ ਪੂਰਵੋਕਤ ਫੈਸਲੇ ਨੂੰ ਪੜ੍ਹਕੇ ਹਰੇਕ ਸਿਆਣਾ ਆਦਮੀ ਮੂੰਹ ਵਿਚ ਉਂਗਲਾਂ ਪੌਂਦਾ ਹੋਇਆ ਇਹ ਕਹੇਗਾ ਕਿ ਮਿਸਟਰ ਕਾਵਨ ਅਤੇ ਫਾਰਸਿਥ ਨੂੰ ਉਸ ਮਹਾਨ ਅਪ੍ਰਾਧ ਬਦਲੇ ਜਿਸ ਨਾਲ ਵਹਿਸ਼ੀਆਨਾ ਅਰ ਜ਼ਾਲਿਮਾਨਾ ਤੌਰ ਤੇ ਸੌ ਦੇ ਕਰੀਬ ਆਦਮੀਆਂ ਨੂੰ ਬਿਨਾਂ ਸੋਚੇ ਸਮਝੇ ਅਰ ਬਿਨਾਂ ਮੁਕੱਦਮਾ ਚਲਾਏ ਤੋਪਾਂ ਨਾਲ ਉਡਾ ਦਿਤਾ ਗਿਆ, ਜੋ ਸਜ਼ਾਵਾਂ ਦਿਤੀਆਂ ਗਈਆਂ ਉਹ ਕੇਵਲ ਦੋਸ਼ੀ ਇਨਸਾਫ਼-ਪਸੰਦ ਅੰਗ੍ਰੇਜ਼ਾਂ ਵਲੋਂ ਸੱਚਿਆਂ ਹੋਣ, ਅਤੇ ਜੰਤਾ ਦੀਆਂ ਅੱਖਾਂ ਵਿਚ ਘੱਟਾ ਪੌਂਦਿਆਂ ਹੋਇਆਂ ਅਪਣੇ ਆਪਨੂੰ ਮੁਨਸਿਫ਼ ਸਾਬਤ ਕਰਨ ਦੇ ਪ੍ਰਜੋਜਨ ਨਾਲ ਸਨ। ਇਸ ਵਿਸ਼ਜ ਵਿਚ ਇਕ ਅੰਗ੍ਰੇਜ਼ ਅਫਸਰ ਸਰ ਹੈਨਰੀ ਕਾਟਨ ਦੇ ਹੇਠ ਲਿਖੇ ਸ਼ਬਦ ਪੜ੍ਹਨੇ ਯੋਗ ਹਨ:-

"ਮੈਂ ਆਪਣੀ ਨੌਕਰੀ ਦੇ ਸਮੇਂ ਵਿਚ ਏਨੀਆਂ ਭੜਕਾਊ ਤੇ ਭਿਆਨਕ ਸਜ਼ਾਵਾਂ ਨਹੀਂ ਦੇਖੀਆਂ, ਅਤੇ ਅਜੇਹੇ ਲੋਕ ਬਹੁਤ ਸਾਰੇ ਹਨ, ਜਿਨ੍ਹਾਂ ਨੇ ਮੇਰੀ

ਤਰ੍ਹਾਂ ਇਹ ਸਮਝਿਆ ਹੋਊ ਅਤੇ ਹੁਣ ਤਕ ਖ਼ਿਆਲ ਰੱਖਦੇ ਹਨ, ਕਿ ਇਸ ਵਿਸ਼ਜ ਵਿਚ ਗਵਰਮੈਂਟ ਹਿੰਦ ਦਾ ਫੈਸਲਾ ਬਹੁਤ ਹੀ ਨਾਕਾਫ਼ੀ ਸੀ"।*

## ਫਾਰਸਿਥ ਦੀ ਅਪੀਲ

ਪੰਜਾਬੀ ਦੀ ਪ੍ਰਸਿੱਧ ਅਖੌਤ ਹੈ ਕਿ—"ਬਸੰਤ੍ਰ ਦੇਵਤਾ ਘਰ ਲਗੇ ਤਾਂ ਜਾਣੀਏ", ਫਾਰਸਿਥ ਨੂੰ ਏਨਾ ਜ਼ੁਲਮ ਕਰਨ ਦੇ ਅਪ੍ਰਾਧ ਵਿਚ ਜੋ ਮਾਮੂਲੀ ਜੇਹੀ ਸਜ਼ਾ ਮਿਲੀ, ਉਹ ਉਸਨੂੰ ਵੀ ਨਾ ਸਹਾਰ ਸਕਿਆ। ਉਹ ਝਟ-ਸ਼ਿਮਲੇ ਪੁਜਾ ਤੇ ਵਾਇਸਰਾਏ ਲਾਰਡ ਨਾਰਥ ਬਰੁਕ ਪਾਸ ਅਪੀਲ ਕੀਤੀ, ਜਿਸ ਨੇ ਉਸਦੇ ਹੱਕ ਵਿਚ ਫੈਸਲਾ ਦਿਤਾ। ਜਿਸਦੇ ਫਲ ਸਰੂਪ ਵਿਚ ਉਸਨੂੰ ਸਫ਼ੀਰ ਦੀ ਹੈਸੀਯਤ ਵਿਚ- ਵਜ਼ੀਰੇ ਖ਼ਾਰਜਾ (ਫਾਰਨ ਮਿਨਿਸਟਰ) ਦੇ ਸਤਕਾਰ ਯੋਗ ਅਹੁਦੇ ਤੇ ਨਿਯੁਕਤ ਕੀਤਾ ਅਤੇ ਸਰ ਦੇ ਖਿਤਾਬ ਨਾਲ ਸਤਕਾਰਿਆ ਗਿਆ, (ਫਾਰਸਿਥ ਦੀ ਹਸਤ ਲਿਖਿਤ ਜੀਵਨੀ ਅਧਯਾ ੩)

---

(ੳ) ਦੀ ਅਦਰ ਸਾਈਡ ਆਫ ਦੀ ਮੈਡਲ ਬਾਈ ਐਡਵਰਡ ਥਾਂਪਸਨ-ਚੈਪਟਰ ਥਰਡ।

(ਅ) ਇੰਡੀਅਨ ਐਂਡ ਹੋਮ ਮੈਮਰੀਜ਼ ਬਾਈ ਸਰ ਹੈਨਰੀ ਕਾਟਨ ਪੇਜ ੧੧੩)

Sri Satguru Jagjit Singh Ji Elibrary NamdhariElibrary@gmail.com

# ਮਹਾਰਾਜਾ ਪਟਿਆਲਾ ਦੀ ਚਿੱਠੀ

ਨਾਮਧਾਰੀ ਪੰਥ ਉਤੇ ਬ੍ਰਤਾਨਵੀ ਗਵਰਮੈਂਟ ਵੱਲੋਂ ਜ਼ੁਲਮ ਦੇ ਝੱਖੜ ਝੁਲਾਏ ਜਾਣ ਵਿਚ ਜੋ ਨਿਉਂਦਰਾ ਪਟਿਆਲਾ ਰਿਆਸਤ ਦੇ ਸਿੱਖ ਮਹਾਰਾਜਾ ਮਹਿੰਦਰ ਸਿੰਘ ਨੇ ਪਾਇਆ, ਇਸ ਦਾ ਕੁਝ ਅੰਦਾਜ਼ਾ ਤਾਂ ਉਸ ਫ਼ਰਮਾਨ ਤੋਂ ਲਗ ਸਕਦਾ ਹੈ, ਜੋ ਉਸਨੇ ੧੯ ਜਨਵਰੀ ੧੮੭੨ ਨੂੰ ਅਪਣੀ ਰਿਆਸਤ ਦੇ ਕੂਕਿਆਂ ਦੀਆਂ ਨਜ਼ਰਬੰਦੀਆਂ ਅਰ ਜਾਇਦਾਦਾਂ ਜ਼ਬਤ ਕਰਨ ਬਾਬਤ ਜਾਰੀ ਕੀਤਾ ਸੀ। ਉਸਦਾ ਵਰਣਨ ਪਿਛੇ ਹੋ ਚੁਕਾ ਹੈ, ਪ੍ਰੰਤੂ ਜਦ ਤਕ ਉਸਦੀ ਉਹ ਚਿਠੀ-ਪੰਥ ਦੇ ਸਾਹਮਣੇ ਨਾ ਰਖੀ ਜਾਏ ਜੋ ਉਸਨੇ ਕੂਕੇ ਆਗੂਆਂ ਵਿਰੁਧ ਕੀਤੇ ਗਏ ਅਤਯਾਚਾਰ ਦੀ ਪ੍ਰਸੰਸਾ ਕਰਦਿਆਂ ਹੋਇਆਂ ਪੰਜਾਬ ਗਵਰਮੈਂਟ ਦੇ ਸਕੱਤ੍ਰ ਨੂੰ ਲਿਖੀ ਸੀ, ਤਦ ਤਕ ਉਸਦਾ ਸਹੀ ਅਨੁਮਾਨ ਲਗਾਣਾ ਕਠਿਨ ਹੋਵੇਗਾ। ਇਸ ਲਈ ਏਥੇ ਉਸ ਚਿਠੀ ਦਾ ਗੁਰਮੁਖੀ ਉਲਥਾ ਦਰਜ ਕਰਨਾ ਜ਼ਰੂਰੀ ਸਮਝਿਆ ਗਿਆ ਹੈ।

## ਚਿੱਠੀ

ਪਟਿਆਲਾ ੧੫-੨-੧੮੭੨

ਵਲੋਂ-ਹਿਜ਼ ਹਾਈਨੈਸ ਮਹਾਰਾਜਾ ਪਟਿਆਲਾ

ਸੇਵਾ ਵਿਖੇ- ਸਕੱਤ੍ਰ ਪੰਜਾਬ ਗਵਰਮੈਂਟ

ਮੇਰੇ ਪਿਆਰੇ ਮਿੱਤ੍ਰ ਜੀ!—

ਆਪ ਦੀ ਤਾਰ ਦੇ ਉੱਤਰ ਵਿਚ ਜੇਹੜੀ ਚਿਠੀ ਮੈਂ ਪਿਛਲੇ ਮਹੀਨੇ ਦੀ ੨੦ ਤ੍ਰੀਕ ਨੂੰ ਭੇਜੀ ਸੀ, ਉਸ ਵਿਚ ਮੈਂ ਇਕਰਾਰ ਕੀਤਾ ਸੀ, ਕਿ ਲਾਟ ਸਾਹਿਬ ਦੇ ਕਹਿਣ ਅਨੁਸਾਰ ਮੈਂ ਕੂਕਾ ਫਸਾਦ ਦੇ ਅਸਲੀ ਕਾਰਨਾਂ ਦੀ ਪੜਚੋਲ ਕਰਕੇ ਆਪਨੂੰ ਦੱਸਾਂਗਾ। ਏਸ ਲਈ ਮੈਂ ਲਾਟ ਸਾਹਿਬ ਦੀ ਵਾਕਫ਼ੀ ਵਾਸਤੇ ਲਿਖਦਾ ਹਾਂ ਕਿ ਬਹੁਤ ਸਬੂਤਾਂ ਤੋਂ ਇਹ ਗੱਲ ਸਾਬਿਤ ਹੈ, ਕਿ ਰਾਮ



Sri Satguru Jagjit Singh Ji Elibrary NamdhariElibrary@gmail.com

ਸਿੰਘ ਦਾ ਅਸਲੀ ਮਨੋਰਥ ਤੇ ਇਰਾਦਾ ਧਰਮ ਦੇ ਨਾਮ ਤੇ ਰਾਜ ਪ੍ਰਾਪਤ ਕਰਕੇ ਰਾਜ ਕਰਨਾ ਸੀ। ਉਸਨੇ ਅਪਣੇ ਅਨਪੜ੍ਹ ਤੇ ਵਹਿਮੀ ਸਿੱਖਾਂ ਦੇ ਦਿਲਾਂ ਵਿਚ ਇਹ ਝੂਠਾ ਖਿਆਲ ਪਾ ਦਿਤਾ ਸੀ ਕਿ ਸਾਡਾ ਮਤ ਹੀ ਸਾਰੇ ਖਿੱਲਰ ਜਾਵੇਗਾ, ਅਤੇ ਸਾਰੇ ਦੇਸ ਦਾ ਰਾਜ ਬਹੁਤ ਛੇਤੀ ਸਾਡੇ ਹੱਥਾਂ ਵਿਚ, ਆ ਜਾਏਗਾ। ਉਨ੍ਹਾਂ ਨੂੰ ਇਸ ਵਿਅਰਥ ਗੱਲ ਤੇ ਬੜਾ ਭਰੋਸਾ ਸੀ, ਇਸ ਲਈ ਉਸਨੂੰ ਉਨ੍ਹਾਂ ਦੇ ਦਿਲ ਉਕਸਾਣ, ਭੜਕਾਣ ਅਰ ਆਸਾ ਪੂਰੀ ਹੋਣ ਦੀ ਧੁਨ ਵਿਚ ਲਾਈ ਰੱਖਣ ਵਿਚ ਕਦੇ ਵੀ ਅਸਫਲਤਾ ਨਾ ਹੋਈ।

੨. ਕਿਉਂਕਿ ਉਸਦੇ ਸਿਖਾਂ ਦੀ ਗਿਣਤੀ ਜੋ ਜੋਸ਼ ਤੇ ਹਠਧਰਮੀ ਨਾਲ ਅੰਨ੍ਹੇ ਸਨ, ਹੁਣ ਬਹੁਤ ਹੀ ਵਧ ਗਈ ਸੀ, ਇਸ ਲਈ ਉਸਨੂੰ ਸਫਲਤਾ, ਦੀ ਪੂਰੀ ਪੂਰੀ ਆਸ ਸੀ, ਅਤੇ ਉਸਨੇ ਉਨ੍ਹਾਂ ਨੂੰ ਗਊਘਾਤ ਦੇ ਵਿਰੁਧ ਕਰੋਧ ਅਤੇ ਘ੍ਰਿਣਾ ਨਾਲ ਦੇਖਣ ਲਈ ਪ੍ਰੇਰ ਰਖਿਆ ਸੀ।

੩. ਇਸ ਤਅੱਸਬ ਦੇ ਪੈਦਾ ਕਰਨ ਵਿਚ ਉਸਦਾ ਇਹ ਮੰਤਵ ਸੀ, ਕਿ ਜਿਵੇਂ ੧੮੫੭ ਵਿਚ ਕਾਰਤੂਸ ਦੇ ਝਗੜੇ ਨੇ ਹਿੰਦ ਵਿਚ ਹੇਠਲੀ ਉਤੇ ਕਰ ਦਿਤੀ ਸੀ, ਉਸ ਅਨੁਸਾਰ ਇਸ ਚੰਗਿਆੜੀ ਨਾਲ ਸਭ ਹਿੰਦੂ ਜੋਸ਼ ਵਿਚ ਆਕੇ ਹਾਕਮਾਂ ਦੇ ਵਿਰੁੱਧ ਖੜ੍ਹੇ ਹੋ ਜਾਣ ਅਰ ਉਨ੍ਹਾਂ ਨਾਲ ਰਾਜੇ ਮਹਾਰਾਜੇ ਤੇ ਸਰਦਾਰ ਰਲ ਜਾਣ। ਉਸਨੂੰ ਆਸ ਸੀ, ਕਿ ਇਸ ਗੜਬੜ ਦਾ ਸਿੱਟਾ ਇਹ ਨਿਕਲੇਗਾ, ਕਿ ਕੌਮ ਦੇ ਹਰ ਫ਼ਿਰਕੇ ਵਿਚ ਉਸਦੀ ਮਾਨਤਾ ਤੇ ਵਡਿਆਈ ਬਣ ਜਾਏਗੀ ਅਤੇ ਇਸਤ੍ਰਾਂ ਉਹ ਲੋਕਾਂ ਤੇ ਰਾਜ ਸਥਾਪਿਤ ਕਰ ਲਵੇਗਾ, ਜਿਸਦਾ ਕਿ ਉਹ ਚਿਰਾਂ ਤੋਂ ਚਾਹਵਾਨ ਸੀ। ਜੇ ਇਹ ਕਰੜੀ ਸਜਾ ਏਨੀ ਫੁਰਤੀ ਨਾਲ ਨਾ ਦਿਤੀ ਜਾਂਦੀ, ਅਰ ਰਾਮ ਸਿੰਘ ਤੇ ਉਸਦੇ ਸੂਬਿਆਂ ਨੂੰ ਦੇਸ ਵਿਚੋਂ ਜਿਲਾਵਤਨ ਨਾ ਕੀਤਾ ਜਾਂਦਾ, ਤਾਂ ਫ਼ਸਾਦ ਦੇ ਛੇਤੀ ਦਬਾਏ ਜਾਣ ਦੀ ਆਸ ਨਹੀਂ ਸੀ, ਅਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ਾਂਤੀ ਸਥਿਰ ਕਰਨ ਤੋਂ ਪਹਿਲਾਂ ਬਹੁਤ ਸਾਰੇ ਰੁਪਯਾਂ ਤੇ ਜਾਨਾਂ ਦਾ ਨੁਕਸਾਨ ਹੁੰਦਾ। ਜੇ ਉਨ੍ਹਾਂ ਨੂੰ ਕੁਝ ਥੋੜ੍ਹੀ ਜੇਹੀ ਸਫਲਤਾ ਵੀ ਹੋ ਜਾਂਦੀ, ਤਾਂ ਸਾਰੇ ਫ਼ਿਰਕੇ ਨੇ ਜੋ ਇਸ ਹਮਲੇ ਦੇ ਸਿਟੇ ਵਲ ਚੰਗੀ ਤਰ੍ਹਾਂ ਦੇਖਦਾ ਸੀ ਅੱਗ ਵਾਂਗ ਭੜਕ ਉਠਣਾ ਸੀ।

ਮੈਂ ਜੋ ਪੜਤਾਲ ਕੀਤੀ, ਤੇ ਉਸਦਾ ਜੋ ਸਿਟਾ ਕੱਢਿਆ ਹੈ, ਥੋੜ੍ਹੇ ਵਿਚ ਦੇ ਦਿਤਾ ਹੈ। ਮੈਂ ਬਹੁਤ ਵਿਚਾਰ ਤੋਂ ਪਿਛੋਂ ਇਸ ਨਤੀਜੇ ਤੇ ਪੁਜਾ ਹਾਂ। ਇਕ ਹੋਰ ਗੱਲ ਵੱਲ ਮੈਂ ਆਪਦਾ-ਧਿਆਨ ਦਿਵਾਣਾ ਚਾਹੁੰਦਾ ਹਾਂ। ਮੈਨੂੰ ਅਖ਼ਬਾਰਾਂ

ਤੋਂ ਪਤਾ ਲਗਾ ਹੈ, ਕਿ ਮੁਕਾਮੀ ਅਫ਼ਸਰਾਂ ਨੇ ਜੋ ਸਜ਼ਾਵਾਂ ਦਿਤੀਆਂ ਸੂਕਾਰ ਹਿੰਦ ਨੇ ਉਨ੍ਹਾਂ ਨੂੰ ਪਸੰਦ ਨਹੀਂ ਕੀਤਾ। ਮੇਰਾ ਨਿਸਚਾ ਹੈ ਕਿ ਸੂਕਾਰੀ ਫ਼ੈਸਲੇ ਦਾ ਲੋਕ ਗ਼ਲਤ ਭਾਵ ਕੱਢਣਗੇ, ਅਤੇ ਖ਼ਾਸ ਤੌਰ ਤੇ ਇਹ ਅੰਨ੍ਹਾ ਫ਼ਿਰਕਾ ਇਹ ਸਮਝ ਬੈਠੇਗਾ ਕਿ ਇਹ ਸਾਡੇ ਸਤਿਗੁਰੂ ਦੀ ਕਰਾਮਾਤ ਨਾਲ ਹੋਇਆ ਹੈ। ਇਸ ਨਾਲ ਜ਼ਿਲੇ ਦੇ ਅਫ਼ਸਰਾਂ ਤੇ ਦੇਸੀ ਰਾਜਿਆਂ ਨੇ ਜੋ ਉਸ ਖ਼ਰਾਬੀ ਦੇ ਹਟੌਣ ਤੇ ਦਬੌਣ ਲਈ ਚੰਗੀ ਕਾਰਵਾਈ ਕੀਤੀ ਹੈ, ਉਹ ਬਿਅਰਥ ਜਾਵੇਗੀ।

ਮੇਰੀ ਰਾਏ ਹੈ, ਕਿ ਲੋਕਾਂ ਵਲੋਂ ਗਵਰਮੈਂਟ ਦੇ ਭਾਵ ਗ਼ਲਤ ਸਮਝ ਲੈਣ ਦੇ ਨਤੀਜੇ ਸਦਾ ਬੁਰੇ ਹੀ ਨਿਕਲਿਆ ਕਰਦੇ ਹਨ। ਮੈਂ ਇਸ ਮਾਮਲੇ ਬਾਬਤ ਆਪਨੂੰ ਆਪਣੇ ਖ਼ਿਆਲ ਦੱਸ ਦੇਣੇ ਮੁਨਾਸਬ ਸਮਝਦਾ ਹਾਂ।

ਮੈਂ ਹਾਂ, ਆਪਦਾ ਹਾਰਦਿਕ ਮਿਤ੍ਰ:-

(ਸਹੀ) ਮਹਿੰਦਰ ਸਿੰਘ

ਮਹਾਰਾਜਾ ਪਟਿਆਲਾ

ਨੋਟ:-(ਸਰ ਡਗਲਸ ਫ਼ਾਰਸਿਥ ਦੇ ਅਪਣੇ ਹੱਥੀਂ ਲਿਖੇ ਜੀਵਨ ਦੇ ਤੀਜੇ ਧਿਆਇ ਵਿਚੋਂ ਉਲਥਾ ਕੀਤਾ ਗਿਆ।)

❋

Sri Satguru Jagjit Singh Ji Elibrary NamdhariElibrary@gmail.com

# ਪਿਛੋਂ ਦੀ ਵਿੱਥਿਆ

ਸਿੰਘ ਤੋਪਾਂ ਨਾਲ ਉਡਾਏ ਗਏ। ਫਾਂਸੀ ਲਟਕਾਏ ਗਏ। ਕਾਲੇ ਪਾਣੀ ਭੇਜੇ ਗਏ। ਸਤਿਗੁਰੂ ਜੀ ਨੂੰ ਸੂਬਿਆਂ ਸਮੇਤ ਜਲਾਵਤਨ ਕੀਤਾ ਗਿਆ। ਭੈਣੀ ਸਾਹਿਬ ਨੂੰ ਲੁੱਟਪੁਟ ਕੇ ਸਾਰਾ ਸਾਮਾਨ ਅਤੇ ਨਕਦੀ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰ ਲਈ ਗਈ। ਭੈਣੀ ਸਾਹਿਬ ਨੂੰ ਇਕ ਤਰ੍ਹਾਂ ਨਾਲ ਉਜਾੜ ਕਰ ਦਿਤਾ ਗਿਆ, ਪਰ ਏਨਾ ਕੁਛ ਕਰਕੇ ਵੀ ਹਕੂਮਤ ਦਾ ਦਿਲ ਠੰਡਾ ਨਾ ਹੋਇਆ। ਭਾਵੇਂ ਨਾਮਧਾਰੀ ਪੰਥ ਤੇ ਕੀਤੇ ਗਏ ਉਪ੍ਰੋਕਤ ਅੱਤਿਆਚਾਰ ਅੰਗ੍ਰੇਜ਼ੀ ਜ਼ੁਲਮ ਦੀ ਇਕ ਨੰਗੀ ਤਸਵੀਰ ਪੇਸ਼ ਕਰਦੇ ਹਨ, ਪਰ ਇਸਤੋਂ ਪਿਛੋਂ ਵੀ ਪੰਥ ਨੂੰ ਮਲੀਆਮੇਟ ਕਰਨ ਵਾਸਤੇ ਜਿਸ ਨਵੇਂ ਦੌਰ ਦਾ ਅਰੰਭ ਹੋਇਆ, ਉਸਦਾ ਛੋਟੇ ਨੇਤ੍ਰਾਂ ਅੱਗੇ ਆਉਂਦਿਆਂ ਹੀ ਕੰਬਣੀ ਆ ਜਾਂਦੀ ਹੈ। ਉਹ ਮਹਾਨ ਕਸ਼ਟ ਜਿਨ੍ਹਾਂ ਵਿਚੋਂ ਦੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਪੂਜਯ ਮਾਤਾਵਾਂ ਅਤੇ ਉਨ੍ਹਾਂ ਦੀ ਨਾਦੀ ਤੇ ਬਿੰਦੀ ਸੰਤਾਨ ਨੂੰ ਲੰਘਣਾ ਪਿਆ, ਦੁੱਖਾਂ ਦੀ ਅਜੇਹੀ ਭਿਆਨਕ ਵਿਥਿਆ ਹੈ, ਜੋ-ਅੰਗ੍ਰੇਜ਼ੀ ਅੱਤਯਾਚਾਰਾਂ ਦਾ ਵਹਿਸ਼ੀਆਨਾ ਨਮੂਨਾ ਪੇਸ਼ ਕਰਦੀ ਹੈ। ਇਸਦਾ ਪੂਰਾ ਵਰਣਨ ਤਾਂ ਪੁਸਤਕ ਦੀ ਦੂਜੀ ਜਿਲਦ ਵਿਚ ਕੀਤਾ ਜਾਵੇਗਾ ਪਰ ਏਥੇ ਵੀ ਇਸਦਾ ਮਾਮੂਲੀ ਜਿਹਾ ਚਿਤ੍ਰ ਉਲੀਕਣਾ ਯੋਗ ਪ੍ਰਤੀਤ ਹੁੰਦਾ ਹੈ।

ਸ੍ਰੀ ਭੈਣੀ ਸਾਹਿਬ ਦੇ ਦਰਵੱਜੇ ਅਗੇ ਪੁਲਸ ਦੀ ਚੌਕੀ ਬਿਠਾ ਦਿਤੀ ਗਈ। ਨਾਮਧਾਰੀਆਂ ਨੂੰ ਆਪਣੇ ਗੁਰੂ ਧਾਮ ਦੇ ਦਰਸ਼ਨ ਕਰਨ ਦੀ ਵੀ ਮਨਾਹੀ ਕਰ ਦਿਤੀ ਗਈ। ਲਗਭਗ ਛੇਆਂ ਸਾਲਾਂ ਤਕ ਬਾਹਰ ਦੇ ਕਿਸੇ ਕੂਕੇ ਨੂੰ ਭੈਣੀ ਸਾਹਿਬ ਵਿਚ ਦਾਖ਼ਲ ਨਾ ਹੋਣ ਦਿਤਾ ਗਿਆ, ਉਪ੍ਰੰਤ ਏਨੀ ਖੁਲ੍ਹ ਮਿਲੀ ਕਿ ਸਿਖ ਗੁਰਦਵਾਰੇ ਦੇ ਦਰਸ਼ਨ ਤਾਂ ਕਰ ਸਕਦੇ ਸਨ, ਪਰ ਇਕ ਸਮੇਂ ਵਿਚ ਦਸਾਂ ਤੋਂ ਵਧੀਕ ਦਰਵਾਜੇ ਦੇ ਅੰਦਰ ਨਹੀਂ ਸੀ ਜਾ ਸਕਦੇ। ਇਕ ਦਿਨ ਤੋਂ ਵਧੀਕ ਓਥੇ ਨਹੀਂ ਠਹਿਰ ਸਕਦੇ ਸਨ। ਇਸਤੋਂ ਪਿਛੋਂ ਉਹ ਇਕ ਮਹੀਨੇ ਦੇ ਅੰਦਰ ਭੈਣੀ ਸਾਹਿਬ ਦਾ ਦਰਸ਼ਨ ਨਹੀਂ ਕਰ ਸਕਦੇ ਸਨ। ਗੁਰਦਵਾਰੇ ਦੇ ਅੰਦਰ ਜਾਣ ਅਤੇ ਅੰਦਰੋਂ ਬਾਹਰ ਨਿਕਲਣ ਸਮੇਂ ਜਾਮਾ



Sri Satguru Jagjit Singh Ji Elibrary NamdhariElibrary@gmail.com

ਤਲਾਸ਼ੀ ਲਈ ਜਾਂਦੀ ਸੀ। ਕਈ ਸਿਖਾਂ ਨੂੰ ਮਹੀਨੇ ਵਿਚ ਇਕ ਦਿਨ ਦੇ ਦਰਸ਼ਨ ਬਦਲੇ ਬੜਾ ਕਸ਼ਟ ਝਲਣਾ ਪੈਂਦਾ ਸੀ। ਪੁਲੀਸ ਹੱਦੋਂ ਵੱਧ ਤੰਗ ਕਰਦੀ ਸੀ। ਕਈਆਂ ਨੂੰ ਦਰਸ਼ਨ ਤੋਂ ਬਿਨਾਂ ਹੀ ਮੁੜਨ ਵਾਸਤੇ ਮਜਬੂਰ ਕੀਤਾ ਜਾਂਦਾ ਸੀ। ਜੇਹੜੇ ਦਰਸ਼ਨ ਤੋਂ ਬਿਨਾਂ ਵਾਪਸ ਜਾਣਾ ਨਾ ਚਾਹੁੰਦੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਦਿਤੇ ਜਾਂਦੇ ਸਨ। ਮੰਜੇ ਦੇ ਪਾਵਿਆਂ ਹੇਠ ਹੱਥ ਰਖਾ ਕੇ ਛੇ ਛੇ ਸਤ ਸਤ ਸਿਪਾਹੀ ਉਤੇ ਬੈਠ ਜਾਂਦੇ, ਅਤੇ ਘੰਟਿਆਂ ਬੱਧੀ ਸਿਖਾਂ ਨੂੰ ਗੁਰੂ ਧਾਮ ਤੇ ਸ੍ਰਧਾ ਦੀ ਸਜ਼ਾ ਦਿਤੀ ਜਾਂਦੀ ਸੀ। ਪਰ ਫਿਰ ਵੀ ਗੁਰੂ ਕੇ ਲਾਲ ਦਰਸ਼ਨ ਕਰਨ ਤੋਂ ਬਿਨਾਂ ਪਿਛਾਂ ਨਹੀਂ ਪਰਤਦੇ ਸਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਪੂਜਨੀਯਾ ਮਾਤਾ ਸ੍ਰੀ ਜੀਵਨ ਕੌਰ ਜੀ ਤੇ ਮਾਤਾ ਫਤਹ ਕੌਰ ਨੂੰ ਓਨਾ ਆਪਣਾ ਕਸ਼ਟ ਦੁਖੀ ਨਹੀਂ ਸੀ ਕਰਦਾ ਜਿਨਾਂ ਔਕੜਾਂ ਝੱਲ ਕੇ ਦਰਸ਼ਨ ਨਿਮਿਤ ਆਏ ਪ੍ਰਾਣ ਪਿਆਰੇ ਸਿਖਾਂ ਦਾ। ਸਾਡੀਆਂ ਇਨ੍ਹਾਂ ਸਤਕਾਰ ਪਾਤ੍ਰ ਮਾਵਾਂ ਨੂੰ ਵੀ ਅੰਦਰੋਂ ਬਾਹਰ ਜਾਣ ਤੇ ਬਾਹਰੋਂ ਅੰਦਰ ਔਣ ਦੇ ਵੇਲੇ ਬਸਤ੍ਰਾਂ ਦੀ ਤਲਾਸ਼ੀ ਦਾ ਅਸਹਿ ਕਸ਼ਟ ਝਲਣਾ ਪੈਂਦਾ ਸੀ। ਇਹ ਗੱਲ ਏਥੇ ਵਰਣਨ ਕਰ ਦੇਣੀ ਲੁੜੀਂਦੀ ਪ੍ਰਤੀਤ ਹੁੰਦੀ ਹੈ, ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਪ੍ਰਕਾਸ਼ ਉਸ ਦੌਰ ਵਿਚ ਹੀ ਹੋਇਆ ਸੀ, ਜਦ ਕਿ ਭੈਣੀ ਸਾਹਿਬ ਦਾ ਪਵਿਤ੍ਰ ਧਾਮ ਇਕ ਤਰ੍ਹਾਂ ਦਾ ਜੇਲ੍ਹਖਾਨਾ ਬਣਿਆ ਹੋਇਆ ਸੀ।

ਹਰ ਨਾਮਧਾਰੀ ਬਾਗ਼ੀ ਕਰਾਰ ਦਿਤਾ ਗਿਆ, ਅਤੇ ਸਭ ਨੂੰ ਆਪੋ ਆਪਣੇ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ ਗਿਆ ਸੀ। ਸ਼ਹਿਰਾਂ ਤੇ ਪਿੰਡਾਂ ਦੀਆਂ ਨਾਮਧਾਰੀ ਧਰਮਸਾਲਾਂ ਵਿਚ ਸ੍ਰਕਾਰੀ ਰਪੋਰਟਰ ਨੀਯਤ ਕੀਤੇ ਗਏ, ਜਿਨ੍ਹਾਂ ਦਾ ਕੰਮ ਕੂਕਿਆਂ ਦੀ ਆਵਾਜਾਈ ਅਤੇ ਸਰਗਰਮੀਆਂ ਬਾਬਤ ਰਪੋਟਾਂ ਕਰਨਾ ਸੀ। ਉਨ੍ਹਾਂ ਦਾ ਪੰਜਾਂ ਤੋਂ ਵਧ ਦਾ ਇਕੱਠ ਸਾਰੇ ਪੰਜਾਬ ਵਿਚ ਕਾਨੂੰਨ ਵਿਰੁਧ ਕਰਾਰ ਦਿਤਾ ਗਿਆ, ਧਾਰਮਿਕ ਦਿਵਾਨ ਉਕੇ ਹੀ ਬੰਦ ਕਰ ਦਿਤੇ ਗਏ। ਅਖੰਡ ਪਾਠਾਂ ਦੇ ਕਰਨ ਅਰ ਕਰਾਣ ਦੇ ਜੁਰਮ ਵਿਚ ਕਈ ਕੂਕਿਆਂ ਨੂੰ ਪੰਜ ਤੋਂ ਲੈ ਕੇ ਸੱਤਾਂ ਸਾਲਾਂ ਤਕ ਦੀਆਂ ਸਜ਼ਾਵਾਂ ਹੋਈਆਂ। ਕਈਆਂ ਨੂੰ ਜੁਰਮਾਨੇ ਭਰਨੇ ਪਏ, ਬਾਜੇ ਪਾਠੀਆਂ ਨੇ ਜੇਲ੍ਹਾਂ ਵਿਚ ਹੀ ਆਪਣੇ ਸਰੀਰ ਤਿਆਗੇ। ਇਸ ਸਬੰਧੀ ਸਾਰਾ ਵੇਰਵਾ ਪੁਸਤਕ ਦੀ ਦੂਜੀ ਜਿਲਦ ਵਿਚ ਦਿਤਾ ਜਾਵੇਗਾ। ਅਨੰਦ ਕਾਰਜਾਂ ਤੇ ਵੀ ਪਾਬੰਦੀ ਸੀ। ਜਿਨ੍ਹਾਂ ਵਿਚ ਗਵਰਮੈਂਟ ਦੀ ਪ੍ਰਵਾਨਗੀ ਨਾ ਲਈ ਜਾਂਦੀ, ਅਨੰਦ ਕਾਰਜ ਨਹੀਂ ਸੀ ਹੋ ਸਕਦਾ।

ਉਪ੍ਰੋਕਤ ਪਾਬੰਦੀਆਂ ਏਸ ਡਰ ਕਰਕੇ ਸਨ, ਕਿ ਮਤਾਂ ਕੂਕੇ ਬਗ਼ਾਵਤ

ਕਰ ਦਿੰਦੇ ਹੋਣ। ਇਸ ਭਾਵ ਦਾ ਵਰਨਨ ਪੰਜਾਬ ਗਵਰਮੈਂਟ ਦੇ ਸਕੱਤਰ ਸਰ ਲੈਪਲ ਗ੍ਰਿਫ਼ਨ ਦੀ ੨ ਅਪ੍ਰੈਲ ੧੮੭੨ ਦੀ ਚਿਠੀ ਨੰਬਰ ੩੯੧ ਵਿਚ ਕੀਤਾ ਗਿਆ ਹੈ, ਜੋ ਸੁਕਾਰ ਹਿੰਦ ਦੇ ਸਕੱਤ੍ਰ ਐਟਚਿੰਸਨ ਨੂੰ ਗਵਰਨਰ ਜਨਰਲ ਵਲੋਂ ਇਹ ਪੁਛਣ ਤੇ ਲਿਖੀ ਗਈ ਸੀ ਕਿ ਕੂਕਿਆਂ ਦੇ ਮੁੜ ਉਠਣ ਬਾਬਤ ਕੀ ਪੇਸ਼ਬੰਦੀਆਂ ਕੀਤੀਆਂ ਗਈਆਂ ਹਨ। ਚਿਠੀ ਦੇ ਪੈਰਾ ਨੰਬਰ ੨ ਵਿਚ ਲਿਖਿਆ ਹੈ ਕਿ:-

"ਇਸ ਸਬੰਧ ਵਿਚ ਜੇਹੜੀ ਸੂਚਨਾ ਮਿਲੀ ਹੈ, ਉਹ ਵਰਤਮਾਨ ਰਪੋਟਾਂ, ਜੰਤਕ ਯਕੀਨ, ਮੁਖ਼ਬਰਾਂ ਦੇ ਬਿਆਨਾਂ, ਪੁਲੀਸ ਏਜੰਟਾਂ, ਲਾਹੌਰ, ਅੰਮ੍ਰਿਤਸਰ, ਜਾਲੰਧਰ ਅਤੇ ਅੰਬਾਲਾ ਕਮਿਸ਼ਨਰੀਆਂ ਦੇ ਸਿਵਿਲ ਅਫਸਰਾਂ ਦੀਆਂ ਮੁਤਫ਼ਿਕਾ ਰਪੋਟਾਂ ਤੇ ਨਿਰਭਰ ਹੈ। ਇਸਦਾ ਸਾਰ ਇਹ ਹੈ, ਕਿ ਕੂਕਿਆਂ ਨੇ ਹੋਲੀ ਯਾ ਵੈਸਾਖੀ ਦੇ ਮੇਲਿਆਂ ਤੇ ਕਿਸੇ ਮੁਨਾਸਬ ਸਮੇਂ ਸੁਕਾਰ ਦੇ ਵਿਰੁੱਧ ਬਗ਼ਾਵਤ ਕਰ ਦੇਣ ਦੀ ਤਜਵੀਜ਼ ਕੀਤੀ ਸੀ। ਬਗ਼ਾਵਤ ਵਾਸਤੇ ਸਿਆਲਕੋਟ ਅਤੇ ਗੁਜਰਾਂਵਾਲਾ ਦੇ ਜ਼ਿਲ੍ਹਿਆਂ, ਅੰਬਾਲਾ ਕਮਿਸ਼ਨਰੀ ਅੰਤੇ ਸਤਲੁਜ ਪਾਰ ਦੀਆਂ ਰਿਆਸਤਾਂ ਵਿਖੇ ਭਿੰਨ ਭਿੰਨ ਸਮੇਂ ਨੀਯਤ ਕੀਤੇ ਗਏ। ਜਦ ਕਿ ਇਸੇ ਵੇਲੇ ਇਹ ਵੀ ਪ੍ਰਸਿੱਧ ਕੀਤਾ ਗਿਆ ਕਿ ਬਗਾਵੰਤ ਦਾ ਅਰੰਭ ਅੰਮ੍ਰਿਤਸਰ ਯਾ ਅਨੰਦਪੁਰ ਤੋਂ ਕੀਤਾ ਜਾਏਗਾ, ਇਸਤੋਂ ਵਧੀਕ ਹੋਰ ਕੁਛ ਵੀ ਠੀਕ ਠੀਕ ਬਿਆਨ ਨਹੀਂ ਕੀਤਾ ਗਿਆ। ਲਾਟ ਸਾਹਿਬ ਕੋਲ ਇਸ ਗੱਲ ਤੇ ਨਿਸਚਾ ਕਰਨ ਲਈ ਦਲੀਲ ਮੌਜੂਦ ਹੈ, ਕਿ ਕੂਕਿਆਂ ਨੇ ਜੋ ਕਿ ਅਪਣੀ ਪ੍ਰਸਿੱਧੀ ਅਤੇ ਅਪਣੇ ਪੰਥਕ ਆਦਮੀਆਂ ਦੇ ਦਿਲ ਵਧਾਣ ਦੇ ਮੰਤਵ ਨਾਲ ਬਗ਼ਾਵਤ ਦੀ ਤਜਵੀਜ਼ ਕਰਦੇ ਹਨ ਅਜੇ ਤਕ ਵਿਦ੍ਰੋਹ ਕਰਨ ਵਾਸਤੇ ਕੋਈ ਖ਼ਾਸ ਥਾਂ ਅਤੇ ਸਮਾਂ ਨਹੀਂ ਟਿੱਕਿਆ, ਪ੍ਰੰਤੂ ਸਧਾਰਨ ਰੂਪ ਵਿਚ ਉਹ ਬਗ਼ਾਵਤ ਕਰਨ ਲਈ ਮੁਨਾਸਬ ਸਮੇਂ ਦੀ ਤਾੜ ਅਤੇ ਉਡੀਕ ਵਿਚ ਹਨ।

੩. ਲਾਟ ਸਾਹਿਬ ਵਲੋਂ ਇਸ ਦਿਵਾਨੇ ਫ਼ਿਰਕੇ ਦੀ ਬਗ਼ਾਵਤ ਨੂੰ ਰੋਕਣ ਬਾਬਤ ਜੋ-ਪੇਸ਼ਬੰਦੀਆਂ ਕੀਤੀਆਂ ਗਈਆਂ ਹਨ ਕਾਫ਼ੀ ਮਲੂਮ ਹੁੰਦੀਆਂ ਹਨ। ਮੁਲਕੀ ਹਾਲਾਂ ਦਾ ਸਮੁੱਚਾ ਬਿਆਨ ਬੜੀ ਹੁਸ਼ਿਆਰੀ ਨਾਲ ਤਿਆਰ ਕੀਤਾ ਗਿਆ ਸੀ--ਕੁਛ ਮਹੀਨੇ ਹੋਏ ਹਨ, ਕਿ ਕੂਕਿਆਂ ਨੇ ਪੰਜਾਬ ਦੇ ਸਾਰਿਆਂ ਜ਼ਿਲਿਆਂ ਵਿਚ ਅਪਣੇ ਨਾਵਾਂ ਅਤੇ ਪਤਿਆਂ ਦਾ ਠੀਕ ਠੀਕ ਦੱਸਣਾ ਤਿਆਗ ਦਿਤਾ ਸੀ। ਜਦ ਕਿ ਲਾਟ ਸਾਹਿਬ ਇਸ ਬਿਆਨ ਨੂੰ ਬਿਲਕੁਲ ਠੀਕ ਪ੍ਰਵਾਨ ਨਹੀਂ ਕਰਦੇ, ਕਿਉਂਕਿ ਉਹ ਸਮਝਦੇ ਹਨ, ਕਿ ਅਜੇ ਕੂਕੇ

Sri Satguru Jagjit Singh Ji Elibrary NamdhariElibrary@gmail.com

ਪੰਜਾਬ ਅੰਦਰ ਕਾਫ਼ੀ ਗਿਣਤੀ ਵਿਚ ਮੌਜੂਦ ਹਨ, ਜੋ ਅਪਣੇ ਕੂਕਾ ਹੋਣ ਦਾ ਇਕਬਾਲ ਕਰਦੇ ਹਨ।

੪. ਕੂਕਾ ਪੰਥ ਦੇ ਖ਼ਾਸ. ਖ਼ਾਸ ਆਗੂਆਂ ਨੂੰ ਸੂਬੇ ਵਿਚੋਂ ਜਲਾਵਤਨ ਕਰ ਦਿਤਾ ਗਿਆ ਹੈ, ਜੋ ਅਸਰ ਵਾਲੇ ਰਹਿੰਦੇ ਹਨ, ਉਨ੍ਹਾਂ ਉਤੇ ਕੜੀ ਨਿਗਰਾਨੀ ਹੈ, ਅਤੇ ਉਨ੍ਹਾਂ ਦੀਆਂ ਕਾਰਵਾਈਆਂ ਦੀ ਹੁਸ਼ਿਆਰੀ ਨਾਲ ਦੇਖ ਰੇਖ ਕੀਤੀ ਜਾਂਦੀ ਹੈ। ਪੇਂਡੂ ਹਲਕਿਆਂ ਦੇ ਮੁਖੀਆਂ (ਜ਼ੈਲਦਾਰਾਂ) ਅਰ ਪਿੰਡਾਂ ਦੇ ਮੁਖੀਆਂ (ਨੰਬਰਦਾਰਾਂ) ਨੂੰ ਉਨ੍ਹਾਂ ਬਾਬਤ ਰਪੋਟ ਕਰਨ ਦੀ ਆਗਜਾ ਕੀਤੀ ਗਈ ਹੈ; ਉਹ ਅਪਣੇ ਹਲਕਿਆਂ ਅਤੇ ਪਿੰਡਾਂ ਅੰਦਰ ਕੂਕਿਆਂ ਦੀਆਂ ਸਰਗਰਮੀਆਂ ਬਾਬਤ ਵੀ ਰਪੋਟ ਕੀਤਾ ਕਰਨਗੇ।

ਪੰਜਾਂ ਤੋਂ ਵਧ ਕੂਕਿਆਂ ਦਾ ਇਕੱਠ ਸਾਰੇ ਸੂਬੇ ਵਿਚ ਮਨ੍ਹੇ ਕਰ ਦਿਤਾ ਗਿਆ ਹੈ। ਕੁਹਾੜੀਆਂ, ਸੰਮਾਂ ਵਾਲੀਆਂ ਲਾਠੀਆਂ, ਅਤੇ ਹੋਰ ਹਥਿਆਰਾਂ ਦੀ ਜੋ ਕਾਨੂੰਨੀ ਜਦ ਵਿਚ ਨਾ ਵੀ ਔਂਦੇ ਹੋਣ, ਜੰਤਕ ਥਾਵਾਂ ਤੇ ਲੈ ਜਾਣ ਦੀ ਸਖਤ ਮਨਾਹੀ ਕੀਤੀ ਗਈ ਹੈ, ਸਾਰੇ ਫਿਰਕੇ ਵਾਸਤੇ ਨਿਗਰਾਨੀ ਅਤੇ ਰਪੋਟਾਂ ਦਾ ਪੂਰਾ ਸਿਸਟਮ ਕਾਇਮ ਕਰ ਦਿਤਾ ਗਿਆ ਹੈ। ਅਤੇ ਲਾਟ ਸਾਹਿਬ ਨੂੰ ਨਿਸਚਾ ਹੋ ਗਿਆ ਹੈ, ਕਿ ਹੁਣ ਛੋਟੀ ਤੋਂ ਛੋਟੀ ਮਹਾਨਤਾ ਵਾਲੀ ਕੋਈ ਲਹਿਰ ਵੀ ਅਜੇਹੀ ਨਹੀਂ ਚਲ ਸਕਦੀ ਜਿਸਦਾ ਸੁਕਾਰ ਨੂੰ ਝਟ ਪਟ ਪਤਾ ਨਾ ਲਗ ਸਕੇ।

## ਫੌਜਾਂ ਵਿਚੋਂ ਖ਼ਾਰਜ

ਨਾਮਧਾਰੀਆਂ ਵਾਸਤੇ ਇਹ ਹੁਕਮ ਜਾਰੀ ਕੀਤਾ ਗਿਆ ਕਿ ਉਨ੍ਹਾਂ ਨੂੰ ਫੌਜ ਤੇ ਪੁਲਸ ਵਿਚੋਂ ਕਢ ਦਿਤਾ ਜਾਵੇ ਅਤੇ ਅਗੋਂ ਲਈ ਉਨ੍ਹਾਂ ਦੀ ਭਰਤੀ ਉਕਾ ਬੰਦ ਕੀਤੀ ਜਾਵੇ ਇਸ ਬਾਬਤ ਪੰਜਾਬ ਸੁਕਾਰ ਦੇ ਸਕੱਤਰ ਨੇ ਸੁਕਾਰ ਹਿੰਦ ਦੇ ਸਕੱਤ੍ਰ ਨੂੰ ਲਿਖਿਆ ਕਿ "ਲਾਟ ਸਾਹਿਬ ਕਮਾਂਡਰ ਇਨਚੀਫ਼ ਦੀ ਇਸ ਗੱਲ ਨਾਲ ਸਹਿਮਤ ਹਨ, ਕਿ ਕੂਕਿਆਂ ਨੂੰ ਹਿੰਦੁਸਤਾਨੀ ਫ਼ੌਜ ਵਿਚੋਂ ਖ਼ਾਰਜ ਕੀਤਾ ਜਾਵੇ, ਅਰ ਅਗੋਂ ਲਈ ਇਨ੍ਹਾਂ ਦੀ ਭਰਤੀ ਬੰਦ ਕਰ ਦਿਤੀ ਜਾਵੇ,* ਅਤੇ ਇਹੀ ਕਾਨੂੰਨ ਪੁਲਸ ਬਾਬਤ ਵੀ ਲਾਗੂ ਹੋਵੇਗਾ। ਅਗੇ

* ਸਤਿਗੁਰੂ ਜੀ ਦੀ ਆਗਜਾ ਅਨੁਸਾਰ ਕੂਕਾ ਫੌਜ ਯਾ ਪੁਲਸ ਦੀ ਨੌਕਰੀ ਨਹੀਂ ਸੀ ਕਰਦਾ। ਜਿਨ੍ਹਾਂ ਵਾਸਤੇ ਸੁਕਾਰ ਨੇ ਫੌਜਾਂ ਤੇ ਪੁਲਸ ਵਿਚੋਂ ਖਾਰਜ ਕਰਨ ਦਾ ਹੁਕਮ ਕੀਤਾ, ਉਹ ਅਜੇਹੇ ਸਿਪਾਹੀ ਯਾ ਅਫਸਰ ਸਨ ਜਿਨ੍ਹਾਂ ਦੇ ਦਿਲਾਂ ਉਤੇ ਫੌਜ ਵਿਚ ਰਹਿੰਦਿਆਂ ਹੋਇਆਂ ਵੀ ਕੂਕਾ ਲਹਿਰ ਦਾ ਅਸਰ ਹੋ ਚੁਕਾ ਸੀ।

Sri Satguru Jagjit Singh Ji Elibrary NamdhariElibrary@gmail.com

ਲਿਖਿਆ ਹੈ ਕਿ 'ਲਾਟ ਸਾਹਿਬ ਦੀ ਰਾਇ ਵਿਚ ਹੋ ਸਕਦਾ ਹੈ ਜੋ ਕੂਕਿਆਂ ਵਿਚ ਚੰਗੇ ਚਲਨ ਦੇ ਆਦਮੀ ਵੀ ਹੋਣ, ਪ੍ਰੰਤੂ ਫਿਰ ਵੀ ਉਹ ਇਕ ਅਜੇਹੀ ਜਥੇਬੰਦੀ ਦੇ ਹੁਕਮ ਅੰਦਰ ਹਨ, ਜੋ ਕਿ ਅਪਣੇ ਆਗੂਆਂ ਦੇ ਗੁਪਤ ਅਹਿਦਨਾਮਿਆਂ ਦੀ ਪਾਬੰਦੀ ਦੀ ਚਾਹਵਾਨ ਹੈ। ਏਸ ਗੱਲ ਵਿਚ, ਹੁਣ ਕੋਈ ਸੰਸਾ ਨਹੀਂ ਰਹਿ ਗਿਆ ਕਿ ਕੂਕਾ ਪੰਥ ਦਾ ਮਨੋਰਥ ਅੰਗ੍ਰੇਜ਼ੀ ਰਾਜ ਨੂੰ ਉਲਟਾ ਕੇ ਖ਼ਾਲਸਾ ਰਾਜ ਨੂੰ ਕਾਇਮ ਕਰਨਾ ਹੈ।'*

## ਸਰਮਾਏਦਾਰਾਂ ਵਲੋਂ ਦਰਖਾਸਤਾਂ

ਪੰਜਾਬ ਦੀਆਂ ਸਿਖ ਰਿਆਸਤਾਂ ਵਿਚੋਂ ਪਟਿਆਲਾ, ਨਾਭਾ ਤੇ ਜੀਂਦ ਨੇ ਜੋ ਦੇਸ਼ ਭਗਤ ਕੂਕਿਆਂ ਦੇ ਵਿਰੁੱਧ ਅੰਗ੍ਰੇਜ਼ ਦੀ ਹਮੈਤ ਵਿਚ ਨਾਚ ਨੱਚਿਆ, ਉਸਦਾ ਨਮੂਨਾ ਪਾਠਕ ਦੇਖ ਚੁਕੇ ਹਨ। ਮਲੇਰਕੋਟਲੇ ਵਿਚ ਕੂਕਿਆਂ ਨੂੰ ਮੌਤ ਦੇ ਘਾਟ ਪਾਰ ਉਤਾਰਨ ਵਾਸਤੇ ਜਿਸ ਪੁਲਿਟੀਕਲ ਹੋਲੀ ਦਾ ਅਖਾੜਾ ਰਚਿਆ ਗਿਆ, ਉਸ ਵਿਚ ਉਪ੍ਰੋਕਤ ਤਿੰਨਾਂ ਹੀ ਸਿਖ ਰਿਆਸਤਾਂ ਦੇ ਸਾਢੇ ਸਤ ਸੌ ਸਵਾਰ ਨਵਾਂ ਤੋਪਾਂ ਸਮੇਤ ਸ਼ਾਮਿਲ ਹੋਏ।**

ਹੁਣ ਪੰਜਾਬ ਦੇ ਉਨ੍ਹਾਂ ਸਰਦਾਰਾਂ, ਜਾਗੀਰਦਾਰਾਂ, ਰਈਸਾਂ, ਰਾਜਿਆਂ, ਨਵਾਬਾਂ, ਬੇਦੀਆਂ ਅਤੇ ਸੋਢੀਆਂ ਵਲੋਂ ਸਰਕਾਰ ਹਿੰਦ ਦੀ ਸੇਵਾ ਵਿਚ ਭੇਜੀਆਂ ਗਈਆਂ ਉਨ੍ਹਾਂ ਦਰਖਾਸਤਾਂ ਦਾ ਵਰਣਨ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚ ਕੂਕਿਆਂ ਵਿਰੁੱਧ ਦਿਲ ਦੀ ਭੜਾਸ ਕਢਦਿਆਂ ਹੋਇਆਂ ਕਾਵਨ ਅਤੇ ਫਾਰਸਿਥ ਦੀਆਂ ਸਜ਼ਾਵਾਂ ਦਾ ਹੁਕਮ ਵਾਪਸ ਲੈ ਕੇ ਉਨ੍ਹਾਂ ਦੇ ਬਹਾਲ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ।

ਇਹ ਦਰਖਾਸਤਾਂ ਜਲੰਧਰ ਦੇ ਇਕ ਈਸਾਈ ਮਿਸ਼ਨਰੀ ਗੋਲਕਨਾਥ ਦੀ ਰਾਹੀਂ ਪੰਜਾਬ ਸਰਕਾਰ ਨੂੰ ਭੇਜੀਆਂ ਗਈਆਂ ਜੋ ਅਸਲ ਵਿਚ ਗਵਰਮੈਂਟ ਨੇ ਆਪ ਹੀ ਉਨ੍ਹਾਂ ਤੋਂ ਲਿਖਾਈਆਂ ਜਾਪਦੀਆਂ ਹਨ। ਪਾਦਰੀ ਗੋਲਕਨਾਥ ਲਿਖਦਾ ਹੈ, ਕਿ:—

"ਪਿਛਲੇ ਮਹੀਨੇ ਮਈ ਵਿਚ ਇਸ ਥਾਂ ਅਤੇ ਹੋਰ ਕਈਆਂ ਸ਼ਹਿਰਾਂ ਦੇ ਲੋਕਾਂ ਦਾ ਇਕ ਇਕੱਠ ਇਥੇ (ਜਲੰਧਰ ਸ਼ਹਿਰ ਵਿਚ) ਹੋਇਆ, ਜਿਸ ਦਾ ਪ੍ਰਧਾਨ ਬਿਕ੍ਰਮਾ ਸਿੰਘ ਬਹਾਦਰ ਆਹਲੂਵਾਲੀਆ ਸੀ। ਇਸ ਇਕੱਠ ਦਾ

---

* ਕੂਕਾ ਫਾਈਲ ਪੰਨਾ ੫੭

** ਕੂਕਾ ਫਾਈਲ ਕੇਂਦਰੀ ਪੰਨਾ ੭੧ ਦੀ ਤਾਰ

Sri Satguru Jagjit Singh Ji Elibrary NamdhariElibrary@gmail.com

ਮੰਤਵ ਸ੍ਰਕਾਰ ਹਿੰਦ ਦੀ ਸੇਵਾ ਵਿਚ ਇਹ ਪ੍ਰਾਰਥਨਾ-ਕਰਨਾ ਸੀ ਕਿ ਟੀ. ਡੀ. ਫਾਰਸਿਥ ਲੇਟ ਕਮਿਸ਼ਨਰ ਅਤੇ ਸੁਪਰੰਟੰਡੰਟ ਅੰਬਾਲਾ ਦੇ ਮੁਕੱਦਮੇ ਤੇ ਫੇਰ ਵਿਚਾਰ ਕੀਤਾ ਜਾਵੇ, ਜਿਸ ਕਾਰਨ ਪਿਛਲੀ ਜਨਵਰੀ ਵਿਚ ਕੋਟਲੇ ਵਿਖੇ ਕੂਕਿਆਂ ਦੇ ਉਡਾਣ ਸਬੰਧੀ, ਉਸਨੂੰ ਪੰਜਾਬ ਤੋਂ ਅਵਧ ਵਿਖੇ ਬਦਲ ਦਿਤਾ ਗਿਆ ਸੀ।

ਇਸ ਇਕੱਤ੍ਰਤਾ ਦੇ ਬਹੁਤ ਸਾਰੇ ਮਿੰਬਰ ਕੂਕਿਆਂ ਦੇ ਚਲਨ ਅਤੇ ਇਰਾਦਿਆਂ ਤੋਂ ਚੰਗੀ ਤਰ੍ਹਾਂ ਜਾਣੂੰ ਹਨ, ਅਰ ਉਨ੍ਹਾਂ ਨੂੰ ਪਤਾ ਹੈ, ਕਿ ਕੋਟਲੇ ਵਿਚ ਤੋਪਾਂ ਨਾਲ ਉਡਣ ਦੇ ਸਮੇਂ ਤਕ ਉਨ੍ਹਾਂ ਦੀ ਗਿਣਤੀ ਦਿਨ ਬਦਿਨ ਵਧ ਰਹੀ ਸੀ। ਪਰ ਇਹ ਗੱਲ ਸੁਣ ਕੇ ਉਨ੍ਹਾਂ ਨੂੰ ਬਹੁਤ ਸ਼ੋਕ ਹੋਇਆ, ਕਿ ਜਿਨ੍ਹਾਂ ਅਫ਼ਸਰਾਂ ਨੇ ਪੰਜਾਬ ਵਿਚੋਂ ਅੰਗ੍ਰੇਜ਼ੀ ਰਾਜ ਨੂੰ ਖ਼ਤਮ ਕਰਨ ਦਾ ਪੱਕਾ ਇਰਾਦਾ ਰੱਖਣ ਵਾਲੇ ਇਕ ਬਾਗ਼ੀ ਫ਼ਿਰਕੇ ਦੀ ਰਵਸ਼ ਨੂੰ ਰੋਕਣ ਵਿਚ ਆਪਣੇ ਕ੍ਰਤਬ ਦਾ ਚੰਗੀ ਤਰ੍ਹਾਂ ਪਾਲਨ ਕੀਤਾ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਗਈਆਂ।

ਇਸ ਇਕੱਤ੍ਰਤਾ ਦੇ ਪ੍ਰਧਾਨ ਦੀ ਹਦਾਇਤ ਅਤੇ ਆਗਯਾ ਅਨੁਸਾਰ ਮੈਂ ਇਸ ਪਿਟੀਸ਼ਨ (ਦਰਖ਼ਾਸਤ) ਨਾਲ ਉਹ ਦਰਖ਼ਾਸਤਾਂ ਭੇਜਦਾ ਹਾਂ ਜੋ ਉਰਦੂ ਵਿਚ ਹਨ ਅਤੇ ਉਨ੍ਹਾ ਉਤੇ ਦਰਖਾਸਤਾਂ ਘੱਲਣ ਵਾਲਿਆਂ ਦੇ ਦਸਖ਼ਤ ਹਨ, ਜੋ ਸਮੁਚੇ ਰੂਪ ਵਿਚ ਇਸ ਇਕੱਤ੍ਰਤਾ ਨਾਲ ਸਹਿਮਤ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਦਰਖ਼ਾਸਤਾਂ ਨੂੰ ਇਸ ਨੁਕਤਾ ਨਿਗਾਹ ਨਾਲ ਲਾਟ ਸਾਹਿਬ ਦੀ ਸੇਵਾ ਵਿਚ ਪੇਸ਼ ਕਰੋ, ਕਿ ਇਹ ਹਿੰਦੁਸਤਾਨ ਦੇ ਵਡੇ ਲਾਟ ਅਰ ਉਨ੍ਹਾਂ ਦੀ ਕੌਂਸਲ ਨੂੰ ਭੇਜ ਦਿਤੀਆਂ ਜਾਣ"।

## (ਨੰਬਰ ੧)

"ਸੇਵਾ ਵਿਖੇ ਲਾਟ ਸਾਹਿਬ ਪੰਜਾਬ!

ਅਸੀਂ ਜੋ ਮਲਕਾ ਮਹਾਰਾਣੀ ਦੀ ਪ੍ਰਜਾ ਹਾਂ, ਅਪਣੀ ਨਿਆਂਕਾਰੀ ਸ੍ਰਕਾਰ ਅਤੇ ਖਾਸ ਕਰਕੇ ਲਾਰਡ ਨਾਰਥ ਬਰੁਕ ਦੀ ਸੇਵਾ ਵਿਚ ਸ੍ਰਕਾਰ ਹਿੰਦ ਵਲੋਂ ਹੁਣੇ ਜੇਹੇ ਪਾਸ ਹੋਏ ਇਕ ਹੁਕਮ ਵਿਰੁਧ ਬੜੇ ਸਤਕਾਰ ਨਾਲ ਅਪੀਲ ਕਰਦੇ ਹਾਂ, ਜਿਸ ਰਾਹੀਂ ਮਿਸਟਰ-ਕਾਵਨ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿਤਾ ਗਿਆ, ਅਰ ਅੰਬਾਲਾ ਦੇ ਕਮਿਸ਼ਨਰ ਮਿਸਟਰ ਫਾਰਸਿਥ ਨੂੰ ਬਦਲ ਕੇ ਅਵਧ ਵਿਚ ਭੇਜ ਦਿਤਾ ਗਿਆ ਹੈ। ਅਸੀਂ ਪ੍ਰਾਰਥਨਾ ਕਰਦੇ ਹਾਂ

ਕਿ ਸ੍ਰਕਾਰ ਇਸ ਹੁਕਮ ਨੂੰ ਮਨਸੂਖ਼ ਕਰ ਦੇਵੇ। ਗਵਰਮੈਂਟ ਦੇ ਤਜਰਬਾਕਾਰ ਅਫ਼ਸਰਾਂ ਤੋਂ ਇਹ ਸਚਾਈ ਲੁਕੀ ਹੋਈ ਨਹੀਂ ਹੈ, ਕਿ ਕੂਕਿਆਂ ਦੇ ਫਿਰਕੇ ਨੇ ਕਦੇ ਏਸ ਗੱਲ ਦੀ ਇੱਛਾ ਨਹੀਂ ਕੀਤੀ, ਕਿ ਅੰਗ੍ਰੇਜ਼ ਆਪਣੇ ਰਾਜ ਵਿਚ ਸ਼ਾਂਤੀ ਦਾ ਸੁਖ ਮਾਣ ਸਕਣ। ਇਹ ਗੱਲ ਉਨ੍ਹਾਂ ਦੇ ਚਲਨ ਤੇ ਹੀ ਪ੍ਰਗਟ ਹੈ। ਉਹ ਮੇਲਿਆਂ ਵਿਚ ਸ਼ਾਮਿਲ ਹੋਣ ਦੇ ਬਹਾਨੇ ਭਾਰੀ ਗਿਣਤੀ ਵਿਚ ਇਕੱਤ੍ਰ ਹੁੰਦੇ ਅਤੇ ਅਜੇਹੇ ਥਾਵਾਂ ਤੇ ਧਾਰਮਿਕ ਝਗੜੇ ਉਠਾਂਦੇ ਰਹੇ ਹਨ। ਉਨ੍ਹਾਂ ਨੇ ਵੱਖੋ ਵੱਖ ਥਾਵਾਂ ਤੇ ਹਥਿਆਰਬੰਦ ਸੂਬੇ ਨੀਜਤ ਕੀਤੇ, ਡਾਕ ਦਾ ਆਪਣਾ ਪ੍ਰਬੰਧ ਕੀਤਾ, ਅਤੇ ਹੇਠ ਲਿਖੇ ਅਨੁਸਾਰ ਬਾਗ਼ੀਆਨਾਂ ਗੀਤ ਗਾਂਵੇ:-

"ਖਾਲਸਾ ਜੀ ਕਾ ਰਾਜ ਹੋਸੀ। ਉਨਕੇ ਅੱਗੇ ਰਹੇ ਨ ਕੋਸੀ"।

ਉਹ ਅਪਣੇ ਜਲਸਿਆਂ ਵਿਚ ਸ੍ਰਕਾਰ ਦੇ ਵਿਰੁੱਧ ਬੋਲਦੇ ਰਹੇ। ਇਹ ਸਭ ਕੁਛ ਉਸ ਹਾਲਤ ਵਿਚ ਕੀਤਾ ਗਿਆ, ਜਦ ਕਿ ਉਹ ਮੇਲਿਆਂ ਤੇ ਗਏ, ਅਤੇ ਸ੍ਰਕਾਰ ਨੇ ਉਨ੍ਹਾਂ ਤੇ ਨਿਗਰਾਨੀ ਰਖੀ। ਅਰੰਭ ਵਿਚ ਉਨ੍ਹਾਂ ਨੇ ਸ੍ਰਕਾਰ ਦੇ ਇਰਾਦਿਆਂ ਨੂੰ ਬਹਾਨੇ ਨਾਲ ਟੋਹਣ ਦੀ ਕੋਸ਼ਿਸ਼ ਕੀਤੀ, ਅਤੇ ਅਟੈਕ ਕਰਨ ਪਿਛੋਂ ਇਸ ਖਿਆਲ ਨਾਲ ਚੁਪ ਕਰ ਰਹੇ, ਕਿ ਸ੍ਰਕਾਰ ਦੀਆਂ ਅਦਾਲਤੀ ਕਾਰਵਾਈਆਂ ਉਨ੍ਹਾਂ ਨੂੰ ਕਿਸ ਹੱਦ ਤਕ ਅੰਦਰ ਰਖ ਸਕਦੀਆਂ ਹਨ। ਇਕ ਲੰਮੇ ਅਰਸੇ ਤਕ ਅੰਮ੍ਰਿਤਸਰ ਦੇ ਸਾਰੇ ਰਾਈਸ ਉਨ੍ਹਾਂ ਦੇ ਕਾਰਨ ਮੁਸੀਬਤਾਂ ਵਿਚ ਫਸੇ ਰਹੇ। ਅੰਤ ਵਿਚ ਜਦ ਇਹ ਸਿਧ ਹੋ ਗਿਆ ਕਿ ਜੁਰਮ ਕੂਕਿਆਂ ਨੇ ਹੀ ਕੀਤਾ ਹੈ, ਤਾਂ ਵੀ ਪੰਥ ਦੇ ਸਾਰੇ ਮਿੰਬਰਾਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ। ਫੇਰ ਉਨ੍ਹਾਂ ਨੇ ਧਾਰਮਿਕ ਜੋਸ਼ ਉਤਪਨ ਕਰਨ ਦੇ ਮੰਤਵ ਨਾਲ 'ਗਊ ਘਾਤ' ਦੇ ਸਵਾਲ ਨੂੰ ਹੱਥਾਂ ਵਿਚ ਲਿਆ। ਜਿਸ ਨਾਲ ਉਨ੍ਹਾਂ ਸਮਝਿਆ, ਕਿ ਹਰ ਹਿੰਦੂ ਜੋਸ਼ ਵਿਚ ਆ ਕੇ ਉਨ੍ਹਾਂ ਦੇ ਨਾਲ ਰਲ ਜਾਏਗਾ। ਏਸ ਤ੍ਰੀਕੇ ਨਾਲ ਉਨ੍ਹਾਂ ਨੇ ਅਪਣੇ ਹੌਸਲੇ ਵਧਾਂਦਿਆਂ ਹੋਇਆਂ ਸ੍ਰਕਾਰ ਦੀ ਰਾਜ ਪ੍ਰਬੰਧਕ ਸ਼ਕਤੀ ਨੂੰ ਪਰਖਿਆ, ਅਤੇ ਸਾਡਾ ਪੱਕਾ ਖ਼ਿਆਲ ਹੈ, ਕਿ ਜੇ ਉਨ੍ਹਾਂ ਨੂੰ ਉਚਿਤ ਸਜ਼ਾ ਨਾ ਦਿਤੀ ਜਾਂਦੀ ਤਾਂ ਸਾਡੀ ਪਤ, ਸਾਡੀਆਂ ਜਾਇਦਾਤਾਂ, ਅਤੇ ਜ਼ਿੰਦਗੀਆਂ ਸਮੇਤ ਅੰਮ੍ਰਿਤਸਰ ਦੇ ਮੁਕੱਦਮੇ ਦੀ ਮੁਸੀਬਤਾਂ ਵਿਚ ਗੁਸੇ ਗਏ ਲੋਕਾਂ ਨਾਲੋਂ ਵੀ ਵਧੇਰੇ ਖ਼ਤਰੇ ਵਿਚ ਪੈ ਜਾਂਦੀ ਪ੍ਰੰਤੂ ਫ਼ਾਰਸਿਥ ਇਕ ਤਜਰਬਾਕਾਰ ਅਫ਼ਸਰ ਸੀ, ਜੋ ਲੋਕਾਂ ਦੇ ਚਲਨ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਉਹ ਇਨ੍ਹਾਂ ਅੰਦੇਸ਼ਿਆਂ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਸੀ, ਅਤੇ ਉਹ ਦੂਜੀ ਘਟਨਾ ਵਾਲੇ ਥਾਂ ਤੇ ਹਾਜ਼ਰ ਸੀ। ਉਸਨੇ ਦੋਸ਼ੀ ਕੂਕਿਆਂ ਦੇ ਜਥੇ

ਨੂੰ ਤੋਪ ਦੇ ਮੂੰਹ ਅਗੇ ਰਖਕੇ ਭੁੰਨ ਦਿਤਾ, ਅਤੇ ਏਸਤ੍ਰਾਂ ਉਸਨੇ ਪੰਜਾਬ ਦੇ ਇਸ ਫ਼ਿਰਕੇ ਨਾਲ ਸਬੰਧ ਰਖਣ ਵਾਲੇ ਬਹੁਤ ਸਾਰੇ ਮਿੰਬਰਾਂ ਦੇ ਹੌਸਲੇ ਢਾਹ ਦਿਤੇ, ਜੋ ਬੜੇ ਗਹੁ ਨਾਲ ਏਸ ਘਟਨਾ ਦੇ ਨਤੀਜੇ ਵਲ ਤਕ ਰਹੇ ਸਨ। ਏਸ ਤਰ੍ਹਾਂ ਉਨਾਂ ਨੂੰ ਸ਼ੁਰੂ ਵਿਚ ਹੀ ਦਬਾ ਕੇ ਉਸ (ਫਾਰਸਿਥ) ਨੇ ਉਸ ਅੱਗ ਨੂੰ ਮੱਚਣ ਤੋਂ ਪਹਿਲਾਂ ਹੀ ਬੁਝਾ ਦਿਤਾ, ਜੋ ਪੰਜਾਬ ਭਰ ਵਿਚ ਫੈਲਣ ਵਾਲੀ ਸੀ। ਸੋ ਉਤਲੀਆਂ ਗਲਾਂ ਤੇ ਵਿਚਾਰ ਕਰਨ ਤੋਂ ਪਿਛੋਂ ਪਤਾ ਲਗਦਾ ਹੈ, ਕਿ ਉਸ ਵਲੋਂ ਉਠਾਇਆ ਗਿਆ ਕਦਮ ਸਾਡੀ ਇੱਜ਼ਤ ਬਚਾਣ ਦਾ ਕਾਰਨ ਬਣਿਆ, ਪ੍ਰੰਤੂ ਉਸਦੀਆਂ ਸੁਕਾਰੀ ਖ਼ਿਦਮਤਾਂ, ਅਤੇ ਜੰਤਾ ਲਈ ਚੰਗਾ ਕੰਮ ਕਰਨ ਬਦਲੇ ਉਸਦੀ ਨਿਖੇਧੀ ਕੀਤੀ ਗਈ। ਅਸੀਂ ਉਸ ਨਿਆਂਕਾਰੀ ਅਫਸਰ ਦੇ ਹਸਾਨ, ਧੰਨਵਾਦ ਅਤੇ ਆਪਣੀ ਪਤ ਦੇ ਪ੍ਰਸ਼ਨ ਨੂੰ ਲਾਂਭੇ ਰਖਦੇ ਹੋਏ ਉਸਦੀ ਜੰਤਕ ਭਲਾਈ ਬਦਲੇ ਕੀਤੀ ਗਈ ਕੋਸ਼ਸ਼ ਦੇ ਵਿਰੁੱਧ ਲਾਏ ਗਏ ਦੋਸ਼ ਬਾਬਤ ਸ਼ੋਕ ਅਤੇ ਸ਼ਕੈਤ ਪ੍ਰਗਟ ਕਰਨ ਦੀ ਆਗਜ਼ਾ ਮੰਗਦੇ ਹਾਂ। ਫਾਰਸਿਥ ਨੇ ਜੋ ਪਹਿਲਾਂ ਸੁਕਾਰ ਦੀ ਪ੍ਰਸੰਸਾ ਯੋਗ ਸੇਵਾ (Service) ਕੀਤੀ ਹੈ, ਉਸਨੂੰ ਮੁਖ ਰਖ ਕੇ ਵੀ ਅਸੀਂ ਅਪਣੀ ਅਪੀਲ ਦੀ ਪ੍ਰਵਾਨਗੀ ਲਈ ਪ੍ਰਾਰਥਨਾ ਕਰਦੇ ਹਾਂ; ਅਸਲ ਵਿਚ ਉਸ ਅਫਸਰ ਦੀਆਂ ਵਰਤਮਾਨ ਖਿਦਮਾਤ ਵਲ ਕਿਸੇ ਬੰਦੇ ਨੇ ਹਿੰਦੁਸਤਾਨੀ ਨੁਕਤਾ ਨਿਗਾਹ ਨਾਲ ਵੀ ਧਿਆਨ ਨਹੀਂ ਦਿਤਾ, ਅਤੇ ਸੁਕਾਰ ਨੇ ਉਨ੍ਹਾਂ ਗਲਤੀਆਂ ਦੇ ਅਧਾਰ ਤੇ ਹੀ ਆਪਣਾ ਹੁਕਮ ਜਾਰੀ ਕਰ ਦਿਤਾ ਜੋ ਮੁਕੱਦਮੇ ਦਿਆਂ ਕਾਗਜ਼ਾਂ ਅੰਦਰ ਮੌਜੂਦ ਸਨ।

ਸਹੀ—ਹਰਨਾਮ ਸਿੰਘ ਆਹਲੂਵਾਲੀਆ, ਬਿਕ੍ਰਮਾ ਸਿੰਘ ਆਹਲੂਵਾਲੀਆ, ਸੁਚੇਤ ਸਿੰਘ ਆਹਲੂਵਾਲੀਆ, ਗੋਲਕਨਾਥ ਮਿਸ਼ਨਰੀ ਅਤੇ ੪੩੭ ਹੋਰ ਜਾਗੀਰਦਾਰ, ਮਿਊਨਿਸਪਲ ਕਮੇਟੀਆਂ ਦੇ ਮਿੰਬਰ, ਅਤੇ ਭਿੰਨ ਭਿੰਨ ਸ਼ਹਿਰਾਂ ਤੇ ਪਿੰਡਾਂ ਦੇ ਜ਼ੈਲਦਾਰ ਵ ਸ਼ਾਹੂਕਾਰ।"

## (ਨੰ: ੨)

"ਸੇਵਾ ਵਿਖੇ ਲਾਟ ਸਾਹਿਬ ਪੰਜਾਬ!

ਇਹ ਪ੍ਰਗਟ ਹੈ ਕਿ ਸਾਡੀ ਦਿਆਲੂ ਸੁਕਾਰ ਨੇ ਬੜੀ ਉਦਾਰਤਾ ਨਾਲ ਅਪਣੀ ਸਾਰੀ ਪ੍ਰਜਾ ਅਤੇ ਖ਼ਾਸ ਕਰਕੇ ਅਖ਼ਬਾਰ ਨਵੀਸਾਂ ਨੂੰ ਇਸ ਗੱਲ ਦੀ ਸੁਤੰਤ੍ਰਤਾ ਦਿਤੀ ਹੋਈ ਹੈ, ਕਿ ਜੇ ਉਹ ਦੇਸ਼ ਦੇ ਰਾਜਪ੍ਰਬੰਧ ਵਿਚ ਕੋਈ ਘਾਟਾ ਅਨੁਭਵ ਕਰਨ ਅਥਵਾ ਜੰਤਾ ਨਾਲ ਸਬੰਧ ਰੱਖਣ ਵਾਲੇ ਸੁਕਾਰੀ ਹੁਕਮਾਂ

ਵਿਚ ਕੋਈ ਦੋਸ਼ ਵੇਖਣ ਤਾਂ ਉਹ ਬਿਨਾਂ ਡਰ ਦੇ ਅਪਣੇ ਦ੍ਰਿਸ਼ਟੀਕੋਣ ਅਤੇ ਇਤ੍ਰਾਜਾਂ ਨੂੰ ਪ੍ਰਗਟ ਕਰ ਸਕਦੇ ਹਨ। ਨਾਲ ਹੀ ਉਹ ਇਹ ਵੀ ਦੱਸ ਸਕਦੇ ਹਨ ਕਿ—ਅਮੁਕੇ ਹੁਕਮ ਵਿਚ ਆਹ ਕਮੀ ਹੈ, ਅਤੇ ਇਸਦਾ ਐਹ ਇਲਾਜ ਹੈ। ਅਖ਼ਬਾਰਾਂ ਦੇ ਸੰਪਾਦਕਾਂ ਨੇ ਕੂਕਿਆਂ ਦੇ ਪਹਿਲੇ ਮੁਕੱਦਮੇ ਬਾਬਤ ਕਈ ਇਤ੍ਰਾਜ਼ ਉਠਾਏ ਸਨ, ਅਤੇ ਚੂੰਕਿ ਸਾਨੂੰ ਰਈਸਾਂ ਅਤੇ ਸੁਕਾਰ ਦੇ ਵਫਾਦਾਰਾਂ ਨੂੰ ਵੀ ਆਪਣੇ ਅਖ਼ਬਾਰ ਨਵੀਸਾਂ ਜੇਹੀ ਸੁਤੰਤ੍ਰਤਾ ਦਾ ਅਧਿਕਾਰ ਹੈ, ਇਸ ਲਈ ਸਾਡਾ ਕਰਤਬ ਹੈ, ਕਿ ਜੇ ਅਸੀਂ ਅਪਣੇ ਦੇਸ਼ ਨਾਲ ਸਬੰਧ ਰਖਣ ਵਾਲੇ ਕਿਸੇ ਪ੍ਰਸ਼ਨ ਵਿਚ ਕਮਜੋਰੀ ਵੇਖੀਏ, ਤਾਂ ਅਪਣੇ ਸੱਚੇ ਦਿਲ ਨਾਲ ਉਸਨੂੰ ਸੁਕਾਰ ਤਕ ਪੁਚਾਈਏ। ਕਿਉਂਕਿ ਸਾਡੀ ਰਾਇ ਵਿਚ ਅਖਬਾਰ ਨਵੀਸਾਂ ਨੇ ਕੂਕਾ ਕੇਸ ਸਬੰਧੀ ਸੁਕਾਰੀ ਹੁਕਮਾਂ ਦੇ ਵਿਰੁਧ ਬੜੇ ਵਜ਼ਨਦਾਰ ਅਤੇ ਖਾਸ ਇਤ੍ਰਾਜ਼ ਉਠਾਏ ਹਨ, ਇਸ ਲਈ ਲੋਕਾਂ ਵਲੋਂ ਇਸ ਖ਼ਿਆਲ ਨਾਲ ਇਕ ਕਮੇਟੀ ਬਣਾਈ ਗਈ ਸੀ ਕਿ ਇਸ ਬਾਬਤ ਸੁਕਾਰ ਦੀ ਸੇਵਾ ਵਿਚ ਇਕ ਪਿਟੀਸ਼ਨ ਘੱਲੀ ਜਾਵੇ। ਕਮੇਟੀ ਮਿੰਬਰਾਂ ਦੇ ਨਾਉਂ ਅਖ਼ੀਰ ਵਿਚ ਜ਼ਿਲ੍ਹਿਆਂ ਅਨੁਸਾਰ ਦਰਜ ਕੀਤੇ ਗਏ ਹਨ ਅਤੇ ਉਹ (ਕਮੇਟੀ ਮਿੰਬਰ) ਸਰਬ ਸੰਮਤੀ ਨਾਲ ਇਸ਼ ਨਤੀਜੇ ਤੇ ਪੁੱਜੇ ਹਨ ਕਿ ਇਸ ਮੁਕੱਦਮੇ ਵਿਚ ਪਾਸ ਹੋਏ ਸੁਕਾਰੀ ਹੁਕਮਾਂ ਤੇ ਫੇਰ ਵਿਚਾਰ ਹੋਣਾ ਚਾਹੀਦਾ ਹੈ। ਤਾਂਤੇ ਇਸ ਸਬੰਧ ਵਿਚ ਇਹ ਅਪੀਲ ਸੁਕਾਰ ਤਕ ਜਰੂਰ ਪੁਜਣੀ ਚਾਹੀਦੀ ਸੀ, ਕਿਉਂਕਿ ਦੇਸ਼ ਦੀ ਅਵਸਥਾ ਨੂੰ ਅਸੀਂ ਦੂਜੀਆਂ ਜਮਾਤਾਂ ਨਾਲੋਂ ਬਹੁਤ ਚੰਗੀ ਤਰ੍ਹਾਂ ਸਮਝਦੇ ਹਾਂ। ਇਹ ਗੱਲ ਪਾਰਲੀਮਿੰਟ ਵਿਚ ਪਹਿਲੋਂ ਤੋਂ ਹੀ ਮੰਨੀ ਗਈ ਹੈ। ਬਾਗ਼ੀਜਾਨਾ ਚਲਨ ਵਾਲੇ ਕੂਕਿਆਂ ਦੀ ਭਗਤੀ ਅਤੇ ਈਸ਼ੁਰ ਪੂਜਾ ਕੇਵਲ ਇਕ ਬਹਾਨਾ ਸੀ। ਹਿੰਦੁਸਤਾਨੀਆਂ ਅਤੇਂ ਪੰਜਾਬ ਵਾਸੀਆਂ ਦਾ ਇਹ ਨਿਸਚਾ ਹੈ ਕਿ ਜਦ ਤੋਂ ਇਹ ਫ਼ਿਰਕਾ ਪੈਦਾ ਹੋਇਆ ਤਦ ਤੋਂ ਹੀ ਇਸਦਾ ਅਸਲ ਮਨੋਰਥ ਦੇਸ਼ ਦੀ ਦੁਨਯਾਵੀ ਬਾਦਸ਼ਾਹੀ ਪ੍ਰਾਪਤ ਕਰਨਾ ਸੀ ਅਤੇ ਇਸਦੇ ਮਿੰਬਰ ਬਿਲਕੁਲ ਗੈਰ ਵਫ਼ਾਦਾਰ ਸਨ। ਉਨ੍ਹਾਂ ਦੇ ਬੇਗਰਜ਼ ਫ਼ਕੀਰ ਅਤੇ ਪ੍ਰਮੇਸ਼ਰ ਦੇ ਭਗਤ ਹੋਣ ਬਾਬਤ ਕਿਸੇ ਨੂੰ ਵਿਸ਼ਵਾਸ ਨਹੀਂ ਸੀ। ਉਹ ਆਪਣੇ ਮੰਤਵ ਦੀ ਪੁਸ਼ਟੀ ਵਿਚ ਬੜੀਆਂ ਜੋਰਦਾਰ ਦਲੀਲਾਂ ਦਿੰਦੇ ਸਨ, ਜਿਨ੍ਹਾਂ ਦਾ ਜ਼ਿਕਰ ਇਸ ਡਰ ਕਰਕੇ ਨਹੀਂ ਕੀਤਾ ਗਿਆ ਕਿ ਪਿਟੀਸ਼ਨ ਲੰਮੀ ਹੋ ਜਾਏਗੀ, ਪ੍ਰੰਤੂ ਨਮੂਨੇ ਮਾਤ੍ਰ ਇਕ ਦੋ ਦਾ ਵਰਣਨ ਕੀਤਾ ਜਾਂਦਾ ਹੈ।

ਕੂਕਾ ਪੰਥ ਦੀ ਨੀਤੀ ਸੁਆਰਥ ਅਤੇ ਦੇਸ਼ ਉਤੇ ਕਬਜ਼ਾ ਕਰਨ ਤੇ ਨਿਰਭਰ ਹੈ। ਉਹ ਬਦੇਸ਼ੀ, ਨਸ਼ੀਲੀਆਂ ਚੀਜਾਂ ਦੀ ਚੋਰੀ ਅਤੇ ਝੂਠ ਬੋਲਣ

Sri Satguru Jagjit Singh Ji Elibrary NamdhariElibrary@gmail.com

ਦੀ ਮਨਾਹੀ ਕੇਵਲ ਵਿਖਾਵੇ ਦੇ ਰੂਪ ਵਿਚ ਕਰਦੇ ਹਨ, ਪਰ ਅਸਲ ਵਿਚ ਉਹ ਇਕ ਅਜੇਹੇ ਤ੍ਰੀਕੇ ਦੀ ਪੈਰਵੀ ਕਰਦੇ ਹਨ, ਜੋ ਰਾਜ ਪ੍ਰਬੰਧ ਦੀ ਨੀਤੀ ਨਾਲ ਮਿਲਦਾ ਜੁਲਦਾ ਹੈ। ਉਨ੍ਹਾਂ ਨੇ ਇਕ ਲੱਖ ਕੂਕਿਆਂ ਦੇ ਵਾਸਤੇ ਇਕ ਸੂਬਾ ਅਤੇ ਇਕ ਨਾਇਬ ਸੂਬਾ ਨੀਜਤ ਕੀਤਾ ਹੋਇਆ ਸੀ, ਅਤੇ ਯੋਗ ਤ੍ਰੀਕੇ ਅਨੁਸਾਰ ਅਫਸਰ ਬਣਾਏ ਹੋਏ ਸਨ, ਹਰ ਸੂਬਾ ਗੁਰੂ ਰਾਮ ਸਿੰਘ ਨੂੰ ਰੋਜ਼ਾਨਾ ਰਿਪੋਟ ਭੇਜਦਾ ਸੀ। ਜੇ ਨਿਰਭਾਗਤਾ ਵਸ ਹਾਲਾਤ ਦੇ ਕਾਰਨ ਕੂਕਾ ਪੰਥ ਦੇ ਕੁਛ ਮੈਂਬਰ ਮਾੜੇ ਹੋ ਜਾਂਦੇ ਤਾਂ ਪੰਥਕ ਆਦਮੀਆਂ ਵਲੋਂ ਉਨ੍ਹਾਂ ਦੀ ਚੰਦਿਆਂ ਰਾਹੀਂ ਸਹੈਤਾ ਕੀਤੀ ਜਾਂਦੀ ਸੀ। ਭੈਣੀ (ਸਾਹਿਬ) ਪਿੰਡ ਵਿਚ ਅੰਨ ਰੱਖਣ ਵਾਸਤੇ ਮੋਦੀ ਖ਼ਾਨੇ (Stores) ਉਸਾਰੇ ਗਏ ਸਨ, ਅਤੇ ਉਨ੍ਹਾਂ ਨੂੰ ਚੰਗੀ ਹਾਲਤ ਵਿਚ ਰੱਖਣ ਦੇ ਪ੍ਰਬੰਧ ਕੀਤੇ ਗਏ ਸਨ। ਉਹ ਆਪਣੇ ਰੂਹਾਨੀ ਗੁਰੂਆਂ ਨੂੰ ਪਾਤਸ਼ਾਹ ਕਹਿਕੇ ਪੁਕਾਰਦੇ ਹਨ। ਕੁਛ ਚਿਰ ਪਹਿਲੋਂ ਉਨ੍ਹਾਂ ਵੱਡੇ ਵੱਡੇ ਮੇਲੇ ਵੀ, ਇਸ ਲਈ ਕਰਨੇ ਸ਼ੁਰੂ ਕਰ ਦਿਤੇ, ਕਿਉਂਕਿ ਸ੍ਰਕਾਰ ਉਨ੍ਹਾਂ ਦੇ ਚਲਨ ਨੂੰ ਦਿਆਲਤਾ ਨਾਲ ਦੇਖਦੀ ਸੀ, ਇਸ ਲਈ ਉਨ੍ਹਾਂ ਨੇ ਖੁਲ੍ਹੇ ਤੌਰ ਗੜਬੜ ਮਚਾਣ ਦੀਆਂ ਤਿਆਰੀਆਂ ਕਰ ਦਿਤੀਆਂ। ਪਹਿਲੋਂ ਉਨ੍ਹਾਂ ਨੇ (ਮੁਸਲਮਾਨ ਅਤੇ ਅੰਗ੍ਰੇਜ਼ ਈਸਾਈਆਂ ਤੋਂ ਬਿਨਾਂ) ਦੂਜੇ ਪੰਥਾਂ ਦੇ ਆਦਮੀਆਂ ਨੂੰ ਆਪਣੇ ਨਾਲ ਰਲਾਣ ਲਈ ਪ੍ਰੇਰਨਾ ਕੀਤੀ। ਜੋ ਗਊ ਘਾਤ ਤੋਂ ਘ੍ਰਿਣਾ ਕਰਦੇ ਸਨ, ਉਹ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਉਨ੍ਹਾਂ ਨੇ ਉਨ੍ਹਾਂ ਨੂੰ ਬੁੱਚੜ ਮਾਰਨ ਦੀ ਸੰਥਾ ਪੜ੍ਹਾਈ। ਸੂਬਾ ਗਿਆਨੀ ਸਿੰਘ ਨੂੰ ਗੁਰੂ ਰਾਮ ਸਿੰਘ ਨੇ ਬੁਚੜਾਂ ਦੇ ਮਾਰਨ ਵਾਸਤੇ ਕਮਾਨ ਅਫਸਰ ਥਾਪਿਆ ਹੋਇਆ ਸੀ, ਅਤੇ ਉਸਨੇ ਗ੍ਰਿਫ਼ਤਾਰੀ ਅਰ ਫਾਂਸੀ ਲਗਣ ਵੇਲੇ ਐਲਾਨ ਕੀਤਾ ਸੀ, ਕਿ ਉਸਦੀ ਮੌਤ ਦਾ ਬਦਲਾ ਬੜੀ ਛੇਤੀ ਲਿਆ ਜਾਏਗਾ, ਅਤੇ ਜੰਤਾ ਵੇਖੇਗੀ ਕਿ ਥੋੜ੍ਹੇ ਸਮੇਂ ਤਕ ਕੀ ਦਾ ਕੀ ਹੋ ਜਾਂਦਾ ਹੈ। ਉਸਦੇ ਸੇਵਕਾਂ ਨੇ ਐਲਾਨ ਕੀਤਾ, ਕਿ ਉਨ੍ਹਾਂ ਨੇ ਉਸਦੀ ਮੌਤ ਦਾ ਬਦਲਾ ਲੈਣ ਲਈ ਮਤਾ ਪਕਾ ਲਿਆ ਹੈ, ਅਤੇ ਭਾਵੇਂ ਇਹ ਪ੍ਰਸਿੱਧ ਕਰ ਦਿਤਾ ਗਿਆ ਸੀ, ਕਿ ਉਹ ਪਾਗਲ ਹੋ ਗਏ ਹਨ ਅਤੇ ਰਾਮ ਸਿੰਘ ਨੇ ਉਨ੍ਹਾਂ ਦੀ ਇਸ ਦਸ਼ਾ ਸਬੰਧੀ ਰਪੋਟ ਵੀ ਕਰ ਦਿੱਤੀ ਸੀ, ਪ੍ਰੰਤੂ ਉਸ (ਗੁਰੂ ਰਾਮ ਸਿੰਘ ਜੀ) ਨੇ ਨਿਸਚਿਤ ਸਮੇਂ ਲਈ ਸਾਰੇ ਕੂਕਿਆਂ ਨੂੰ ਸੂਬਿਆਂ ਰਾਹੀਂ ਇੰਜੇਕਸ਼ਨ (ਟੀਕਾ) ਕੀਤਾ ਹੋਇਆ ਸੀ, ਅਤੇ ਇਹ ਸਾਬਤ ਹੋ ਚੁਕਾ ਸੀ। ਉਨ੍ਹਾਂ ਵਲੋਂ ਹਮਲੇ ਵਾਸਤੇ ਉਹ ਸਮਾਂ ਨਿਸਚਿਤ ਕੀਤਾ ਗਿਆ ਸੀ, ਜਦ ਕਿ ਮਹਾਰਾਜਾ ਪਟਿਆਲਾ ਦਿੱਲੀ ਨੂੰ ਗਿਆ ਹੋਇਆ ਸੀ, ਮਲੇਰਕੋਟਲੇ ਦਾ ਨਵਾਬ ਮਰ ਜਾਣ ਦੇ ਕਾਰਨ ਰਿਆਸਤ ਯਤੀਮ ਹੋ ਚੁਕੀ

ਸੀ. ਅਤੇ ਨਾਭੇ ਦੇ ਰਾਜਾ ਨੂੰ ਤਖ਼ਤ ਤੇ ਬੈਠਿਆਂ ਥੋੜ੍ਹਾ ਚਿਰ ਹੋਇਆ ਸੀ। ਉਨ੍ਹਾਂ ਨੇ ਆਪ ਵਿਚ ਦੀ ਇਹ ਸਲਾਹ ਮਿਥੀ ਹੋਈ ਸੀ. ਕਿ ਪਹਿਲੋਂ ਉਹ ਮਲੇਰ ਕੋਟਲੇ ਵਿਚ ਸ਼ਕਤੀ ਪ੍ਰਾਪਤ ਕਰਨਗੇ. ਅਰ ਰਿਆਸਤ ਵਿਚੋਂ ਘੋੜੇ ਤੇ ਹਥਿਆਰ ਆਦਿਕ-ਪ੍ਰਾਪਤ ਕਰਨ ਤੋਂ ਪਿਛੋਂ ਪਟਿਆਲਾ ਦੇ ਕਿਲਾ ਬੜਾਲੀ ਤੇ ਕਬਜ਼ਾ ਕਰਨਗੇ. ਅਤੇ ਫੇਰ ਅਚਨਚੇਤ ਰਿਆਸਤ ਨਾਭਾ ਤੇ ਹਮਲਾ ਕਰਨਗੇ। ਉਨ੍ਹਾਂ ਨੇ ਪਹਿਲੋਂ ਮਲੌਦ ਤੇ ਹਮਲਾ ਕੀਤਾ ਤੇ ਪਿਛੋਂ ਮਲੇਰਕੋਟਲਾ ਤੇ ਟੁਟ ਪਏ. ਪਰ ਜੇ ਉਹ ਫੜੇ ਨਾ ਜਾਂਦੇ, ਤਾਂ ਉਨ੍ਹਾਂ ਦੇ ਪੰਥ ਵਾਲੇ ਸਾਰਿਆਂ ਬੰਨਿਆਂ ਤੋਂ ਉਨ੍ਹਾਂ ਦੀ ਮਦਤ ਲਈ ਉਮਡ ਆਉਂਦੇ. ਪ੍ਰੰਤੂ ਮਿਸਟਰ ਕਾਵਨ ਦੇ ਚੰਗੇ ਪ੍ਰਬੰਧ ਕਰਕੇ. ਜਿਸਨੇ ਗਵਾਂਢੀ ਰਾਜਿਆਂ ਕੋਲੋਂ ਰਸਾਲੇ ਇਕੱਠੇ ਕੀਤੇ, ਅੰਗ੍ਰੇਜ਼ੀ ਫੌਜ ਦਾ ਪ੍ਰਬੰਧ ਕੀਤਾ. ਅਤੇ ਮਿਸਟਰ ਫਾਰਸਿਥ ਦੇ ਸਮੇਂ ਅਨੁਸਾਰ ਪੁਜ ਜਾਣ ਕਰਕੇ ਉਹ ਦਬਾ ਦਿਤੇ ਗਏ।

* * * *

ਦੋਸ਼ੀ ਕੂਕਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਜਦ ਕਿ ਰਿਆਸਤ ਵਿਚ ਕੋਈ ਅਜੇਹਾ ਹੁਕਮ ਜਾਰੀ ਨਹੀਂ ਸੀ ਹੋਇਆ ਹੋਇਆ ਕਿ ਦੋਸ਼ੀਆਂ ਨੂੰ ਤੋਪਾਂ ਅਗੇ ਰੱਖਕੇ ਨਹੀਂ ਉਡਾਇਆ ਜਾਊਗਾ। ਇਸ ਕਿਸਮ ਦੀ ਸਜ਼ਾ ਦੂਜਿਆਂ ਲਈ ਮਿਸਾਲ ਕਾਇਮ ਕਰਨ ਵਾਸਤੇ ਬੜੀ ਉਪਯੋਗੀ ਹੈ। ਸਜ਼ਾ ਦਾ ਤ੍ਰੀਕਾ ਰਿਆਸਤੀ ਹਾਕਮਾਂ ਦੀ ਰਾਏ ਨਾਲ ਨਿਸਚਿਤ ਕੀਤਾ ਗਿਆ ਸੀ। ਜੀਂਦ ਦੇ ਰਾਜੇ ਨੇ ਸੰਨ ੧੮੫੪ ਵਿਚ ਇਕ ਤਸੀਲਦਾਰ ਦੇ ਮਾਰੇ ਜਾਣ ਬਦਲੇ ਦੋ ਪਿੰਡ ਤੋਪਾਂ ਨਾਲ ਉਡਾ ਦਿਤੇ ਸਨ। ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਨੇ ਜੋੜ੍ਹਾ ਕੰਮ ਕੀਤਾ ਉਸਦਾ ਪ੍ਰਯੋਜਨ ਜੰਤਕ ਭਲਾਈ ਅਰ ਹਕੂਮਤ ਦਾ ਲਾਭ ਸੀ। ਬਗ਼ਾਵਤ ਦੇ ਅਜੇਹੇ ਕੇਸ ਵਿਚ ਜੋ ਰਾਜ ਵਿਚ ਮੁਸੀਬਤ ਪੈਦਾ ਕਰੇ ਕਾਨੂੰਨ ਨੂੰ ਮੁੱਖ ਨਹੀਂ ਰਖਣਾ ਚਾਹੀਦਾ। ਇਸ ਸਬੰਧ ਵਿਚ ਸਰਹੱਦੀ ਸੂਬੇ ਵਿਚ ਪਿਸ਼ਾਵਰ ਕੋਹਾਟ ਤੇ ਡੇਰਾ ਜਾਤ ਦੀਆਂ ਘਟਨਾਵਾਂ ਵਲ ਖ਼ਿਆਲ ਦੇਣਾ ਚਾਹੀਦਾ ਹੈ, ਜਿਥੇ ਕਾਨੂੰਨ ਨੂੰ ਦਖ਼ਲ ਨਹੀਂ ਹੈ ੧੮੫੭ ਦੇ ਗਦਰ ਵਿਚ ਚਾਰ ਯਾ ਪੰਜ ਰਸਾਲੇ ਦਿੱਲੀ ਵਿਚ ਦਾਖਲ ਹੋਏ ਸਨ। ਜੇ ਉਨ੍ਹਾਂ ਨੂੰ ਝਟ ਪਟ ਗ੍ਰਿਫਤਾਰ ਕਰਕੇ ਤੋਪ ਨਾਲ ਉਡਾ ਦਿਤਾ ਜਾਂਦਾ, ਤਾਂ ਉਨ੍ਹਾਂ ਦਿਨਾ ਦੀਆਂ ਘਟਨਾਵਾਂ ਸ਼ੈਦ ਏਨਾ ਨਾ ਫੈਲਦੀਆਂ ਜਿੰਨੀਆਂ ਕਿ ਫੈਲੀਆਂ। ਕੂਕਾ ਫ਼ਸਾਦ ਵੀ ੧੮੫੭ ਦੀ ਬਗ਼ਾਵਤ ਵਰਗਾ ਸੀ ਅਤੇ ਜੇ ਉਸਨੂੰ ਦਬਾਣ ਵਿਚ ਰਤਾ ਭਰ ਵੀ ਢਿੱਲ ਕੀਤੀ ਜਾਂਦੀ, ਤਾਂ ਉਹ ਬਹੁਤ

ਭਿਆਨਕ ਰੂਪ ਗ੍ਰਹਿਣ ਕਰ ਲੈਂਦਾ। ਅਸੀਂ ਸਮਝਦੇ ਹਾਂ ਕਿ ਇਸ ਗੜਬੜ ਨੂੰ ਦਬਾਣ ਸਬੰਧੀ ਮਿਸਟਰ ਫ਼ਾਰਸਿਥ ਇਕ ਜਰਨੈਲ ਦੀ ਹੈਸੀਯਤ ਰਖਦਾ ਸੀ, ਅਤੇ ਜੋ ਕੁਛ ਵੀ ਓਨ ਕੀਤਾ ਕੰਪਨੀ ਦੇ ਕਨੂੰਨ ਤੋਂ ਉਲਟ ਨਹੀਂ ਸੀ. ਉਹ ਸਿਰਫ ਇਕ ਗੱਲ ਤੋਂ ਖੁੰਝ ਗਿਆ ਕਿ ਉਸ ਨੇ ਕਨੂੰਨ ਅਨੁਸਾਰ ਸਦਰ ਕਚਹਿਰੀ ਨੂੰ ਰਪੋਟ ਨਹੀਂ ਭੇਜੀ. ਪਰ ਇਹ ਜਰੂਰੀ ਨਹੀਂ ਸੀ ਕਿਉਂਕਿ ਇਸ ਗੱਲ ਦਾ ਡਰ ਸੀ, ਕਿ ਜੇ ਇਸ ਬਾਬਤ ਰਤਾ ਵੀ ਢਿਲਾਈ ਕੀਤੀ ਜਾਂਦੀ ਤਾਂ ਕੂਕਿਆਂ ਦਾ ਹੋਰ ਇਕ ਗਰੋਹ ਆਪਣੇ ਭਰਾਵਾਂ ਨੂੰ ਛੁਡਾਣ ਦੀ ਨੀਯਤ ਨਾਲ ਜਰੂਰ ਚੜ੍ਹ ਆਉਂਦਾ। ਯਾ ਉਹੀ ਗੜਬੜ ਦੇਸ ਦੇ ਹੋਰ ਹਿਸਿਆਂ ਵਿਚ ਵੀ ਫੈਲ ਜਾਂਦੀ। ਘਟਨਾਵਾਂ ਤੇ ਇਸ ਤਰ੍ਹਾਂ ਕਾਬੂ ਪਾਣ ਨਾਲ ਕੂਕਿਆਂ ਦਾ ਫ਼ਿਰਕਾ ਏਨਾ ਭੈਭੀਤ ਹੋ ਗਿਆ, ਜਿਸਤੋਂ ਇਹ ਆਸ ਕੀਤੀ ਗਈ ਕਿ ਉਨ੍ਹਾਂ ਵਿਚੋਂ ਇਕ ਵੀ ਕਦੇ ਸਿਰ ਨਹੀਂ ਉਠਾਏਗਾ। ਪੰਥ ਦੇ ਕਈ ਆਦਮੀਆਂ ਨੇ ਕੂਕਾ ਪਨ ਤੋਂ ਮੂੰਹ ਫੇਰ ਲਿਆ ਹੈ ਪ੍ਰੰਤੂ ਮਿਸਟ੍ਰ ਕਾਵਨ ਨੂੰ ਮੁਅੱਤਲ ਅਤੇ ਅਖੀਰ ਨੂੰ ਨੌਕਰੀ ਤੋਂ ਮੌਕੂਫ ਕਰ ਦਿਤਾ ਅਤੇ ਮਿਸਟਰ ਫਾਰਸਿਥ ਦੀ ਬਦਲੀ ਕਰ ਦਿਤੀ ਗਈ ਜਿਸ ਕਰਕੇ ਪ੍ਰਾਣਹੀਨ ਕੂਕਾਪਨ ਫੇਰ ਸੁਰਜੀਤ ਹੋ ਗਿਆ, ਅਤੇ ਕੂਕਾ ਮੈਂਬਰਾਂ ਦੇ ਬਿਆਨ ਅਨੁਸਾਰ ਇਹ ਸਭ ਕੁਛ ਉਨ੍ਹਾਂ ਦੇ ਗੁਰੂ ਦੀ ਕਰਾਮਾਤ ਨਾਲ ਹੋਇਆ। ਜੋ ਭਾਵੇਂ ਮੁਸੀਬਤਾਂ ਦੇ ਕਾਰਨ ਤਕਲੀਫ਼ ਉਠਾ ਰਿਹਾ ਹੈ ਪਰ ਅੰਤ ਨੂੰ ਉਸਦੀ ਜਿਤ ਹੋਵੇਗੀ. ਜੇਹਾ ਕਿ ਉਸ ਤੋਂ ਪਹਿਲੇ ਰੂਹਾਨੀ ਆਗੂਆਂ ਦੀ ਹੋਈ ਸੀ। ਉਹ ਹੁਣ ਅਪਣੇ ਗੁਰੂ ਰਾਮ ਸਿੰਘ ਨੂੰ ਛੁਡਾਣ ਲਈ ਚੰਦਾ ਇਕੱਠਾ ਕਰ ਰਹੇ ਹਨ ਅਤੇ ਇਕ ਚੰਗੇ ਸੂਬੇ ਦੀ ਤਲਾਸ਼ ਵਿਚ ਹਨ।

ਅਸਾਂ ਉਤੇ ਦੱਸਿਆ ਹੈ, ਕਿ ਕੂਕੇ ਦੇਸ ਤੇ ਕਬਜਾ ਕਰਨ ਦੇ ਚਾਹਵਾਨ ਹਨ. ਅਤੇ ਜੇ ਮਿਸਟਰ ਕਾਵਨ ਤੇ ਫਾਰਸਿਥ ਬਾਬਤ ਪਾਸ ਹੋਏ ਹੁਕਮਾਂ ਨੂੰ ਨਾ ਬਦਲਿਆ ਗਿਆ ਤਾਂ ਸਾਨੂੰ ਅੰਦੇਸ਼ਾ ਹੈ, ਕਿ ਰਾਜਪ੍ਰਬੰਧ ਦੇ ਕਮਜ਼ੋਰ ਹੋ ਜਾਣ ਨਾਲ ਬਾਗ਼ਯਾਨਾ ਚਲਨ ਕੋਈ ਖ਼ਰਾਬੀ ਕਰਨ ਲਈ ਉਤਸ਼ਾਹਿਤ ਹੋ ਜਾਏਗਾ। ਮੰਨਿਆਂ, ਇਨ੍ਹਾਂ ਦੋਹਾਂ ਅਫਸਰਾਂ ਨੇ ਇਹ ਕਦਮ ਚੁਕਣ ਵਿਚ ਕਾਨੂੰਨ ਦੇ ਵਿਰੁਧ ਗਲਤੀ ਕੀਤੀ, ਪ੍ਰੰਤੂ ਰੱਬ ਮਾਫ਼ ਕਰੇ ਕਿ ਉਨ੍ਹਾਂ ਵਲੋਂ ਇਹ ਅਪਣੇ ਸੁਆਰਥ ਯਾ ਕਿਸੇ ਦੇ ਪੱਖ਼ਪਾਤ ਦੇ ਖਿਆਲ ਨਾਲ ਨਹੀਂ ਕੀਤਾ ਗਿਆ।

ਅਸੀਂ (ਜੋ ਸ੍ਰਕਾਰ ਦੀ ਪ੍ਰਜਾ ਹਾਂ) ਕਿਸੇ ਪਾਰਟੀ ਦਾ ਪੱਖ ਕਰਨ ਯਾ ਕਿਸੇ ਅਪਣੇ ਸੁਆਰਥ ਲਈ ਅਗੇ ਨਹੀਂ ਆਏ, ਪਰ ਅਸੀਂ ਸਤਕਾਰ ਨਾਲ

Sri Satguru Jagjit Singh Ji Elibrary NamdhariElibrary@gmail.com

ਅਰ ਹੱਥ ਜੋੜਕੇ ਪ੍ਰਾਰਥਨਾ ਕਰਦੇ ਹਾਂ ਕਿ ਸ੍ਰਕਾਰ ਇਸ ਕੇਸ ਸਬੰਧੀ ਪਾਸ ਕੀਤੇ ਗਏ ਹੁਕਮ ਨੂੰ ਕੈਂਸਲ ਕਰ ਦੇਵੇ ਤੇ ਇਸਤਰ੍ਹਾਂ ਸਾਨੂੰ ਅਪਣੇ ਹਿਤੂ ਬਣਾਵੇ। ਦਰਖ਼ਾਸਤ ਕਰਨ ਵਾਲਿਆਂ ਦੇ ਦਸਖ਼ਤ ਪਟੀਸ਼ਨ ਦੇ ਨਾਲ ਫ਼ਾਈਲ ਕੀਤੇ ਗਏ ਹਨ।"

## (ਨੰ: ੩)

### (ਸ੍ਰ: ਬਿਸ਼ਨ ਸਿੰਘ ਰਈਸ ਕਲਸੀਆਂ ਵੱਲੋਂ ਭੇਜੀ ਗਈ ਰਾਏ)

"ਮਿਸਟਰ ਫਾਰਸਿਥ ਕਮਿਸ਼ਨਰ ਅੰਬਾਲਾ ਅਤੇ ਮਿਸਟਰ ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਕੂਕਿਆਂ ਦੇ ਫਸਾਦ ਅਤੇ ਖ਼ਰਾਬੀ ਨੂੰ ਦਬਾਣ ਲਈ ਪ੍ਰਸੰਸਾਯੋਗ ਕਾਰਵਾਈ ਕੀਤੀ ਹੈ, ਅਤੇ ਏਸ ਗੁੰਮਰਾਹ ਫਿਰਕੇ ਨੂੰ ਚੇਤਾ ਰੱਖਣ ਵਾਲੀ ਸਜ਼ਾ ਦਿਤੀ ਹੈ, ਅਤੇ ਇਹ ਇਸ ਚੰਗੇ ਪ੍ਰਬੰਧ ਦੀ ਬਰਕਤ ਹੈ, ਕਿ ਅਸੀਂ ਉਨ੍ਹਾਂ ਦੇ ਭੈੜੇ ਇਰਾਦਿਆਂ ਅਤੇ ਮੁਲਕ ਤੇ ਕਬਜਾ ਕਰਨ ਦੀ ਇੱਛਾ ਪੂਰੀ ਹੋਣ ਦੀ ਮੁਸੀਬਤ ਤੋਂ ਬਚ ਗਏ ਹਾਂ। ਭਾਵੇਂ ਇਹ ਅਫਸਰ ਅਪਣੀ ਕਾਰਵਾਈ ਬਾਬਤ ਪ੍ਰਸੰਸਾ ਯੋਗ ਹਨ, ਪਰ ਦੂਜੇ ਬੰਨੇ ਉਨ੍ਹਾਂ ਦੇ ਕੰਮ ਤੇ ਨਰਾਜਗੀ ਅਤੇ ਇਤਰਾਜ ਪ੍ਰਗਟ ਕਰਦਿਆਂ ਹੋਇਆਂ ਉਨ੍ਹਾਂ ਦੇ ਵਿਰੁੱਧ ਹੁਕਮ ਜਾਰੀ ਕੀਤੇ ਗਏ, ਜੋ ਰਾਜ ਪ੍ਰਬੰਧ ਵਿਚ ਗੜਬੜ ਪੈਣ ਬਾਬਤ ਸਾਡੇ ਡਰ ਅਤੇ ਬਹੁਤ ਸਾਰੇ ਅੰਦੇਸ਼ਿਆਂ ਦਾ ਕਾਰਨ ਬਣੇ, ਅਤੇ ਜਿਨ੍ਹਾਂ ਨੇ ਇਸ ਬਾਗ਼ੀ ਫਿਰਕੇ ਨੂੰ ਜੋ ਮਰ ਚੁਕਾ ਸੀ, ਫਿਰ ਸੁਰਜੀਤ ਕਰ ਦਿਤਾ। ਇਸ ਲਈ ਅਸੀਂ ਇਹ ਦਰਖ਼ਾਸਤ ਕਾਜ਼ੀ ਮੁਬਾਰਕ ਅਲੀ ਦੇ ਹਥੀਂ ਉਸ ਕਮੇਟੀ ਨੂੰ ਭੇਜਦੇ ਹਾਂ ਜੋ ਕਿ ਸ੍ਰਕਾਰ ਦੀ ਸੇਵਾ ਵਿਚ ਪੇਸ਼ ਕਰਨ ਦੇ ਨੁਕਤਾ ਨਿਗਾਹ ਨਾਲ ਜ਼ਿਲਾ ਜਾਲੰਧਰ ਵਿਚ ਬਣਾਈ ਗਈ ਸੀ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਕੇਸ ਤੇ ਦੋਬਾਰਾ ਵਿਚਾਰ ਕਰਦਿਆਂ ਹੋਇਆਂ ਸਾਨੂੰ ਧੰਨਵਾਦੀ ਬਨਾਇਆ ਜਾਵੇ।

ਸਹੀ ਬਿਸ਼ਨ ਸਿੰਘ ਰਈਸ ਆਫ ਕਲਸੀਆਂ

## (ਨੰ: ੪)

### (ਜ਼ਿਲਾ ਕਰਨਾਲ ਦੇ ਰਈਸਾਂ ਵਲੋਂ)

ਜ਼ਿਲਾ ਕਰਨਾਲ ਦੇ ਰਈਸ ਜਲੰਧਰ ਕਮੇਟੀ ਵਲੋਂ ਲਿਖੀ ਗਈ ਪਟੀਸ਼ਨ ਦੀ ਪੁਸ਼ਟੀ ਵਿਚ ਮਿਸਟਰ ਕਾਵਨ ਅਤੇ ਫਾਰਸਿਥ ਦੀਆਂ ਸਜ਼ਾਵਾਂ ਵਿਰੁਧ ਆਪਣੀ ਰਾਏ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ:-

"ਇਹ ਅਫਸਰ ਉਸ ਕਾਰਵਾਈ ਸਬੰਧੀ ਸ੍ਰਕਾਰ ਵਲੋਂ ਪ੍ਰਸੰਸਾ ਦੇ ਅਧਿਕਾਰੀ ਹਨ ਜੋ ਉਨ੍ਹਾਂ ਨੇ (ਕੂਕਿਆਂ ਦੇ ਕੇਸ ਵਿਚ) ਕੀਤੀ, ਉਨ੍ਹਾਂ ਨੇ ਸਭ ਕੁਛ ਇਰਾਦੇ ਨਾਲ ਕੀਤਾ। ਪ੍ਰੰਤੂ ਇਸਦੇ ਉਲਟ ਉਨ੍ਹਾਂ ਦੇ ਕੰਮ ਤੇ ਨਰਾਜਗੀ ਅਤੇ ਨਿਖੇਧੀ ਪ੍ਰਗਟ ਕਰਨ ਵਾਲੇ ਹੁਕਮ ਜਾਰੀ ਕੀਤੇ ਗਏ, ਜੋ ਕੂਕਿਆਂ ਨੂੰ ਮੁੜ ਸੁਰਜੀਤ ਕਰਨ ਦਾ ਕਾਰਨ ਬਣੇ ਜੋ ਕਿ ਧਰਤੀ ਤੋਂ ਉਕਾ ਹੀ ਉਠਾ ਦਿਤੇ ਗਏ ਸਨ।... ... ... ਕਿਉਂਕਿ ਇਹ ਹੁਕਮ ਵਾਪਸ ਨਾ ਲੈਣ ਨਾਲ ਰਾਜਪ੍ਰਬੰਧ ਦੇ ਲਾਭਾਂ ਵਿਚ ਕਈ ਤਰ੍ਹਾਂ ਦੀ ਹਾਨੀ ਹੋ ਜਾਣ ਦਾ ਡਰ ਹੈ, ਇਸ ਲਈ ਅਸਾਂ ਪੰਜਾਬ ਭਰ ਦੇ ਲੋਕਾਂ ਨੇ ਜੋ ਸ੍ਰਕਾਰ ਦੀ ਪ੍ਰਜਾ ਹਾਂ ਇਸ ਸਬੰਧ ਵਿਚ ਸ੍ਰਕਾਰ ਕੋਲ ਅਪਣੀ ਪ੍ਰਾਰਥਨਾ: ਕਰਨ ਦੇ ਵਿਚਾਰ ਨਾਲ ਜ਼ਿਲਾ ਜਾਲੰਧਰ ਵਿਚ ਇਕ ਕਮੇਟੀ ਬਣਾਈ ਸੀ। ਸੋ ਅਸੀਂ ਸਾਰੇ ਇਹ ਦਰਖ਼ਾਸਤ ਮੁਕੰਮਲ ਕਰਕੇ ਸ੍ਰਕਾਰ ਦੀ ਸੇਵਾ ਵਿਚ ਭੇਜਦੇ ਹੋਏ ਇਹ ਪ੍ਰਾਰਥਨਾਂ ਕਰਦੇ ਹਾਂ ਕਿ ਇਸ ਸਬੰਧ ਵਿਚ ਪਾਸ ਕੀਤਾ ਗਿਆ ਹੁਕਮ ਮਨਸੂਖ ਕੀਤਾ ਜਾਵੇ। ਇਹ ਪਿਟੀਸ਼ਨ ਭੇਜਦੇ ਹੋਏ ਅਸੀਂ ਜ਼ਿਲਾ ਕਰਨਾਲ ਦੇ ਰਈਸ ਬੇਨਤੀ ਕਰਦੇ ਹਾਂ ਕਿ ਅਸੀਂ ਇਸ ਵਿਸ਼ਜ ਸਬੰਧੀ ਜਲੰਧਰ ਕਮੇਟੀ ਨਾਲ ਸਹਿਮਤ ਹਾਂ"।

ਦਸਖ਼ਤ:-

ਨਵਾਬ ਸ਼ਮਸ਼ੇਰ ਅਲੀ ਖਾਂ- ਇਸਤਮਰਾਰਦਾਰ-ਕਰਨਾਲ

ਨਵਾਬ ਮੁਹੰਮਦ ਅਲੀ ਖਾਂ ਬਹਾਦੁਰ, ਰਈਸ ਕਰਨਾਲ

ਨਵਾਬ ਮੇਹਰ ਇਲਾਹੀ ਖਾਂ " " "

ਨਵਾਬ ਅਕਰਮ ਖਾਂ " " "

ਨਵਾਬ ਨਿਜਾਬਤ ਅਲੀ ਖਾਂ " " , "

ਨਵਾਬ ਕਰਮਦੀਨ ਖਾਂ... ... ...ਰਈਸ ਕਰਨਾਲ

ਨੰਦੂ ਲਾਲ ਮੈਂਬਰ ਮਯੂ: ਕਮੇਟੀ ਕਰਨਾਲ

ਨਰੈਨ ਦਾਸ " " "

ਦੁਆਰਕਾ ਦਾਸ... ...ਸਾਹੂਕਾਰ... ...ਕਰਨਾਲ

ਜਵਾਹਰ ਸਿੰਘ " " "

ਲਾਲਾ ਮੱਖਨ ਮੱਲ ਮੈਂਬਰ ਮਯੂ: ਕਮੇਟੀ ਕਰਨਾਲ

Sri Satguru Jagjit Singh Ji Elibrary NamdhariElibrary@gmail.com

ਜੁਗਲ ਕਿਸ਼ੋਰ ਕਾਨੂੰਗੋ ਆਫ਼ ਕਰਨਾਲ

ਸੱਯਦ ਅਮੀਰ ਅਲੀ ਰਈਸ ਕਰਨਾਲ

ਸੱਯਦ ਵਜ਼ੀਰ ਅਲੀ ਰਈਸ ਕਰਨਾਲ

ਸੱਯਦ ਮੁਹੰਮਦ ਹੁਸੈਨ ਰਈਸ ਆਫ ਕਰਨਾਲ

ਸੱਯਦ ਅਨਾਇਤ ਅਲੀ ਰਈਸ ਆਫ਼ ਕਰਨਾਲ

ਸ਼ਿਵਦਿਆਲ ਸਿੰਘ ਮਿੰ: ਮਯੂਨਸਪਲ ਕਮੇਟੀ ਅਤੇ

ਰਈਸ ਸੱਜਦ ਹਸ਼ਮਤਅਲੀ ਜ਼ਿਮੀਂਦਾਰ ਆਫ ਜੱਲੂਰ ਜਿ: ਕਰਨਾਲ

ਭੋਲਾ ਨਾਥ ਮਹਾਜਨ ਰਈਸ ਕਰਨਾਲ

(ਨੰ: ੫)

(ਜਗਾਧਰੀ ਤਸੀਲ ਵਲੋਂ)

ਜਗਾਧਰੀ ਤਸੀਲ ਵਲੋਂ ਉਪ੍ਰੋਕਤ ਸ਼ਬਦਾਂ ਵਿਚ ਹੀ ਇਕ ਦਰਖ਼ਾਸਤ ਪੇਸ਼ ਕੀਤੀ ਗਈ ਜਿਸਤੇ ੭੪ ਆਦਮੀਆਂ ਦੇ ਦਸਖ਼ਤ ਸਨ, ਜਿਨ੍ਹਾਂ ਵਿਚੋਂ, ੬ ਸਿੱਖ, ੨ ਮੁਸਲਮਾਨ ਅਤੇ ੬੬ ਹਿੰਦੂ ਸਨ।

(ਨੰ: ੬)

(ਰਿਆਸਤ ਬੂੜੀਆਂ ਵਲੋਂ)

ਇਕ ਹੋਰ ਦਰਖ਼ਾਸਤ ਉਤਲੀ ਨਾਲ ਹੀ ਮਿਲਦੀ ਜੁਲਦੀ ਸ਼ਹਿਰ ਬੂੜੀਆਂ ਦੇ ਹੇਠ ਲਿਖੇ-ਆਦਮੀਆਂ ਵਲੋਂ ਭੇਜੀ ਗਈ:-

ਸ੍ਰ: ਜੀਵਨ ਸਿੰਘ ਆਨਰੇਰੀ ਮੈਜਿਸਟਰੇਟ, ਰਈਸ ਬੂੜੀਆਂ

ਸ੍ਰ: ਗੁਰਬਖਸ਼ ਸਿੰਘ ਰਈਸ ਆਫ਼ ਦਿਆਲਗੜ੍ਹ

ਸ੍ਰ: ਹਰਦਿਤ ਸਿੰਘ ਰਈਸ ਆਫ਼ ਦਿਆਲਗੜ੍ਹ

ਇਨ੍ਹਾਂ ਤੋਂ ਬਿਨਾਂ ੧੧ ਹੋਰ ਹਿੰਦੂਆਂ ਦੇ ਦਸਖ਼ਤ ਹਨ।

(ਨੰ: ੭)

(ਮਫ਼ਰੋਲੀ ਜਗਾਧੋਲੀ ਵਲੋਂ)

ਉਤਲੇ ਹੀ ਸ਼ਬਦਾਂ ਵਿਚ ਇਕ ਹੋਰ ਦਰਖ਼ਾਸਤ:-

ਸ੍ਰ: ਪ੍ਰਤਾਪ ਸਿੰਘ ਮਛਰੌਲੀ.
ਸ੍ਰ: ਇੰਦਰ ਸਿੰਘ ਲਾੜਵਾ ਕਲਾਂ.
ਸ੍ਰ: ਜੈ ਸਿੰਘ ਚੰਗੋਲੀ,
ਸ੍ਰ: ਸੰਤੋਖ ਸਿੰਘ ਜਗਧੋਲੀ,
ਸ੍ਰ: ਫਤਹ ਸਿੰਘ ਜਾਗੀਰਦਾਰ,
ਸ੍ਰ: ਸੰਤ ਸਿੰਘ ਜਾਗੀਰਦਾਰ ਆਫ਼ ਸਰਾਂ,
ਸ੍ਰ: ਕ੍ਰਿਪਾਲ ਸਿੰਘ, ਸ੍ਰ: ਈਸ਼ਰ ਸਿੰਘ ਜਾਗੀਰਦਾਰਾਨ ਆਫ਼ ਸਰਾਂ।
(ਨੰ: ੮)
(ਜ਼ਿਲ੍ਹਾ ਅੰਬਾਲਾ ਵਲੋਂ)
ਉਤਲੀ ਦਰਖ਼ਾਸਤ ਅਨੁਸਾਰ ਹੀ ਹੇਠ ਲਿਖੇ ਦਸਖ਼ਤਾਂ ਨਾਲ:-
ਰਾਜਾ ਭਗਵਾਨ ਸਿੰਘ ਆਫ਼ ਮਨੀਮਾਜਰਾ,
ਰਾਜਾ ਹੀਰਾ ਸਿੰਘ ਆਫ਼ ਪਭਤ.
ਸ੍ਰ: ਖੀਵਨ ਸਿੰਘ ਆਫ਼ ਮਲੋਹਾ,
ਫ਼ਤਹ ਸਿੰਘ ਜਾਗੀਰਦਾਰ,
ਮੰਨੂੰ ਮਲ ਚੌਧਰੀ ਮਨੀਮਾਜਰਾ,
ਜਵਾਹਰ ਲਾਲ ਕੁਰਾਲੀ,
ਕਾਂਸ਼ੀ ਰਾਮ ਕੁਰਾਲੀ,
ਚੂਨੀ ਆਫ਼ ਕੁਰਾਲੀ,
੧੭ ਹੋਰ ਹਿੰਦੂ ਤੇ ਸਿਖ—
(ਨ: ੯)
(ਜ਼ਿਲ੍ਹਾ ਹੁਸ਼ਿਆਰਪੁਰ ਵਲੋਂ)
ਰਾਜਾ ਹਮੀਦੁੱਲਾ ਖਾਂ ਆਫ ਰਾਜੌਰੀ-ਹੁਸ਼ਿਆਰਪੁਰ
ਅਮੀਰ ਚੰਦ ਰਈਸ ਬਜਵਾੜਾ
ਪੰਡਿਤ ਹਰੀ ਸ਼ੰਕਰ ਐਕਸਟਰਾ ਐਸਿਸਟੈਂਟ ਕਮਿਸ਼ਨਰ ਹੁਸ਼ਿਆਰਪੁਰ

Sri Satguru Jagjit Singh Ji Elibrary NamdhariElibrary@gmail.com

ਸ਼ਿਵਪ੍ਰਸ਼ਾਦ ਤਸੀਲਦਾਰ ਤੇ ੧੪੦ ਹੋਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੈਲਦਾਰ ਤੇ ਨੰਬਰਦਾਰ ਆਦਿ।

(ਨੰ. ੧੦)

(ਅਨੰਦਪੁਰ ਦੇ ਸੋਢੀਆਂ ਤੇ ਬੇਦੀਆਂ ਵਲੋਂ)

ਉਤਲੇ ਸਾਰੇ ਕਾਗਜ਼ਾਤ ਅਨੰਦਪੁਰ ਦੇ ਸੋਢੀਆਂ ਬੇਦੀਆਂ ਅਤੇ ਰਈਸਾਂ ਦੀ ਇਕ ਕਮੇਟੀ ਮੂਹਰੇ ਰੱਖੇ ਗਏ, ਜਿਸ ਵਿਚ ਪੰਜ ਸੌ ਆਦਮੀ ਸ਼ਾਮਿਲ ਹੋਏ। ਉਨ੍ਹਾਂ ਨੇ ਹੁਸ਼ਿਆਰਪੁਰ ਅੰਜਮਨ ਦੀ ਪੁਸ਼ਟੀ ਕਰਦਿਆਂ ਹੋਇਆਂ ਸਰਬ ਸੰਮਤੀ ਨਾਲ ਕਿਹਾ ਕਿ ਕੂਕਿਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਨਿਆਂ ਤੇ ਨਿਰਭਰ ਸਨ, ਅਤੇ ਜੇ ਇਹ ਸਜ਼ਾਵਾਂ ਨਾ ਦਿਤੀਆਂ ਜਾਂਦੀਆਂ ਤਾਂ ਇਸਤੋਂ ਪਿਛੋਂ ਕੂਕੇ ਕਿਤੇ ਹੋਰਥੇ ਬਗ਼ਾਵਤ ਕਰ ਦਿੰਦੇ।

(ਸਹੀ) ਬੇਦੀ ਸੁਜਾਨ ਸਿੰਘ, ਜੈਮਲ ਸਿੰਘ, ਮਿੰਬਰ ਮਯੂਨਸਪਲ ਕਮੇਟੀ, ਲਛਮਨ ਦਾਸ ਸੁਪਰਡੰਟ ਬੰਦੋਬਸਤ, ਅਤੇ ਪਰਗਨਾ ਊਨਾਂ ਦੇ ੪੦ ਹੋਰ ਜੈਲਦਾਰ ਤੇ ਸ਼ਾਹੂਕਾਰ ਆਦਿ-

# ਸੂਕਾਰੀ ਅਤੇ ਗ਼ੈਰ ਸੂਕਾਰੀ ਲੇਖਕ

(੧) ਅੰਬਾਲਾ ਕਮਿਸ਼ਨਰੀ ਦਾ ਸਾਬਕਾ ਕਮਿਸ਼ਨਰ ਮਿਸਟਰ ਜੇ. ਡਬਲਯੂ ਮੈਕਨਬ ਅਪਣੀ ੪ ਨਵੰਬਰ ੧੮੭੧ ਦੀ ਰਪੋਟ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਲਿਖਦਾ ਹੈ ਕਿ:—

"ਇਸਦੇ ਇਰਾਦੇ ਸ਼ੁਰੂ ਵਿਚ ਭਾਵੇਂ ਕੁਛ ਹੋਣ, ਪਰ ਹੁਣ ਇਸਦਾ ਨਿਸ਼ਾਨਾ ਰਾਜਨੀਤਕ ਹੈ। ਉਹ ਇਕ ਅਜੇਹੇ ਪੰਥ ਦਾ ਆਗੂ ਅਤੇ ਅਦੁਤੀ ਨੇਤਾ ਹੈ, ਜੋ ਅਪਣੇ ਸੁਭਾਉ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸਜਤ ਵਿਚ ਬ੍ਰਤਾਨਵੀ ਤਾਕਤ ਦਾ ਵੈਰੀ ਹੈ। 'ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ, ਪਰ ਹੁਣ ਉਹ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਿਆ ਜਾਂਦਾ ਹੈ।'

"ਰਾਮ ਸਿੰਘ ਸਧਾਰਨ ਫਕੀਰਾਂ ਦੀ ਹਸੀਯਤ ਨਹੀਂ ਰੱਖਦਾ। ਉਹ ਤੁਹਾਨੂੰ ਅੱਧੀ ਦਰਜਨ ਸਵਾਰਾਂ ਨਾਲ ਮਿਲਦਾ ਹੈ, ਜਦ ਕਿ ਬੀਸੀਓਂ ਆਦਮੀ ਉਸਦੇ ਅੱਗੇ ਪਿਛੇ ਹੁੰਦੇ ਹਨ। ਉਹ ਅਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਨੇ ਸੋਹਣੇ ਚਿਟੇ ਬਸਤ੍ਰ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਇਕ ਬਾਦਸ਼ਾਹ ਦੀ ਸ਼ਾਨ ਵਿਚ ਦਾਖਿਲ ਹੁੰਦਾ ਹੈ।

"ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੈ। ਜਿਸਨੇ ਉਸ ਦਾ ਦਰਸ਼ਨ ਕੀਤਾ ਤੇ ਉਸ ਨਾਲ ਗੱਲਾਂ ਕੀਤੀਆਂ ਹਨ। ਉਸਨੇ ਉਸਦੀ ਬੁੱਧੀ ਦੀ ਸਥਿਰਤਾ, ਅਤੇ ਆਚਰਣ ਦੀ ਅਡੋਲਤਾ ਵੇਖਣ ਵਿਚ ਉਕਾਈ ਨਹੀਂ ਕੀਤੀ ਹੋਵੇਗੀ। ਅਪਣੇ ਉਤੇ ਕਾਬੂ ਪਾਣ ਵਾਲੇ ਇਹ ਵੱਡੇ ਗੁਣ ਕਿਸੇ ਸਾਧਾਰਨ ਆਗੂ ਵਿਚ ਨਹੀਂ ਹੋ ਸਕਦੇ"।

(੨) ਸੱਯਦ ਮੁਹੰਮਦ ਲਤੀਫ ਐਕਸਟਰਾ ਐਸਿਸਟੈਂਟ ਕਮਿਸ਼ਨਰ ਅਪਣੀ ਅੰਗ੍ਰੇਜ਼ੀ ਕਿਤਾਬ 'ਹਿਸਟਰੀ ਆਫ਼ ਦੀ ਪੰਜਾਬ' ਵਿਚ ਲਿਖਦੇ ਹਨ ਕਿ:—



Sri Satguru Jagjit Singh Ji Elibrary NamdhariElibrary@gmail.com

"ਕੂਕਾ ਪੰਥ ਪੱਕੇ ਮਹਾਤਮਾ ਦਾ ਪੰਥ ਹੈ। ਉਨ੍ਹਾਂ ਦੀ ਸਿੱਖਿਆ ਦਾ ਸਿਧਾਂਤ ਈਸ਼੍ਵਰ ਭਗਤੀ ਹੈ। ਉਹ ਉਚ ਸਦਾਚਾਰ ਦੇ ਮਾਲਿਕ ਹਨ। ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਨ੍ਹਾਂ ਵਿਚ ਲੜਕੀ ਅਤੇ ਭੈਣ ਦੇ ਬਦਲੇ ਵਿਚ ਰੁਪੈ ਲੈਣ ਦੀ ਉੱਕਾ ਹੀ ਮਨਾਹੀ ਹੈ। ਉਹ ਸਦਾਚਾਰਕ ਜੀਵਨ ਦੀ ਤਾਕੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਇਸ ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ, ਸਿੱਧੀ ਪੱਗ ਤੇ ਇੱਕ ਲਾਠੀ ਹੈ। ਰਾਮ ਸਿੰਘ ਸ਼ਾਨਦਾਰ ਦਿਮਾਗ਼ੀ ਕਾਬਲੀਜਤ ਦਾ ਮਾਲਿਕ ਹੈ। ਉਸਨੇ ਹੌਲੀ ਹੌਲੀ ਅਪਣੇ ਸਿਖਾਂ ਅੰਦਰ ਨੇਕੀ ਅਤੇ ਪ੍ਰਹੇਜ਼ਗਾਰੀ ਦੇ ਕਾਰਨ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ। ਉਸਦੇ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਹੈ, ਅਤੇ ਨਾਲ ਹੀ ਉਸਦਾ ਅਸਰ। ਰਾਮ ਸਿੰਘ ਅਤੇ ਉਸਦੇ ਚੇਲੇ ਕੇਵਲ ਧਾਰਮਿਕ ਹੀ ਨਹੀਂ ਹਨ, ਸਗੋਂ ਧਾਰਮਿਕ ਸੁਧਾਰਕ, ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ—ਉਨ੍ਹਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿਤਾ"।

(ਪੰਨਾ ਪ੯੪-ਪ੯ਪ)

(੩) "ਕੂਕਾ ਪੰਥ ਦੀ ਸੰਖੇਪ ਵਿਥਯਾ" ਨਾਮੀ ਇਕ ਸ੍ਰਕਾਰੀ ਟ੍ਰੈਕਟ ਵਿਚ ਜੋ ਕਿ ਉਸ ਸਮੇਂ ਸ੍ਰਕਾਰ ਪੰਜਾਬ ਵਲੋਂ ਪ੍ਰਕਾਸ਼ਿਤ ਕਰਕੇ ਸਿਵਲ ਅਤੇ ਫੌਜ ਦੇ ਅਫ਼ਸਰਾਂ ਵਿਚ ਵੰਡਿਆ ਗਿਆ ਸੀ, ਲਿਖਿਆ ਹੈ ਕਿ:-"ਉਹ ਉੱਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ। ਉਹ ਝੂਠ ਚੋਰੀ, ਯਾਰੀ, ਅਤੇ ਵਿਭਚਾਰ ਦੀ ਬੜੇ ਜੋਰ ਨਾਲ ਨਿਖੇਧੀ ਕਰਦੇ ਹਨ, ਅਤੇ ਇਸ ਗੱਲ ਲਈ ਚਿੰਤਾਵਾਨ ਪ੍ਰਤੀਤ ਹੁੰਦੇ ਹਨ, ਕਿ ਸਿੱਖ ਪੰਥ ਪਵਿੱਤਰਤਾ ਦੀ ਅਪਨੀ ਪਹਿਲੀ ਦਸ਼ਾ ਨੂੰ ਪ੍ਰਾਪਤ ਹੋਵੇ, ਤਾਕਿ ਉਹ ਨਵੇਂ ਸਿਰੇ ਸੁਰਜੀਤ ਹੋ ਸਕੇ। ਉਹ ਉਨ੍ਹਾਂ ਬੁਰਿਆਈਆਂ ਨੂੰ ਜੜ੍ਹਾਂ ਤੋਂ ਉਖੇੜਨ ਦੇ ਚਾਹਵਾਨ ਹਨ ਜਿਨ੍ਹਾਂ ਨੇ ਸਿੱਖ ਪੰਥ ਨੂੰ ਭ੍ਰਿਸ਼ਟ ਕਰ ਦਿਤਾ ਹੈ"। (ਪੰਨਾ ੪੭)

(੪) ਜ਼ਿਲਾ ਹੁਸ਼ਿਆਰਪੁਰ ਦਾ ਪੁਲਸ ਇਨਸਪੈਕਟਰ ਮੀਆਂ ਫ਼ਜ਼ਲ ਹੁਸੈਨ, ਜੋ ੧੮੬੭ ਈ: ਨੂੰ ਅਨੰਦ ਪੁਰ ਦੇ ਹੋਲੇ ਵਿਖੇ ਕੂਕਿਆਂ ਬਾਬਤ ਸਪੈਸ਼ਲ ਰਪੋਰਟਰ ਨੀਜਤ ਕੀਤਾ ਗਿਆ ਸੀ, ਅਪਣੀ ੨੦ ਮਾਰਚ ੧੮੬੭ ਦੀ ਰਪੋਟ ਵਿਚ ਲਿਖਦਾ ਹੈ:—"ਰਾਮ ਸਿੰਘ ਗਰੀਬਾਂ ਨੂੰ ਰੋਟੀ ਤੇ ਕੱਪੜਾ ਅਪਣੇ ਪੱਲਿਓਂ ਦੇ ਕੇ ਉਨ੍ਹਾਂ ਨੂੰ ਨੇਕੀ ਦੀ ਸਿੱਖਯਾ ਦਿੰਦਾ ਹੈ... ...ਉਹ ਹਰ ਰੋਜ ਤਿੰਨ ਵਾਰ ਇਸ਼ਨਾਨ ਕਰਦਾ ਹੈ, ਲਗਭਗ ਰਾਤ ਦੇ ਦੋ ਬਜੇ ਉਹ

ਗ੍ਰੰਥ ਦਾ ਪਾਠ ਕਰਦਾ ਹੈ। ਉਹ ਹਰ ਤਰ੍ਹਾਂ ਦੀ ਬੁਰਿਆਈ ਤੋਂ ਰਹਿਤ ਹੈ। ਇਸ ਲਈ ਕੂਕੇ ਉਸਨੂੰ ਬਹੁਤ ਕੁਛ ਸਮਝਦੇ ਹੋਏ ਉਸਦਾ ਸਤਕਾਰ ਕਰਦੇ ਹਨ। ਉਨ੍ਹਾਂ ਦਾ ਨਿਸਚਾ ਹੈ, ਕਿ ਸਿੱਖ ਪੰਥ ਦੇ ਨਸ਼ਟ ਭ੍ਰਸ਼ਟ ਹੋ ਜਾਣ ਕਾਰਨ ਕੂਕਾ ਪੰਥ ਦੀ ਸਾਜਨਾ ਲਈ ਉਹ ਪ੍ਰਮੇਸਰ ਵਲੋਂ ਭੇਜਿਆ ਗਿਆ ਪੈਗੰਬਰ ਹੈ"। (ਕੂਕਾ ਪੰਥ ਦੀ ਸੰਖੇਪ ਵਿਥਿਆ)

(੫) ਪ੍ਰਧਾਨ ਮੰਤਰੀ ਸ੍ਰੀ ਪੰਡਿਤ ਜਵਾਹਰ ਲਾਲ 'ਜੀ' ਨਹਿਰੂ ਵਲੋਂ:*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤ੍ਰੀ-ਭੂਮੀ ਨੂੰ ਸੁਤੰਤ੍ਰਤਾ ਦਿਵਾਣ ਲਈ ਅਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਤਾਸ਼ਾਲੀ, ਪ੍ਰਿਸ਼ਰਮ ਕੀਤਾ ਸੀ ਉਸਦੀ, ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ।

ਕਾਂਗ੍ਰਸ ਨੇ ਆਪ ਦੇ ਵਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ, ਅਤੇ ੭੫ ਸਾਲ ਦੇ ਲਗ ਭਗ ਸਮਾਂ ਗੁਜ਼ਰਨ ਦੇ ਉਪ੍ਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ, ਜਿਸ ਨੂੰ ਅਮਲੀ ਸ਼ਕਲ ਦੇਣ ਨਮਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ ਸੀ।

ਮੈਨੂੰ ਵਿਸ਼ਵਾਸ ਹੈ, ਕਿ ਜੇ ਕਰ ਸਿਖ ਮਾਤਰ ਉਸ ਮਾਰਗ ਉਤੇ ਜੋ ਆਪ ਨੇ ਵਖਾਇਆ ਸੀ, ਚਲ ਪਵੇ ਤਾਂ ਹਿੰਦੁਸਤਾਨ ਦੇ ਸੁਤੰਤ੍ਰਤਾ-ਜੁੱਧ ਵਿਚ ਬੇ-ਹੱਦ ਸਰਗਰਮੀ ਪੈਦਾ ਹੋ ਜਾਵੇ ਅਰ ਅਜਬ ਨਹੀਂ ਕਿ ਸਿਖਾਂ ਦੀ ਅਜ਼ਮਾਈ ਹੋਈ ਵੀਰਤਾ ਦਾ ਸਦਕਾ ਇਸ ਸ਼ਾਨਦਾਰ ਰਵਾਇਤਾਂ ਵਾਲੇ ਦੇਸ ਦੀਆਂ ਜ਼ੰਜੀਰਾਂ ਬਹੁਤ ਛੇਤੀ ਟੁੱਟ ਜਾਣ।

(ਸਹੀ) ਜਵਾਹਰ ਲਾਲ "ਨਹਿਰੂ"

(੬) ਸ੍ਰੀ ਸੁਭਾਸ਼ ਚੰਦ੍ਰ ਬੋਸ ਦਾ ਪੈਗ਼ਾਮ :—

"ਗੁਰੂ ਰਾਮ ਸਿੰਘ ਜੀ ਦੇ ਝੁਲਾਏ ਹੋਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਤੇ ਦੇਸ ਨੂੰ ਸਦਾ ਮਾਨ ਰਹੇਗਾ। ਹੁਣ ਫੇਰ ਭਾਰਤ ਵਾਸੀਆਂ ਦੇ ਦੇਸ ਪ੍ਰੇਮ ਦੀ ਪ੍ਰੀਖਿਆ ਹੋਣ ਵਾਲੀ ਹੈ। ਪੌਣੀ ਸਦੀ ਤੋਂ ਸ਼ਾਂਤਮਈ ਨਾ-ਮਿਲਵਰਤਨ ਲਹਿਰ ਦਾ ਅਨੁਭਵ

* ਸਤਿਜੁਗ ਦਾ ਬਸੰਤ ਅੰਕ ੨੨ ਮਾਘ ੧੯੯੪ ਪੰਨਾ ੨

Sri Satguru Jagjit Singh Ji Elibrary NamdhariElibrary@gmail.com

ਰੱਖਣ ਵਾਲੇ ਨਾਮਧਾਰੀ ਸਿੰਘਾਂ ਤੋਂ ਇਹ ਆਸ ਹੋਵੇਗੀ ਹੀ, ਕਿ ਉਹ ਸੁਤੰਤਰਤਾ ਦਾ ਝੰਡਾ ਉਠਾ ਕੇ ਸਾਰੇ ਦੇਸ ਦੇ ਅੱਗੇ ਅੱਗੇ ਚਲਦੇ ਦਿੱਸਣ, ਤੇ ਦੂਸਰੇ ਦੇਸ਼ ਵਾਸੀਆਂ ਨੂੰ ਵੀ ਕੁਰਬਾਨੀ ਲਈ ਉਤਸਾਹਿਤ ਕਰਨ। ਗੁਰੂ ਰਾਮ ਸਿੰਘ ਜੀ ਹਿੰਦੁਸਤਾਨ ਵਿਚ ਸ਼ਾਂਤਮਈ ਨਾ-ਮਿਲਵਰਤਨ ਦੇ ਸਭ ਤੋਂ ਪਹਿਲੇ ਨੇਤਾ ਹਨ।

(੭) ਸ੍ਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਪ੍ਰਧਾਨ ਆਲ ਇੰਡਜਾ ਫ਼ਾਰਵਰਡ ਬਲਾਕ, ਅਪਣੇ ੧੯੨੧ ਈ: ਦੇ ਇਕ ਲੇਖ ਵਿਚ ਲਿਖਦੇ ਹਨ- "ਅਜ ਕਲ ਦੇ ਨਾ-ਮਿਲਵਰਤਨੀਆਂ ਦੇ ਸ੍ਰਦਾਰ ਮਹਾਤਮਾ ਗਾਂਧੀ ਨੂੰ ਕਿਹਾ ਜਾਂਦਾ ਹੈ ਤੇ ਦੱਸਣ ਵਾਲੇ ਦਸਦੇ ਹਨ, ਕਿ ਮਹਾਤਮਾ ਜੀ ਨੇ ਇਹ ਸਬਕ ਟਾਲਸਟਾਈ ਨਾਮ ਦੇ ਇਕ ਰੂਸੀ ਤੋਂ ਪੜ੍ਹਿਆ। ਇਹ ਗੱਲ ਠੀਕ ਹੈ ਯਾ ਗਲਤ ਸਾਨੂੰ ਇਸ ਨਾਲ ਵਾਸਤਾ ਨਹੀਂ, ਪ੍ਰੰਤੂ ਹਿੰਦੀ ਭਰਾਵਾਂ ਨੂੰ ਇਹ ਗੱਲ ਜ਼ਰੂਰ ਚੇਤੇ ਕਰ ਲੈਣੀ ਚਾਹੀਦੀ ਹੈ, ਕਿ ਰਾਜਸੀ ਮੈਦਾਨ ਵਿਚ ਧਰਮ ਨੂੰ ਪੂਰਾ ਹਿਸਾ ਦੇਣ ਵਾਲਾ ਅਜਕਲ ਦੇ ਜ਼ਮਾਨੇ ਵਿਚ ਪਹਿਲਾ ਅਤੇ ਪੱਕਾ ਨਾ-ਮਿਲਵਰਤਨੀਆ ਇਕ ਪੰਜਾਬੀ ਹੋਇਆ। ਮੇਰਾ ਮਤਲਬ ਬਾਬਾ ਰਾਮ ਸਿੰਘ ਜੀ ਮਹਾਰਾਜ ਤੋਂ ਹੈ। ਸੱਚ ਪੁਛੋ ਤਾਂ ਆਪ ਨਾ-ਮਿਲਵਰਤਨੀਆਂ ਦੇ ਸ੍ਰਦਾਰ ਹਨ। ਜਦ ਆਪਨੂੰ ਹਕੂਮਤ ਦੀ ਬੁਰਾਈ ਦਾ ਪੂਰਾ ਨਿਸਚਾ ਹੋ ਗਿਆ, ਤਾਂ ਤਿਆਗ ਦਾ ਪ੍ਰਚਾਰ ਪੂਰੇ ਜ਼ੋਰ ਨਾਲ ਸ਼ੁਰੂ ਕਰ ਦਿਤਾ।

ਰਵਾਇਤ ਹੈ, ਕਿ ਬਾਬਾ ਜੀ ਰੰਗੂਨ ਤੋਂ ਰੂਸ ਨੂੰ ਚਲੇ ਗਏ ਸਨ। ਜੇ ਇਹ ਗੱਲ ਸੱਚ ਹੈ, ਤਾਂ ਕੀ ਪਤਾ, ਕਿ ਬਾਬਾ ਜੀ ਦਾ ਟਾਲਸਟਾਈ ਨਾਲ ਰੂਸ ਵਿਚ ਟਾਕਰਾ ਹੋਇਆ ਹੋਵੇ, ਤੇ ਰੂਸ ਨੇ ਬਾਬਾ ਜੀ ਤੋਂ ਹੀ ਨਾ-ਮਿਲਵਰਤਨ ਦਾ ਮੰਤ੍ਰ ਸਿਖਿਆ ਹੋਵੇ। ਰਾਜਸੀ ਮੈਦਾਨ ਵਿਚ ਅਜ ਜਿਸ ਗੱਲ ਤੇ ਖ਼ਾਸ ਜ਼ੋਰ ਦਿਤਾ ਜਾਂਦਾ ਹੈ, ਉਹ ਜੀਵਨ ਹੈ, ਪਰ ਬਾਬਾ ਜੀ ਨਾਲੋਂ ਬਹੁਤਾ ਇਸ ਗੱਲ ਤੇ ਜ਼ੋਰ ਕਿਸ ਨੇ ਦੇਣਾ ਹੈ?*

(੮) ਸ੍ਰੀ ਯੁਤ ਪੰਡਿਤ ਸੁੰਦਰ ਲਾਲ ਜੀ ਕਰਤਾ—"ਭਾਰਤ ਮੇਂ ਅੰਗ੍ਰੇਜ਼ੀ ਰਾਜ" ਅਪਣੇਂ ਇਕ ਲੇਖ—"ਇਤਿਹਾਸ ਕਾ ਇਕ ਭੂਲਾ ਹੂਆ ਪੰਨਾ" ਵਿਚ ਲਿਖਦੇ ਹਨ:—

"ਨਾਮਧਾਰੀ ਸੰਪ੍ਰਦਾਇ ਨੂੰ ਕਾਇਮ ਕਰਨ ਵਾਲਾ ਗੁਰੂ ਰਾਮ ਸਿੰਘ ਜੀ

---

* ਸੰਨ ੧੯੨੧ ਦੇ ਬਸੰਤ ਅੰਕ ਵਿਚੋਂ

Sri Satguru Jagjit Singh Ji Elibrary NamdhariElibrary@gmail.com

ਨੂੰ ਹੀ ਮੰਨਣਾ ਚਾਹੀਦਾ ਹੈ। ਉਨ੍ਹਾਂ ਦੇ ਉਪਦੇਸ਼ਾਂ ਵਿਚ ਧਰਮ ਤੇ ਰਾਜਨੀਤੀ ਦੋਵੇਂ ਮਿਲੇ ਹੋਏ ਸਨ। ਉਨ੍ਹਾਂ ਦੀ ਹਰ ਆਗਜਾ ਨੂੰ ਮੰਨਣਾ ਹਰ ਨਾਮਧਾਰੀ ਦਾ ਫ਼ਰਜ਼ ਹੈ। ਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਵਿਚ ਅੰਗ੍ਰੇਜ਼ੀ ਸ੍ਰਕਾਰ, ਉਸਦੀਆਂ ਨੌਕਰੀਆਂ, ਅਦਾਲਤਾਂ, ਸਕੂਲਾਂ ਆਦਿ ਦਾ ਓਸੇ ਤਰ੍ਹਾਂ ਬਾਈਕਾਟ ਮਿਲਦਾ ਹੈ ਜਿਸ ਤਰ੍ਹਾਂ ਦਾ ਸੰਨ ੧੮੫੭ ਅਤੇ ਉਸਦੇ ਪਿਛੋਂ ਦੇ ਅਕਸਰ ਮੁਸਲਮਾਨ ਮੌਲਵੀਆਂ ਦੇ ਫ਼ਤਵਿਆਂ ਵਿਚ। ਪਤਾ-ਲਗਦਾ ਹੈ, ਕਿ ਪੰਜਾਬ ਦੇ ਲੋਕਾਂ ਤੇ ਉਨ੍ਹਾਂ ਦਾ ਖ਼ਾਸਾ ਅਸਰ ਪਿਆ"। (ਹਿੰਦੀ ਦਾ ਮਾਸਕ ਪੱਤ੍ਰ ਵਿਸ਼ਵ ਬਾਣੀ ਇਲਾਹਾਬਾਦ ਜੂਨ ੧੯੪੨ ਪੰਨਾ ੭੦੩)

(੯) ਪ੍ਰਸਿੱਧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ:-

"ਜਿਸ ਵੇਲੇ ਸਿੱਖ ਰਾਜ ਗਿਆ, ਤੇ ਸਿੱਖਾਂ ਨੂੰ ਸਖ਼ਤੀ ਨਾਲ ਦਬਾਇਆ ਗਿਆ, ਉਸ ਸਮੇਂ ਲੱਖਾਂ ਸਿੱਖ ਪਤਿਤ ਹੋ ਗਏ ਸਨ, ਤੇ ਸਿੱਖਾਂ ਵਿਚ ਬਹੁਤ ਉਦਾਸੀ ਛਾ ਗਈ ਸੀ। ਇਉਂ ਪ੍ਰਤੀਤ ਹੋਣ ਲਗ ਪਿਆ ਸੀ, ਕਿ ਸਿੱਖੀ ਆਖਿਰੀ ਦਮਾਂ ਤੇ ਹੈ। ਗ਼ਦਰ ਵੇਲੇ ਸਿੱਖਾਂ ਨੇ ਅੰਗ੍ਰੇਜ਼ਾਂ ਦਾ ਸਾਥ ਦਿੱਤਾ। ਸਿਖ ਧਰਮ ਨੂੰ ਕਾਇਮ ਰਖਣ ਲਈ, ਸਿਖ ਜਜ਼ਬਾ, ਸਿੱਖੀ ਅਣਖ, ਤੇ ਸਿਖ ਧਰਮ ਉੱਤੇ ਨਿਸਚਾ ਹੋਣਾ ਜਰੂਰੀ ਹੈ। ਇਹ ਗੱਲਾਂ ਸਿਖ ਰਾਜ ਮਗਰੋਂ ਬੜੀ ਛੇਤੀ ਛੇਤੀ ਘਟ ਰਹੀਆਂ ਸਨ ਤੇ ਸਿਖ-ਧਰਮ ਡਾਢੇ ਖ਼ਤਰੇ ਵਿਚ ਸੀ। ਸਿੱਖ ਮਹਾਤਮਾ ਪ੍ਰਚਾਰ ਕਰਦੇ ਸਨ, ਪਰ ਉਹ ਸਿਖੀ ਨੂੰ ਸੁਰਜੀਤ ਨਹੀਂ ਕਰ ਸਕਦੇ ਸਨ। ਬਾਬਾ ਰਾਮ ਸਿੰਘ ਵਿਚ ਉਹ ਸਿੱਖੀ ਪੂਰੀ ਸੀ, ਜਿਸਨੇ ਸਾਰੇ ਪੰਥ ਵਿਚ ਮੁੜ ਉਤਸ਼ਾਹ ਪੈਦਾ ਕਰ ਦਿਤਾ। ਬਾਬਾ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਨਿਕਲਿਆ, ਕਿ ਸਾਰੇ ਪੰਜਾਬ ਵਿਚ ਸਿੱਖੀ ਅਣਖ ਦੀ ਲਹਿਰ ਦੌੜ ਗਈ। ਹਰ ਪਾਸੇ ਨਾਮ ਤੇ ਸ਼ਬਦ ਦੀ ਗੂੰਜ ਉਠਣ ਲਗ ਪਈ।"

੧੦ ਮਾਘ ੧੯੯੨ ਦੇ ਇਕ ਲੇਖ ਵਿਚ ਮਾਸਟਰ ਜੀ ਨੇ ਲਿਖਿਆ ਸੀ :

"ਸ੍ਰੀ ਬਾਬਾ ਜੀ ਦੀ ਪਵਿਤ੍ਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ, ਕਿ ਸਿਖ ਰਾਜ ਦੇ ਅੰਤ ਪਿਛੋਂ ਸਿਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂਪੁਰਸ਼ਾਂ ਵਿਚੋਂ ਆਪ ਸ਼੍ਰੋਮਣੀ ਹੋਏ ਹਨ। ਆਪ ਨੇ ਸਭ ਤੋਂ ਪਹਿਲੋਂ ਸਿਖਾਂ ਨੂੰ ਭੁੱਲੀ ਹੋਈ ਸਿਖੀ ਦਾ ਚੇਤਾ ਕਰਾਇਆ, ਤੇ ਨਾਮ ਬਾਣੀ ਦਾ ਲੜ ਜੋ ਉਹਨਾਂ ਦੇ ਹੱਥੋਂ ਛੁਟ ਚੁਕਾ ਸੀ, ਬੜੇ-ਪਿਆਰ ਨਾਲ ਉਨ੍ਹਾਂ ਦੇ ਹੱਥ ਵਿਚ ਦਿਤਾ।... ... ...ਇਸ ਗੱਲ [illegible] ਇਨਕਾਰ ਨਹੀਂ ਕਰ ਸਕਦਾ, ਕਿ ਉਹਨਾਂ

ਨੇ ਸਿਖਾਂ ਵਿਚ ਗੁਰਮਤਿ ਨੂੰ ਪ੍ਰਵਿਰਤ ਕੀਤਾ ਅਤੇ ਬਿਦੇਸ਼ੀ-ਸੂਕਾਰ ਦੇ ਵਿਰੁੱਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ। ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪ੍ਰਾਧ ਵਿਚ ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਮੇਤ ਜਲਾਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ, ਅਤੇ ਸਿੱਖ ਕਿ ਜਿਨ੍ਹਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸੁਾਰਥ ਵਸ ਹੋ ਕੇ ਆਪ ਨੂੰ ਉੱਕਾ ਹੀ ਵਿਸਰ ਗਏ।"

(੧੦) ਗਿਆਨੀ ਹੀਰਾ ਸਿੰਘ ਜੀ 'ਦਰਦ' ਐਡੀਟਰ 'ਫੁਲਵਾੜੀ' ਦੀ ਰਾਏ:

"ਨਿਰਾਸਤਾ ਦੀ ਹਨੇਰੀ ਰਾਤ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਤੋਂ ੨੦ ਕੁ ਸਾਲ ਮਗਰੋਂ ਇਕ ਆਸ਼ਾ ਦੀ ਕਿਰਣ ਲਿਸ਼ਕੀ। ਇਹ ਆਸ਼ਾ ਦੀ ਕਿਰਣ ਸ੍ਰੀ ਬਾਬਾ ਰਾਮ ਸਿੰਘ ਜੀ ਸਨ। ਆਪ ਨੇ ਜਦ ਆਪਣੇ ਦੇਸ਼ ਦੀ ਗੁਲਾਮੀ ਦੇ ਕਾਰਨ ਅਪਣੇ ਵੀਰਾਂ ਦੀ ਬੇਇਜ਼ਤੀ ਹੁੰਦੀ ਵੇਖੀ, ਗੁਰਧਾਮਾਂ ਵਿਚ ਧਰਮ ਦੇ ਨਾਮ ਤੇ ਪਖੰਡ ਦਾ ਵਰਤਾਰਾ ਦੇਖਿਆ, ਤਾਂ ਆਪ ਬਰਦਾਸ਼ਤ ਨਾ ਕਰ ਸਕੇ। ਆਪ ਸ੍ਵੈਮਾਨ, ਆਜ਼ਾਦੀ, ਧਰਮ ਅਤੇ ਇਖਲਾਕ ਦੀ ਇਕ ਜੀਉਂਦੀ ਜਾਗਦੀ ਤਸਵੀਰ ਸਨ... ਸਿਖ ਰਾਜ ਦੇ ਖੋਹੇ ਜਾਣ ਅਤੇ ਗੁਲਾਮੀ ਵਿਚ ਹੋ ਰਹੀ ਨਿਰਾਦਰੀ ਦਾ ਦੁਖ ਹਰ ਇਕ ਸਿਖ ਹਿਰਦਾ ਅਨੁਭਵ ਕਰ ਰਿਹਾ ਸੀ। ਕੇਵਲ ਆਗੂ ਦੀ ਲੋੜ ਸੀ। ਸ੍ਰੀ ਬਾਬਾ ਰਾਮ ਸਿੰਘ ਜੀ ਵਿਚ ਉਸ ਵੇਲੇ ਸਿਖ ਜੰਤਾ ਨੇ ਇਸ ਦੁਖ ਤੋਂ ਛੁਟਕਾਰਾ ਦਿਵਾਣ ਵਾਲੀ ਅਗਵਾਈ ਨੂੰ ਤਕਿਆ, ਤੇ ਵਹੀਰਾਂ ਪਾ ਕੇ ਆਪ ਦੇ ਮਗਰ ਹੋ ਟੁਰੇ"।*

(੧੧) ਸ੍ਰ: ਰਣਜੀਤ ਸਿਘ ਜੀ "ਤਾਜਵਰ" ਐਡੀਟਰ 'ਬੱਬਰ ਸ਼ੇਰ' ਅੰਮ੍ਰਿਤਸਰ, ਕੂਕਾ ਲਹਿਰ ਦੇ ਸੰਚਾਲਕ ਸੰਬੰਧੀ ਅਪਣਾ ਮਤ ਪ੍ਰਗਟ ਕਰਦੇ ਹੋਏ ਲਿਖਦੇ ਹਨ; ਕਿ "ਦਸਾਂ ਗੁਰੂ ਸਾਹਿਬਾਨ ਨੇ ਹਰ ਬੰਨਿਓਂ ਕੌਮ ਵਿਚੋਂ ਜਹਾਲਤ ਦੇ ਹਨੇਰੇ ਦਾ ਸੱਤਜਾਨਾਸ ਕਰਨ ਦਾ ਉੱਦਮ ਕੀਤਾ। ਕਾਇਰ ਤੇ ਗੁਲਾਮ ਲੋਕਾਂ ਨੂੰ ਬਹਾਦੁਰ ਬਣਾ ਕੇ ਸੁਤੰਤਰਤਾ ਦਾ ਰਾਹ ਵਖਾਯਾ, ਜਿਸ ਕਰਕੇ ਉਹ ਗੁਰੂ ਕਹਿਲਾਏ। ਏਸੇ ਤਰ੍ਹਾਂ ਮੇਰੀ ਦ੍ਰਿਸ਼ਟੀ ਵਿਚ ਗੁਰੂ ਰਾਮ ਸਿੰਘ ਜੀ ਨੇ ਵੀ ਆਪਣੇ ਸਮੇਂ ਵਿਚ ਉਸ ਵੇਲੇ ਦੀ ਲੋੜ ਅਨੁਸਾਰ ਪਰ

---

* ਸਤਿਜੁਗ ਦਾ ਬਸੰਤ ਅੰਕ ੧੨ ਮਾਘ ੧੯੯੫ ਪੰਨਾ ੨੯ ੩੦

Sri Satguru Jagjit Singh Ji Elibrary NamdhariElibrary@gmail.com

ਅਧੀਨ ਹੋ ਚੁਕੇ ਲੋਕਾਂ ਨੂੰ ੧੮੫੭ ਈ: ਦੇ ਗ਼ਦਰ 'ਸੁਤੰਤ੍ਰਤਾ ਦੀ ਪਹਿਲੀ ਜੰਗ" ਦੇ ਪਿਛੋਂ ਅਜ਼ਾਦੀ ਦੀ ਦੂਜੀ ਜੰਗ ਲਈ ਪ੍ਰੇਰਨਾ ਦਿਤੀ"।*

(੧੨) ਭਾਈ ਸਾਹਿਬ ਭਾਈ ਪਰਮਾਨੰਦ ਜੀ ਸਾਬਕਾ ਮੈਂਬਰ ਕੇਂਦਰੀ ਅਸੈਂਬਲੀ ਅਪਣੀ ਉਰਦੂ ਤਵਾਰੀਖ਼ ਪੰਜਾਬ ਵਿਖੇ ਲਿਖਦੇ ਹਨ:-

"ਜਦ ਹਿੰਦੁਸਤਾਨ ਵਿਚ ਗ਼ਦਰ ਦਾ ਜ਼ੋਰ ਸੀ, ਉਸ ਵੇਲੇ ਪੰਜਾਬ ਵਿਚ ਗੁਰੂ ਰਾਮ ਸਿੰਘ ਜੀ ਨੇ ਇਸ (ਕੂਕਾ) ਸੁਸਾਇਟੀ ਦਾ ਪ੍ਰਚਾਰ ਸ਼ੁਰੂ ਕਰ ਦਿਤਾ ਸੀ। ਥੋੜ੍ਹੇ ਹੀ ਸਮੇਂ ਵਿਚ ਉਸਦੇ ਮਿੰਬਰਾਂ ਦੀ ਗਿਣਤੀ ਬਹੁਤ ਵਧ ਗਈ। ੧੦-੧੨ ਵਰ੍ਹਿਆਂ ਦੇ ਸਮੇਂ ਵਿਚ ਪੰਜਾਬ ਅੰਦਰ ਦੋ ਲਖ ਨਾਮਧਾਰੀ ਹੋ ਗਏ... ... ...ਉਨ੍ਹਾਂ ਦੀ ਗੱਲਬਾਤ ਵਿਚ ਕੋਈ ਅਸਾਧਾਰਨ ਸ਼ਕਤੀ ਯਾ ਜਾਦੂ ਕੰਮ ਕਰਦਾ ਸੀ। ਆਮ ਖ਼ਿਆਲ ਸੀ, ਕਿ ਕੋਈ ਆਦਮੀ ਜਿਸ ਦੇ ਕੰਨ ਵਿਚ ਬਾਬੇ ਦਾ ਮੰਤ੍ਰ ਪੈ ਜਾਂਦਾ ਬਾਬੇ ਦਾ ਚੇਲਾ ਬਣ ਜਾਂਦਾ ਹੈ। ਇਕ ਵਾਰ ਕੁਛ ਬਦਮਾਸ਼ ਪ੍ਰੀਖਯਾ ਕਰਨ ਲਈ ਉਨ੍ਹਾਂ ਕੋਲ ਗਏ। ਉਨ੍ਹਾਂ ਦੇ ਦਿਲ 'ਤੇ ਐਸਾ ਅਸਰ ਹੋਇਆ ਕਿ ਉਹ ਵੀ ਸਿਖ ਹੋ ਗਏ।"(ਪੰਨਾ ੫੫੮)

(੧੩) "ਸ਼ਹੀਦੀ ਜੀਵਨ" ਦੇ ਕਰਤਾ ਸ੍ਰ: ਕ੍ਰਿਪਾਲ ਸਿੰਘ ਜੀ "ਪੰਛੀ" ਸਤਿਗੁਰੂ ਰਾਮ ਸਿੰਘ ਜੀ ਦੀ ਕੂਕਾ ਲਹਿਰ ਸਬੰਧੀ ਲਿਖਦੇ ਹਨ:—

"ਪੰਜਾਬ ਹੜੱਪ ਹੋ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਪੁਚਾ ਦਿਤਾ ਗਿਆ। ਮਹਾਰਾਣੀ ਜਿੰਦਾਂ ਨਾਲ ਜੋ ਬੀਤੀ ਉਹ ਕਿਸੇ ਤੋਂ ਗੁੱਝੀ ਨਹੀਂ। ਪੰਜਾਬ ਨੂੰ ਸੁੱਤਿਆਂ ਥੋੜ੍ਹਾ ਚਿਰ ਹੀ ਹੋਇਆ ਸੀ। ਚੰਗੀ ਗਾੜ੍ਹੀ ਨੀਂਦ ਆਈ। ਪਰ ਹੁਣ ਫੇਰ ਜਾਗਣ ਲੱਗਾ। ਬੜੀ ਭਾਰੀ ਲਹਿਰ ਪੈਦਾ ਹੋਈ। ਉਸਦਾ ਨਾਮ ਸੀ ਕੂਕਾ ਲਹਿਰ, ਕੁਛ ਧਾਰਮਿਕ ਤੇ ਕੁਛ ਸਮਾਜਕ ਰੂਪ ਰੱਖਦਿਆਂ ਹੋਇਆਂ ਵੀ ਉਹ ਰਾਜ ਵਿਚ ਪਲਟਾ ਲਿਆਉਣ ਵਾਲੀ, ਨਹੀਂ ਨਹੀਂ, ਜ਼ਮਾਨੇ ਨੂੰ ਉਲਟਾ ਦੇਣ ਵਾਲੀ ਲਹਿਰ ਸੀ"। (ਪੰਨਾ ੧੭-੧੮)

---

* ਸਤਿਜੁਗ ੨੨ ਮਾਘ ੧੯੯੯ ਵਿਚੋਂ

# ਸਰਸਰੀ ਨਜ਼ਰ

ਏਨ੍ਹਾਂ ਲਿਖਤਾਂ ਅਤੇ ਇਤਿਹਾਸਕ ਘਟਨਾਵਾਂ ਤੇ ਇਕ ਸਾਧਾਰਣ ਦ੍ਰਿਸ਼ਟੀ ਪਾਣ ਨਾਲ, ਪਤਾ ਲਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਅਤੇ ਪੰਥ ਦੀ ਅਗਵਾਈ ਅਜੇਹੇ ਭਿਆਨਕ ਸਮੇਂ ਵਿਚ ਕੀਤੀ, ਜਦ ਕਿ ਰਾਜ ਪਲਟਣ ਦੇ ਕਾਰਨ ਦੇਸ਼ ਅੰਦਰ ਪ੍ਰਦੇਸੀ ਰਾਜ ਦੀ ਕੁਟਿਲ ਨੀਤੀ ਦੀਆਂ ਕਾਲੀਆਂ ਘਟਾਂ ਨੇ ਹਨੇਰ ਹੀ ਹਨੇਰ ਪਸਾਰ ਦਿਤਾ ਸੀ। ਪਰ ਅਧੀਨਤਾ ਦੇ ਇਸ ਬਿਕਰਾਲ ਕਾਲ ਵਿਚ ਹਾਕਮ ਅਤਜਾਚਾਰ ਦੀ ਛੁਰੀ ਨਾਲ ਪ੍ਰਜਾ ਨੂੰ ਕੁਹ ਰਹੇ ਸਨ। ਸਮੇਂ ਦੀ ਤਸਵੀਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਮਹਾਵਾਕ* ਦੇ ਐਨ ਮੁਤਾਬਕ ਸੀ ਕਿ ਕਲਿਜੁਗ ਦੇ ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰ ਕੇ ਜ਼ੁਲਮ ਦੀ ਛੁਰੀ ਹੱਥ ਵਿਚ ਫੜ੍ਹ ਰਖੀ ਹੈ, ਜਿਸ ਦੇ ਫਲ ਸਰੂਪ ਵਿਚ ਧਰਮ ਤਾਂ ਮਾਨੋਂ ਕਿਤੇ ਖੰਭ ਲਾ ਕੇ ਉਡ ਗਿਆ ਹੈ। ਝੂਠ ਮੱਸਿਆ ਦੇ ਹਨੇਰੇ ਸਮਾਨ ਪਸਰ ਰਿਹਾ ਅਤੇ ਸੱਚ ਚੰਦ੍ਰਮਾ ਸਮਾਨ ਛਪਨ ਹੋ ਚੁਕਾ ਹੈ। ਭਾਰਤ ਮਾਤਾ ਕਹਿ ਰਹੀ ਹੈ, ਕਿਉਂਕਿ ਇਸ ਹਨੇਰੇ ਵਿਚ ਜੰਤਾ ਨੂੰ ਸਚਾਈ ਦਾ ਰਾਹ-ਦਿਖਾਣ ਵਾਲਾ ਕੋਈ ਆਗੂ ਨਹੀਂ ਲਭਦਾ"। ਠੀਕ ਇਸ ਘੋਰ ਹਨੇਰੇ ਵਿਚ ਨਾਮਧਾਰੀ ਲਹਿਰ ਦੇ ਸੰਚਾਲਕ ਨੇ ਸਚਾਈ ਦਾ ਚਾਨਣ ਸ੍ਰੋਤ (ਲਾਈਟ ਹਾਊਸ) ਬਣ ਕੇ ਦੇਸ਼ ਦੇ ਧਾਰਮਿਕ, ਸਮਾਜਕ ਅਤੇ ਰਾਜਨੀਤਕ ਮੰਡਲਾਂ ਨੂੰ ਉਹ ਚਾਨਣ ਪ੍ਰਦਾਨ ਕੀਤਾ—ਜੋ ਅੱਤਜਾਚਾਰੀ, ਕੁਟਿਲ ਅਤੇ ਪਰਾਇਆ ਹੱਕ ਖੱਸਣ ਵਾਲੇ-ਬੰਦਿਆਂ ਲਈ ਤਾਂ ਭਾਵੇਂ ਦੁਖਦਾਇਕ ਸੀ, ਪ੍ਰੰਤੂ ਮਾਤ ਭੂਮੀ ਦੇ ਭਲਾ ਚਾਹੂਆਂ ਨੇ ਉਸ ਅੰਦਰ ਆਸ਼ਾ ਦੀਆਂ ਕਿਰਣਾਂ ਨੱਚਦੀਆਂ ਦੇਖੀਆਂ।

## ਉਹ ਸਤਿਗੁਰ ਹਨ

ਧਾਰਮਿਕ ਆਦਰਸ਼ ਤੋਂ ਡਿਗ ਚੁਕੀਆਂ ਸੈਂਕੜੇ ਯਾ ਹਜ਼ਾਰਾਂ ਨਹੀਂ ਬਲਕੇ ਲੱਖਾਂ ਵਿਅਕਤੀਆਂ ਦੇ ਅੰਦਰ ਜਿਸ ਪੁਰਸ਼ਾਰਥ-ਸ਼ਕਤੀ ਨਾਲ ਆਪ

---

** ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥ (ਸ੍ਰੀ ਆਦਿ ਗ੍ਰੰਥ ਸਾਹਿਬ)*



Sri Satguru Jagjit Singh Ji Elibrary NamdhariElibrary@gmail.com

ਨੇ ਧਰਮ-ਆਤਮਾ ਦਾ ਸੰਚਾਰ ਕਰਕੇ ਧਾਰਮਿਕ ਖੇੜਾ ਲਿਆਂਦਾ, ਉਸਦੇ ਚਾਨਣੇ ਹੇਠ-ਆਪ ਨੂੰ ਅਜੇਹੇ ਧਾਰਮਿਕ ਨੇਤਾ ਮੰਨਿਆ ਗਿਆ ਜਿਨ੍ਹਾਂ ਦੀ ਉਸ ਵੇਲੇ ਦੀ ਜੰਤਾ ਨੇ ਅਕਾਲ ਪੁਰਖ ਸਮਝ ਕੇ ਪੂਜਾ ਕੀਤੀ, ਜੋ ਅਜ ਤਕ ਓਸੇ ਹੀ ਰੂਪ ਵਿਚ ਵਿਦਮਾਨ ਹੈ। ਹੋਰ ਤਾਂ ਹੋਰ ਆਪ ਦੇ ਸਭ ਤੋਂ ਵੱਡੇ ਅਤੇ ਕੱਟਰ ਵਿਰੋਧੀ—ਅੰਗ੍ਰੇਜ਼ ਅਫਸਰ ਮਿਸਟਰ ਮੈਕਨਬ ਨੂੰ ਵੀ ਮੰਨਣਾ ਪਿਆ ਕਿ ਆਪ ਨੂੰ ਉਸ ਸਮੇਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਿਆ ਜਾਂਦਾ ਸੀ।

## ਸਭ ਤੋਂ ਪਹਿਲੇ ਨੇਤਾ

ਸਿੱਖ ਰਾਜ ਦੀ ਸਮਾਪਤੀ ਤੋਂ ਪਿਛੋਂ ਅੰਗ੍ਰੇਜ਼ੀ ਰਾਜ ਦੇ ਕਾਇਮ ਹੋਣ ਦੇ ਕਾਰਨ ਜੋ ਸਮਾਜਕ ਬੁਰਾਈਆਂ ਫੈਲ ਗਈਆਂ ਸਨ, ਅਤੇ ਦਾਸਤਾ ਦੇ ਬੰਧਨਾਂ ਵਿਚ ਜਕੜੇ ਜਾਣ ਦੇ ਕਾਰਨ ਜੰਤਾ ਅੰਦਰ ਜੋ ਕੌਮੀ ਭਾਵਾਂ (National Elements) ਦਾ ਅਭਾਵ ਹੋ ਚੁਕਾ ਸੀ—ਉਸਨੂੰ ਦੂਰ ਕਰਨ ਦੇ ਉਦੇਸ਼ ਨਾਲ ਆਪ ਨੇ ਜਿਸ ਲਹਿਰ ਦਾ ਸੰਚਾਲਨ ਕੀਤਾ ਉਹ ਸਭ ਤੋਂ ਪਹਿਲੀ ਸਮਾਜ ਸੁਧਾਰਕ (Social Reform) ਅਤੇ ਕੌਮੀ ਲਹਿਰ (National Movement) ਸੀ, ਜਿਸ ਕਰਕੇ ਸਾਡੀਆਂ ਅੱਖਾਂ ਆਪਨੂੰ ਸਿੱਖ ਰਾਜ ਤੋਂ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਰ੍ਹਾਂ ਸਭ ਤੋਂ ਪਹਿਲੇ ਸਮਾਜ ਸੁਧਾਰਕ ਅਤੇ ਰਾਜਨੀਤਕ ਨੇਤਾ ਦੇ ਰੂਪ ਵਿਚ ਦੇਖਦੀਆਂ ਹਨ।

## ਅਦੁੱਤੀ ਯੋਧਾ

ਜਿਸ ਨਿਡਰਤਾ ਬੀਰਤਾ, ਦ੍ਰਿੜ੍ਹਤਾ ਉਮਾਹ ਅਤੇ ਉਤਸ਼ਾਹ ਨਾਲ ਆਪ ਰਾਜਨੀਤਕ ਛੇਤ੍ਰ ਵਿਚ ਅੰਗ੍ਰੇਜ਼ ਨਾਲ ਲੜੇ, ਅਤੇ ਉਸ ਅੰਗ੍ਰੇਜ਼ ਨਾਲ, ਜਿਸ ਦੇ ਵਿਰੁੱਧ ਇਕ ਅੱਖਰ ਕਹਿਣਾ ਵੀ ਉਸ ਵੇਲੇ ਆਪਣੀ ਮੌਤ ਦੇ ਵਰੰਟਾਂ ਤੇ ਸਹੀ ਪਾਣ ਤੁਲ ਸਮਝਿਆ ਜਾਂਦਾ ਸੀ, ਤਾਂ ਆਪਦਾ ਦਰਸ਼ਨ ਕਰਕੇ ਸਾਨੂੰ ਇਹ ਕਹਿਣ ਲਈ ਬਿਵਸ ਹੋਣਾ ਪੈਂਦਾ ਹੈ, ਕਿ ਆਪ ਰਾਜਨੀਤਕ ਮੈਦਾਨ ਵਿਚ ਵੀ ਸ੍ਰੀ ਕਲਗੀਧਰ ਜੀ ਵਾਂਗ ਇਕ ਨਿਰਭੈ ਅਤੇ ਅਜਿਤ ਯੋਧੇ ਦੀ ਹੈਸਜਤ ਰਖਦੇ ਹਨ।

## ਪਹਿਲੇ ਨਜ਼ਰ ਬੰਦ

ਅੰਗ੍ਰੇਜ਼ੀ ਅਮਲਦਾਰੀ ਵਿਚ ਪੰਜਾਬ ਅੰਦਰ ਆਪ ਸਭ ਤੋਂ ਪਹਿਲੀ ਵਿਅਕਤੀ ਸਿੱਧ ਹੁੰਦੇ ਹਨ, ਜਿਨ੍ਹਾਂ ਦੇ ਜੰਤਕ ਅਸਰ ਅਤੇ ਰਸੂਖ ਤੋਂ ਡਰਦਿਆਂ ਹੋਇਆਂ ਅੰਗ੍ਰੇਜ਼ੀ ਹਕੂਮਤ ਨੇ ਆਪਨੂੰ ਆਪਣੇ ਪਿੰਡ ਭੈਣੀ

Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੀਆਂ ਹੱਦਾਂ ਅੰਦਰ ਨਜ਼ਰਬੰਦ ਕਰ ਦਿਤਾ ਸੀ।

## ਹਕੂਮਤ ਦੇ ਉਸਰੱਈਏ

ਆਪ ਨੇ ਜਿਸ ਖੂਬੀ ਅਤੇ ਅਦੁਤੀ ਢੰਗ ਨਾਲ ਆਪਣੀ ਲਹਿਰ ਨੂੰ ਜਥੇਬੰਦ ਕਰਕੇ ਹਕੂਮਤ ਦੇ ਅੰਦਰ ਇਕ ਹਕੂਮਤ (ਪੈਰੈਲਲ ਗਵਰਮੈਂਟ) ਖੜ੍ਹੀ ਕੀਤੀ ਉਸਦੇ ਅਧਾਰ ਤੇ ਆਪ ਪਰਮ ਉਚਕੋਟੀ ਦੇ ਜਥੇਬੰਦਕ (ਆਰਗੇਨਾਈਜ਼ਰ) ਅਤੇ ਕਰੀਏਟਰ ਆਫ਼ ਦੀ ਪੈਰੈਲਲ ਗਵਰਮੈਂਟ' ਅਰਥਾਤ ਮੁਕਾਬਲੇ ਦੀ ਹਕੂਮਤ ਦੇ ਉਸਰੱਈਏ ਸਿੱਧ ਹੁੰਦੇ ਹਨ।

## ਸਭ ਤੋਂ ਪਹਿਲੇ ਸੱਤਜਾਗ੍ਰਹੀ

ਅੰਗ੍ਰੇਜ਼ੀ ਦੌਰ ਵਿਚ ਆਪ ਸਭ ਤੋਂ ਪਹਿਲੇ ਆਗੂ ਪ੍ਰਤੀਤ ਹੁੰਦੇ ਹਨ ਜਿਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਨਮ ਤੋਂ ਲਗਭਗ ੨੦ ਸਾਲ ਪਹਿਲਾਂ ਪੰਜਾਬੀਆਂ ਨੂੰ ਅੰਗ੍ਰੇਜ਼ ਨਾਲ ਅਮਲੀ ਨਾ ਮਿਲਵਰਤਨ ਦਾ ਸਬਕ ਦਿੰਦਿਆਂ ਹੋਇਆਂ ਸਰਕਾਰੀ ਕਨੂੰਨ ਅਤੇ ਸਰਕਾਰੀ ਹੁਕਮਾਂ ਦੀ ਐਲਾਨੀਆ ਵਿਰੋਧਤਾ ਕਰਕੇ ਸੱਤਜਾਗ੍ਰਹ ਦਾ ਆਦਰਸ਼ ਕਾਇਮ ਕੀਤਾ। ਇਸ ਰੂਪ ਵਿਚ ਆਪ ਸੱਤਜਾਗ੍ਰਹ ਦਾ ਝੰਡਾ ਖੜ੍ਹਾ ਕਰਨ ਵਾਲੇ ਸਭ ਤੋਂ ਪਹਿਲੇ ਆਗੂ ਪ੍ਰਗਟ ਹੁੰਦੇ ਹਨ।

## ਦ੍ਰਿੜ੍ਹਤਾ ਦੇ ਸੁਮੇਰ

ਉਸ ਵੇਲੇ ਰਾਜਿਆਂ ਮਹਾਰਾਜਿਆਂ ਪੰਜਾਬ ਦੇ ਬਹੁਤ ਸਾਰੇ ਸਰਦਾਰਾਂ ਜਾਗੀਰਦਾਰਾਂ, ਰਈਸਾਂ ਅਤੇ ਗੁਰਦਵਾਰਿਆਂ ਦੇ ਪੁਜਾਰੀਆਂ ਨੇ ਵੀ ਗਵਰਮੈਂਟ ਨਾਲ ਮਿਲ ਕੇ ਆਪ ਦੇ ਰਸਤੇ ਵਿਚ ਮੁਸੀਬਤਾਂ ਦੇ ਪਹਾੜ ਖੜ੍ਹੇ ਕਰਨ ਦੀ ਕੋਸ਼ਸ਼ ਕੀਤੀ, ਪਰ ਆਪ ਸੁਮੇਰ ਪਰਬਤ ਦੀ ਤਰ੍ਹਾਂ ਦ੍ਰਿੜ੍ਹ ਰਹਿੰਦੇ ਹੋਏ ਆਪਣੇ ਆਦਰਸ਼ ਤੋਂ ਰਤਾ ਭਰ ਵੀ ਪਿਛਾਂ ਨਹੀਂ ਹਟੇ ਜਿਸ ਤੋਂ ਆਪ ਦ੍ਰਿੜ੍ਹਤਾ ਦੇ ਸੁਮੇਰ ਸਿੱਧ ਹੁੰਦੇ ਹਨ।

## ਇਸਤ੍ਰੀ ਉਧਾਰਕ

ਮਰਦਾਂ ਦੇ ਨਾਲ ਹੀ ਨਾਲ ਆਪ ਨੇ ਇਸਤ੍ਰੀ ਜਾਤੀ ਨੂੰ ਉਚਿਆਣ ਅਰ ਉੱਨਤ ਕਰਨ ਵਲ ਖ਼ਾਸ ਧਿਆਨ ਦਿਤਾ। ਅੰਮ੍ਰਿਤ ਦੀ ਜਿਸ ਦਾਤ ਤੋਂ ਪਹਿਲਾਂ ਉਨ੍ਹਾਂ ਨੂੰ ਸੱਖਣਿਆ ਰੱਖਿਆ ਜਾਂਦਾ ਸੀ, ਸਤਿਗੁਰੂ ਜੀ ਨੇ ਉਸ ਦਾ ਗੱਫਾ ਮਾਈਆਂ ਨੂੰ ਵੀ ਵਰਤਾਣ ਦਾ ਅਮਲੀ ਪ੍ਰਚਾਰ ਕੀਤਾ। ਇਸਤ੍ਰੀ ਸਮਾਜ ਨੂੰ ਉੱਨਤ ਕਰਨ ਦਾ ਆਪ ਨੂੰ ਏਨਾਂ ਖ਼ਿਆਲ ਸੀ ਕਿ ਆਪਨੇ ਵਹਿਆਹਾਂ (ਪਿੰਡ ਜ਼ਿ: ਅੰਮ੍ਰਿਤਸਰ) ਦੀ ਇਕ ਹੋਣਹਾਰ ਨੌਜਵਾਨ ਦੇਵੀ

ਬੀਬੀ ਹੁਕਮਾਂ ਨੂੰ ਇਸਤ੍ਰੀਆਂ ਵਿਚ ਪ੍ਰਚਾਰ ਕਰਨ ਵਾਸਤੇ ਅਪਣੇ ਸੂਬਿਆਂ ਦੀ ਪ੍ਰਨਾਲੀ ਵਿਚ ਸ਼ਾਮਿਲ ਕੀਤਾ ਹੋਇਆ ਸੀ। ਇਸ ਬੀਬੀ ਦਾ ਚਲਨ, ਮ੍ਰਜਾਦਾ ਤੇ ਕਰਨੀ ਦਾ ਆਦਰਸ਼ ਬਹੁਤ ਉਚਾ ਤੇ ਸੁਚਾ ਸੀ। ਆਪ ਨੂੰ ਆਮ ਜੰਤਾ "ਮਹਾਤਮਾ" ਸ਼ਬਦ ਦੁਆਰਾ ਸਤਕਾਰਦੀ ਸੀ। ਆਯੂ ਦਾ ਬਹੁਤ ਸਾਰਾ ਹਿਸਾ ਭੈਣੀ ਸਾਹਿਬ ਗੁਰੂ ਘਰ ਦੀ ਸੇਵਾ ਕਰਦਿਆਂ ਵਿਤੀਤ ਕੀਤਾ। ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਨੇ ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਨਾਮਧਾਰੀ ਪੰਥ ਨਾਲ ਸਬੰਧ ਜੋੜਿਆ ਸੀ। ਗੱਲ ਕੀ, ਸਤਿਗੁਰੂ ਰਾਮ ਸਿੰਘ ਜੀ ਦੇ ਇਸਤ੍ਰੀ ਉਧਾਰ ਦਾ ਆਪ ਆਦਰਸ਼ ਨਮੂਨਾ ਸਨ। ਲੇਖਕ ਨੇ ਵੀ ਉਨ੍ਹਾਂ ਦੇ ਦਰਸ਼ਨ ਚੰਗੀ ਤਰ੍ਹਾਂ ਕੀਤੇ ਹਨ।

## ਸੋਸ਼ਲਿਜ਼ਮ ਦੇ ਮਹਾਨ ਆਗੂ

ਜਿਸ ਸੋਸ਼ਲਿਜ਼ਮ ਦੀ ਅਜ ਜਗਤ ਵਿਚ ਧਾਂਕ ਪਈ ਹੋਈ ਹੈ, ਉਸ ਦੀ ਮਿਸਾਲ ਕਾਇਮ ਕਰਨ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਉੱਚ ਆਦਰਸ਼ ਦਾ ਰਾਹ ਵਖਾਇਆ। ਆਪ ਨੇ ਹਰ ਥਾਂ ਮੁਫਤ ਲੰਗਰ ਜਾਰੀ ਕੀਤੇ ਅਤੇ ਆਗਯਾ ਦਿੱਤੀ ਕਿ ਭਾਵੇਂ ਘਰ ਬੂਹਾ ਵੀ ਵੇਚਣਾ ਪਵੇ ਪਰ ਲੰਗਰ ਨੂੰ ਬੰਦ ਨਹੀਂ ਹੋਣ ਦੇਣਾ. ਸ੍ਰੀ ਭੈਣੀ ਸਾਹਿਬ ਵਿਖੇ ਪੱਕੇ ਮਹੱਲ ਏਸੇ ਖ਼ਿਆਲ ਨਾਲ ਨਹੀਂ ਬਣਾਏ ਗਏ, ਕਿ ਜੇਹੜੀ ਮਾਇਆ ਪੱਕੇ ਮਕਾਨਾਂ ਤੇ ਖ਼ਰਚ ਕਰਨੀ ਹੈ, ਉਹ ਗਰੀਬਾਂ ਨਿਮਿਤ ਜਾਰੀ ਕੀਤੇ ਗਏ ਲੰਗਰ ਤੇ ਖ਼ਰਚ ਕੀਤੀ ਜਾਵੇ। ਅੱਜ ਤਕ ਨਾਮਧਾਰੀ ਪੰਥ ਬ੍ਰਾਬਰਤਾ ਦਾ ਕਾਇਲ ਚਲਿਆ ਆ ਰਿਹਾ ਹੈ। ਗ੍ਰਿਬ ਤੇ ਅਮੀਰ ਦੇ ਵਿਤਕਰੇ ਤੋਂ ਬਿਨਾਂ ਆਪਦਾ ਲੰਗਰ ਹਰ ਇਕ ਮਨੁਖ ਵਾਸਤੇ ਅੱਠੇ ਪਹਿਰ ਖੁਲ੍ਹਾ ਹੈ।

ਇਕ ਨਾਮਧਾਰੀ ਦੂਜੇ ਨਾਮਧਾਰੀ ਦੇ ਘਰ ਇਉਂ ਨਿਝੱਕ ਹੋਕੇ ਜਾਂਦਾ ਹੈ, ਜਿਵੇਂ ਉਹ ਉਸਦਾ ਆਪਣਾ ਹੀ ਘਰ ਹੁੰਦਾ ਹੈ। ਏਹੋ ਓਹੀ ਆਦਰਸ਼ ਹੈ, ਜਿਸਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਨੇ ਰਖੀ ਸੀ, ਅਤੇ ਸਿਖਾਂ ਦੇ ਸਿਖੀ ਅਸੂਲਾਂ ਤੋਂ ਅਗਜਾਤ ਹੋ ਜਾਣ ਦੇ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਸਿਰੇ ਉਨ੍ਹਾਂ ਆਦਰਸ਼ਾਂ ਦਾ ਅਮਲੀ ਪ੍ਰਚਾਰ ਕੀਤਾ, ਜਿਨ੍ਹਾਂ ਤੇ ਅਜ ਦੇ ਸੋਸ਼ਲਿਸਟ ਮਾਣ ਕਰਦੇ ਹਨ। ਗੱਲ ਕੀ! ਧਰਮ, ਸਮਾਜ, ਰਾਜਨੀਤੀ ਅਤੇ ਸਦਾਚਾਰ ਨੂੰ ਸਤਿਗੁਰੂ ਜੀ ਦੇ ਮਹਾਨ ਪੁਰਸ਼ਾਰਥ ਨੇ ਚਾਰ ਚੰਦ ਲਾ ਦਿਤੇ, ਬੁਰਾਈਆਂ ਨੂੰ ਜੜ੍ਹਾਂ ਤੋਂ ਉਖੇੜ ਦਿਤਾ—ਅਤੇ ਆਪ ਨੇ ਉਸ ਭਿਆਨਕ ਕਾਲ ਵਿਚ ਦੇਸ਼ ਕੌਮ ਅਤੇ ਸਮਾਜ ਦੀ ਅਗਵਾਈ ਕੀਤੀ, ਜਿਸ ਵਿਚ ਦੇਸ ਅਤੇ ਕੌਮ ਦੇ ਉੱਨਤੀ ਮੰਡਲ ਵਿਚ ਹਨੇਰ ਹੀ ਹਨੇਰ ਪਸਰਿਆ ਹੋਇਆ ਸੀ।

*

# ਮਾਤਾ ਜੀਵਨ ਕੌਰ ਦੇ ਲਾਲ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ-ਜੀਵਨ ਕੌਰ ਜੀ ਦੇ ਘਰ ੩ ਸਾਹਿਬਜ਼ਾਦੇ ਪ੍ਰਗਟ ਹੋਏ।

(੧) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਚੇਤ੍ਰ ਵਦੀ ੩ ਸੰਮਤ ੧੯੪੬ ਐਤਵਾਰ ਦੇ ਦਿਨ ਸੂਰਜ ਅਸਤਣ ਸਮੇਂ ਹੋਇਆ ਜੇਠ ਵਦੀ ੧੦ ਸੰ: ੧੯੬੩ ਨੂੰ ਸਨੀਚਰਵਾਰ ਸ਼ਾਮ ਦੇ ਪੰਜ ਬਜ ਕੇ ਪੰਜ ਮਿੰਟਾਂ ਤੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ. ਜੋਤ ਸਮਾਣ ਪਿਛੋਂ ਨਾਮਧਾਰੀ ਸੰਗਤਾਂ ਦੀ ਵਾਗ ਡੋਰ ਆਪ ਨੇ ਸੰਭਾਲੀ। ਆਪਦਾ-ਅਨੰਦ ਕਾਰਜ. ਗੁਰੂਸਰ ਜ਼ਿਲਾ ਫੀਰੋਜ਼ਪੁਰ ਦੇ ਸ੍ਰ: ਸੁੰਦਰ ਸਿੰਘ ਜੀ ਦੀ ਸਪੁਤਰੀ (ਮਾਤਾ) ਭੂਪੇਂਦਰ ਕੌਰ ਨਾਲ ੧੩ ਪੋਹ ਸੰ: ੧੯੭੧ ਬਿ: ਨੂੰ ਹੋਇਆ। ਆਪਦੇ ਗ੍ਰਿਹਿ ਵਿਖੇ ਦੋ ਸਾਹਿਬਜ਼ਾਦੇ ਪ੍ਰਗਟ ਹੋਏ। ਪਹਿਲੇ ਮਹਾਰਾਜਾ ਬਾਬਾ ਜਗਜੀਤ ਸਿੰਘ ਜੀ ੮ ਮਘਰ ਸੰ: ੧੯੭੭ ਬਿ: (ਸੰਨ ੧੯੨੦) ਨੂੰ ਅਤੇ ਦੂਜੇ ਬਾਬਾ ਬੀਰ ਸਿੰਘ ਜੀ ਮਹਾਰਾਜ ੨ ਕੱਤਕ ੧੯੮੦ ਬਿ: ਨੂੰ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਧਾਰਮਿਕ ਅਤੇ ਸਮਾਜਕ ਸੁਧਾਰਾਂ ਵਿਚ ਤਕੜੀ ਕਰੜਾਈ ਨਾਲ ਪੰਥ ਦੀ ਅਗਵਾਈ ਕੀਤੀ ਅਰ ਕਰ ਰਹੇ ਹਨ। ਇਸਤੋਂ ਛੁਟ ਰਾਜਨੀਤਕ ਛੇਤ੍ਰ ਵਿਚ. ਵੀ ਆਪ ਬੜ੍ਹ ਚੜ੍ਹ ਕੇ ਹਿੱਸਾ ਲੈ ਰਹੇ ਹਨ। ਸਿੱਖ ਸੰਪ੍ਰਦਾਵਾਂ ਤੇ ਜਥੇਬੰਦੀਆਂ ਦੀ ਏਕਤਾ ਤੇ ਮੈਤ੍ਰੀ ਸਬੰਧੀ ਆਪ ਨੇ ਕਈ ਕਾਨਫਰੰਸਾਂ ਆਪਣੇ ਖਰਚ ਤੇ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਦੇ ਸਮੂਹ ਫੁਲਾਂ ਨੂੰ ਇਕ ਲੜੀ ਵਿਚ ਪ੍ਰੋਣ ਦਾ ਪੁਰਸ਼ਾਰਥ ਕੀਤਾ। ਸਿਖ ਜਥੇਬੰਦੀਆਂ ਨੂੰ ਨੈਸ਼ਨਲ ਕਾਂਗਰਸ ਨਾਲ ਜੋੜਨ ਵਿਚ ਵੀ ਆਪ ਨੇ ਸ਼ਲਾਘਾ ਯੋਗ ਉੱਦਮ ਕੀਤਾ ਹੈ। ਇੰਡੀਅਨ ਨੈਸ਼ਨਲ ਕਾਂਗਰਸ ਦੇ ਹਾਈ ਕਮਾਂਡ ਦੇ ਇਕ ਇਕ ਮੈਂਬਰ ਦੇ ਦਿਲ ਵਿਚ ਆਪ ਦਾ ਵਿਸ਼ੇਸ਼ ਸਨਮਾਨ ਹੈ। ਇੰਡੀਅਨ ਨੈਸ਼ਨਲ ਗਵਰਮੈਂਟ ਦੇ ਸਭ ਤੋਂ ਵਡੇ ਵਜ਼ੀਰ ਸ੍ਰੀ ਯੁਤ ਪੰਡਿਤ ਜਵਾਹਰ ਲਾਲ ਜੀ ਆਪ ਜੀ ਦਾ ਵਧ ਤੋਂ ਵਧ ਸਤਕਾਰ ਕਰਦੇ ਹਨ। ਆਪਦੇ ਦਿਲ ਵਿਚ,



Sri Satguru Jagjit Singh Ji Elibrary NamdhariElibrary@gmail.com

ਸਦਾ ਹੀ ਇਹ ਲਗਨ ਰਹਿੰਦੀ ਹੈ, ਕਿ ਜਿਥੇ ਸਿਖ ਕੌਮ ਧਾਰਮਿਕ ਤੌਰ ਤੇ ਉਚੀ ਤੇ ਸੁਚੀ ਸਾਬਿਤ ਹੋਵੇ, ਓਥੇ ਦੇਸ਼ ਦੀ ਸੁਤੰਤ੍ਰਤਾ ਬਦਲੇ ਵੀ ਉਹ ਕਾਂਗਰਸ ਦੀ ਅਗਵਾਈ ਹੇਠ ਆਪਣਾ ਪੂਰਾ ਹਿੱਸਾ ਅਦਾ ਕਰਦੀ ਹੋਈ ਆਪਣੀਆਂ ਸ਼ਾਨਦਾਰ ਰਵਾਇਤਾਂ ਨੂੰ ਚਾਰ ਚੰਦ ਲਾ ਦੇਵੇ।

(੨) ਸ੍ਰੀ ਹਜ਼ੂਰ ਮਹਾਰਾਜ ਨਿਹਾਲ ਸਿੰਘ ਜੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦੂਜੇ ਸਾਹਿਬਜ਼ਾਦੇ ਹਨ। ਆਪ ਜੀ ਦਾ ਜਨਮ ਕੱਤੇ ਵਦੀ ੧੦ ਸੰਮਤ ੧੯੪੯ ਨੂੰ ਹੋਇਆ, ਆਪ ਮੁੱਢ ਤੋਂ ਹੀ ਬੜੇ ਬੁੱਧਵਾਨ ਅਤੇ ਰੌਸ਼ਨ ਜਮੀਰ ਵਾਕਿਆ ਹੋਏ ਹਨ। ਆਪਦੀ ਸ਼ਾਦੀ ਪਿੰਡ ਗਾਲ੍ਹੋਟੀਆਂ ਜ਼ਿਲਾ ਸਿਆਲਕੋਟ ਦੇ ਪ੍ਰਸਿਧ ਸ੍ਰਦਾਰ ਬਾਬਾ ਧਿਆਨ ਸਿੰਘ ਜੀ ਅਤੇ ਮਾਤਾ ਭਾਗਵੰਤੀ ਦੀ ਸਪੁਤ੍ਰੀ ਬੀਬੀ ਸਤਵੰਤ ਕੌਰ ਨਾਲ ਅੱਸੂ ੧੯੭੧ ਬਿ: ਨੂੰ ਲਾਹੌਰ ਵਿਖੇ ਹੋਈ। ਸ੍ਰੀ ਮਾਨ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ (ਜਿਨ੍ਹਾਂ ਦੇ ਮਕਾਨ ਭਾਟੀ ਦਰਵਾਜੇ ਦੇ ਬਾਹਰ ਮੇਲਾ ਰਾਮ ਰੋਡ ਤੇ ਹਨ) ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਖਾਸ ਸੇਵਕਾਂ ਵਿਚੋਂ ਸਨ। ਅਜੇ ਵੀ ਮਾਤਾ ਭਾਗਵੰਤੀ ਇਸ ਬ੍ਰਿਧ ਆਯੂ ਵਿਚ ਸਾਧ ਸੰਗਤ ਦੀ ਸੇਵਾ ਅਪਣੀ ਹਥੀਂ ਕਰਕੇ ਖੁਸ਼ ਹੁੰਦੇ ਹਨ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਘਰ ਦੋ ਸਾਹਿਬਜਾਦੇ ਹਨ। (੧) ਠਾਕੁਰ-ਸ਼ਮਸ਼ੇਰ ਸਿੰਘ ਜੀ ਅਰ ਦੂਜੇ ਸ੍ਰੀ ਮ: ਵਿਸ਼ੇਸ਼ਰ ਸਿੰਘ ਜੀ। ਦੋਵੇਂ ਹੀ ਅੰਗ੍ਰੇਜ਼ੀ ਦੇ ਆਲਿਮ ਹਨ। ਮਹਾਰਾਜ ਨੇ ਦੇਸ਼ ਸੁਤੰਤ੍ਰਤਾ ਵਾਸਤੇ ਕਠਿਨ ਘਾਲਾਂ ਘਾਲੀਆਂ ਹਨ, ਆਪ ਕਾਂਗਰਸ ਦੇ ਤਿੰਨ ਰੰਗੇ ਝੰਡੇ ਹੇਠ ਤਿੰਨ ਵਾਰ ਜੇਹਲਖਾਨਿਆਂ ਦੀ ਯਾਤ੍ਰਾ ਕਰ ਚੁਕੇ ਹਨ। ਆਪ ਪੰਜਾਬ ਸੂਬਾ ਕਾਂਗਰਸ ਕਮੇਟੀ ਵਲੋਂ ਸ਼ਰਾਬ ਪਿਕਟਿੰਗ ਦੀ ਲਹਿਰ ੧੯੨੯ ਈ: ਵਿਚ ਡਿਕਟੇਟਰ ਦੀ ਹੈਸੀਅਤ ਵਿਚ ਪਿਕਟਿੰਗ ਦੀ ਰਹਿਨੁਮਾਈ ਕਰਦੇ ਹੋਏ ਬੜੀ ਸ਼ਾਨ ਨਾਲ ਗ੍ਰਿਫਤਾਰ ਹੋਏ ਸਨ। ਆਪ ਮਾਨਵੀ ਜੀਵਨ ਨੂੰ ਉੱਚਿਆਂ ਤੇ ਸੁੱਚਿਆਂ ਕਰਨ ਵਾਲੀਆਂ ਬੇਅੰਤ ਸਿਫਤਾਂ ਦੇ ਮਾਲਿਕ ਹਨ। ਆਪ ਚਿਰ ਕਾਲ ਤੋਂ ਲਾਹੌਰ ਰਹਿ ਕੇ ਕਿਰਤ ਕਮਾਈ ਦੁਆਰਾ ਅਪਣਾ ਜੀਵਨ ਵਿਤੀਤ ਕਰਦੇ ਹਨ। ਗੁਰੂ ਘਰ ਦੀ ਪੂਜਾ ਸਮੱਗਰੀ ਸਬੰਧੀ ਆਪ ਏਨ ਉਚਾ ਆਦਰਸ਼ ਰਖਦੇ ਹਨ ਕਿ ਜੇ ਕੋਈ ਸਿਖ ਆਪਨੂੰ ਗੁਰੂ ਐਸ ਸਮਝਕੇ ਕਿਸੇ ਰੂਪ ਵਿਚ ਕੋਈ ਭੇਟਾ ਅਰਪਨ ਕਰਨਾ ਚਾਹੇ ਤਾਂ ਆਪ ਕਿਹਾ ਕਰਦੇ ਹਨ, ਕਿ 'ਇਹ ਸ੍ਰੀ ਭੈਣੀ ਸਾਹਿਬ ਦੀ ਲੋਹ ਦੀ ਸਮੱਗਰੀ ਹੈ। ਇਸ ਲਈ ਓਥੇ ਲੈ ਜਾਵੋ।' ਅਜ ਤਕ ਆਪ ਨੇ ਭੇਟਾ ਰੂਪ ਵਿਚ ਕੋਈ ਚੀਜ

Sri Satguru Jagjit Singh Ji Elibrary NamdhariElibrary@gmail.com

ਪ੍ਰਵਾਨ ਨਹੀਂ ਕੀਤੀ।

(੩) ਮਹਾਰਾਜ ਗੁਰਦਿਆਲ ਸਿੰਘ ਜੀ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੋਂ ਛੋਟੇ ਸਨ। ਆਪ ਇਸ ਸਮੇਂ ਇਸ ਫਾਨੀ ਦੁਨੀਜਾਂ ਵਿਚ ਮੌਜੂਦ ਨਹੀਂ ਹਨ। ਪਰ ਆਪਦੀ ਯਾਦ ਰਹਿੰਦੀ ਦੁਨੀਆਂ ਤਕ ਕਾਇਮ ਰਹੇਗੀ। ਆਪ ਜੀ ਦਾ ਜਨਮ ਅੱਸੂ ਸੰਮਤ ੧੯੫੪ ਵਿਖੇ ਹੋਇਆ। ਆਪ ਸਤੋਗੁਣ ਬ੍ਰਿਤੀ ਅਤੇ ਸਰਲ ਸੁਭਾਉ ਦੇ ਮਾਲਿਕ ਸਨ। ਦੇਸ਼ ਭਗਤੀ ਦਾ ਜਜ਼ਬਾ ਉਨ੍ਹਾਂ ਦੇ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਦੇਸ਼ ਸੁਤੰਤ੍ਰਤਾ ਦੀ ਲਗਨ ਵਿਚ ਆਪ ਨਾਮਧਾਰੀ ਪੰਥ ਵਿਚ ਬਹੁਤ ਉਚੇ ਆਦਰਸ਼ ਦੇ ਵਾਲੀ ਸਨ। ਪੰਜਾਬ ਸੂਬਾ ਕਾਂਗਰਸ ਕਮੇਟੀ ਦੀ ਐਗਜ਼ੇਕਟਿਵ ਦੇ ਆਪ ਮੈਂਬਰ ਸਨ। ਇੰਡੀਅਨ ਨੈਸ਼ਨਲ ਕਾਂਗਰਸ ਦੇ ੧੯੨੧-੨੨ ਅਤੇ ੨੩ ਦੇ ਇਜਲਾਸ ਆਪ ਨੇ ਸਰਬ ਹਿੰਦ ਕਾਂਗਰਸ ਦੇ ਮੈਂਬਰ ਹੋਣ ਦੀ ਹੈਸੀਯਤ ਵਿਚ ਅਟੈਂਡ ਕੀਤੇ ਸਨ। ਆਪ ਦੀ ਸ਼ਾਦੀ ਵੀ ਸ੍ਰ: ਧਿਆਨ ਸਿੰਘ ਜੀ ਦੀ ਛੋਟੀ ਸਪੁਤ੍ਰੀ ਬੀਬੀ ਕਰਤਾਰ ਕੌਰ ਜੀ ਨਾਲ ਹੋਈ ਸੀ, ਪ੍ਰੰਤੂ ਆਪ ਪੰਥਕ ਅਤੇ ਮੁਲਕੀ ਉਨਤੀ ਦੇ ਏਨੇਂ ਆਸ਼ਿਕ ਸਨ, ਕਿ ਉਨ੍ਹਾਂ ਦੀ ਬ੍ਰਿਤੀ ਸੰਗਾਰਕ ਵਿਸ਼ਿਆਂ ਨੂੰ ਉੱਕਾ ਹੀ ਕਬੂਲ ਨਹੀਂ ਸੀ ਕਰਦੀ। ਉਨ੍ਹਾਂ ਦਾ ਜੀਵਨ ਤਪੱਸੀਆਂ ਦਾ ਜੀਵਨ ਸੀ। ਅੰਗ੍ਰੇਜ਼ੀ ਦੇ ਤਕੜੇ ਵਿਦਵਾਨ ਅਤੇ ਲੋਹੜੇ ਦੇ ਲਿਖਾਰੀ ਸਨ। ਇਹ ਇਲਮ ਉਨ੍ਹਾਂ ਨੇ ਪ੍ਰਾਈਵੇਟ ਤੌਰ ਤੇ ਹਾਸਿਲ ਕੀਤਾ ਸੀ। ਨਾਮਧਾਰੀ ਇਤਿਹਾਸ ਬਾਬਤ ਆਪਨੇ ਮਹਾਨ ਖੋਜ ਕੀਤੀ, ਅਤੇ ਕਈ ਲੇਖ ਲਿਖੇ, ਪ੍ਰੰਤੂ ਸ਼ੋਕ! ਕਿ ਉਮਰ ਨੇ ਉਨ੍ਹਾਂ ਨਾਲ ਵਫ਼ਾ ਨਾ ਕੀਤੀ ਅਤੇ ਆਪ ਪੰਥਕ ਉੱਨਤੀ ਅਰ ਦੇਸ਼ ਸੁਤੰਤ੍ਰਤਾ ਦੇ ਅਰਮਾਨ ਦਿਲ ਵਿਚ ਹੀ ਲੈ ਕੇ ਇਸ ਅਸਾਰ ਸੰਸਾਰ ਤੋਂ ਚਲ ਬਸੇ। ਆਪ ਤੋਂ ਕੁਛ ਚਿਰ ਪਿਛੋਂ ਬੀਬੀ ਕਰਤਾਰ ਕੌਰ ਜੀ ਨੇ ਵੀ ਸੱਚਖੰਡ ਨੂੰ ਚਾਲੇ ਪਾ ਦਿਤੇ।

*

Sri Satguru Jagjit Singh Ji Elibrary NamdhariElibrary@gmail.com

# ਅੰਤਕਾ

ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਲਹਿਰ ਦੇ ਸਮਾਚਾਰ ਜੋ ਪੁਸਤਕ ਦੀ ਇਸ ਜਿਲਦ ਵਿਚ ਇਕੱਠੇ ਕਰਨ ਦਾ ਜਤਨ ਕੀਤਾ ਗਿਆ ਹੈ, ਅਜੇ ਪੂਰੇ ਨਹੀਂ ਹਨ। ਇਸ ਪੁਸਤਕ ਵਿਚ ਨਾਮਧਾਰੀ ਇਤਿਹਾਸ ਦੀਆਂ ਖ਼ਾਸ ਖ਼ਾਸ ਘਟਨਾਵਾਂ ਨੂੰ ਸੰਖੇਪ ਰੂਪ ਵਿਚ ਦਰਜ ਕੀਤਾ ਗਿਆ ਹੈ। ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਪਿਛੋਂ ਇਸ ਪੰਥ ਤੇ ਕਿਸ ਤਰ੍ਹਾਂ ਦੀਆਂ ਹਨੇਰੀਆਂ ਝੁਲੀਆਂ? ਪੰਜਾਂ ਸਿਖਾਂ ਤਕ ਦੇ ਇਕੱਠਿਆਂ ਹੋਣ ਦੀ ਕਿਵੇਂ ਮਨਾਹੀ ਕੀਤੀ ਗਈ? ਸਾਧਾਰਣ ਤੇ ਅਖੰਡ ਪਾਠਾਂ ਦੇ ਦੋਸ਼ ਵਿਚ ਕਿੰਨੇ ਸਿਖਾਂ ਨੂੰ ਕੈਦਾਂ ਤੇ ਜੁਰਮਾਨੇ ਹੋਏ? ਭੈਣੀ-ਸਾਹਿਬ ਦੇ ਦਰਵਾਜ਼ੇ ਤੇ ਜੋ ੧੮੭੨ ਤੋਂ ਲੈ ਕੇ ੧੯੨੩ ਈ: ਤਕ ਪੁਲਸ ਦੀ ਚੌਂਕੀ ਬੈਠੀ ਰਹੀ, ਉਸ ਕਾਰਨ ਦਰਸ਼ਕਾਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਅਪਣੇ ਗੁਰ ਸਥਾਨ ਦੇ ਦਰਸ਼ਨ ਕਰਨ ਵਿਚ ਕੀ ਕੀ ਔਕੜਾਂ ਝੱਲਣੀਆਂ ਪਈਆਂ? ਡੇਰੇ ਵਿਚ ਰਹਿਣ ਵਾਲਿਆਂ ਦੇ ਭਾ ਕੀ ਕੀ ਬੀਤੀ? ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਪੂਜਨੀਜ ਮਾਤ ਜੀਵਨ ਕੌਰ ਅਤੇ ਫ਼ਤਹ ਕੌਰ ਨੂੰ ਕਿਨ੍ਹਾਂ ਕਿਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ? ਨਾਮਧਾਰੀ ਸਿਖਾਂ ਦੀ ਤੁਰਾਫਿਰੀ ਤੇ ਜਰਾਇਮ ਪੇਸ਼ਾ ਕੌਮਾਂ ਵਾਂਗ ਕਿਸ ਲੋਹੜੇ ਦੀਆਂ ਪਾਬੰਦੀਆਂ ਥੱਪੀਆਂ ਗਈਆਂ? ਜਲਾਵਤਨ ਕੀਤੇ ਗਏ ਸੂਬਿਆਂ ਦਾ ਕੀ ਕੀ ਬਣਿਆ? ਅਤੇ ਉਨ੍ਹਾਂ ਨੇ ਕੇਹੜੇ ਕੇਹੜੇ ਦੇਸ ਦੀ ਕਿਸ ਕਿਸ ਜੇਲ ਯਾ ਕਿਲੇ ਵਿਚ ਅਪਣੇ ਅੰਤਮ ਸ੍ਵਾਸ ਕਾਲ ਦੀ ਭੇਟਾ ਕੀਤੇ? ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਵਾਸਤੇ ਪੰਜਾਬ ਵਿਚੋਂ ਕਿਹੜੇ ਕਿਹੜੇ ਸ਼ਰਧਾਲੂ ਸਿੱਖ ਕਿਨ੍ਹਾਂ ਮੁਸੀਬਤਾਂ ਨਾਲ ਸਮੁੰਦਰੀ ਸਫ਼ਰ ਤੈ ਕਰਕੇ ਬਰਮਾ ਵਿੱਚ ਗਏ? ਉਨ੍ਹਾਂ ਵਿਚੋਂ ਕਿਨ੍ਹਾਂ ਦੇ ਹੱਥੀਂ ਉਨ੍ਹਾਂ ਨੇ ਅਪਣੀ ਸੰਗਤ ਵਾਸਤੇ ਹੁਕਮਨਾਵੇਂ ਭੇਜੇ? ਦਰਸ਼ਨ ਕਰਨ ਗਏ ਸਿਖਾਂ ਨੂੰ ਜੋ ਫੜੇ ਜਾਂਦੇ ਰਹੇ ਸ੍ਰਕਾਰ ਵੱਲੋਂ ਕੀ ਕੀ ਸਜ਼ਾਵਾਂ ਦਿਤੀਆਂ ਗਈਆਂ? ਇਹ ਸਾਰੇ ਹਾਲ ਅਜੇ ਲਿਖਣੇ ਬਾਕੀ ਹਨ? ਇਹ ਅਪਣੀ ਕਿਸਮ ਦਾ ਪਹਿਲਾ ਇਤਿਹਾਸਕ ਨੁਸਖ਼ਾ



Sri Satguru Jagjit Singh Ji Elibrary NamdhariElibrary@gmail.com

ਹੈ, ਜਿਸਦੀ ਨੀਂਹ ਵੱਧ ਤੋਂ ਵੱਧ ਖੋਜ ਭਰੇ ਮਸਾਲੇ ਤੇ ਰਖੀ ਗਈ ਹੈ। ਇਸਦੀ ਇਬਾਰਤ ਨੂੰ ਅਤਜੋਕਤੀ (ਗੱਲ ਨੂੰ ਵਧਾ ਕੇ ਬਿਆਨ ਕਰਨ ਦੇ ਸੁਭਾ) ਤੋਂ ਬਚਾ ਕੇ ਰੱਖਣ ਦਾ ਪੂਰਾ ਯਤਨ ਕੀਤਾ ਗਿਆ ਹੈ, ਜਿਸ ਕਰਕੇ ਹਰ ਘਟਨਾ ਉਸਦੇ ਅਸਲ ਰੂਪ ਵਿਚ ਅੰਕਿਤ ਕੀਤੀ ਜਾ ਸਕੀ ਹੈ। ਜਿਨੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਮੋਅਤਬਿਰ ਗਵਾਹੀਆਂ ਰਾਹੀਂ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਦੇ ਨਾਇਕ (ਹੀਰੋ) ਨੂੰ ਉਸਦੀ ਕਮਾਈ ਅਤੇ ਅਲੌਕਿਕ ਸ਼ਕਤੀ ਦੇ ਅਧਾਰ ਤੇ "ਸਤਿਗੁਰੂ" ਸ਼ਬਦ ਦੁਆਰਾ ਸਤਕਾਰਿਆ ਗਿਆ ਹੈ, ਇਸ ਸ਼ਬਦ ਦੀ ਵਰਤੋਂ ਦਾ ਪ੍ਰਯੋਜਨ ਕਿਸੇ ਨੂੰ ਚਿੜਾਣਾ ਯਾ ਦੁਖਾਣਾ ਨਹੀਂ ਸਗੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਅਧਾਰ ਤੇ ਨਾਮਧਾਰੀ ਨੁਕਤਾ ਨਿਗਾਹ ਨੂੰ ਪੇਸ਼ ਕਰਨਾਂ ਹੈ। ਆਸ ਹੈ, ਕਿ ਇਹ ਪੁਸਤਕ ਸਿੱਖ ਇਤਿਹਾਸ ਦੇ ਇਕ ਬੜੇ ਵਡੇ ਘਾਟੇ ਨੂੰ ਪੂਰਾ ਕਰਨ ਲਈ ਉਪਯੋਗੀ ਸਿੱਧ ਹੋਵੇਗੀ, ਅਤੇ ਇਸਨੂੰ ਫਿਰਕੂ ਪੱਖਪਾਤ ਤੋਂ ਉਚਿਆਂ ਹੋ ਕੇ ਵਾਚਣ ਦਾ ਯਤਨ ਕੀਤਾ ਗਿਆ, ਤਾਂ ਇਸ ਤੋਂ ਕਾਫ਼ੀ ਵਧੇਰੇ ਲਾਭ ਪ੍ਰਾਪਤ ਹੋ ਸਕੇਗਾ।

ਪਾਠਕ ਦੇਖਣਗੇ ਕਿ ਇਹ ਪੁਸਤਕ ਅਪਣੇ ਵਜੂਦ ਅੰਦਰ, ਕੌਮੀਜਤ, ਦੇਸ਼ ਭਗਤੀ, ਕੁਰਬਾਨੀ ਅਤੇ ਪੰਥ ਸੇਵਾ ਦਾ ਉਹ ਉਤਮ ਬੀਜ ਰਖਦੀ ਹੈ ਜਿਸਦੀ ਇਸ ਸਮੇਂ ਦੇਸ਼ ਤੇ ਪੰਥ ਨੂੰ ਡਾਢੀ ਲੋੜ ਹੈ। ਇਸ ਵਿਚ ਅੰਕਿਤ ਇਤਿਹਾਸ ਉਤੇ ਉਂਞ ਤਾਂ ਸਾਰੇ ਦੇਸ਼ ਨੂੰ ਮਾਣ ਹੋਣਾ ਚਾਹੀਦਾ ਹੈ, ਪਰ ਸਿੱਖਾਂ ਵਾਸਤੇ ਤਾਂ ਇਹ ਇੱਕ ਅਜੇਹੇ ਗੌਰਵ ਦੀ ਸ਼ੈ ਹੈ ਕਿ ਉਹ ਹਰ ਸਟੇਜ ਤੇ ਉਚੀ ਗਰਦਨ ਰਖਦੇ ਹੋਏ ਇਹ ਕਹਿ ਸਕਦੇ ਹਨ, ਕਿ ਜਿਸ ਮਹਾਨ ਵਿਅਕਤੀ ਨੇ ਸਿਖ ਪੰਥ ਦੇ ਮਰਨਾਊ ਵਜੂਦ ਵਿਚ ਨਵ-ਜੀਵਨ ਦਾ ਸੰਚਾਰ ਕੀਤਾ, ਜਿਸਨੇ ਹਿੰਦੁਸਤਾਨ ਵਿਚ ਸੁਤੰਤ੍ਰਤਾ ਦਾ ਝੰਡਾ ਝੁਲਾ ਕੇ ਦੇਸ਼ ਨੂੰ ਅੰਗ੍ਰੇਜ਼ ਦੀ ਅਧੀਨਤਾ ਤੋਂ ਮੁਕਤ ਕਰਾਣ ਲਈ ਸਭ ਤੋਂ ਪਹਿਲੋਂ, ਪੁਰਸ਼ਾਰਥ ਕੀਤਾ, ਜਿਸਨੇ ਰਾਜਸੀ ਨੁਕਤੇ ਅਨੁਸਾਰ ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਨਾ-ਮਿਲਵਰਤਨ ਅਤੇ ਸੱਤਯਾਗ੍ਰਹ ਦੇ ਆਦਰਸ਼ ਨੂੰ ਜਨਮ ਦਿਤਾ, ਅਤੇ ਜਿਸਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਨਮ ਤੋਂ ਵੀ ਕਈ ਸਾਲ ਪਹਿਲੋਂ ਨਜ਼ਰਬੰਦੀ ਜਲਾਵਤਨੀ ਤੇ ੧੮੧੮ ਈ: ਦੇ ਬੰਗਾਲ ਰੈਗੂਲੇਸ਼ਨ ਐਕਟ ਨੰ: ੩ ਦਾ ਸ਼ਿਕਾਰ ਹੋਣਾ ਪਿਆ ਉਸਦਾ ਪ੍ਰਕਾਸ਼ ਸਿੱਖ ਜਗਤ ਵਿਚ ਹੋਇਆ ਅਤੇ ਅਜ ਸਿਖਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਹਿੰਦੁਸਤਾਨ ਦੀ ਸਭ ਤੋਂ

Sri Satguru Jagjit Singh Ji Elibrary NamdhariElibrary@gmail.com

ਵੱਡੀ ਰਾਸ਼ਟ੍ਰੀਜ ਅਤੇ ਪ੍ਰਤੀਨਿਧ ਸੰਸਥਾ ਇੰਡੀਅਨ ਨੈਸ਼ਨਲ ਕਾਂਗਰਸ ਉਸਦੇ ਹੀ ਪਾਏ ਹੋਏ ਪੂਰਨਿਆਂ ਤੇ ਅਮਲ ਕਰਨਾ ਆਪਣਾ ਕਰਤਬ ਸਮਝਦੀ ਹੈ। ਅਜ ਉਹ ਪ੍ਰੀਤਮ ਪਤਾ ਨਹੀਂ ਸੰਸਾਰ ਦੀ ਕੇਹੜੀ ਨੁਕਰ ਵਿਚ ਬੈਠਾ ਹਿੰਦੁਸਤਾਨ ਵਿਚ "ਸ੍ਵੈਰਾਜ ਸਥਾਪਨਾਂ" ਦਾ ਸੁਫਨਾ ਵੇਖ ਰਿਹਾ, ਅਤੇ ਅਪਣੀ ਮਾਤ ਭੂਮੀ ਦੇ ਦਰਸ਼ਨਾਂ ਨੂੰ ਤਰਸ ਰਿਹਾ ਹੈ, ਉਸਦੀਆਂ ਕੁਰਬਾਨੀਆਂ ਦਾ ਫਲ ਅੱਜ ਸਾਰੇ ਸੰਸਾਰ ਦੇ ਸਾਹਮਣੇ ਪ੍ਰਤੱਖ ਹੋ ਰਿਹਾ ਹੈ। ਜਿਥੇ ਤਕ ਉਸਦੀ ਪਦਵੀ ਦਾ ਸਬੰਧ ਹੈ ਕੋਈ ਉਸਨੂੰ ਮਹਾਂਪੁਰਖ ਕਹੇ, ਬਾਬਾ ਆਖੇ, ਮਹਾਨ ਆਤਮਾ ਕਹਿਕੇ ਸਨਮਾਨ ਕਰੇ ਯਾ "ਸਤਿਗੁਰੂ" ਸ਼ਬਦ ਦੁਆਰਾ ਅਪਣੇ ਸ਼੍ਰਧਾ ਭਾਵਾਂ ਨੂੰ ਪ੍ਰਗਟ ਕਰੇ ਅਸੀਂ (ਨਾਮਧਾਰੀ) ਇਸ ਗੱਲ ਤੇ ਝਗੜਨਾਂ ਨਹੀਂ ਚਾਹੁੰਦੇ ਕਿਉਂਕਿ ਸਾਡੀ ਰਾਏ ਵਿਚ ਇਹ ਸ਼ਬਦ ਉਸਦੀ ਅਸਲ ਪਦਵੀ ਤੇ ਅਸਰ ਅੰਦਾਜ਼ ਨਹੀਂ ਹੋ ਸਕਦੇ। ਇਹ ਗੱਲ ਮਤ ਮਤਾਂਤ੍ਰ ਦੇ ਭੇਦ ਤੋਂ ਬਿਨਾਂ ਹਰ ਇਕ ਆਦਮੀ ਨੂੰ ਮੰਨਣੀ ਪਵੇਗੀ ਕਿ ਇਸ ਪੁਸਤਕ ਦਾ ਨਾਇਕ ਭਾਰਤ ਮਾਂ ਦਾ ਇਕ ਚਮਕੀਲਾ ਅਤੇ ਅਦੁਤੀ ਜਵਾਹਰ ਹੈ, ਜਿਸਦੇ ਜੌਹਰ ਨੇ ਹਿੰਦੁਸਤਾਨ ਵਿਚ, ਜਵਾਹਰ ਜੈਸੇ ਲਾਲ ਅਤੇ ਗਾਂਧੀ ਜੈਸੇ ਮਹਾਤਮਾ ਪੈਦਾ ਕੀਤੇ, ਅਤੇ ਉਸਦੇ ਚਾਲੂ ਕੀਤੇ ਹੋਏ ਉਨ੍ਹਾਂ ਅਸੂਲਾਂ ਦੀ ਹੀ ਬਰਕਤ ਹੈ ਜਿਨ੍ਹਾਂ ਦੀ ਪੈਰਵੀ ਕਰਦੀ ਹੋਈ ਕਾਂਗਰਸ ਅਜ ਆਜ਼ਾਦੀ ਦੇ ਦਰਵਾਜੇ ਅਗੇ ਪੁਜ ਕੇ—"ਨੈਸ਼ਨਲ ਗਵਰਮੈਂਟ" ਦੀਆਂ ਕੁਰਸੀਆਂ ਤੇ ਬਿਰਾਜਮਾਨ ਹੋਣ ਦਾ ਮਾਣ ਪ੍ਰਾਪਤ ਕਰ ਸਕੀ ਹੈ। ਜਿਥੋਂ ਤਕ ਸ਼ਾਬਦਿਕ ਪਦਵੀਆਂ ਦਾ ਸਬੰਧ ਹੈ, ਉਹ ਕੇਵਲ ਜੰਤਕ ਸ਼੍ਰਧਾ ਦੇ ਵਾਧੇ ਘਾਟੇ ਦੀਆਂ ਸੂਚਕ ਹਨ। ਸਾਡੇ—"ਸਤਿਗੁਰੂ" ਕਹਿਣ ਨਾਲ ਉਨ੍ਹਾਂ ਦਾ ਕੁਛ ਵਧ ਨਹੀਂ ਜਾਣਾ, ਤੇ "ਬਾਬਾ" ਆਖਣ ਨਾਲ ਘਟ ਨਹੀਂ ਜਾਣਾ। ਹਾਂ ਇਹ ਗਲ ਧਿਆਨ ਵਿਚ ਰੱਖਣ ਵਾਲੀ ਹੈ, ਕਿ ਜੇ ਉਨ੍ਹਾਂ ਦੇ ਇਤਿਹਾਸਕ ਸਮੁੰਦਰ ਵਿਚ ਪ੍ਰੇਮ ਨਾਲ ਟੁੱਭੀਆਂ ਲਾਣ ਦਾ ਜਤਨ ਕੀਤਾ ਜਾਏ, ਤਾਂ ਉਸ ਵਿਚੋਂ ਸਾਨੂੰ ਵਧੀਕ ਤੋਂ ਵਧੀਕ ਕੀਮਤੀ ਸ਼੍ਰਧਾ-ਮੋਤੀ, ਪ੍ਰਾਪਤ ਹੋ ਸਕਣਗੇ, ਪਰ ਸ਼ਰਤ ਕੇਵਲ ਇਹ ਹੈ, ਕਿ ਇਸ ਮਹਾਨ ਵਿਅਕਤੀ ਦਾ ਦਰਸ਼ਨ ਉਸਦੇ ਕੌਮਾਂ, ਦੇਸ਼ ਤਥਾ ਪੰਥ ਲਈ ਘਾਲੀਆਂ ਗਈਆਂ ਮਹਾਨ ਘਾਲਾਂ ਅਤੇ ਕੁਰਬਾਨੀਆਂ ਦੇ ਚਾਨਣੇ ਵਿਚ ਕੀਤਾ ਜਾਵੇ, ਅਰ ਦਰਸ਼ਨ ਕਰਨ ਤੋਂ ਪਹਿਲਾਂ ਅਪਣੇ ਨੇਤ੍ਰਾਂ ਨੂੰ ਸੰਪ੍ਰਦਾਇਕ ਪੱਖਪਾਤ ਦੀ ਮਲੀਨਤਾ ਤੋਂ ਸਾਫ਼ ਕਰ ਲਿਆ ਜਾਵੇ।

*

Sri Satguru Jagjit Singh Ji Elibrary NamdhariElibrary@gmail.com

# ਪੁਸਤਕਾਂ ਦੀ ਫ਼ਰਿਸਤ

ਪ੍ਰਮਾਣ ਅੰਕਿਤ ਪੁਸਤਕਾਂ ਬਿਆਨਾਂ ਤੇ ਰਪਟਾਂ ਦੀ ਸੂਚੀ:-

(੧) ਐਸੇਜ਼ ਇਨ ਦੀ ਸਿਖਿਜ਼ਮ (ਅੰਗ੍ਰੇਜ਼ੀ) ਪ੍ਰੋ: ਤੇਜਾ ਸਿੰਘ
(੨) ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼ (ਅੰ:) ਸੀ. ਐਚ. ਪੇਨ.
(੩) ਏ ਬ੍ਰੀਫ਼ ਅਕਾਊਂਟ ਟੂ ਦੀ ਕੂਕਾ ਸੈਕਟ (ਅੰ:)
(੪) ਇੰਡੀਅਨ ਐਂਡ ਹੋਮ ਮੈਮਰੀਜ਼ (ਅੰ:) ਸਰ ਹੈਨਰੀ ਕਾਟਨ
(੫) ਸਤਿਜੁਗ ਦਾ ਬਸੰਤ ਅੰਕ ਸੰ: ੧੯੮੬ ਬਿ: (ਪੰਜਾਬੀ)
(੬) ਸਤਿਜੁਗ ਦਾ ਬਸੰਤ ਅੰਕ ਸੰਨ ੧੯੨੧ ਈ: (ਪੰਜਾਬੀ)
(੭) ਸਤਿਜੁਗ ਦਾ ਬਸੰਤ ਅੰਕ ਸੰ: ੧੯੯੨ ਬਿ: (ਪੰਜਾਬੀ)
(੮) ਸਤਿਜੁਗ ਦਾ ਬਸੰਤ ਅੰਕ ਸੰ: ੧੯੯੪ ਬਿ: (ਪੰਜਾਬੀ)
(੯) ਸੈਨਸਸ ਰੀਪੋਰਟ ੧੮੯੧ ਈ: (ਅੰ:) ਈ. ਡੀ. ਮੈਕਲੋਗਨ
(੧੦) ਸੈਨਸਸ ਰੀਪੋਰਟ ੧੯੩੧ ਈ: (ਅੰ:)
(੧੧) ਸ਼ਹੀਦੀ ਜੀਵਨ 'ਪੰਛੀ' ਕ੍ਰਿਪਾਲ ਸਿੰਘ (ਪੰ:)
(੧੨) ਹਿਸਟਰੀ ਆਫ਼ ਦੀ ਪੰਜਾਬ (ਅੰ:) ਸੱਜਦ ਮੁ: ਲਤੀਫ਼
(੧੩) ਹਸਤ ਲਿਖਿਤ ਜੀਵਨੀ ਡਗਲਸ ਫ਼ਾਰਸਿਥ (ਅੰ:)
(੧੪) ਕੂਕਾ ਪੇਪਰਜ਼ (ਅੰ:)
(੧੫) ਕੂਕਾ ਫ਼ਾਈਲ-(ਅੰ:)
(੧੬) ਕੂਕਾ ਆਊਟ ਬ੍ਰੇਕ (ਅੰ:)
(੧੭) ਗੁਰਦਵਾਰਾ ਸੁਧਾਰ ਲਹਿਰ ਤੇ ਸਿਖ ਜਾਗ੍ਰਤੀ (ਅੰਗ੍ਰੇਜ਼ੀ)
(੧੮) ਤਵਾਰੀਖ਼ ਪੰਜਾਬ ਭਾਈ ਪਰਮਾਨੰਦ (ਉਰਦੂ)



Sri Satguru Jagjit Singh Ji Elibrary NamdhariElibrary@gmail.com

(੧੯) ਬੀਸਿਜ਼ ਆਨ ਦੀ ਨਾਮਧਾਰੀ ਮੂਵਮੈਂਟ (ਅੰ: ਅਪ੍ਰਕਾਸ਼ਿਤ)
(੨੦) ਦੀ ਅਦਰ ਸਾਈਡ ਆਫ਼ ਦੀ ਮੈਡਲ (ਅੰ:) ਐਡਵਰਡ ਥਾਂਪਸਨ
(੨੧) ਸਿਖਜ਼-ਕੈਪਟਨ ਬਿੰਗਲੇ (ਅੰਗ੍ਰੇਜ਼ੀ)
(੨੨) ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ (ਪੰਜਾਬੀ)
(੨੩) ਫ਼ਰਮਾਨ ਮਹਾਰਾਜਾ ਪਟਿਆਲਾ (ਅੰਗ੍ਰੇਜ਼ੀ)
(੨੪) ਬਿਆਨ ਸ੍ਰ: ਆਲਮ ਸਿੰਘ ਐਸ. ਡੀ. ਓ. ਡਸਕਾ
(੨੫) ਰਪੱਟ ਮੀਆਂ ਫਜ਼ਲ ਹੁਸੈਨ (ਅੰ:)
(੨੬) ਰਪੱਟ ਜੇ ਮੈਕਨਬ ਕਮਿਸ਼ਨਰ ਅੰਬਾਲਾ (ਅੰ:)
(੨੭) ਵਿਸ਼ਵ ਬਾਣੀ (ਹਿੰਦੀ)
(੨੮) ਟ੍ਰੈਕਟ ਸਿੰਘ ਸਭਾ ਲਹਿਰ ਡਾ: ਜਗਜੀਤ ਸਿੰਘ (ਪੰ:)
(੨੯) ਜੀਵਨ ਸਰ ਸੁੰਦਰ ਸਿੰਘ ਮਜੀਠਾ-ਰਵੇਲ' ਜੀ ਕ੍ਰਿਤ (ਪੰ:)
(੩੦) ਰਣਜੀਤ ਸਿੰਘ ਸਰ ਲੈਂਪਲ ਗ੍ਰਿਫ਼ਨ (ਅੰ:)
(੩੧) ਵਾਰਾਂ ਭਾਈ ਗੁਰਦਾਸ (ਪੰ:)
(੩੨) ਖਾਲਸਾ ਦੀਵਾਨ ਦਾ ਐਡਰੈਸ ੧੮੮੮ ਈ:
(੩੩) ਮਹਾਨ ਕੋਸ਼ ਭਾ: ਸਾ: ਕਾਹਨ ਸਿੰਘ (ਪੰ:)
(੩੪) ਨਾਮਧਾਰੀ ਨਿਤਨੇਮ (ਪੰ:)
(੩੫) ਦਸਮ ਗੁਰੂ ਗ੍ਰੰਥ ਸਾਹਿਬ (ਸ੍ਰੀ ਕਲਗੀਧਰ ਜੀ)
(੩੬) ਰਣਜੀਤ ਸਿੰਘ—ਸ੍ਰ: ਪ੍ਰੇਮ ਸਿੰਘ ਹੋਤੀ (ਪੰ:)
(੩੭) ਮਜਮਾਉਲ ਬਹਿਰੀਨ (ਉਰਦੂ)
(੩੮) ਗਵਰਮੈਂਟ ਦਾ ਐਲਾਨ ਨੰ: ੧੦੬੦ (੧੦-੧੧-੧੮੭੧)

✻

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਨਿਧਾਨ ਸਿੰਘ ਆਲਿਮ

Sri Satguru Jagjit Singh Ji Elibrary NamdhariElibrary@gmail.com